PANJAB TIMES

# ਪੰਜਾਬ ਟਾਈਮਜ਼

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

£2

25th July - 1st August 2024 • Issue No. 3040

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com



IMMIGRATION ADVICE BUREAU

SPECIALISTS ESTD 1989

FOR FREE INITIAL ADVICE

Contact: S.S.RAI

ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680

India:+91-181 5086389


## ਪੰਜਾਬ ਦੇ ਆਖਰੀ ਮਹਾਰਾਜਾ ਦਲੀਪ ਸਿੰਘ ਨੂੰ ਯਾਦ ਕਰਦਿਆਂ ਥੈਟਫੋਰਡ ਸ਼ਹਿਰ ਵਿੱਚ ਪੰਜਾਬ ਦੇ ਸੱਭਿਆਚਾਰ ਨੂੰ ਪੇਸ਼ ਕਰਦਾ ਪੰਜ ਦਿਨਾਂ ਸਮਾਗਮ ਆਯੋਜਿਤ

## ਇੰਦੀ ਸੰਧੂ ਦੀ ਦੇਖ ਰੇਖ ਹੇਠ ਕਰਵਾਏ ਪ੍ਰੋਗਰਾਮ ਵਿੱਚ ਇਤਿਹਾਸਕਾਰਾਂ ਵੱਲੋਂ ਮਹਾਰਾਜਾ ਦਲੀਪ ਸਿੰਘ ਤੇ ਸਿੱਖ ਰਾਜ ਨਾਲ ਸਬੰਧਿਤ ਵਸਤਾਂ ਬਾਰੇ ਅਹਿਮ ਜਾਣਕਾਰੀ ਸਾਂਝੀ ਕੀਤੀ ਗਈ



ਮਹਾਰਾਜਾ ਦਲੀਪ ਸਿੰਘ






































In the Loving memory of Maharaja Duleep Singh 'The Festival of Thetford & Punjab 2024' took place in venues across Thetford in Norfolk, with cultural celebrations ....

ਖ਼ਬਰ ਅੰਦਰ ਦੇਖੋ

# ਈਰਥ ਵੂਲਿਚ ਕਬੱਡੀ ਕੱਪ 2024 ਟੈਲਫੋਰਡ ਨੇ ਜਿੱਤਿਆ, ਮਿਡਵੇ ਸਿੱਖ ਟੈਂਪਲ ਵੂਲਵਰਹੈਂਪਟਨ ਉੱਪ ਜੇਤੂ ਰਹੀ

**ਐਮ ਪੀ ਅਬੇਨਾ ਓਪਾਂਗ ਆਸਰੇ, ਮੇਅਰ ਜੀਤ ਰਾਨਾ ਭਾਟ ਉਚੇਚੇ ਤੌਰ ਤੇ ਪਹੁੰਚੇ**

**ਕੁਲਬੀਰ ਸਿੰਘ ਲਾਲਾ ਦਾ ਸੋਨੇ ਤਗਮੇਂ ਨਾਲ ਅਤੇ ਜਰਨੈਲ ਸਿੰਘ ਜ਼ੈਲਾ, ਜਤਿੰਦਰ ਸਿੰਘ ਬਿਲਗਾ ਦਾ ਵਿਸ਼ੇਸ਼ ਸਨਮਾਨ**

**ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਜਨਰਲ ਸਕੱਤਰ ਸੁਰਿੰਦਰ ਸਿੰਘ ਮਾਣਕ ਨੇ ਸਮੂਹ ਕਲੱਬਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ**




ਜਾਰੀ ਕਰਤਾ – ਈਰਥ ਵੂਲਿਚ ਕਬੱਡੀ ਕਲੱਬ

# ਸੁਖਬੀਰ ਸਿੰਘ ਬਾਦਲ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਸੌਂਪਿਆ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਪੱਸ਼ਟੀਕਰਨ !

## ✪ ਜਥੇਦਾਰ ਦਾ ਐਲਾਨ ਪੰਜ ਸਿੰਘ ਸਾਹਿਬਾਨਾਂ ਦੀ ਮੀਟਿੰਗ ਵਿੱਚ ਖੋਲਾਂਗੇ ਇਹ ਸਪੱਸ਼ਟੀਕਰਨ



ਬਾਗ਼ੀ ਅਕਾਲੀ ਧੜੇ ਦੀ ਸ਼ਿਕਾਇਤ ਤੋਂ ਬਾਅਦ ਸ਼੍ਰੀ ਅਕਾਲ ਤਖਤ ਦੇ ਆਦੇਸ਼ ’ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਸਾਹਮਣੇ ਪੇਸ਼ ਹੋਏ। 10 ਮਿੰਟ ਦੀ ਮੁਲਾਕਾਤ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਸਪੱਸ਼ਟੀਕਰਨ ਦੀ ਚਿੱਠੀ ਜਥੇਦਾਰ ਸਾਹਿਬ ਨੂੰ ਸੌਂਪੀ ਅਤੇ ਬਿਨਾਂ ਕੋਈ ਬਿਆਨ ਦਿੱਤੇ ਚਲੇ ਗਏ। ਉਨ੍ਹਾਂ ਦੇ ਨਾਲ ਪਾਰਟੀ ਦੇ ਬੁਲਾਰੇ ਦਲਜੀਤ ਸਿੰਘ ਚੀਮਾ, ਬਲਵਿੰਦਰ ਸਿੰਘ ਭੂੰਦੜ ਵੀ ਮੌਜੂਦ ਸਨ।

ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵੀ ਜਥੇਦਾਰ ਸ੍ਰੀ ਅਕਾਲ ਤਖਤ ਨਾਲ ਮੀਟਿੰਗ ਤੋਂ ਸੌਦਾ ਸਾਧ ਨੂੰ ਮੁਆਫ਼ੀ ਨੂੰ ਜਾਇਜ਼ ਠਹਿਰਾਉਣ ਦੇ ਲਈ 90 ਲੱਖ ਦੇ ਦਿੱਤੇ ਗਏ ਇਸ਼ਤਿਆਰਾਂ ‘ਤੇ ਵੀ ਆਪਣਾ ਸਪੱਸ਼ਟੀਕਰਨ ਦਿੱਤਾ। ਪ੍ਰਧਾਨ ਧਾਮੀ ਵੀ ਮੀਡੀਆ ਦੇ ਸਵਾਲਾਂ ਤੋਂ ਬਚ ਦੇ ਰਹੇ ਪਰ ਸਾਬਕਾ ਸ਼੍ਰੋਮਣੀ ਕਮੇਟ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਹਾਲਾਂਕਿ ਸਪੱਸ਼ਟੀਕਰਨ ਦੀ ਚਿੱਠੀ ਬਾਰੇ ਕੁਝ ਨਹੀਂ ਬੋਲਿਆ ਪਰ ਏਨਾ ਇਸ਼ਾਰਾ ਜ਼ਰੂਰ ਕਰ ਗਏ ਕਿ ਉਸ ਵੇਲੇ ਪ੍ਰਧਾਨ ਅਵਤਾਰ ਸਿੰਘ ਮੱਕੜ ਵੱਲੋਂ ਇਹ ਫੈਸਲਾ ਲਿਆ ਗਿਆ ਸੀ।

ਉਧਰ ਸਪਸ਼ਟੀਕਰਨ ਦੀਆਂ ਚਿੱਠੀਆਂ ਤੋਂ ਬਾਅਦ ਜਥੇਦਾਰ ਸ੍ਰੀ ਅਕਾਲ ਤਖਤ ਗਿਆਨੀ ਰਘਬੀਰ ਸਿੰਘ ਵੀ ਸਾਹਮਣੇ ਆਏ, ਉਨ੍ਹਾਂ ਨੇ ਕਿਹਾ ਮੇਰੇ ਕੋਲ ਜਵਾਬ ਆ ਗਿਆ ਹੈ ਅਸੀਂ ਪੰਜ ਸਿੰਘ ਸਾਹਿਬਾਨਾਂ ਦੀ ਮੀਟਿੰਗ ਵਿੱਚ ਇਸ ਨੂੰ ਖੋਲਾਂਗੇ ਜਿਸ ਤੋਂ ਬਾਅਦ ਫੈਸਲਾ ਲਿਆ ਜਾਵੇਗਾ ।

ਬਾਗੀ ਧੜੇ ਦੇ ਆਗੂ ਅਕਾਲੀ ਸੁਧਾਰ ਲਹਿਰ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਸੁਖਬੀਰ ਸਿੰਘ ਬਾਦਲ ਦਾ ਸ੍ਰੀ ਅਕਾਲ ਤਖਤ ਸਾਹਿਬ ’ਤੇ ਪੇਸ਼ ਹੋਣ ਦਾ ਸੁਆਗਤ ਕਰਦੇ ਹਾਂ ਪਰ ਨਾਲ ਹੀ ਉਮੀਦ ਕਰਦੇ ਹਾਂ ਕਿ ਪੁਰਾਣੀ ਰਵਾਇਤਾਂ ਮੁਤਾਬਿਕ ਸ੍ਰੀ ਅਕਾਲ ਤਖਤ ਸਾਹਿਬ ਤੋਂ ਕੁਝ ਅਜਿਹਾ ਆਦੇਸ਼ ਜਾਵੇਗਾ ਜੋ ਸਿੱਖ ਸਿਆਸਤ ਨੂੰ ਨਵਾਂ ਰਾਹ ਵਿਖਾਏਗਾ। ਵਡਾਲਾ ਨੇ ਕਿਹਾ ਉਮੀਦ ਹੈ ਕਿ ਜਥੇਦਾਰ ਸਾਹਿਬ ਇੰਨਾਂ ਸਾਰੇ ਮੁਦਿਆਂ ਬਾਰੇ ਸੋਚ ਵਿਚਾਰ ਤੋਂ ਬਾਅਦ ਫੈਸਲਾ ਲੈਣਗੇ। 1 ਜੁਲਾਈ ਨੂੰ ਬਾਗੀ ਧੜੇ ਵੱਲੋਂ ਮੁਆਫ਼ੀ ਨਾਮਾ ਪੇਸ਼ ਕਰਦੇ ਹੋਏ 4 ਅਹਿਮ ਮੁੱਦੇ ਰੱਖੇ ਗਏ ਸਨ ਜਿੰਨਾਂ ਉਪਰ ਵਿਚਾਰ ਕਰਨ ਤੋਂ ਬਾਅਦ ਪੰਜ ਸਿੰਘ ਸਾਹਿਬਾਨਾਂ ਨੇ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਕਮੇਟੀ ਤੋਂ ਸਪੱਸ਼ਟੀਕਰਨ ਮੰਗਿਆ ਸੀ।

ਬਾਗੀ ਧੜੇ ਨੇ ਜਿਹੜੇ 4 ਮੁੱਦੇ ਚੁੱਕੇ ਸਨ ਉਨ੍ਹਾਂ ਵਿੱਚ ਸੌਦਾ ਸਾਧ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਨਕਲ ਦੇ ਬਾਵਜੂਦ ਮੁਆਫ਼ੀ ਦੇਣਾ। ਜੱਥੇਦਾਰਾਂ ਤੋਂ ਰਾਮ ਰਹੀਮ ਨੂੰ ਮੁਆਫ਼ੀ ਅਤੇ ਫਿਰ ਸ਼੍ਰੋਮਣੀ ਕਮੇਟੀ ਵੱਲੋਂ ਇਸ ਨੂੰ ਜਾਇਜ਼ ਦੱਸਣ ਦੇ ਲਈ ਖਰਚ ਕੀਤੇ ਗਏ 90 ਲੱਖ ਰੁਪਏ। ਤੀਜਾ ਇਲਜ਼ਾਮ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਸਹਿ ਤਰ੍ਹਾਂ ਨਾਲ ਜਾਂਚ ਨਹੀਂ ਹੋਈ ਅਤੇ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲੀ। ਝੂਠੇ ਸਿੱਖ ਮੁਕਾਬਲਿਆਂ ਦੇ ਮੁਲਜ਼ਮ ਦਾਗ਼ੀ ਅਫਸਰ ਸੁਮੇਧ ਸਿੰਘ ਸੈਣੀ ਨੂੰ ਡੀਜੀਪੀ ਲਗਾਇਆ ਗਿਆ।

# ਸਾਬਕਾ ਪੁਲਿਸ ਅਫਸਰ ਖੱਟੜਾ ਦੀ ਜਥੇਦਾਰ ਨਾਲ ਮੀਟਿੰਗ ਤੋਂ ਬਾਅਦ ਸਰਕਾਰ ਘਬਰਾਹਟ ’ਚ

## ✪ ਕੀ ਸੌਦਾ ਸਾਧ ਵਿਰੁੱਧ ਕੇਸ ਚਲਾਉਣ ਲਈ ਪ੍ਰਵਾਨਗੀ ਨਾ ਦੇਣ ਤੇ ਬੇਅਦਬੀਆਂ ਦੇ ਕੇਸ ਲਟਕਾਉਣ ਦਾ ਜਿੰਮੇਵਾਰ ਮੁੱਖ ਮੰਤਰੀ ਏ ?



ਚੰਡੀਗੜ੍ਹ-ਪੰਜਾਬ ਦੇ ਸੇਵਾ ਮੁਕਤ ਆਈ. ਜੀ. ਰਣਬੀਰ ਸਿੰਘ ਖੱਟੜਾ, ਜਿਨ੍ਹਾਂ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਵਲੋਂ ਬੇਅਦਬੀਆਂ ਦੇ ਕੇਸਾਂ ਵਿਚ ਸੌਦਾ ਸਾਧ ਅਤੇ ਉਨ੍ਹਾਂ ਦੇ ਡੇਰੇ ਨਾਲ ਸੰਬੰਧਿਤ ਕੁਝ ਕਾਰਕੁਨਾਂ ਨੂੰ ਕਥਿਤ ਤੌਰ ’ਤੇ ਦੋਸ਼ੀਆਂ ਵਜੋਂ ਨਾਮਜ਼ਦ ਕਰਦਿਆਂ ਜਾਂਚ ਕੀਤੀ ਗਈ ਸੀ, ਦੀ ਬੀਤੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਕੀਤੀ ਗਈ ਮੁਲਾਕਾਤ ਨੇ ਪੰਜਾਬ ਸਰਕਾਰ ਨੂੰ ਪ੍ਰੇਸ਼ਾਨ ਕਰ ਦਿੱਤਾ।

ਸੂਚਨਾ ਅਨੁਸਾਰ ਇਸ ਮੀਟਿੰਗ ਦੌਰਾਨ ਬੇਅਦਬੀਆਂ ਦੇ ਕੇਸ ਵਿਚ ਡੇਰਾ ਮੁਖੀ ਵਿਰੁੱਧ ਅਦਾਲਤ ਵਿਚ ਕੇਸ ਚਲਾਉਣ ਦੀ ਪ੍ਰਵਾਨਗੀ ਲੈਣ ਸੰਬੰਧੀ ਫਾਈਲ ਮਈ 2022 ਤੋਂ ਗ੍ਰਹਿ ਮੰਤਰਾਲੇ ਵਿਚ ਹੀ ਪਈ ਹੋਣ, ਜਿਸ ਦਾ ਚਾਰਜ ਮੁੱਖ ਮੰਤਰੀ ਭਗਵੰਤ ਮਾਨ ਕੋਲ ਹੈ ਅਤੇ ਇਸੇ ਤਰ੍ਹਾਂ ਬਰਗਾੜੀ ਬੇਅਦਬੀਆਂ ਦੀ ਐਫ.ਆਈ.ਆਰ. 63, 117,128 ਥਾਣਾ ਬਾਜਾਖਾਨਾ, ਜਿਸ ਦਾ ਸੰਬੰਧ ਪਾਵਨ ਸਰੂਪ ਦੀ ਚੋਰੀ, ਪੋਸਟਰ ਲਗਾਉਣ ਤੇ ਅੰਗ ਖਿੰਡਾਉਣ ਨਾਲ ਹੈ, ਵਿਚ ਡੇਰਾ ਸਿਰਸਾ ਮੁਖੀ ਦੀ ਪਟੀਸ਼ਨ ’ਤੇ ਹਾਈ ਕੋਰਟ ਵਲੋਂ ਅੱਗੋਂ ਸੁਣਵਾਈ ’ਤੇ ਰੋਕ ਲਗਾ ਦਿੱਤੀ ਗਈ ਸੀ, ਜਿਸ ਨੂੰ ਸਰਕਾਰ ਵਲੋਂ ਨਿਰਧਾਰਿਤ ਤਿੰਨ ਮਹੀਨੇ ਦੇ ਸਮੇਂ ਵਿਚ ਚੁਣੌਤੀ ਨਾ ਦੇਣ ਕਾਰਨ ਇਹ ਕੇਸ ਲੰਬੇ ਸਮੇਂ ਲਈ ਲਟਕ ਜਾਣਗੇ।

ਇਸੇ ਤਰ੍ਹਾਂ ਜਾਂਚ ਟੀਮ ਵਲੋਂ ਬੇਅਦਬੀਆਂ ਦੇ ਕੇਸ ਵਿਚ ਕਥਿਤ ਮੁੱਖ ਸਾਜ਼ਿਸ਼ਕਾਰ ਪ੍ਰਦੀਪ ਕਲੇਰ, ਜੋ ਡੇਰਾ ਸਿਰਸਾ ਦੀ ਕੌਮੀ ਕਮੇਟੀ ਦਾ ਮੈਂਬਰ ਵੀ ਸੀ, ਦੀ ਕੀਤੀ ਗਈ ਗ੍ਰਿਫ਼ਤਾਰੀ ਤੋਂ ਬਾਅਦ ਉਸ ਵਲੋਂ ਧਾਰਾ 164 ਅਧੀਨ ਅਦਾਲਤ ਵਿਚ ਜੋ ਬਿਆਨ ਦਿੱਤਾ ਗਿਆ ਕਿ ਬੇਅਦਬੀ ਦੀ ਸਾਜਿਸ਼ ਵਾਲੀ ਮੀਟਿੰਗ, ਜਿਸ ਵਿਚ ਮੈਨੂੰ ਵੀ ਬੁਲਾਇਆ ਗਿਆ ਸੀ, ਵਿਚ ਡੇਰਾ ਮੁਖੀ, ਉਨ੍ਹਾਂ ਦੀ ਮੂੰਹ ਬੋਲੀ ਬੇਟੀ ਹਨੀਪ੍ਰੀਤ, ਰਕੇਸ਼ ਦਿੜ੍ਹਬਾ, ਮਹਿੰਦਰਪਾਲ ਬਿੱਟੂ, ਗੁਲਾਬ ਉਰਫ਼ ਗੁਲਾਬੂ (ਖਜ਼ਾਨਚੀ) ਅਤੇ ਗੁਰਲੀਨ ਆਦਿ ਹਾਜ਼ਰ ਸਨ, ਵਿਚ ਹਨੀਪ੍ਰੀਤ ਨੇ ਕਿਹਾ ਕਿ ਜੇ ਬਾਬਾ ਜੀ ਦੀ ਤਸਵੀਰ ਵਾਲੇ ਲਾਕਿਟ ਪੈਰਾਂ ਵਿਚ ਰੋਲੇ ਗਏ ਹਨ ਤਾਂ ਸਿੱਖਾਂ ਦੇ ਗੁਰੂਆਂ ਨੂੰ ਵੀ ਪੈਰਾਂ ਵਿਚ ਰੋਲਿਆ ਜਾਵੇ।

ਬਿਆਨ ਅਨੁਸਾਰ ਇਸ ਮੌਕੇ ਡੇਰਾ ਮੁਖੀ ਨੇ ਕਿਹਾ ਕਿ ਜੋ ਹਨੀਪ੍ਰੀਤ ਨੇ ਕਿਹਾ ਉਸ ’ਤੇ ਅਮਲ ਕਰੋ ਪਰ ਦਿਲਚਸਪ ਗੱਲ ਇਹ ਹੈ ਕਿ ਪੰਜਾਬ ਪੁਲਿਸ ਵਲੋਂ ਇਸ ਬਿਆਨ ਵਿਚ ਸਾਹਮਣੇ ਆਏ ਨਵੇਂ ਨਾਵਾਂ ਸੰਬੰਧੀ ਹੁਣ ਤਕ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸੇ ਤਰ੍ਹਾਂ ਐਫ. ਆਈ. ਆਰ. 161/15 ਥਾਣਾ ਦਿਆਲਪੁਰਾ ਗੁਰੂ ਭਗਤਾਂ ਵਿਚ ਵੀ 2020 ਦੌਰਾਨ ਅਦਾਲਤ ਵਿਚ ਇਕ ਗਵਾਹੀ ਹੋਈ ਸੀ। ਇਸ ਕੇਸ ਵਿਚ ਕੋਈ ਰੋਕ ਵੀ ਨਹੀਂ, ਪ੍ਰੰਤੂ ਇਸ ਵਿਚ ਵੀ ਅੱਗੇ ਕੋਈ ਕਾਰਵਾਈ ਨਹੀਂ ਹੋਈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਜਿਨ੍ਹਾਂ ਨੂੰ ਹੁਣ ਇਹ ਸਭ ਜਾਣਕਾਰੀ ਰਣਬੀਰ ਸਿੰਘ ਖੱਟੜਾ ਰਾਹੀਂ ਮਿਲ ਗਈ ਹੈ, ਕੀ ਉਹ ਇਸ ਸੰਬੰਧੀ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਸਰਕਾਰ ਦੀ ਵੀ ਜਵਾਬ-ਤਲਬੀ ਕਰਨਗੇ ਜਾਂ ਨਹੀਂ ਇਹ ਵੇਖਣ ਵਾਲੀ ਗੱਲ ਹੈ ਪਰ ਸਰਕਾਰੀ ਹਲਕਿਆਂ ਵਿਚ ਇਸ ਨੂੰ ਲੈ ਕੇ ਵੱਡੀ ਚਿੰਤਾ ਜ਼ਰੂਰ ਹੈ।

ਵਰਨਣਯੋਗ ਹੈ ਕਿ ਆਮ ਆਦਮੀ ਪਾਰਟੀ ਜੋ ਹਰਿਆਣਾ ਵਿਧਾਨ ਸਭਾ ਦੀਆਂ ਅਕਤੂਬਰ ਵਿਚ ਆਉਂਦੀਆਂ ਚੋਣਾਂ ਦੌਰਾਨ ਸਾਰੀਆਂ 90 ਸੀਟਾਂ ਲੜਣ ਦਾ ਐਲਾਨ ਕਰਨ ਦੇ ਨਾਲ-ਨਾਲ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਸ ਚੋਣ ਦੀ ਕਮਾਂਡ ਵੀ ਸੌਂਪ ਚੁੱਕੀ ਹੈ ਅਤੇ ਹਰਿਆਣਾ ਸੂਬੇ ਤੋਂ ਇਲਾਵਾ ਆਮ ਆਦਮੀ ਪਾਰਟੀ ਗਿੱਦੜਬਾਹਾ ਅਤੇ ਬਰਨਾਲਾ ਆਦਿ ਸੀਟਾਂ ’ਤੇ ਵੀ ਡੇਰਾ ਸਿਰਸਾ ਤੋਂ ਸਮਰਥਨ ਦੀ ਆਸ ਰੱਖਦੀ ਹੈ। ਇਸ ਕਾਰਨ ਬੇਅਦਬੀਆਂ ਦੇ ਕੇਸਾਂ ਵਿਚ ਕੀ ਪੰਜਾਬ ਸਰਕਾਰ ਅੱਗੇ ਵੱਧ ਸਕੇਗੀ ਇਹ ਵੀ ਮੁਸ਼ਕਲ ਹੀ ਨਜ਼ਰ ਆਉਂਦਾ ਹੈ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਇਸ ਸੰਬੰਧੀ ਕੀ ਕੋਈ ਕਾਰਵਾਈ ਕਰਨਗੇ ਕਿ ਨਹੀਂ ਇਹ ਵੇਖਣ ਵਾਲੀ ਗੱਲ ਹੋਵੇਗੀ।

ਰਣਬੀਰ ਸਿੰਘ ਖੱਟੜਾ ਤੇ ਉਨ੍ਹਾਂ ਨਾਲ ਜਾਂਚ ਟੀਮ ਵਿਚ ਕੰਮ ਕਰਨ ਵਾਲੇ 10 ਪੁਲਿਸ ਅਧਿਕਾਰੀਆਂ, ਜਿਨ੍ਹਾਂ ’ਚੋਂ ਕਈ ਸੇਵਾਮੁਕਤ ਵੀ ਹੋ ਚੁੱਕੇ ਹਨ, ਨੂੰ ਉਕਤ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਸਾਹਮਣੇ ਪੇਸ਼ ਕੀਤੇ ਜਾਣ ਕਾਰਨ ਸਬਕ ਦੇਣ ਲਈ ਮਹਿੰਦਰਪਾਲ ਬਿੱਟੂ ਦੇ ਕਤਲ ਕੇਸ ਨਾਲ ਜੋੜਨ ਵਰਗੀ ਕਾਰਵਾਈ ਦਾ ਵੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਕੋਈ ਨੋਟਿਸ ਲੈਣਗੇ ਜਾਂ ਨਹੀਂ ਇਹ ਵੀ ਸਮਾਂ ਹੀ ਦੱਸੇਗਾ।

ਯਾਦ ਰਹੇ ਕਿ ਖੱਟੜਾ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਉਸ ਨੂੰ ਸਰਕਾਰ ਨੇ ਸੌਦਾ ਸਾਧ ਨੂੰ ਪੇਸ਼ ਕਰਨ ਲਈ ਵੀ ਮਨਜ਼ੂਰੀ ਨਹੀਂ ਦਿੱਤੀ। ਕਾਂਗਰਸ ਦੇ ਸੀਨੀਅਰ ਨੇਤਾ ਪਰਗਟ ਸਿੰਘ ਨੇ ਕਿਹਾ ਇਸ ਤੋਂ ਸਾਫ ਜ਼ਾਹਿਰ ਹੈ ਕਿ ਭਗਵੰਤ ਮਾਨ ਸਰਕਾਰ ਇਨਸਾਫ ਦੇਣ ਵਿੱਚ ਫੇਲ੍ਹ ਸਾਬਿਤ ਹੋਈ ਜਦਕਿ ਕੇਜਰੀਵਾਲ ਨੇ 24 ਘੰਟੇ ਦੇ ਅੰਦਰ ਇਨਸਾਫ ਦੇਣ ਦਾ ਵਾਅਦਾ ਕੀਤਾ ਸੀ ਪਰ ਢਾਈ ਸਾਲ ਬੀਤ ਚੁੱਕੇ ਹਨ।

# ਸੰਸਦ ਮੈਂਬਰ ਸਰਬਜੀਤ ਸਿੰਘ ਵਲੋਂ ਨਵਾਂ ਅਕਾਲੀ ਦਲ ਬਣਾਉਣ ਦੇ ਐਲਾਨ ਨਾਲ ਬਾਦਲਕਿਆਂ ਦੀ ਰਾਜਨੀਤੀ ਖਤਰੇ ਵਿਚ

**ਜਥੇਦਾਰ ਅਕਾਲ ਤਖਤ ਨੇ ਸੁਖਬੀਰ ਸਿੰਘ ਬਾਦਲ ਤੇ ਹਰਜਿੰਦਰ ਸਿੰਘ ਧਾਮੀ ਨੂੰ ਪੱਤਰ ਜਾਰੀ ਕਰਕੇ ਮੰਗਿਆ ਸਪੱਸ਼ਟੀਕਰਨ ✪ ਅੰਮ੍ਰਿਤਪਾਲ ਸਿੰਘ ਦੇ ਪਿਤਾ ਵੀ ਸਹਿਯੋਗੀ, ਬਾਗੀ ਅਕਾਲੀ ਧੜੇ ਦੀਆਂ ਤਾਰਾਂ ਨਾਲ ਜੁੜੀਆਂ ✪ ਭਾਈ ਅੰਮ੍ਰਿਤਪਾਲ ਸਿੰਘ ਵਲੋਂ ਐਨ. ਐਸ. ਏ. ਤਹਿਤ ਵਧਾਈ ਨਜ਼ਰਬੰਦੀ ਨੂੰ ਹਾਈ ਕੋਰਟ ਵਿਚ ਚੁਣੌਤੀ**

### ਖਾਸ ਖਬਰ

ਅਕਾਲ ਤਖਤ ਸਾਹਿਬ ਵਿਖੇ 15 ਜੁਲਾਈ ਨੂੰ ਹੋਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਪੰਜ ਸਿੰਘ ਸਾਹਿਬਾਨ ਨੇ ਫੈਸਲਾ ਸੁਣਾਉਂਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਬਾਗੀ ਹੋਏ ਅਕਾਲੀ ਆਗੂਆਂ ਵੱਲੋਂ ਲਗਾਏ ਗਏ ਲਿਖਤੀ ਦੋਸ਼ਾਂ ਸਬੰਧੀ 15 ਦਿਨਾਂ ਦੇ ਅੰਦਰ ਸਪੱਸ਼ਟੀਕਰਨ ਦੇਣ ਦੇ ਆਦੇਸ਼ ਸਬੰਧੀ ਪੱਤਰ ਜਾਰੀ ਕੀਤਾ ਹੈ। ਸਪੱਸ਼ਟੀਕਰਨ ਦੇ ਮਾਮਲੇ ਵਿੱਚ ਹੁਣ ਸਮੁੱਚੇ ਸਿੱਖ ਜਗਤ ਦੀਆਂ ਨਜ਼ਰਾਂ ਇਸ ਮਾਮਲੇ ਵਿੱਚ ਅਗਲੇ ਘਟਨਾਕ੍ਰਮ 'ਤੇ ਟਿਕੀਆਂ ਹੋਈਆਂ ਹਨ।

ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਜਾਰੀ ਇਸ ਪੱਤਰ ਵਿਚ ਕਿਹਾ ਗਿਆ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਸੀਨੀਅਰ ਆਗੂਆਂ ਦੀ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੁੱਜੀ ਸ਼ਿਕਾਇਤ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਪੰਥਕ ਭਾਵਨਾਵਾਂ ਦੀ ਤਰਜਮਾਨੀ ਨਹੀਂ ਕੀਤੀ। ਜਿਸ ਕਰਕੇ ਦੋਸ਼ਾਂ ਦਾ ਸਪੱਸ਼ਟੀਕਰਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਿੱਜੀ ਤੌਰ 'ਤੇ ਪੇਸ਼ ਹੋ ਕੇ ਲਿਖਤੀ ਰੂਪ ਵਿਚ ਦਿੱਤਾ ਜਾਵੇ। ਇਸ ਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸੋਂ 90 ਲੱਖ ਦੇ ਇਸ਼ਤਿਹਾਰ ਦੇਣ ਸਬੰਧੀ ਇਨ੍ਹਾਂ ਅਕਾਲੀ ਆਗੂਆਂ ਵੱਲੋਂ ਲਗਾਏ ਦੋਸ਼ਾਂ ਨੂੰ ਧਿਆਨ ਵਿਚ ਰੱਖਦਿਆ ਮੌਜੂਦਾ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪਾਸੋਂ ਪੱਤਰ ਜਾਰੀ ਕਰਕੇ ਸਪੱਸ਼ਟੀਕਰਨ ਮੰਗਿਆ ਗਿਆ।

ਪਾਰਟੀ ਸੂਤਰਾਂ ਮੁਤਾਬਕ ਪਾਰਟੀ ਵੱਲੋਂ ਇਸ ਸਬੰਧੀ ਸਪੱਸ਼ਟੀਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੀ ਇਹ ਮੁੱਖ ਧਿਰ ਇਸ ਮਾਮਲੇ ਵਿੱਚ ਅਕਾਲ ਤਖ਼ਤ ਅੱਗੇ ਪੂਰਨ ਤੌਰ 'ਤੇ ਸਮਰਪਣ ਕਰਨ ਦੇ ਰੌਂਅ ਵਿੱਚ ਹੈ। ਦੂਜੀ ਧਿਰ ਵੱਲੋਂ ਲਾਏ ਗਏ ਦੋਸ਼ਾਂ ਸਬੰਧੀ ਸਪੱਸ਼ਟੀਕਰਨ ਵਿੱਚ ਸ਼੍ਰੋਮਣੀ ਅਕਾਲੀ ਦਲ ਅਕਾਲੀ ਸਰਕਾਰ ਵੇਲੇ ਜਾਣੇ-ਅਣਜਾਣੇ ਵਿੱਚ ਹੋਈਆਂ ਭੁੱਲਾਂ ਦੀ ਖਿਮਾ ਯਾਚਨਾ ਕਰ ਸਕਦਾ ਹੈ।

ਜਾਣਕਾਰੀ ਮੁਤਾਬਕ ਸ਼੍ਰੋਮਣੀ ਕਮੇਟੀ ਵੱਲੋਂ ਵੀ ਇਸ ਸਬੰਧੀ ਸਪੱਸ਼ਟੀਕਰਨ ਲਈ ਤਿਆਰੀ ਕੀਤੀ ਜਾ ਰਹੀ ਹੈ। ਕਮੇਟੀ ਵੱਲੋਂ ਪੁਰਾਣੀਆਂ ਫਾਈਲਾਂ ਤੇ ਦਸਤਾਵੇਜ਼ਾਂ ਦੀ ਘੋਖ-ਪੜਤਾਲ ਕੀਤੀ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਖ਼ਿਲਾਫ਼ ਦੋਸ਼ ਹੈ ਕਿ ਉਸ ਨੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ ਕਰਨ ਸਬੰਧੀ ਮਾਮਲੇ ਵਿੱਚ ਅਕਾਲ ਤਖ਼ਤ ਦੇ ਫ਼ੈਸਲੇ ਦੀ ਪਰੋੜਤਾ ਕਰਨ ਲਈ 90 ਲੱਖ ਰੁਪਏ ਦੇ ਇਸ਼ਤਿਹਾਰ ਦਿੱਤੇ ਜਦੋਂ ਕਿ ਬਾਅਦ ਵਿੱਚ ਸੰਗਤ ਰੋਹ ਦੇ ਕਾਰਨ ਅਕਾਲ ਤਖ਼ਤ ਤੇ ਜਥੇਦਾਰ ਨੂੰ ਇਹ ਫ਼ੈਸਲਾ ਵਾਪਸ ਲੈਣਾ ਪਿਆ। ਇਸ ਮਾਮਲੇ ਵਿੱਚ ਉਸ ਵੇਲੇ ਦੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਅਤੇ ਮੁੱਖ ਸਕੱਤਰ ਹਰਚਰਨ ਸਿੰਘ ਦੋਵੇਂ ਹੀ ਪ੍ਰਮੁੱਖ ਸ਼ਖ਼ਸੀਅਤਾਂ ਅਕਾਲ ਚਲਾਣਾ ਕਰ ਚੁੱਕੀਆਂ ਹਨ।



ਕੁਲ ਮਿਲਾਕੇ ਪੰਥਕ ਸਿਆਸਤ ਦੀਆਂ ਸਰਗਰਮੀਆਂ ਸੁਖਬੀਰ ਸਿੰਘ ਬਾਦਲ ਦੀ ਸਿਆਸਤ ਲਈ ਵਡੀ ਸਿਰਦਰਦੀ ਬਣ ਗਈਆਂ ਹਨ। ਭਾਵੇਂ ਅਜੇ ਨਵੇਂ ਸੰਗਠਨ ਦੀ ਰੂਪ ਰੇਖਾ ਨਹੀਂ ਬਣੀ ਪਰ ਬਾਗੀ ਅਕਾਲੀ ਅੰਮ੍ਰਿਤਪਾਲ ਸਿੰਘ ਦੇ ਧੜੇ ਨਾਲ ਮਿਲਕੇ ਪੰਜਾਬ ਦੀ ਸਿਆਸਤ ਦਾ ਅਗਾਜ਼ ਕਰ ਸਕਦੇ ਹਨ।

ਸੁਖਬੀਰ ਸਿੰਘ ਬਾਦਲ ਨੂੰ ਆਪਣੀ ਸਿਆਸਤ ਬਾਰੇ ਨਵੇਂ ਸਿਰਿਉਂ ਸੋਚਣ ਦੀ ਲੋੜ ਹੈ ਕਿ ਉਹ ਕਿਵੇਂ ਆਪਣਾ ਵਕਾਰ ਬਹਾਲ ਕਰ ਸਕਦੇ ਹਨ?

### ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਿਚ ਨਵਾਂ ਪੰਥਕ ਸੰਗਠਨ ਹੋਂਦ ਵਿਚ ਆਵੇਗਾ

ਦੂਜੇ ਪਾਸੇ ਖਡੂਰ ਸਾਹਿਬ ਤੋਂ ਚੋਣ ਜਿੱਤਣ ਤੋਂ ਬਾਅਦ ਹੁਣ ਅੰਮ੍ਰਿਤਪਾਲ ਸਿੰਘ ਆਉਣ ਵਾਲੇ ਦਿਨਾਂ ਵਿੱਚ ਸੂਬੇ ਦੀ ਸਿਆਸਤ ਵਿੱਚ ਹੋਰ ਸਰਗਰਮ ਹੋ ਸਕਦੇ ਹਨ। ਉਨ੍ਹਾਂ ਦੇ ਪਿਤਾ ਤਰਸੇਮ ਸਿੰਘ ਅਤੇ ਫਰੀਦਕੋਟ ਤੋਂ ਐਮਪੀ ਸਰਬਜੀਤ ਸਿੰਘ ਖਾਲਸਾ ਨੇ ਇਸ ਵੱਲ ਇਸ਼ਾਰਾ ਕਰ ਦਿੱਤਾ ਹੈ।

ਸੰਗਰੂਰ ਵਿੱਚ ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ ਵਿੱਚ ਸਨਮਾਨ ਕੀਤੇ ਜਾਣ ਤੋਂ ਬਾਅਦ ਪਿਤਾ ਤਰਸੇਮ ਸਿੰਘ ਨੇ ਕਿਹਾ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੇ ਨਾਲ ਅਸੀਂ ਵਿਧਾਨ ਸਭਾ ਦੀਆਂ ਚੋਣਾਂ ਵੀ ਲੜਾਂਗੇ।

ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਹਾਲਾਂਕਿ ਜ਼ਿਮਨੀ ਚੋਣ ਫਿਲਹਾਲ ਨਾ ਲੜਨ ਦੀ ਗੱਲ ਕਹਿ ਰਹੇ ਹਨ ਪਰ ਅੰਮ੍ਰਿਤਪਾਲ ਦੇ ਨਾਲ ਜੇਲ੍ਹ ਵਿੱਚ ਬੰਦ ਕਈ ਸਿੰਘਾਂ ਨੇ ਵੱਖ-ਵੱਖ ਹਲਕਿਆਂ ਤੋਂ ਆਪਣੀ ਦਾਅਵੇਦਾਰੀ ਪੇਸ਼ ਵੀ ਕਰ ਦਿੱਤੀ ਹੈ। ਭਗਵੰਤ ਸਿੰਘ ਉਰਫ਼ ਪ੍ਰਧਾਨ ਮੰਤਰੀ ਬਾਜੇਕੇ ਦੇ ਪਰਿਵਾਰ ਨੇ ਗਿੱਦੜਬਾਹਾ ਤੋਂ ਦਾਅਵੇਦਾਰੀ ਪੇਸ਼ ਕੀਤੀ ਹੈ ਤਾਂ ਇੱਕ ਹੋਰ ਸਾਥੀ ਦਲਜੀਤ ਸਿੰਘ ਕਲਸੀ ਦੇ ਪਰਿਵਾਰ ਵੱਲੋਂ ਡੇਰਾ ਬਾਬਾ ਨਾਨਕ ਤੋਂ ਦਾਅਵੇਦਾਰੀ ਪੇਸ਼ ਕੀਤੀ ਗਈ ਹੈ।

ਉੱਧਰ ਜੇਲ੍ਹ ਵਿੱਚ ਹੀ ਬੰਦ ਕੁਲਵੰਤ ਸਿੰਘ ਰਾਉਕੇ ਨੇ ਬਰਨਾਲਾ ਸੀਟ ਤੋਂ ਜ਼ਿਮਨੀ ਚੋਣ ਲੜਨ ਦਾ ਐਲਾਨ ਕੀਤਾ ਹੈ। ਪਰ ਇਸ ਬਾਰੇ ਅੰਮ੍ਰਿਤ ਪਾਲ ਸਿੰਘ ਚੁਪ ਦਿਖਾਈ ਦੇ ਰਹੇ ਹਨ।

ਸਨਮਾਨ ਕਰਨ ਵਾਲੀਆਂ ਸ਼ਖ਼ਸੀਅਤਾਂ ਵਿਚ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਅਕਾਲ ਕਾਲਜ ਕੌਂਸਲ ਮਸਤੂਆਣਾ ਸਾਹਿਬ ਦੇ ਸਕੱਤਰ ਜਸਵੰਤ ਸਿੰਘ ਖਹਿਰਾ, ਦਰਬਾਰ ਏ ਖ਼ਾਲਸਾ ਦੇ ਮੁੱਖ ਸੇਵਾਦਾਰ ਭਾਈ ਹਰਜਿੰਦਰ ਸਿੰਘ ਮਾਝੀ ਅਤੇ ਮੋਹਤਬਰ ਸੱਜਣ ਵੀ ਮੌਜੂਦ ਸਨ। ਇਸ ਮੌਕੇ ਸਰਬਜੀਤ ਸਿੰਘ ਖਾਲਸਾ ਨੇ ਸੰਬੋਧਨ ਕਰਦਿਆਂ ਕਿਹਾ ਸੀ ਕਿ ਸਿੱਖ ਜਗਤ ਨੂੰ ਨਿੱਜਪ੍ਰਸਤੀ ਸੋਚ ਤੋਂ ਉੱਪਰ ਉੱਠ ਕੇ ਪੰਥਕ ਸੋਚ ਨੂੰ ਪ੍ਰਚੰਡ ਕਰਨਾ ਚਾਹੀਦਾ ਹੈ। ਕੌਮ ਲਈ ਸਿਆਸੀ ਸ਼ਕਤੀ ਨੂੰ ਵਿਕਸਤ ਕਰਨਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਬਾਪੂ ਤਰਸੇਮ ਸਿੰਘ ਦੇ ਯਤਨਾਂ ਸਦਕਾ ਨਵੀਂ ਪਾਰਟੀ ਬਣਾਵਾਂਗੇ, ਜੋ ਪੰਥਕ ਭਾਵਨਾਵਾਂ ਦੀ ਤਰਜਮਾਨੀ ਕਰੇਗੀ। ਖਾਲਸਾ ਨੇ ਕਿਹਾ ਕਿ ਉਹ ਜਲਦੀ ਹੀ ਭਾਈ ਅੰਮਿਬਪਾਲ ਸਿੰਘ ਦੀ ਰਿਹਾਈ, ਬੰਦੀ ਸਿੰਘਾਂ ਦੀ ਰਿਹਾਈ ਅਤੇ ਕਿਸਾਨਾਂ ਦੇ ਮਸਲਿਆਂ ਨੂੰ ਲੈ ਕੇ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲਣਗੇ।

ਇਸ ਤੋਂ ਪਹਿਲਾਂ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਕੌਮ ਦੀਆਂ ਭਾਵਨਾਵਾਂ ਨੇ ਭਾਈ ਸਰਬਜੀਤ ਸਿੰਘ ਖ਼ਾਲਸਾ ਅਤੇ ਭਾਈ ਅੰਮਿਬਪਾਲ ਸਿੰਘ ਨੂੰ ਸੰਸਦ ਮੈਂਬਰ ਬਣਾ ਦਿੱਤਾ ਹੈ। ਉਨ੍ਹਾਂ ਨੂੰ ਪੂਰਨ ਉਮੀਦ ਹੈ ਕਿ ਅਕਾਲ ਪੁਰਖ ਦੀ ਬਖ਼ਸ਼ਿਸ਼ ਸਦਕਾ ਇਹ ਸੁਚੱਜੇ ਢੰਗ ਨਾਲ ਅਗਵਾਈ ਕਰਨਗੇ। ਉਨ੍ਹਾਂ ਕਿਹਾ ਕਿ ਭਾਈ ਅੰਮਿਬਪਾਲ ਸਿੰਘ ਨੂੰ ਤੁਰੰਤ ਰਿਹਾਅ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਉਹ ਵੀ ਖਡੂਰ ਸਾਹਿਬ ਹਲਕੇ ਦੀ ਸੁਚੱਜੇ ਢੰਗ ਨਾਲ ਅਗਵਾਈ ਕਰ ਸਕਣ।

ਬਾਪੂ ਤਰਸੇਮ ਸਿੰਘ ਖ਼ਾਲਸਾ ਨੇ ਸਨਮਾਨ ਕਰਨ ਲਈ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਖਡੂਰ ਸਾਹਿਬ ਤੇ ਫ਼ਰੀਦਕੋਟ ਅੰਦਰ ਇਸ ਲਹਿਰ ਨੂੰ ਹੋਰ ਤੇਜ਼ ਕਰਨ ਲਈ ਇਲਾਕੇ ਦੇ ਲੋਕਾਂ ਨੂੰ ਅਹਿਮ ਭੂਮਿਕਾ ਨਿਭਾਉਣ ਦੀ ਲੋੜ ਹੈ ਤਾਂ ਕਿ ਪੰਥ ਤੇ ਪੰਜਾਬ ਨੂੰ ਸਹੀ ਅਗਵਾਈ ਮਿਲ ਸਕੇ।

ਯਾਦ ਰਹੇ ਕਿ ਅੰਮ੍ਰਿਤਪਾਲ ਸਿੰਘ ਨੇ ਜਦੋਂ 5 ਜੁਲਾਈ ਨੂੰ ਦਿੱਲੀ ਵਿੱਚ ਐੱਮਪੀ ਵਜੋਂ ਸਹੁੰ ਚੁੱਕੀ ਸੀ ਤਾਂ ਪਿਤਾ ਨਾਲ 50 ਮਿੰਟ ਦੀ ਮੁਲਾਕਾਤ ਤੋਂ ਬਾਅਦ ਸ਼੍ਰੋਮਣੀ ਦੀਆਂ ਚੋਣਾਂ ਦੀ ਤਿਆਰੀ ਦੇ ਨਿਰਦੇਸ਼ ਦਿੱਤੇ ਸਨ ਜਿਸ ਦਾ ਖ਼ੁਲਾਸਾ ਪਿਤਾ ਤਰਸੇਮ ਸਿੰਘ ਨੇ ਆਪ ਕੀਤਾ ਸੀ। ਉੱਧਰ ਫਰੀਦਕੋਟ ਤੋਂ ਐੱਮਪੀ ਸਰਬਜੀਤ ਸਿੰਘ ਨੇ ਪਾਰਟੀ ਬਣਾਉਣ ਵੱਲ ਵੀ ਇਸ਼ਾਰਾ ਕਰ ਦਿੱਤਾ ਹੈ ਉਨ੍ਹਾਂ ਕਿਹਾ ਅੰਮ੍ਰਿਤਪਾਲ ਸਿੰਘ ਦੇ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਇਸ 'ਤੇ ਅਖ਼ੀਰਲਾ ਫੈਸਲਾ ਹੋਵੇਗਾ।

ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ 'ਵਾਰਿਸ ਪੰਜਾਬ ਜਥੇਬੰਦੀ' ਦੇ ਮੁਖੀ ਭਾਈ ਅੰਮਿਬਪਾਲ ਸਿੰਘ ਨੇ ਐਨ.ਐਸ.ਏ. ਤਹਿਤ ਉਸ ਦੀ ਨਜ਼ਰਬੰਦੀ ਦੀ ਮਿਆਦ ਵਧਾਉਣ ਦੇ ਪੰਜਾਬ ਸਰਕਾਰ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ। ਆਪਣੀ ਪਟੀਸ਼ਨ ਵਿਚ ਭਾਈ ਅੰਮਿਬਪਾਲ ਸਿੰਘ ਨੇ ਕਿਹਾ ਕਿ ਨਾ ਕੇਵਲ ਇਕ ਸਾਲ ਤੋਂ ਵੱਧ ਸਮੇਂ ਤੱਕ ਐਨ.ਐਸ.ਏ. ਨੂੰ ਲਾਗੂ ਕਰਕੇ ਬਲਕਿ ਪੰਜਾਬ ਤੋਂ ਦੂਰ ਹਿਰਾਸਤ ਵਿਚ ਰੱਖ ਕੇ ਅਸਾਧਾਰਨ ਤੇ ਬੇਰਹਿਮ ਤਰੀਕੇ ਨਾਲ ਉਸ ਦੀ ਜ਼ਿੰਦਗੀ ਤੇ ਆਜ਼ਾਦੀ ਨੂੰ ਪੂਰੀ ਤਰ੍ਹਾਂ ਨਾਲ ਖੋਹ ਲਿਆ ਗਿਆ ਹੈ। ਭਾਈ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਉਸ ਨੂੰ ਜੱਦੀ ਰਾਜ ਤੇ ਘਰ ਤੋਂ ਦੂਰ ਤੇ ਉਸ ਦੇ ਦੋਸਤਾਂ ਤੇ ਰਿਸ਼ਤੇਦਾਰਾਂ ਤੋਂ ਦੂਰ ਰੱਖਣਾ ਅਣਉੱਚਿਤ ਤੌਰ 'ਤੇ ਕਠੋਰ ਤੇ ਬਦਲਾਖੋਰੀ ਦੀ ਕਾਰਵਾਈ ਹੈ। ਇਹ ਪਟੀਸ਼ਨਕਰਤਾ ਨੂੰ ਰਾਜ ਸਰਕਾਰ ਤੇ ਕੇਂਦਰ ਸਰਕਾਰ ਵਿਰੁੱਧ ਵੱਡੇ ਸਿਆਸੀ ਮੁੱਦਿਆਂ 'ਤੇ ਆਵਾਜ਼ ਉਠਾਉਣ ਲਈ ਸਜ਼ਾ ਦੇਣ ਤੋਂ ਇਲਾਵਾ ਹੋਰ ਕਿਸੇ ਉਦੇਸ਼ ਦੀ ਪੂਰਤੀ ਨਹੀਂ ਕਰਦਾ, ਜੋ ਕਿ ਇਸ ਦੇਸ਼ ਦੇ ਹਰ ਨਾਗਰਿਕ ਦਾ ਜਮਹੂਰੀ ਹੱਕ ਹੈ।

ਪਟੀਸ਼ਨ ਵਿਚ ਭਾਈ ਅੰਮਿਬਪਾਲ ਸਿੰਘ ਨੇ ਕਿਹਾ ਕਿ ਉਨ੍ਹਾਂ ਲੋਕ ਸਭਾ ਮੈਂਬਰ ਵਜੋਂ ਸੰਵਿਧਾਨ ਤਹਿਤ ਸਹੁੰ ਚੁੱਕੀ ਹੈ ਤੇ ਆਪਣੇ ਲੋਕ ਸਭਾ ਹਲਕੇ ਤੇ ਪੰਜਾਬ ਰਾਜ ਦੇ ਹਿੱਤਾਂ ਦੀ ਨੁਮਾਇੰਦਗੀ ਕਰਨ ਦਾ ਹੱਕ ਹਾਸਲ ਕੀਤਾ ਹੈ। ਜਦੋਂ ਪਟੀਸ਼ਨਰ ਦੀ ਐਨ.ਐਸ.ਏ. ਦੀ ਤੀਜੀ ਮਿਆਦ ਅਪ੍ਰੈਲ 2024 'ਚ ਖਤਮ ਹੋਣ ਵਾਲੀ ਸੀ ਤੇ ਇਕ ਆਦੇਸ਼ ਤਹਿਤ ਐਨ. ਐਸ. ਏ. ਦੀ ਅਧਿਕਤਮ ਮਿਆਦ ਖਤਮ ਹੋ ਗਈ ਸੀ ਤਾਂ 13 ਮਾਰਚ ਨੂੰ ਐਨ. ਐਸ. ਏ. ਵਧਾਉਣ ਦਾ ਇਕ ਨਵਾਂ ਆਦੇਸ਼ ਪਾਸ ਕੀਤਾ ਗਿਆ ਹਾਈਕੋਰਟ 'ਚ ਇਸ ਪਟੀਸ਼ਨ 'ਤੇ ਅਗਲੇ ਹਫ਼ਤੇ ਸੁਣਵਾਈ ਹੋਣ ਦੀ ਸੰਭਾਵਨਾ ਹੈ। ਅੰਮ੍ਰਿਤਪਾਲ ਸਿੰਘ ਧੜੇ ਨੂੰ ਆਸ ਹੈ ਕਿ ਹਾਈਕੋਰਟ ਅੰਮ੍ਰਿਤ ਪਾਲ ਸਿੰਘ ਨੂੰ ਰਿਹਾਅ ਕਰ ਸਕਦਾ ਹੈ।

* * * * * * * *

# ਕੀ ਸਿੰਘ ਸਾਹਿਬ ਰੋਡੇ ਨਵੇਂ ਅਕਾਲੀ ਦਲ ਦੇ ਪ੍ਰਧਾਨ ਬਣਨਗੇ ?

**ਵਿਸ਼ੇਸ਼ ਖਬਰ**

## ✪ ਵਕੀਲ ਰਾਜਦੇਵ ਸਿੰਘ ਨੇ ਅੰਮ੍ਰਿਤਪਾਲ ਸਿੰਘ ਵਲੋਂ ਐਲਾਨ ਦਾ ਦਾਅਵਾ ਕਿਉਂ ਕੀਤਾ ?





ਟਾਈਮਜ ਆਫ ਇੰਡੀਆ ਤੇ ਇਕ ਪੰਜਾਬੀ ਚੈਨਲ ਅਕਾਲ ਚੈਨਲ ਦੀ ਖਬਰ ਅਨੁਸਾਰ ਸਾਬਕਾ ਸੰਸਦ ਮੈਂਬਰ ਰਾਜਦੇਵ ਸਿੰਘ ਖਾਲਸਾ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਦੇ ਚੋਣ ਲੜਨ ਦਾ ਐਲਾਨ ਕੀਤਾ ਸੀ, ਨੇ ਹੁਣ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਭਤੀਜੇ ਅਤੇ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਕਰਨ ਲਈ ਕਿਹਾ ਹੈ।

ਉਨ੍ਹਾਂ ਨੇ ਜਥੇਦਾਰ ਜਸਬੀਰ ਸਿੰਘ ਰੋਡੇ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣਾਉਣ ਦੀ ਵਕਾਲਤ ਕੀਤੀ ਹੈ। ਸ਼ਨੀਵਾਰ ਨੂੰ ਮੋਗਾ ਜ਼ਿਲੇ ਦੇ ਪਿੰਡ ਰੋਡੇ ਵਿਖੇ ਸੰਤ ਭਿੰਡਰਾਂਵਾਲੇ ਦੇ ਭਰਾ ਹਰਜੀਤ ਸਿੰਘ ਦੇ ਅੰਤਿਮ ਅਰਦਾਸ ਸਮਾਗਮ ਨੂੰ ਸੰਬੋਧਨ ਕਰਦਿਆਂ ਰਾਜਦੇਵ ਨੇ ਕਿਹਾ ਸੀ ਕਿ ਰੋਡੇ ਦੀ ਅਗਵਾਈ ਵਿਚ ਹੀ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ। ਸਮਾਗਮ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਫਰੀਦਕੋਟ ਦੇ ਸੰਸਦ ਮੈਂਬਰ ਸਰਬਜੀਤ ਸਿੰਘ, ਸਾਬਕਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਅਤੇ ਵੱਖ-ਵੱਖ ਸੰਪਰਦਾਇਕ ਜਥੇਬੰਦੀਆਂ ਦੇ ਆਗੂਆਂ ਨੇ ਸ਼ਿਰਕਤ ਕੀਤੀ।

ਵਕੀਲ ਰਾਜਦੇਵ ਨੇ ਕਿਹਾ ਕਿ ਸਿੰਘ ਸਾਹਿਬ ਰੋਡੇ ਖਾਲਸਾ ਪੰਥ ਦੇ ਆਗੂ ਹਨ ਅਤੇ ਸਭ ਨੂੰ ਪ੍ਰਵਾਨ ਹਨ। ਉਨ੍ਹਾਂ ਦਾਅਵਾ ਕੀਤਾ, "ਹੁਣ ਸਮੁੱਚਾ ਖਾਲਸਾ ਪੰਥ ਮੰਗ ਕਰਦਾ ਹੈ ਕਿ ਜਦੋਂ ਅਕਾਲੀ ਦਲ ਨੂੰ ਮੁੜ ਸੁਰਜੀਤ ਕੀਤਾ ਜਾ ਰਿਹਾ ਹੈ ਤਾਂ ਸਿੰਘ ਸਾਹਿਬ ਰੋਡੇ ਨੂੰ ਇਸ ਦਾ ਪ੍ਰਧਾਨ ਬਣਾਇਆ ਜਾਵੇ।"

ਉਨ੍ਹਾਂ ਮੀਟਿੰਗ ਵਿੱਚ ਹਾਜ਼ਰ ਸੰਗਤਾਂ ਵਿੱਚ ਹੱਥ ਖੜ੍ਹੇ ਕਰਕੇ ਅਕਾਲੀ ਦਲ ਦੇ ਪ੍ਰਧਾਨ ਦੇ ਅਹੁਦੇ ਲਈ ਰੋਡੇ ਦੇ ਨਾਂ 'ਤੇ ਸਹਿਮਤੀ ਵੀ ਪ੍ਰਗਟਾਈ। ਉਨ੍ਹਾਂ ਕਿਹਾ, "ਕਿ ਜਦੋਂ ਪੰਜਾਬ ਦੀ ਸਿਆਸਤ ਨੇ ਮੋੜ ਲਿਆ ਹੈ ਤਾਂ ਅਸੀਂ ਸੰਤ ਭਿੰਡਰਾਂਵਾਲਿਆਂ ਦੇ ਪਰਿਵਾਰ ਦੀ ਅਗਵਾਈ ਤੋਂ ਬਿਨਾਂ ਅੱਗੇ ਨਹੀਂ ਵਧ ਸਕਦੇ, ਜੇਕਰ ਪੰਜਾਬ ਵਿੱਚ ਸਿੱਖ ਸਿਆਸਤ ਨੂੰ ਬਾਬਾ ਜੋਗਿੰਦਰ ਸਿੰਘ (ਸੰਤ ਭਿੰਡਰਾਂਵਾਲਿਆਂ ਦੇ ਪਿਤਾ) ਅਤੇ ਸੰਤ ਜਰਨੈਲ ਸਿੰਘ ਦੀ ਛਤਰਛਾਇਆ ਅਧੀਨ ਚਲਾਇਆ ਜਾਣਾ ਹੈ, ਤਾਂ ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਸਾਨੂੰ ਸਿੰਘ ਸਾਹਿਬ ਰੋਡੇ ਦੀ ਲੋੜ ਹੈ। ਉਨ੍ਹਾਂ ਦੇ ਆਸ਼ੀਰਵਾਦ ਦੇ ਨਾਲ-ਨਾਲ ਉਨ੍ਹਾਂ ਦੀ ਅਗਵਾਈ ਦੀ। ਬਾਦਲਕਿਆਂ ਦੀ ਸਿਆਸਤ ਉਪਰ ਟਿਪਣੀ ਕਰਦਿਆਂ ਉਨ੍ਹਾਂ ਇਹ ਵੀ ਕਿਹਾ ਕਿ ਪੁਰਾਣੀਆਂ ਚੀਜ਼ਾਂ ਨਵੇਂ ਲੇਬਲ ਹੇਠ ਸਫਲ ਨਹੀਂ ਹੋ ਸਕਦੀਆਂ।

ਉਨ੍ਹਾਂ ਕਿਹਾ ਕਿ ਅਸੀਂ ਇਸ ਗੱਲ 'ਤੇ ਕੋਈ ਸਮਝੌਤਾ ਨਹੀਂ ਕਰ ਸਕਦੇ ਕਿ ਰੋਡੇ ਤੋਂ ਇਲਾਵਾ ਕੋਈ ਹੋਰ ਅਕਾਲੀ ਦਲ ਦਾ ਪ੍ਰਧਾਨ ਬਣੇ। ਉਨ੍ਹਾਂ ਕਿਹਾ ਕਿ ਰੋਡੇ ਇੱਕ ਮਹਾਨ ਸ਼ਖ਼ਸੀਅਤ ਹਨ ਅਤੇ ਉਨ੍ਹਾਂ ਦੀ ਅਗਵਾਈ ਵਿੱਚ ਅਕਾਲੀ ਦਲ ਹੋਰ ਵੀ ਜਿੱਤਾਂ ਦਰਜ ਕਰ ਸਕਦਾ ਹੈ।

ਰਾਜਦੇਵ ਨੇ ਕਿਹਾ ਕਿ ਬਾਬਾ ਜੋਗਿੰਦਰ ਸਿੰਘ ਨੇ 1989 ਵਿੱਚ 10 ਸੰਸਦੀ ਸੀਟਾਂ ਜਿੱਤਣ ਵਿੱਚ ਉਨ੍ਹਾਂ ਦੀ ਮਦਦ ਕੀਤੀ ਸੀ। ਉਨ੍ਹਾਂ ਕਿਹਾ ਕਿ ਇਸ ਵਾਰ ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਦੀ ਉਮੀਦਵਾਰੀ ਬਾਰੇ ਉਨ੍ਹਾਂ ਵੱਲੋਂ ਕੀਤੇ ਗਏ ਐਲਾਨ ਨਾਲ ਪੈਦਾ ਹੋਈ ਭਾਵਨਾ ਦੇ ਚੱਲਦਿਆਂ ਦੋ ਸੀਟਾਂ ਜਿੱਤੀਆਂ ਹਨ। ਡਿਬਰੂਗੜ੍ਹ ਜੇਲ੍ਹ ਦੇ ਬਾਹਰੋਂ ਮੇਰੇ ਐਲਾਨ ਨਾਲ ਅੰਮ੍ਰਿਤਪਾਲ ਪਾਰਲੀਮੈਂਟ ਵਿੱਚ ਪਹੁੰਚਿਆ। ਇਹ ਐਲਾਨ ਆਸਾਨ ਨਹੀਂ ਸੀ। ਮੈਨੂੰ ਬਹੁਤ ਵਿਰੋਧ ਦਾ ਸਾਹਮਣਾ ਕਰਨਾ ਪਿਆ, ਪਰ ਜਿਨ੍ਹਾਂ ਨੇ ਪਹਿਲਾਂ ਇਸ ਦਾ ਵਿਰੋਧ ਕੀਤਾ, ਉਨ੍ਹਾਂ ਨੇ ਬਾਅਦ ਵਿੱਚ ਇਸ ਦਾ ਸਮਰਥਨ ਕੀਤਾ।

ਫਰੀਦਕੋਟ ਵਿੱਚ ਉਸ ਐਲਾਨ ਨੇ ਪੰਥਕ ਭਾਵਨਾਵਾਂ ਨੂੰ ਜਗਾਉਣ ਵਿੱਚ ਵੀ ਮਦਦ ਕੀਤੀ ਅਤੇ ਉਹ ਸੀਟ ਵੀ ਜਿੱਤੀ ਗਈ ਸੀ ਜੇਕਰ ਖਡੂਰ ਸਾਹਿਬ ਤੋਂ ਚੋਣ ਨਾ ਲੜੀ ਜਾਂਦੀ ਤਾਂ ਫਰੀਦਕੋਟ ਵੀ ਨਹੀਂ ਜਿੱਤੀ ਜਾ ਸਕਦੀ ਸੀ।

ਸੁਆਲ ਇਹ ਹੈ ਕਿ ਵਕੀਲ ਰਾਜਦੇਵ ਸਿੰਘ ਦਾ ਇਹ ਆਪਣਾ ਐਲਾਨ ਹੈ ਜਾਂ ਇਸ ਵਿਚ ਨਵੇਂ ਐਮਪੀ ਸਰਬਜੀਤ ਸਿੰਘ ਤੇ ਜੇਲੀਂ ਬੰਦ ਭਾਈ ਅੰਮ੍ਰਿਤਪਾਲ ਸਿੰਘ ਦੀ ਵੀ ਸਹਿਮਤੀ ਹੈ। ਕੀ ਇਸ ਮਾਮਲੇ ਵਿਚ ਸਿਖ ਪੰਥ ਦੀ ਸਹਿਮਤੀ ਬਣ ਸਕੇਗੀ। ਇਹ ਬਹੁਤ ਵਡੇ ਸੁਆਲ ਹਨ। ਪੰਥਕ ਹਲਕਿਆਂ ਦਾ ਮੰਨਣਾ ਹੈ ਜੇ ਪੰਥ ਦੀ ਸਹਿਮਤੀ ਵਾਲਾ ਪ੍ਰਤੀਨਿਧ ਅਕਾਲੀ ਦਲ ਉਸਾਰਨਾ ਹੈ ਤਾਂ ਏਜੰਡਾ ਰੂਪ ਰੇਖਾ, ਚੋਣ ਵਿਧੀ ਸਪਸ਼ਟ ਹੋਣੀ ਚਾਹੀਦੀ ਹੈ। ਪ੍ਰਧਾਨ ਚੁਣਿਆ ਜਾਣਾ ਚਾਹੀਦਾ ਹੈ ਨਾ ਕਿ ਬਾਦਲ ਪਰਿਵਾਰ ਵਾਂਗ ਥੋਪਿਆ ਜਾਵੇ। ਵੈਸੇ ਅਕਾਲੀ ਦਲ ਉਸਾਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਇਸ ਬਾਰੇ ਲਗਾਤਾਰ ਬੋਧਿਕ ਸੰਵਾਦ, ਏਜੰਡਾ ਤੈਅ ਕਰਨ ਲਈ ਮੀਟਿੰਗਾਂ ਤੇ ਸਰਗਰਮੀਆਂ ਦੀ ਲੋੜ ਹੈ। ਇਸ ਬਾਰੇ ਸਿਖ ਸੰਗਤ ਵਿਚ ਚੁਪੀ ਹੈ। ਬਾਗੀ ਤੇ ਬਾਦਲਕੇ ਹਨੇਰੇ ਵਿਚ ਤੀਰ ਮਾਰ ਰਹੇ ਹਨ। ਆਉਣ ਵਾਲੇ ਸਮੇਂ ਦੌਰਾਨ ਸਭ ਕੁਝ ਸਪੱਸ਼ਟ ਹੋ ਜਾਵੇਗਾ ਕਿ ਸਿਖ ਸਿਆਸਤ ਕਿਧਰ ਕਰਵਟ ਬਦਲਦੀ ਹੈ। ਪਰ ਫਰੀਦਕੋਟ ਤੇ ਖਡੂਰ ਸਾਹਿਬ ਵਾਲੇ ਦ੍ਰਿਸ਼ ਦੁਬਾਰਾ ਦੁਹਰਾਏ ਜਾਣਗੇ।

ਅਜਿਹਾ ਦਾਅਵਾ ਕਰਨਾ ਸਮੇਂ ਤੋਂ ਪਹਿਲਾਂ ਦੀ ਗੱਲ ਹੈ। ਸਿੰਘ ਸਾਹਿਬ ਰੋਡੇ ਨੂੰ ਅਕਾਲੀ ਦਲ ਦੇ ਪ੍ਰਧਾਨ ਵਜੋਂ ਸਿਖ ਪੰਥ ਪ੍ਰਵਾਨ ਕਰੇਗਾ ਜਾ ਨਹੀਂ। ਇਹ ਸੁਆਲ ਸਮੇਂ ਦੇ ਗਰਭ ਵਿਚ ਹਨ। ਸੁਆਲ ਇਹ ਵੀ ਹੈ ਕਿ ਕੀ ਵਕੀਲ ਰਾਜਦੇਵ ਸਿੰਘ ਦਾ ਏਜੰਡਾ ਅੰਮ੍ਰਿਤ ਪਾਲ ਸਿੰਘ ਸਵੀਕਾਰ ਕਰੇਗਾ ?

**ਮਾਮਲਾ ਚੋਣ ਪ੍ਰਚਾਰ ਦੌਰਾਨ ਕਈ ਜਾਣਕਾਰੀਆਂ ਲੁਕਾਉਣ ਦਾ**

# ਕੀ ਅੰਮ੍ਰਿਤਪਾਲ ਸਿੰਘ ਦੀ ਚੋਣ ਰੱਦ ਹੋਵੇਗੀ ?

## ✪ ਅਜ਼ਾਦ ਉਮੀਦਵਾਰ ਪਟੀਸ਼ਨਕਰਤਾ ਵਿਕਰਮਜੀਤ ਸਿੰਘ ਨੇ ਇਲਜ਼ਾਮ
## ✪ ਇਸੇ ਵਜ੍ਹਾ ਕਾਰਣ ਇੰਦਰਾ ਗਾਂਧੀ ਦੀ ਵੀ ਹੋਈ ਸੀ ਮੈਂਬਰਸ਼ਿੱਪ ਰਦ

ਖਡੂਰ ਸਾਹਿਬ-ਖਡੂਰ ਸਾਹਿਬ ਤੋਂ ਚੁਣੇ ਗਏ ਲੋਕਸਭਾ ਦੇ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਚੋਣ ਨੂੰ ਹੁਣ ਕਾਨੂੰਨੀ ਚੁਣੌਤੀ ਦਿੱਤੀ ਗਈ ਹੈ। ਅਜ਼ਾਦ ਉਮੀਦਵਾਰ ਵਿਕਰਮਜੀਤ ਸਿੰਘ ਨੇ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਪਟੀਸ਼ਨ ਪਾਕੇ ਅੰਮ੍ਰਿਤਪਾਲ ਸਿੰਘ ਦੀ ਐਮਪੀ ਵਜੋਂ ਮੈਂਬਰਸ਼ਿੱਪ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਇਸ ਦੇ ਲਈ 5 ਗੱਲਾਂ ਨੂੰ ਅਧਾਰ ਬਣਾਇਆ ਗਿਆ ਹੈ। ਵਿਕਰਮਜੀਤ ਸਿੰਘ ਨੇ ਇਲਜ਼ਾਮ ਲਗਾਇਆ ਹੈ ਕਿ ਚੋਣ ਪ੍ਰਚਾਰ ਦੌਰਾਨ ਵਾਰਿਸ ਪੰਜਾਬ ਦੇ ਮੁੱਖੀ ਨੇ ਕਈ ਜਾਣਕਾਰੀਆਂ ਲੁਕਾਈਆਂ ਹਨ। ਇਸ ਮਾਮਲੇ ਵਿੱਚ ਹੁਣ ਹਾਈਕੋਰਟ ਸੁਣਵਾਈ ਕਰੇਗਾ।



ਅਜ਼ਾਦ ਉਮੀਦਵਾਰ ਪਟੀਸ਼ਨਕਰਤਾ ਵਿਕਰਮਜੀਤ ਸਿੰਘ ਨੇ ਇਲਜ਼ਾਮ ਲਗਾਇਆ ਹੈ ਕਿ ਅੰਮ੍ਰਿਤਪਾਲ ਸਿੰਘ ਦਾ ਨਾਮਜ਼ਦਗੀ ਪੱਤਰ ਅਧੂਰਾ ਸੀ। ਫੰਡਾਂ, ਦਾਨ ਅਤੇ ਖਰਚੇ ਬਾਰੇ ਜਾਣਕਾਰੀ ਲੁਕਾਈ ਗਈ ਹੈ। ਵੋਟ ਮੰਗਣ ਲਈ ਧਾਰਮਿਕ ਥਾਵਾਂ ਦੀ ਵਰਤੋਂ ਕੀਤੀ ਗਈ ਹੈ। ਬਿਨਾਂ ਇਜਾਜ਼ਤ ਚੋਣ ਪ੍ਰਚਾਰ ਦੀ ਸਮੱਗਰੀ ਛਾਪੀ ਗਈ ਹੈ,ਚੋਣ ਕਮਿਸ਼ਨ ਦੀ ਇਜਾਜ਼ਤ ਦੇ ਬਿਨਾਂ ਸੋਸ਼ਲ ਮੀਡੀਆ 'ਤੇ ਪ੍ਰਚਾਰ ਕੀਤਾ ਗਿਆ ਹੈ। ਪਟੀਸ਼ਨਕਰਤਾ ਨੇ ਇਸ ਵਿੱਚ ਚੋਣ ਕਮਿਸ਼ਨ ਨੂੰ ਵੀ ਪਾਰਟੀ ਬਣਾਇਆ ਹੈ। ਦੱਸਿਆ ਜਾ ਰਿਹਾ ਹੈ ਕਿ ਸੁਣਵਾਈ 6 ਅਗਸਤ ਤੋਂ ਸ਼ੁਰੂ ਹੋਵੇਗੀ। ਅਦਾਲਤ ਇਸ ਮਾਮਲੇ ਵਿੱਚ ਅੰਮ੍ਰਿਤਪਾਲ ਸਿੰਘ, ਪੰਜਾਬ ਚੋਣ ਕਮਿਸ਼ਨ, ਚੋਣ ਖਰਚ ਅਫ਼ਸਰ, ਮੁੱਖ ਚੋਣ ਅਧਿਕਾਰੀ, ਖਡੂਰ ਸਾਹਿਬ ਦੇ ਰਿਟਰਨਿੰਗ ਅਫਸਰ ਨੂੰ ਨੋਟਿਸ ਜਾਰੀ ਕਰ ਸਕਦੀ ਹੈ।

### ਕੀ ਕਹਿੰਦਾ ਹੈ ਕਾਨੂੰਨ ?

ਲੋਕ ਪ੍ਰਤੀਨਿਧੀ ਕਾਨੂੰਨ ਦੇ ਤਹਿਤ ਲੋਕਸਭਾ ਚੋਣਾਂ ਤੋਂ ਬਾਅਦ 45 ਦਿਨਾਂ ਦੇ ਅੰਦਰ ਲੋਕ ਨੁਮਾਇੰਦੇ ਦੀ ਚੋਣ ਨੂੰ ਚੁਣੌਤੀ ਦਿੱਤੀ ਜਾ ਸਕਦੀ ਹੈ। 1971 ਵਿੱਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਰਾਏਬਰੇਲੀ ਸੀਟ ਨੂੰ ਚੁਣੌਤੀ ਦਿੱਤੀ ਗਈ ਸੀ। ਇਹ ਚੁਣੌਤੀ ਰਾਜਨਰਾਇਣ ਸਿੰਘ ਨੇ ਦਿੱਤੀ ਸੀ ਇਲਾਹਾਬਾਦ ਹਾਈ ਕੋਰਟ ਨੇ ਆਪਣੇ ਫੈਸਲੇ ਵਿੱਚ ਇੰਦਰਾ ਗਾਂਦੀ ਦੀ ਚੋਣ ਨੂੰ ਰੱਦ ਕਰ ਦਿੱਤਾ ਸੀ।

# ਬਰਤਾਨੀਆਂ ਦੇ ਵਿਦੇਸ਼ ਮੰਤਰੀ ਡੇਵਿਡ ਲੈਮੀ ਆਪਣੀ ਭਾਰਤ ਯਾਤਰਾ ਦੌਰਾਨ ਜਗਤਾਰ ਸਿੰਘ ਜੌਹਲ ਦੀ ਰਿਹਾਈ ਦੀ ਮੰਗ ਕਰਨ - ਸਿੱਖ ਫੈਡਰੇਸ਼ਨ ਯੂ ਕੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੇ ਸਿੱਖ ਐਕਸ਼ਨ ਗਰੁੱਪ ਨੇ ਵਿਦੇਸ਼ ਮੰਤਰੀ ਡੇਵਿਡ ਲੈਮੀ ਦੀ ਅਗਲੇ ਹਫ਼ਤੇ ਆਪਣੀ ਪਹਿਲੀ ਭਾਰਤ ਯਾਤਰਾ ਦੌਰਾਨ ਭਾਰਤ 'ਚ ਨਜ਼ਰਬੰਦ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੌਹਲ ਦੀ ਰਿਹਾਈ ਲਈ ਜ਼ੋਰ ਦੇਣ ਲਈ ਕਿਹਾ ਹੈ।

ਡੰਬਰਟਨ, ਸਕਾਟਲੈਂਡ ਦੇ ਰਹਿਣ ਵਾਲੇ ਜੱਗੀ ਜੌਹਲ 2017 ਵਿੱਚ ਉਸ ਸਮੇਂ ਗ੍ਰਿਫਤਾਰ ਕਰ ਲਿਆ ਸੀ ਜਦੋਂ ਉਹ ਆਪਣੇ ਵਿਆਹ ਲਈ ਪੰਜਾਬ ਗਿਆ ਹੋਇਆ ਸੀ। ਜੱਗੀ ਦੇ ਪ੍ਰੀਵਾਰਕ ਮੈਂਬਰਾਂ ਨੇ ਉਸ ਨੂੰ ਬਿਜਲੀ ਦੇ ਝਟਕਿਆਂ ਸਮੇਤ ਅਣਮਨੁੱਖੀ ਤਸੀਹੇ ਦਿੱਤੇ ਜਾਣ ਦੀ ਦੋਸ਼ ਲਗਾਏ ਸਨ।

ਸਿੱਖ ਫੈਡਰੇਸ਼ਨ ਯੂ ਕੇ ਦੇ ਸਲਾਹਕਾਰ ਦਬਿੰਦਰਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਐਕਸ਼ਨ ਗਰੁੱਪ ਨਵ-ਨਿਯੁਕਤ ਲੇਬਰ ਸਰਕਾਰ ਦੇ ਅਧਿਕਾਰੀਆਂ ਅਤੇ ਵਿਦੇਸ਼ ਰਾਸ਼ਟਰ ਮੰਡਲ ਵਿਕਾਸ ਦਫਤਰ (ਐਫ ਸੀ ਡੀ ਓ) ਦੇ ਅਧਿਕਾਰੀਆਂ ਕੋਲ ਜੱਗੀ ਮਾਮਲਾ ਉਠਾ ਰਿਹਾ ਹੈ ਕਿ ਤਾਂ ਜੋ ਡੇਵਿਡ ਲੈਮੀ ਦੀ ਭਾਰਤ ਯਾਤਰਾ ਤੋਂ ਪਹਿਲਾਂ ਜੱਗੀ ਜੌਹਲ ਦੀ ਯੂ ਕੇ ਵਾਪਸੀ ਲਈ ਦਬਾਅ ਪਾਇਆ ਜਾ ਸਕੇ।

ਦਬਿੰਦਰਜੀਤ ਸਿੰਘ ਨੇ ਕਿਹਾ, ਇਹ ਫੇਰੀ ਜੱਗੀ ਦੀ ਰਿਹਾਈ ਅਤੇ ਵਾਪਸੀ ਲਈ ਜ਼ੋਰ ਦੇਣ ਦੇ ਮੌਕੇ ਨੂੰ ਦਰਸਾਉਂਦੀ ਹੈ। ਉਹਨਾਂ ਨੇ 2022 ਵਿੱਚ ਤਤਕਾਲੀ ਲੇਬਰ ਨੇਤਾ ਸਰ ਕੀਰ ਸਟਾਰਮਰ ਦੁਆਰਾ ਕੀਤੀਆਂ ਟਿੱਪਣੀਆਂ ਦਾ ਹਵਾਲਾ ਦਿੱਤਾ, ਜਿਸਨੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੂੰ ਜੱਗੀ ਦੀ ਰਿਹਾਈ ਦੀ ਬੇਨਤੀ ਕਰਨ ਦੀ ਅਪੀਲ ਕੀਤੀ ਸੀ।

ਕੀਰ ਸਟਾਰਮਰ ਨੇ ਕਿਹਾ ਸੀ ਕਿ "ਜਦੋਂ ਇੱਕ ਯੂ ਕੇ ਦੇ ਨਾਗਰਿਕ ਨਾਲ ਇੰਨਾ ਗੰਭੀਰ ਦੁਰਵਿਵਹਾਰ ਕੀਤਾ ਗਿਆ ਹੈ, ਕੋਈ ਕਾਨੂੰਨੀ ਆਧਾਰ ਨਹੀਂ ਹੈ, ਤਾਂ ਯੂ ਕੇ ਸਰਕਾਰ ਨੂੰ ਉਨ੍ਹਾਂ ਦੀ ਰਿਹਾਈ ਲਈ ਗੱਲਬਾਤ ਕਰਨ ਲਈ ਨਿਰਣਾਇਕ ਕਾਰਵਾਈ ਕਰਨੀ ਚਾਹੀਦੀ ਹੈ।" ਬੋਰਿਸ ਜੌਹਨਸਨ ਨੇ ਵੀ ਮੰਨਿਆ ਸੀ ਕਿ ਭਾਰਤ ਸਰਕਾਰ ਨੇ 2017 ਤੋਂ ਜੱਗੀ ਜੌਹਲ ਨੂੰ ਮਨਮਾਨੇ ਢੰਗ ਨਾਲ ਨਜ਼ਰਬੰਦ ਕੀਤਾ ਹੋਇਆ ਸੀ, ਹਾਲਾਂਕਿ, ਯੂ ਕੇ ਸਰਕਾਰ ਨੇ ਰਸਮੀ ਤੌਰ 'ਤੇ ਉਸ ਦੀ ਯੂ ਕੇ ਵਾਪਸੀ ਦੀ ਬੇਨਤੀ ਨਹੀਂ ਕੀਤੀ ਸੀ।

ਦਬਿੰਦਰਜੀਤ ਸਿੰਘ ਨੇ ਕਿਹਾ ਕਿ ਯੂ ਕੇ ਸਰਕਾਰ ਨੂੰ ਜਗਤਾਰ ਸਿੰਘ ਜੌਹਲ ਦੀ ਤੁਰੰਤ ਰਿਹਾਈ ਅਤੇ ਯੂ ਕੇ ਵਾਪਸ ਲਿਆਉਣ ਦੀ ਆਪਣੀ ਨੀਤੀ ਦੀ ਪਾਲਣਾ ਕਰਨੀ ਚਾਹੀਦੀ ਹੈ ਜਿਵੇਂ ਕਿ ਕਿਸੇ ਹੋਰ ਦੇਸ਼ ਵਿੱਚ ਮਨਮਾਨੀ ਨਜ਼ਰਬੰਦੀ ਵਿੱਚ ਰੱਖੇ ਗਏ ਬਰਤਾਨਵੀ ਨਾਗਰਿਕਾਂ ਲਈ ਹੁੰਦਾ ਹੈ।



ਜਗਤਾਰ ਸਿੰਘ ਜੱਗੀ ਜੌਹਲ

ਸਿੱਖ ਫੈਡਰੇਸ਼ਨ ਯੂ ਕੇ ਨੇ ਮਿ: ਲੈਮੀ ਨੂੰ ਲਿਖਿਆ ਹੈ ਕਿ "ਬਰਤਾਨਵੀ ਸਿੱਖ ਭਾਈਚਾਰਾ ਇੱਕ ਲੇਬਰ ਸਰਕਾਰ ਤੋਂ ਬਿਹਤਰੀ ਦੀ ਉਮੀਦ ਰੱਖਦਾ ਹੈ ਕਿਉਂਕਿ ਕੀਰ ਸਟਾਰਮਰ ਨੇ ਜੱਗੀ ਦੇ ਪਰਿਵਾਰ ਅਤੇ ਵਿਰੋਧੀ ਧਿਰ ਵਿੱਚ ਹੁੰਦਿਆਂ ਜਨਤਕ ਬਿਆਨਾਂ ਦੇ ਕੇ ਹਾਮੀ ਭਰੀ ਸੀ"।

# ਵਿਸ਼ਵ ਭਰ ਦੀਆਂ ਕਬੱਡੀ ਫੈਡਰੇਸ਼ਨਾਂ ਨੂੰ ਇੱਕ ਪਲੇਟ ਫਾਰਮ ਤੇ ਇਕੱਠਾ ਕੀਤਾ ਜਾਵੇਗਾ - ਸੰਮੀਪੁਰ



ਰਸ਼ਪਾਲ ਸਿੰਘ ਸੰਮੀਪੁਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕਬੱਡੀ ਦੀ ਪ੍ਰਫੁਲਤਾ ਅਤੇ ਚੁਣੌਤੀਆਂ ਨੂੰ ਲੈ ਕੇ ਵਿਸ਼ਵ ਭਰ ਦੀਆਂ ਕਬੱਡੀ ਫੈਡਰੇਸ਼ਨਾਂ ਇੱਕ ਪਲੇਟ ਫਾਰਮ ਤੇ ਇਕੱਠੀਆਂ ਹੋ ਰਹੀਆਂ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ ਨੇ ਕਿਹਾ ਕਿ ਕਬੱਡੀ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਸਾਂਝੀਆਂ ਚੁਣੌਤੀਆਂ ਹਨ, ਜੋ ਪ੍ਰਬੰਧਕ ਕਮੇਟੀਆਂ, ਫੈਡਰੇਸ਼ਨਾਂ, ਖਿਡਾਰੀਆਂ ਅਤੇ ਕਬੱਡੀ ਪ੍ਰੇਮੀਆਂ ਨਾਲ ਸੰਬੰਧਿਤ ਹਨ। ਜਿਹਨਾਂ ਦੇ ਹੱਲ ਲਈ ਵਿਸ਼ਵ ਕਬੱਡੀ (ਸਰਕਲ ਸਟਾਈਲ) ਫੈਡਰੇਸ਼ਨ ਕਬੱਡੀ ਮੀਟਿੰਗ 1 ਅਗਸਤ 2024 ਨੂੰ ਟਰਾਂਟੋ 'ਚ ਕੀਤੀ ਜਾ ਰਹੀ ਹੈ, ਜਿਸ ਵਿੱਚ ਇੰਗਲੈਂਡ ਕਬੱਡੀ ਫੈਡਰੇਸ਼ਨ, ਕਬੱਡੀ ਫੈਡਰੇਸ਼ਨ ਓਨਟਾਰੀਓ, ਯੂਨਾਈਟਿਡ ਕਬੱਡੀ ਫੈਡਰੇਸ਼ਨ ਸੁਸਾਇਟੀ ਆਫ ਵੈਨਕੂਵਰ, ਕਬੱਡੀ ਫੈਡਰੇਸ਼ਨ ਬੀ ਸੀ ਅਤੇ ਐਸੋਸੀਏਸ਼ਨ, ਯੂ ਐਸ ਏ ਕਬੱਡੀ ਮੈਨੇਜਮੈਂਟ, ਕੈਲੀਫੋਰਨੀਆ ਕਬੱਡੀ ਐਸੋਸੀਏਸ਼ਨ, ਯੂਰਪ ਕਬੱਡੀ ਫੈਡਰੇਸ਼ਨ, ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ, ਕਬੱਡੀ ਫੈਡਰੇਸ਼ਨ ਆਫ ਆਸਟਰੇਲੀਆ, ਮੇਜਰ ਲੀਗ ਕਬੱਡੀ ਫੈਡਰੇਸ਼ਨ, ਪੰਜਾਬ ਕਬੱਡੀ ਐਸੋਸੀਏਸ਼ਨ, ਇੰਡੀਆ ਅਤੇ ਪਾਕਿਸਤਾਨ ਕਬੱਡੀ ਫੈਡਰੇਸ਼ਨ ਦੇ ਨੁਮਾਇੰਦੇ ਭਾਗ ਲੈਣਗੇ।

# ਗਿਆਨੀ ਰਣਜੀਤ ਸਿੰਘ ਬੰਗਲਾ ਸਾਹਿਬ ਵਾਲਿਆਂ ਦਾ ਸਾਊਥਾਲ ਵਿਖੇ ਸਨਮਾਨ



ਗਿਆਨੀ ਰਣਜੀਤ ਸਿੰਘ ਬੰਗਲਾ ਸਾਹਿਬ ਵਾਲਿਆਂ ਦਾ ਸਨਮਾਨ ਕਰਦੇ ਹੋਏ ਸ: ਗੁਰਮੇਲ ਸਿੰਘ ਮੱਲੀ ਤੇ ਹੋਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖ ਮਿਸ਼ਨਰੀ ਸੁਸਾਇਟੀ ਸਾਊਥਾਲ ਵਿਖੇ ਸ:ਬਲਵੰਤ ਸਿੰਘ ਰਾਏ ਅਤੇ ਬਰਿੰਦਰ ਸਿੰਘ ਬਿੰਦ ਵੱਲੋਂ ਕਰਵਾਏ ਗਏ ਸ਼ੁਕਰਾਨਾ ਸਮਾਗਮਾਂ ਵਿੱਚ ਪਹੁੰਚੇ ਗਿਆਨੀ ਰਣਜੀਤ ਸਿੰਘ ਬੰਗਲਾ ਸਾਹਿਬ ਵਾਲਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਭਾਈ ਬਲਵਿੰਦਰ ਸਿੰਘ ਪੱਟੀ ਦੇ ਜਥੇ ਨੇ ਰਸ ਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਸੰਗਤਾਂ ਨੂੰ ਕਥਾ ਵਿਚਾਰਾਂ ਰਾਹੀਂ ਨਿਹਾਲ ਕਰਦਿਆਂ ਗਿਆਨੀ ਰਣਜੀਤ ਸਿੰਘ ਹੈੱਡ ਗ੍ਰੰਥੀ ਗੁਰਦਵਾਰਾ ਬੰਗਲਾ ਸਾਹਿਬ ਵਾਲਿਆਂ ਨੇ ਵਾਹਿਗੁਰੂ ਦਾ ਸ਼ੁਕਰਾਨਾ ਕਿਵੇਂ ਕਰਨਾ ਹੈ ਦੇ ਸਬੰਧ ਵਿੱਚ ਸੰਗਤਾਂ ਨਾਲ ਗੁਰਮਤਿ ਵਿਚਾਰਾ ਦੀ ਸਾਂਝ ਪਾਈ ਗਈ। ਉਹਨਾਂ ਸ਼ਬਦ ਗੁਰੂ ਦੇ ਲੜ ਲੱਗਣ ਦੀ ਪ੍ਰੇਰਣਾ ਦਿੱਤੀ। ਇਸ ਮੌਕੇ ਸ: ਗੁਰਮੇਲ ਸਿੰਘ ਮੱਲੀ ਸਾਬਕਾ ਪ੍ਰਧਾਨ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ, ਸ: ਹਰਬੰਸ ਸਿੰਘ ਕੁਲਾਰ, ਸ: ਅਵਤਾਰ ਸਿੰਘ ਬੁੱਟਰ ਆਦਿ ਹਾਜ਼ਰ ਸਨ।

# FIRST INDIAN BORN PUNJABI SIKH APPOINTED AS VICE CIVIC CHAIRMAN OF DERBYSHIRE COUNTY COUNCIL



**Councillor Kewal Singh Athwal is Derbyshire County Council's new Vice Civic Chairman and the first member of the Sikh community to be appointed to the position at the authority. The roles of Civic Chairman and Vice Civic Chairman are to act as ambassadors for Derbyshire and to be a link between the county council and local community bodies, charities and groups. Newly appointed Vice Civic Chairman Councillor Singh Athwal officially received his chain of office at a meeting of the Full Council on Thursday 18 July at County Hall, Matlock. The official handing over of the chain by Civic Chairman Councillor Tony Kemp coincided with the national annual launch of South Asian Heritage Month which runs until 17 August.**

**Councillor Singh Athwal was first elected to the county council in May 2017 to represent the Sawley Division. He has previously held the position of Cabinet Member for Highways Assets and Transport and was also Chairman of the Audit Committee 2017 – 2021. He is currently the Chairman of the Improvement and Scrutiny Committee – People.Councillor Singh Athwal has been Chairman of his local Masonic Lodge and is a member of the Long Eaton Rotary Club. Councillor Singh Athwal said of his appointment to Vice Civic Chairman: "I am hugely honoured to be given another high-profile role within the council and believe this is the first time a member of the Sikh community has taken this position.**

**"Being community minded, I have done charity work here in the UK and also in Punjab, India, and I am looking forward to getting out and about across the county and meeting a variety of people along the way as an ambassador for the authority and the county."**

**He added: "It is very positive that the day I officially received my Vice Civic Chairman chain coincided with the launch of South Asian Heritage Month as I am immensely proud of my heritage and background and am keen to share my experiences with others where I can."**

**Councillor Singh Athwal, whose working life was spent mainly in the motor trade and textiles, was born in India in the District of Jalandhar in Punjab. He is married, with two children and five grandchildren.**

**He has also been a Councillor at Erewash Borough Council since May 2007, representing the Wilsthorpe Ward, and was also the Mayor of Erewash in 2014-2015. He was also the Chairman of the Licensing and Public Protection Committee at Erewash Borough Council for a number of years.**

# ਬੇਅਦਬੀ ਦੇ ਮੁੱਦੇ ਉਪਰ ਬੀਬੀ ਜਗੀਰ ਕੌਰ ਤੇ ਵਡਾਲਾ ਨੇ ਆਪ ਸਰਕਾਰ ਨੂੰ ਘੇਰਿਆ

## ✪ ਗੰਭੀਰ ਦੋਸ਼ ਲਗਾਏ ਕਿ ਡੇਰਾ ਪ੍ਰੇਮੀਆਂ ਦੀ ਵੋਟਾਂ ਦੀ ਇਛੁਕ ਹੈ ਭਗਵੰਤ ਸਰਕਾਰ



ਜਲੰਧਰ-ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਦੀ ਸੀਨੀਅਰ ਲੀਡਰ ਬੀਬੀ ਜਗੀਰ ਕੌਰ ਅਤੇ ਨਕੋਦਰ ਤੋਂ ਸਾਬਕਾ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਨੇ ਆਮ ਆਦਮੀ ਪਾਰਟੀ ਦੀ ਸਰਕਾਰ ’ਤੇ ਗੰਭੀਰ ਦੋਸ਼ ਲਾਏ ਹਨ। ਉਨ੍ਹਾਂ ਕਿਹਾ ਕਿ ਬੇਅਦਬੀ ਦੇ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਦੇ ਵਾਅਦੇ ਨਾਲ ਸੂਬੇ ਦੀ ਸੱਤਾ ’ਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ। ਬੇਅਦਬੀ ਮਾਮਲੇ ਵਿੱਚ ਰਾਮ ਰਹੀਮ ਅਤੇ ਹਨੀਪ੍ਰੀਤ ਦੋਵੇਂ ਸ਼ਾਮਲ ਸਨ, ਇਹ ਬਿਆਨ ਮੁੱਖ ਗਵਾਹ ਪ੍ਰਦੀਪ ਕਲੇਰ ਨੇ ਅਦਾਲਤ ਵਿੱਚ ਦਰਜ ਕਰਵਾਏ। ਪਰ ਫਿਰ ਵੀ ਕੋਈ ਕਾਰਵਾਈ ਨਹੀਂ ਹੋਈ।

ਸੀਨੀਅਰ ਆਗੂ ਬੀਬੀ ਜਗੀਰ ਕੌਰ ਨੇ ਕਿਹਾ ਕਿ ਅਸੀਂ ਬੇਅਦਬੀ ਦੇ ਸਾਰੇ ਮਾਮਲਿਆਂ ਦੀ ਜਾਂਚ ਕਰਵਾਵਾਂਗੇ। ਸੀਆਈਟੀ ਮੁਖੀ ਨੇ ਇਹ ਵੀ ਸਵੀਕਾਰ ਕਰ ਲਿਆ ਹੈ ਕਿ ਬੇਅਦਬੀ ਦਾ ਕਾਰਨ ਕੀ ਹੈ? ਇਸ ਗੱਲ ਨੂੰ ਦੋ ਸਾਲ ਹੋ ਗਏ ਹਨ। ਪਰ ‘ਆਪ’ ਸਰਕਾਰ ਨੇ ਕੁਝ ਨਹੀਂ ਕੀਤਾ। ‘ਆਪ’ ਨੇ ਪਹਿਲੇ ਮਹੀਨੇ ਹੀ ਬੇਅਦਬੀ ਦੇ ਮਾਮਲਿਆਂ ਨੂੰ ਹੱਲ ਕਰਨ ਦਾ ਦਾਅਵਾ ਕੀਤਾ ਸੀ। ਪਰ ਅਜਿਹਾ ਕੁਝ ਨਹੀਂ ਹੋਇਆ। ਬੇਅਦਬੀ ਦੇ ਸਾਰੇ ਮਾਮਲਿਆਂ ਵਿੱਚ ਸਿਰਫ਼ ਐਫਆਈਆਰ ਦਰਜ ਕੀਤੀਆਂ ਗਈਆਂ, ਪਰ ਕੋਈ ਮੁਕੱਦਮਾ ਨਹੀਂ ਚਲਾਇਆ ਗਿਆ। ਬੀਬੀ ਜਗੀਰ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਲੋਕਾਂ ਨਾਲ ਝੂਠ ਬੋਲਿਆ ਅਤੇ ਲੋਕਾਂ ਨਾਲ ਵਾਅਦੇ ਕਰਕੇ ਸਰਕਾਰ ਬਣਾਈ ਹੈ। ਪ੍ਰਦੀਪ ਕਲੇਰ ਕੇਸ ਦਾ ਮੁੱਖ ਗਵਾਹ ਸੀ। ਉਸ ਨੇ ਸਾਧ ਰਾਮ ਰਹੀਮ ਅਤੇ ਹਨੀਪ੍ਰੀਤ ਸਮੇਤ ਕਈ ਲੋਕਾਂ ਦੇ ਨਾਂ ਲਏ ਸਨ। ਪਰ ਪੰਜਾਬ ਸਰਕਾਰ ਨੇ ਉਪਰੋਕਤ ਬਿਆਨਾਂ ’ਤੇ ਅੱਖਾਂ ਬੰਦ ਕਰ ਲਈਆਂ। ਪ੍ਰਦੀਪ ਕਲੇਰ ਨੇ ਪੁਲਿਸ ਨੂੰ ਦਿੱਤੇ ਆਪਣੇ 164 ਬਿਆਨਾਂ ਵਿੱਚ ਇਹ ਗੱਲ ਕਬੂਲ ਕੀਤੀ ਹੈ।

ਬੀਬੀ ਜਗੀਰ ਕੌਰ ਨੇ ਕਿਹਾ ਕਿ ਹਨੀਪ੍ਰੀਤ ਅਤੇ ਬਾਬਾ ਖੁਦ ਸ਼ਾਮਲ ਹਨ। ਪਰ ਪੰਜਾਬ ਸਰਕਾਰ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ। ਜੇਕਰ ਅਕਾਲੀ ਦਲ ਨੇ ਗਲਤ ਕੀਤਾ ਤਾਂ ਅੱਜ ਅਸੀਂ ਅਕਾਲੀ ਦਲ ਦੀ ਹਾਲਤ ਦੇਖ ਸਕਦੇ ਹਾਂ ਅਤੇ ਪਾਰਟੀ ਕਿੱਥੇ ਖੜ੍ਹੀ ਹੈ? ਬੀਬੀ ਜਗੀਰ ਕੌਰ ਨੇ ਕਿਹਾ ਕਿ ਸੀਐਮ ਭਗਵੰਤ ਸਿੰਘ ਮਾਨ ਹਰਿਆਣਾ ਵਿੱਚ ਰਾਮ ਰਹੀਮ ਦੇ ਪ੍ਰੇਮੀਆਂ ਨੂੰ ਲੁਭਾਉਣ ਵਿੱਚ ਲੱਗੇ ਹੋਏ ਹਨ। ਕਿਉਂਕਿ ਕੁਝ ਸਮੇਂ ਬਾਅਦ ਹਰਿਆਣਾ ਵਿੱਚ ਚੋਣਾਂ ਹੋਣੀਆਂ ਹਨ। ਅਜਿਹੇ ’ਚ ਤੁਹਾਡੇ ਮੁੱਖ ਮੰਤਰੀ ਬੇਅਦਬੀ ਦੇ ਦੋਸ਼ੀ ਪ੍ਰੇਮੀਆਂ ਨੂੰ ਲੁਭਾਉਣ ’ਚ ਲੱਗੇ ਹੋਏ ਹਨ। ਸੀ.ਐਮ ਮਾਨ ਨੂੰ ਇਸ ’ਤੇ ਕਾਰਵਾਈ ਕਰਨੀ ਚਾਹੀਦੀ ਹੈ। ਇਹ ਸਭ ਜਾਣਦੇ ਹਨ ਕਿ ਕਿਸ ’ਤੇ ਦੋਸ਼ ਲਗਾਇਆ ਗਿਆ ਸੀ ਅਤੇ ਕੌਣ ਨਹੀਂ। ਪਰ ਸਰਕਾਰ ਨੇ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ।

# ਸਾਬਕਾ ਹਾਕੀ ਖਿਡਾਰੀ ਬਲਬੀਰ ਸਿੰਘ ਸੀਨੀਅਰ ਨੂੰ ਭਾਰਤ ਰਤਨ ਦੇਵੋ

## ✪ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਵਲੋਂ ਸੰਸਦ ਵਿਚ ਭਾਰਤ ਸਰਕਾਰ ਨੂੰ ਅਪੀਲ

ਚੰਡੀਗੜ੍ਹ-ਸ੍ਰੀ ਆਨੰਦਪੁਰ ਸਾਹਿਬ ਤੋਂ ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਸੰਸਦ ਵਿੱਚ ਉਭਰਦੇ ਖਿਡਾਰੀਆਂ ਲਈ ਬਿਹਤਰ ਸਹੂਲਤਾਂ ਦਾ ਮੁੱਦਾ ਉਠਾਇਆ। ਕੰਗ ਨੇ ਭਾਰਤ ਦੇ ਓਲੰਪਿਕ ਭਾਗੀਦਾਰਾਂ ਨੂੰ ਸ਼ੁੱਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਹ ਖਿਡਾਰੀ ਸਾਡੇ ਦੇਸ਼ ਦਾ ਨਾਂ ਰੌਸ਼ਨ ਕਰਨਗੇ,



ਪਰ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਉਨ੍ਹਾਂ ਸਹੂਲਤਾਂ ਅਤੇ ਮੌਕਿਆਂ ’ਤੇ ਵਿਚਾਰ ਕਰੀਏ ਜੋ ਅਸੀਂ ਆਪਣੇ ਨੌਜਵਾਨ ਖਿਡਾਰੀਆਂ ਨੂੰ ਦੇਸ਼ ਦੀ ਨੁਮਾਇੰਦਗੀ ਕਰਨ ਲਈ ਪ੍ਰਦਾਨ ਕਰ ਸਕਦੇ ਹਾਂ। ‘ਆਪ’ ਆਗੂ ਨੇ ਸਾਬਕਾ ਹਾਕੀ ਖਿਡਾਰੀ ਬਲਬੀਰ ਸਿੰਘ ਸੀਨੀਅਰ ਨੂੰ ਭਾਰਤ ਰਤਨ ਦੇਣ ਦੀ ਮੰਗ ਕਰਦਿਆਂ ਕਿਹਾ ਕਿ ਸਾਡੇ ਖਿਡਾਰੀਆਂ ਨੂੰ ਉੱਚਤਮ ਸਨਮਾਨ ਦੇਣ ਨਾਲ ਨੌਜਵਾਨ ਖਿਡਾਰੀਆਂ ਨੂੰ ਪ੍ਰੇਰਨਾ ਮਿਲੇਗੀ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਵਿੱਚ ਪ੍ਰਤਿਭਾ ਦੀ ਕੋਈ ਕਮੀ ਨਹੀਂ ਹੈ ਪਰ ਸਾਡੇ ਕੋਲ ਛੋਟੀ ਉਮਰ ਤੋਂ ਹੀ ਆਪਣੇ ਖਿਡਾਰੀਆਂ ਦੀ ਮਦਦ ਲਈ ਕੋਈ ਪ੍ਰਣਾਲੀ ਨਹੀਂ ਹੈ।

# ਬਾਜਵਾ ਨੇ ਕਿਹਾ ਕਿ ਭਗਵੰਤ ਮਾਨ ’ਤੇ ਡੇਰਾ ਮੁਖੀ ਖ਼ਿਲਾਫ਼ ਬੇਅਦਬੀ ਦਾ ਮਾਮਲਾ ਨਹੀਂ ਚਲਾਉਣਾ ਚਾਹੁੰਦਾ



ਚੰਡੀਗੜ੍ਹ-ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਮਾਨ ’ਤੇ ਦੋਸ਼ ਲਾਇਆ ਕਿ ਉਹ ਡੇਰਾ ਸਿਰਸਾ ਮੁਖੀ ਵਿਰੁੱਧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਸਾਜ਼ਿਸ਼ ਰਚਣ ਦੇ ਦੋਸ਼ ’ਚ ਕਾਨੂੰਨੀ ਕੇਸ ਦੀ ਪੈਰਵੀ ਕਰਨ ਲਈ ਫਾਈਲ ਰੋਕਣ ਲਈ ਸਿਆਸੀ ਇਰਾਦੇ ਰੱਖਦੇ ਹਨ। ਬਾਜਵਾ ਨੇ ਕਿਹਾ ਕਿ ਭਗਵੰਤ ਮਾਨ ਨੇ ਡੇਰਾ ਮੁਖੀ ’ਤੇ ਨਰਮ ਰਵੱਈਆ ਅਪਣਾਇਆ ਹੈ ਕਿਉਂਕਿ ਉਹ ਡੇਰਾ ਪ੍ਰੇਮੀਆਂ ਨੂੰ ਆਮ ਆਦਮੀ ਪਾਰਟੀ ਨੂੰ ਵੋਟ ਪਾਉਣ ਲਈ ਪ੍ਰੇਰਿਤ ਕਰਨਾ ਚਾਹੁੰਦੇ ਹਨ। ਬਾਜਵਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਬੇਅਦਬੀ ਦੀਆਂ ਘਟਨਾਵਾਂ ਨਾਲ ਸਬੰਧਿਤ ਵਿਸ਼ੇਸ਼ ਜਾਂਚ ਟੀਮ ਦੀ ਅਗਵਾਈ ਕਰਨ ਵਾਲੇ ਸਾਬਕਾ ਆਈ.ਜੀ. ਰਣਬੀਰ ਸਿੰਘ ਖੱਟੜਾ ਵਿਚਾਲੇ ਹੋਈ ਮੀਟਿੰਗ ਵਿਚ ਇਹ ਖੁਲਾਸਾ ਕੀਤਾ ਗਿਆ ਕਿ ਡੇਰਾ ਮੁਖੀ ਵਿਰੁੱਧ ਬੇਅਦਬੀ ਕੇਸ ਨੂੰ ਅੱਗੇ ਵਧਾਉਣ ਦੀ ਇਜਾਜ਼ਤ ਲੈਣ ਲਈ ਇਕ ਫਾਈਲ ਮਈ 2022 ਤੋਂ ਪੰਜਾਬ ਦੇ ਗ੍ਰਹਿ ਮੰਤਰਾਲੇ ਕੋਲ ਹੈ ਬਾਜਵਾ ਨੇ ਕਿਹਾ ਕਿ ਭਗਵੰਤ ਮਾਨ ਨੇ ਨਾ ਸਿਰਫ਼ ਸਿੱਖ ਭਾਈਚਾਰੇ ਦੀ ਪਿੱਠ ’ਤੇ ਛੁਰਾ ਮਾਰਿਆ ਹੈ, ਸਗੋਂ ਨਿਆਂ ਪ੍ਰਣਾਲੀ ਨੂੰ ਵੀ ਕਮਜ਼ੋਰ ਕੀਤਾ ਹੈ।

# ਨਸ਼ਾ ਸਮਗਲਰ ਦੀ 1.14 ਕਰੋੜ ਦੀ ਜਾਇਦਾਦ ਜਬਤ



ਫਿੱਲਵਾ-ਐਸ.ਐਸ.ਪੀ. ਕਪੂਰਥਲਾ ਵਤਸਲਾ ਗੁਪਤਾ ਦੀ ਰਹਿਨੁਮਾਈ ਹੇਠ ਅਤੇ ਸਰਬਜੀਤ ਰਾਏ ਪੀ.ਪੀ.ਐਸ. ਪੁਲਿਸ ਕਪਤਾਨ ਤਫਤੀਸ਼ ਕਪੂਰਥਲਾ ਦੀਆਂ ਹਦਾਇਤਾਂ ਮੁਤਾਬਿਕ ਸੁਰਿੰਦਰ ਧੋਗੜੀ ਡੀ.ਐਸ.ਪੀ. ਭੁਲੱਥ ਅਤੇ ਮੁੱਖ ਅਫਸਰ ਥਾਣਾ ਸੁਭਾਨਪੁਰ ਵਲੋਂ ਨਸ਼ਾ ਤਸਕਰ ਗੁਜਰਾਲ ਸਿੰਘ ਜੋਗਾ, ਵਾਸੀ ਬੂਟਾਂ ਥਾਣਾ ਸੁਭਾਨਪੁਰ ਦੇ ਐਨ.. ਡੀ. ਪੀ. ਐਸ. ਤਹਿਤ ਵੱਖ-ਵੱਖ ਮੁਕਦਮਿਆ ਤਹਿਤ, ਉਸ ਦੀ ਜਾਇਦਾਦ ਅਧੀਨ ਦੁਕਾਨ ਦੀ ਕੀਮਤ 9,24,000 ਰੁਪਏ, ਘਰ ਦੀ ਕੀਮਤ 91,58 000 ਰੁਪਏ ਅਤੇ ਵਹੀਕਲਾਂ ਦੀ ਕੀਮਤ 13,20, 000 ਰੁਪਏ ਹੈ ਨੂੰ ਫ੍ਰੀਜ਼ ਕੀਤਾ ਗਿਆ ਹੈ। ਇਸ ਜਾਇਦਾਦ ਦੀ ਕੁਲ ਕੀਮਤ 1.14 ਕਰੋੜ ਰੁਪਏ ਹੈ।

# ਸ਼ਿਵ ਸ਼ੈਨਾ ਲੀਡਰ ਅਮਿਤ ਅਰੋੜਾ ਨੇ ਕੰਮ ਕਰਵਾ ਕੇ ਦੁਕਾਨਦਾਰ ਦੇ ਪੈਸੇ ਨਾ ਦਿਤੇ!

## ✪ ਥਾਣੇ ਪਹੁੰਚਿਆ ਮਾਮਲਾ

ਲੁਧਿਆਣਾ-ਲੁਧਿਆਣਾ ਵਿੱਚ ਸ਼ਿਵ ਸੈਨਾ ਲੀਡਰ ਅਮਿਤ ਅਰੋੜਾ ’ਤੇ ਫਲੈਕਸ ਲਗਾਉਣ ਵਾਲੇ ਇੱਕ ਦੁਕਾਨਦਾਰ ਨੇ ਆਰੋਪ ਲਗਾਏ ਹਨ ਕਿ ਉਸਨੇ ਅਮਿਤ ਅਰੋੜਾ ਤੋਂ ਪੈਸੇ ਲੈਣੇ ਹਨ ਪਰ ਉਲਟਾ ਅਮਿਤ ਅਰੋੜਾ ਨੇ ਉਸ ਦੇ ਖ਼ਿਲਾਫ਼ ਡਿਵੀਜ਼ਨ ਨੰਬਰ ਸੱਤ ਦੇ ਵਿੱਚ ਸ਼ਿਕਾਇਤ ਦਰਜ ਕਰਵਾਈ ਗਈ ਹੈ।

### ਕੀ ਹੈ ਪੂਰਾ ਮਾਮਲਾ

ਦੁਕਾਨਦਾਰ ਨੇ ਦੱਸਿਆ ਕਿ ਉਸ ਉੱਤੇ ਇਲਜ਼ਾਮ ਲਾਇਆ ਗਿਆ ਹੈ ਕਿ ਘਰ ’ਚ ਕੰਮ ਕਰਨ ਲਈ ਮੈਨੂੰ 20 ਹਜ਼ਾਰ ਰੁਪਏ ਦਿੱਤੇ ਗਏ ਪਰ ਮੈਂ ਉਹ ਕੰਮ ਨਹੀਂ ਕੀਤਾ, ਇਸ ਉੱਤੇ ਦੁਕਾਨਦਾਰ ਨੇ ਕਿਹਾ ਕਿ ਅਰੋੜਾ ਦੇ ਘਰ ਤੇ ਉਸਦੇ ਦਫਤਰ ਵਿੱਚ ਫਲੈਕਸ ਦਾ ਕੰਮ ਕੀਤਾ ਸੀ ਪਰ ਜਦੋਂ ਪੈਸੇ ਮੰਗੇ ਤਾਂ ਲਗਾਤਾਰ ਉਸ ਨੂੰ ਲਾਰੇ ਲੱਪੇ ਲਗਾਏ ਜਾ ਰਹੇ ਹਨ ਤੇ ਹੁਣ ਉਸ ਉੱਤੇ ਹੀ ਇਲਜ਼ਾਮ ਲਾ ਕੇ ਉਸ ਨੂੰ ਥਾਣੇ ਸੱਦਿਆ ਗਿਆ ਹੈ, ਦੁਕਾਨਦਾਰ ਨੇ ਕਿਹਾ ਕਿ ਉਸ ਨਾਲ ਧੱਕਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

### ਅਮਿਤ ਅਰੋੜਾ ਨੇ ਵੱਟਿਆ ਟਾਲਾ

ਦੂਜੇ ਪਾਸੇ ਜਦੋਂ ਥਾਣੇ ਤੋਂ ਬਾਹਰ ਆਏ ਅਮਿਤ ਅਰੋੜਾ ਨਾਲ ਰਾਬਤਾ ਕਰਨ ਦੀ



ਕੋਸ਼ਿਸ਼ ਕੀਤੀ ਗਈ ਤਾਂ ਉਹ ਮੀਡੀਆ ਤੋਂ ਬਚਦੇ ਨਜ਼ਰ ਆਏ, ਇਸ ਮੌਕੇ ਜਦੋਂ ਉਨ੍ਹਾਂ ਤੋਂ ਸਵਾਲ ਪੁੱਛਣਾ ਚਾਹਿਆ ਤਾਂ ਉਨ੍ਹਾਂ ਨੇ ਟਾਲਾ ਵੱਟਣਾ ਹੀ ਮੁਨਾਸਿਬ ਸਮਝਿਆ ਤੇ ਅੱਖ ਬਚਾ ਕੇ ਉੱਥੋਂ ਖਿਸਕ ਗਏ।

ਜਦੋਂ ਇਸ ਪੂਰੇ ਮਾਮਲੇ ਦੇ ਬਾਰੇ ਪੁਲਿਸ ਨਾਲ ਗੱਲ ਕਰਨੀ ਚਾਹੀ ਤਾਂ ਉਨ੍ਹਾਂ ਕਿਹਾ ਕਿ ਫਿਲਹਾਲ ਦੋਵਾਂ ਧਿਰਾਂ ਵੱਲੋਂ ਕੋਈ ਵੀ ਲਿਖਤੀ ਸ਼ਿਕਾਇਤ ਨਹੀਂ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਜਦੋਂ ਲਿਖਤੀ ਸ਼ਿਕਾਇਤ ਮਿਲੇਗੀ ਉਸ ਤੋਂ ਬਾਅਦ ਹੀ ਜਾਂਚ ਦੇ ਆਧਾਰ ਉੱਤੇ ਕਾਰਵਾਈ ਕੀਤੀ ਜਾਵੇਗੀ।

**ਵਿਚਾਰ :–** ਦੋਸਤ ਉਹ ਜੋ ਕੈਦਖਾਨੇ ਵਿਚ ਵੀ ਕੰਮ ਆਵੇ, ਦਰਵਾਜੇ 'ਤੇ ਤਾਂ ਦੁਸ਼ਮਣ ਵੀ ਦੋਸਤ ਦਿਖਾਈ ਦਿੰਦੇ ਹਨ ।



ਰਜਿੰਦਰ ਸਿੰਘ ਪੁਰੇਵਾਲ

# ਅਕਾਲੀ ਦਲ ਦੀ ਫੁੱਟ ਪੰਥ ਤੇ ਪੰਜਾਬ ਦਾ ਨੁਕਸਾਨ ਕਰੇਗੀ

ਆਪਣੀਆਂ ਸਿਆਸੀ ਹਾਰਾਂ ਤੋਂ ਸ੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਕੁਝ ਸਿਖਿਆ ਨਹੀਂ ਹੈ। ਗੈਰ ਸਿਧਾਂਤਕ ਪਹੁੰਚ ਕਾਰਣ ਅਕਾਲੀ ਲੀਡਰਸ਼ਿਪ ਆਪਣੇ ਮਸਲੇ ਬੈਠਕਾਂ ਵਿਚ ਹੱਲ ਕਰਨ ਦੀ ਥਾਂ ਮੀਡੀਆ ਤੇ ਜਨਤਕ ਪੱਧਰ ਉਪਰਲੈ ਆਈ ਹੈ। ਇਸ ਨਾਲ ਸਿਆਸੀ ਖਿਲਰਾ ਹੋਰ ਵਧੇਗਾ।ਬੀਤੇ ਹਫਤੇ ਅਸੀਂ ਸੁਝਾਅ ਦਿਤਾ ਸੀ ਕਿ ਪੰਜ ਪ੍ਰਵਾਨਿਤ ਪੰਥਕ ਚਿਹਰਿਆਂ ਦੀ ਪ੍ਰਜੀਡੀਅਮ ਬਣਾਕੇ ਅਕਾਲੀ ਦਲ ਚਲਾਇਆ ਜਾਵੇ ਤੇ ਸਾਰੇ ਅਕਾਲੀ ਧੜੇ ਅਕਾਲੀ ਦਲ ਨੂੰ ਮਜਬੂਤ ਕਰਨ। ਇਹ ਫੈਸਲਾ ਅਕਾਲ ਤਖਤ ਸਾਹਿਬ ਉਪਰ ਹੋਵੇ। ਪਰ ਜਾਪਦਾ ਨਹੀਂ ਹੈ ਕਿ ਅਕਾਲੀ ਦਲ ਵਿਚ ਸੁਧਾਰ ਹੋਣ ਦੀ ਸੰਭਾਵਨਾ ਹੈ। ਸੰਭਾਵਨਾ ਉਥੇ ਹੁੰਦੀ ਹੈ ਜਿਥੇ ਸੰਵਾਦ ਹੋਵੇ, ਤਿਆਗ ਹੋਵੇ, ਕੌਮੀਅਤ ਲਈ ਨਿਸ਼ਠਾ ਹੋਵੇ। ਹੁਣੇ ਜਿਹੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੀਨੀਅਰ ਲੀਡਰਸ਼ਿਪ ਨਾਲ ਮੀਟਿੰਗ ਦੌਰਾਨ ਪਾਰਟੀ ਦੀ ਕੋਰ ਕਮੇਟੀ ਭੰਗ ਕਰ ਦਿੱਤੀ ਹੈ। ਪਾਰਟੀ ਪ੍ਰਧਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਤੋਂ ਪਹਿਲਾਂ ਕੋਰ ਕਮੇਟੀ ਭੰਗ ਕੀਤੀ ਹੈ। ਹਾਲਾਂਕਿ ਪਾਰਟੀ ਦੀ ਵਰਕਿੰਗ ਕਮੇਟੀ ਨੇ ਪਿਛਲੇ ਦਿਨੀਂ ਮੀਟਿੰਗ ਦੌਰਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਦੇ ਜਥੇਬੰਦਕ ਢਾਂਚੇ ਦਾ ਪੁਨਰਗਠਨ ਕਰਨ ਦੇ ਅਧਿਕਾਰ ਦੇ ਦਿੱਤੇ ਸਨ। ਸੁਖਬੀਰ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਪਾਰਟੀ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ, ਮਹੇਸ਼ਇੰਦਰ ਸਿੰਘ ਗਰੇਵਾਲ, ਡਾ. ਦਲਜੀਤ ਸਿੰਘ ਚੀਮਾ, ਇਕਬਾਲ ਸਿੰਘ ਝੂੰਦਾ, ਪਰਮਜੀਤ ਸਿੰਘ ਸਰਨਾ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੀ ਸ਼ਾਮਲ ਹੋਏ ਸਨ।

ਉਧਰ, ਅਕਾਲੀ ਸੁਧਾਰ ਲਹਿਰ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਤਿਆਗ ਦੀ ਭਾਵਨਾ ਦਿਖਾਉਣ ਬਜਾਏ ਕੋਰ ਕਮੇਟੀ ਭੰਗ ਕਰਕੇ ਇੱਕ ਹੋਰ ਤਾਨਾਸ਼ਾਹੀ ਫਰਮਾਨ ਸੁਣਾ ਦਿੱਤਾ ਹੈ ਜੋ ਕਿ ਇੱਕ ਮੰਦਭਾਗਾ ਫੈਸਲਾ ਕਿਹਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਸੁਧਾਰ ਲਹਿਰ ਸੁਖਬੀਰ ਸਿੰਘ ਬਾਦਲ ਇਸ ਫੈਸਲੇ ਦੀ ਨਿੰਦਾ ਕਰਦੀ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਇਹ ਹੁੰਦਾ ਆਇਆ ਹੈ ਕਿ ਜਦੋਂ ਸਾਰਾ ਢਾਂਚਾ ਭੰਗ ਕੀਤਾ ਜਾਂਦਾ ਹੈ ਤਾਂ ਹੀ ਕੋਰ ਕਮੇਟੀ ਭੰਗ ਕੀਤੀ ਜਾਂਦੀ ਹੈ, ਪਰ ਹੁਣ ਨਵੀਂ ਰੀਤ ਹੀ ਪਾ ਦਿੱਤੀ ਕਿ ਗਈ ਕਿ ਸਿਰਫ ਕੋਰ ਕਮੇਟੀ ਭੰਗ ਕੀਤੀ ਗਈ।ਉਨ੍ਹਾਂ ਕਿਹਾ ਕਿ ਕੋਰ ਕਮੇਟੀ ਦੇ ਜਿਆਦਾਤਰ ਮੈਂਬਰਾਂ ਵੱਲੋਂ ਵਰਤਮਾਨ ਸਮੇਂ ਪੈਦਾ ਹੋਏ ਹਲਾਤਾਂ ਦੇ ਮੁਤਾਬਕ ਤਬਦੀਲੀ ਦੀ ਮੰਗ ਕੀਤੀ ਜਾ ਰਹੀ ਸੀ। ਸੁਖਬੀਰ ਬਾਦਲ ਨੇ ਲੋਕਾਂ ਦੀਆਂ ਅਤੇ ਪਾਰਟੀ ਦੇ ਵਰਕਰਾਂ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਏ ਝੂੰਦਾਂ ਕਮੇਟੀ ਦੀਆਂ ਰਿਪੋਰਟਾਂ ਨੂੰ ਤਾਂ ਕੀ ਲਾਗੂ ਕਰਨਾ ਸੀ, ਸਗੋਂ ਪਾਰਟੀ ਦੀ ਮਜਬੂਤੀ ਲਈ ਤਬਦੀਲੀ ਦੀ ਮੰਗ ਕਰਨ ਵਾਲੇ ਆਗੂਆਂ ਨੂੰ ਟੇਡੇ ਢੱਗ ਨਾਲ ਸਾਈਡ ਲਾਈਨ ਦੀ ਕਰਨ ਨਾਦਰਸ਼ਾਹੀ ਫਰਮਾਨ ਸੁਣਾ ਦਿੱਤੀ।

ਵਡਾਲਾ ਨੇ ਕਿਹਾ ਕਿ ਪਾਰਟੀ ਦੀ ਕੋਰ ਕਮੇਟੀ ਦੇ ੮ ਮੈਂਬਰਾਂ ਵੱਲੋਂ ਤਬਦੀਲੀ ਦੀ ਮੰਗ ਕੀਤੀ ਗਈ ਸੀ, ਜਿਸ ਦਾ ਸੁਖਬੀਰ ਸਿੰਘ ਬਾਦਲ ਦੇ ਕੋਲ ਕੋਈ ਜਵਾਬ ਨਹੀਂ ਸੀ। ਇਸ ਲਈ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੀ ਪਰੰਪਰਾ ਅਤੇ ਸਾਰੇ ਨਿਯਮਾਂ ਨੂੰ ਦਰਕਿਨਾਰ ਕਰਕੇ ਆਪਣਾ ਤਾਨਾਸ਼ਾਹੀ ਫੈਸਲਾ ਲਾਗੂ ਕਰਨ ਲਈ ਕੋਰ ਕਮੇਟੀ ਹੀ ਭੰਗ ਕਰ ਦਿੱਤੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਅਰਸ਼ ਤੋਂ ਫਰਸ ਤੱਕ ਪਹੁੰਚਣ ਦਾ ਕਾਰਨ ਵੀ ਸੁਖਬੀਰ ਸਿੰਘ ਬਾਦਲ ਦੇ ਤਾਨਾਸਾਹੀ ਫਰਮਾਨ ਹਨ। ਪਰ ਸੁਖਬੀਰ ਸਿੰਘ ਬਾਦਲ ਆਪਣੀ ਗਲਤੀ ਮੰਨ ਕੇ ਉਸ ਵਿਚ ਸੁਧਾਰ ਕਰਨ ਦੀ ਬਜਾਏ ਆਪਣੇ ਹੈਂਕੜਬਾਜੀ ਛੱਡਣ ਨੂੰ ਤਿਆਰ ਹੀ ਨਹੀਂ ਹਨ। ਉਨ੍ਹਾਂ ਕਿਹਾ ਜੇ ਸ: ਬਾਦਲ ਸੱਚਮੁੱਚ ਲੋਕਾਂ ਦੇ ਫ਼ਤਵੇ ਦਾ ਸਤਿਕਾਰ ਕਰਦੇ ਹਨ ਤਾਂ ਝੂੰਦਾਂ ਕਮੇਟੀ ਦੀ ਸਿਫਾਰਸ ਮੁਤਾਬਕ ਆਪਣਾ ਅਹੁੱਦਾ ਤਿਆਗਣ ਤਾਂ ਕਿ ਪਾਰਟੀ ਨੂੰ ਮਜ਼ਬੂਤ ਕੀਤਾ ਜਾ ਸਕੇ। ਸਮੁਚੀ ਅਕਾਲੀ ਮੁਹਿੰਮ ਤੋਂ ਜਾਪਦਾ ਹੈ ਕਿ ਅਕਾਲੀ ਦਲ ਵਿਚ ਘੜਮੱਸ ਹੋਰ ਪਵੇਗਾ। ਸੁਧਾਰ ਦੀ ਸੰਭਾਵਨਾ ਨਹੀਂ ਦਿਖ ਰਹੀ। ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਅਜਿਹੇ ਯਤਨ ਕਰਨ ਦੀ ਲੋੜ ਹੈ ਕਿ ਅਕਾਲੀ ਦਲ ਦੀ ਹੋਂਦ ਨੂੰ ਬਚਾਇਆ ਜਾ ਸਕੇ। ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਪੰਜ ਸਿੰਘ ਸਾਹਿਬਾਨ ਨੂੰ ਅਕਾਲੀ ਸੰਕਟ ਬਾਰੇ ਇਤਿਹਾਸਕ ਫੈਸਲਾ ਲੈ ਕੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਕਾਲੀ ਫੂਲਾ ਸਿੰਘ ਦਾ ਇਤਿਹਾਸ ਦੁਹਰਾ ਕੇ ਸਿੱਖ ਕੌਮ ਦੇ ਮਾਣ ਮੱਤੇ ਇਤਿਹਾਸ ਵਿੱਚ ਇਕ ਸਤਿਕਾਰ ਯੋਗ ਸਥਾਨ ਬਣਾਉਣਾ ਚਾਹੀਦਾ ਹੈ।

## ਕਿਉਂ ਨਹੀਂ ਪੁਲੀਸ ਫੜ ਸਕੀ ਨਸ਼ਾ ਸਮਗਲਰਾਂ ਦਾ ਸਰਗਨਾ ਪੁਲਿਸ ਅਫਸਰ ਰਾਜ ਜੀਤ

ਨਸ਼ਾ ਤਸਕਰੀ ਦੇ ਮਾਮਲੇ ਵਿੱਚ ਬਰਖ਼ਾਸਤ ਸਹਾਇਕ ਇੰਸਪੈਕਟਰ ਜਨਰਲ (ਏ. ਆਈ. ਜੀ.) ਰਾਜਜੀਤ ਸਿੰਘ ਹੁੰਦਲ ਨੂੰ ਮੁਹਾਲੀ ਦੀ ਅਦਾਲਤ ਨੇ ਸਟੇਟ ਵਿਜੀਲੈਂਸ ਬਿਊਰੋ ਵੱਲੋਂ ਦਰਜ ਕੀਤੇ ਕਥਿਤ ਆਮਦਨ ਤੋਂ ਵੱਧ ਜਾਇਦਾਦ ਦੇ ਕੇਸ ਵਿੱਚ ਭਗੌੜਾ ਅਪਰਾਧੀ (ਪੀਓ) ਐਲਾਨ ਦਿੱਤਾ ਸੀ। ਵਿਜੀਲੈਂਸ ਬਿਊਰੋ ਅਨੁਸਾਰ ਜਸਟਿਸ ਅਨੀਸ਼ ਗੋਇਲ ਦੀ ਅਦਾਲਤ ਨੇ ਹੁੰਦਲ ਨੂੰ 20 ਜੁਲਾਈ ਨੂੰ ਪੀਓ ਐਲਾਨ ਦਿੱਤਾ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਏਜੰਸੀ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ ਅਤੇ ਜਾਂਚ ਜਾਰੀ ਹੈ। ਅਦਾਲਤ ਨੇ ਮੁਲਜ਼ਮ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਸੀ ਪਰ ਉਨ੍ਹਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਿਆ। ਉੱਧਰ ਪੰਜਾਬ ਪੁਲਿਸ ਦੀ ਸਪੈਸ਼ਲ ਟਾਸਕ ਫੋਰਸ ਨੇ ਵੀ ਬਰਖ਼ਾਸਤ ਅੀਘ ਰਾਜਜੀਤ ਸਿੰਘ ਹੁੰਦਲ ਤੇ ਉਨ੍ਹਾਂ ਦੇ ਪਰਿਵਾਰ ਦੇ ਨਾਮ 'ਤੇ ਰਜਿਸਟਰਡ 4 ਕਰੋੜ ਰੁਪਏ ਦੀਆਂ 9 ਜਾਇਦਾਦਾਂ ਜ਼ਬਤ ਕੀਤੀਆਂ ਹਨ। (ਬਾਕੀ ਹਿਸਾ ਸਫਾ 9 ਤੇ ਪੜ੍ਹੋ) ⟶

# NEWS & VIEWS

## RESPECTING AND RESTORING MIRI PIRI SOVEREIGNTY OF THE INSTITUTION OF SRI AKAL TAKHT SAHIB



Gurmukh Singh OBE

The divided Akali Party rejected by the Sikhs of Panjab in recent Parliamentary elections, and the involvement of Sri Akal Takht Sahib as a last resort, have brought Panthic focus back to the reality of the source of Panthic power and progress. Traditionally, that source is the Institution of Sri Akal Takht Sahib. Late Sirdar Kapur Singh in his essay: *The Golden Temple: Its Theo-Political Status,* clarified the concept of double sovereignty in Sikhi tradition.

Over the last few decades, the Institution of Sri Akal Takh Sahib should have been the Sikhi Lighthouse guiding temporal Sikh affairs and leadership away from dangers of anti-Panthic decisions and *compromising* alliances with derawadis and political parties. Instead, for too long, the successive senior *sewadars* of the Takht, the *jathedars*, themselves became a party to anti-Panthic decisions. They are not selected on merit basis by the Khalsa Panth but have been political appointees lacking qualifications, qualities, sense of mission and vision commensurate with the high office. In the same way, the SGPC has not operated independently. Much news and articles coverage has been given to the mistakes made and space does allow a repeat.

The Miri-Piri *Shakti* (power) of the Guru and the collective Panth manifests Itself through the Institution of Sri Akal Takht Sahib where Sikhi *sidhaant* (ideology) should rule supreme. When the wishes of the Khalsa Panth Collective are independently sought and made known fearlessly.

In the same way, temporal governments can only function as true democracies when the rule of law is supreme and minority rights are protected. Neither Sri Akal Takh Sahib nor the governmental institutions can work properly when those founding principles are ignored. For examples, when we look at the recent history of both Sri Akal Takht Sahib as the supreme Sikh institution, and India as a democracy, both have failed because the former moved away from Sikhi principles and the latter from democratic processes and safeguards.

The Jathedar is the facilitator and not the decision maker at Akal Takht. Even less so if put there by external political interests as has been the case in the last few decades. If the incumbent jathedars are not seen to be serving the Institution as independent sevadars of the Khalsa Panth, then they lose trust of the Sangats. They lose credibility as independent spokespersons of the Khalsa Panth on Sikhi miri-piri issues and are no longer heard or heeded by the Sikh world.

Sadly that is the present state of Panthic affairs. The underlying principle of Sri Akal Takh Sahib has not been followed and the leaders of the broken Akali Dal are seeking solutions at the Takht in vain when successive jathedars themselves compromised the Miri-Piri sovereignty of this great Institution.

Instead, the Panthic Will has manifested itself elsewhere through the election of independent MPs at Khadur Sahib and Faridkot. Respect for the sovereignty of the Institution of Sri Akal Takht is only possible if proper consultation and selection processes are in place. There has been no shortage of advice about the qualifications of the jathedars and the manner in which supporting information and expert advisory services should be organised.

Sikh Diaspora should be involved in the decision-making process about Panthic affairs. Modern communication and IT means are available and should be used. The Panth is global and there is need for hierarchical two way flow of communication and consultations. The need and the means are there.

Gurmukh Singh OBE, Ret'd Principal Civil Servant (UK) sewauk2005@yahoo.co.uk

# ਸਥਾਪਤੀ ਨਾਲ ਟੱਕਰ ਲੈਣ, ਵਾਲੇ 'ਪਹਿਰੇਦਾਰ' ਅਖਬਾਰ ਦੇ ਬਾਨੀ ਸੰਪਾਦਕ ਜਸਪਾਲ ਸਿੰਘ ਹੇਰਾਂ ਨਹੀਂ ਰਹੇ

ਡਾ. ਗੁਰਵਿੰਦਰ ਸਿੰਘ

## ✪ ਪੰਜਾਬੀ ਪੱਤਰਕਾਰੀ ਅਤੇ ਪੰਥਕ ਹਲਕਿਆਂ ਲਈ ਨਾ ਪੂਰਾ ਹੋਣ ਵਾਲਾ ਘਾਟਾ

ਮਨੁੱਖੀ ਹੱਕਾਂ ਅਤੇ ਸਿੱਖੀ ਸਿਧਾਂਤਾਂ ਦੇ ਪਹਿਰੇਦਾਰ ਪੱਤਰਕਾਰ ਸ. ਜਸਪਾਲ ਸਿੰਘ ਹੇਰਾਂ, 67 ਸਾਲ ਦੀ ਉਮਰ ਵਿੱਚ ਚੜਾਈ ਕਰ ਗਏ ਹਨ। ਉਹਨਾਂ ਦਾ ਬੇਵਕਤ ਵਿਛੋੜਾ ਪੰਜਾਬੀ ਪੱਤਰਕਾਰੀ ਅਤੇ ਪੰਥਕ ਹਲਕਿਆਂ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਪੰਜਾਬ ਤੋਂ ਰਿਸ਼ਪਦੀਪ ਸਿੰਘ ਸਪੁੱਤਰ ਸਰਦਾਰ ਜਸਪਾਲ ਸਿੰਘ ਹੇਰਾਂ ਨੇ ਦੱਸਿਆ ਕਿ ਉਹਨਾਂ ਦੇ ਪਿਤਾ ਜੀ ਨੇ ਪੰਜਾਬ ਦੇ ਸਮੇਂ ਅਨੁਸਾਰ 18 ਜੁਲਾਈ ਦਿਨ ਵੀਰਵਾਰ (ਕੈਨੇਡਾ ਦੀ 17 ਜੁਲਾਈ ਬੁੱਧਵਾਰ ਦੀ ਰਾਤ) ਨੂੰ ਸਵੇਰੇ 11 ਵਜੇ ਦੇ ਕਰੀਬ ਆਖਰੀ ਸਵਾਸ ਲਏ। 'ਪਹਿਰੇਦਾਰ' ਅਖਬਾਰ ਦੇ ਬਾਨੀ ਅਤੇ ਸੰਪਾਦਕ ਜਸਪਾਲ ਸਿੰਘ ਹੇਰਾਂ ਦਿਮਾਗ ਦੇ ਪਿਛਲੇ ਹਿੱਸੇ ਦੇ ਨੁਕਸਾਨ ਅਤੇ ਲਿਵਰ ਦੇ 70 ਫੀਸਦੀ ਤੋਂ ਵੱਧ ਖਰਾਬ ਹੋਣ ਸਮੇਤ, ਗੰਭੀਰ ਸਰੀਰਕ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਸਨ। ਉਹ ਪਿਛਲੇ ਕੁਝ ਹਫਤਿਆਂ ਤੋਂ ਜ਼ੇਰੇ ਇਲਾਜ ਸਨ ਅਤੇ ਮੈਕਸ ਹਸਪਤਾਲ ਮੋਹਾਲੀ ਵਿਖੇ ਸਨ।

ਪੰਥ ਦਾ ਦਰਦ ਲਿਖਣ ਵਾਲੀ ਕਲਮ ਦੇ ਮਾਲਕ ਸ. ਜਸਪਾਲ ਸਿੰਘ ਹੇਰਾਂ ਮੋਹਾਲੀ ਹਸਪਤਾਲ ਵਿੱਚ ਦਾਖਲ ਕਰਵਾਏ ਸਨ। ਸ. ਹੇਰਾਂ ਦੀ ਹਾਲਤ ਬਹੁਤ ਹੀ ਨਾਜ਼ੁਕ ਬਣੀ ਹੋਈ ਸੀ। ਦਰਅਸਲ ਸੰਨ 2020 ਵਿੱਚ ਸ. ਜਸਪਾਲ ਸਿੰਘ ਹੇਰਾਂ ਦੀ ਬਾਈਪਾਸ ਸਰਜਰੀ ਤੋਂ ਮਗਰੋਂ ਉਹਨਾਂ ਦੀ ਸਿਹਤ ਸਮੇਂ-ਸਮੇਂ ਵਿਗੜਦੀ ਰਹੀ। ਜਸਪਾਲ ਸਿੰਘ ਹੇਰਾਂ ਦੇ ਤੰਦਰੁਸਤ ਨਾ ਹੋਣ ਕਾਰਨ ਅਦਾਰਾ ਪਹਿਰੇਦਾਰ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਪਰ ਹਰ ਚੁਣੌਤੀ ਦੇ ਬਾਵਜੂਦ ਉਹਨਾਂ ਨੇ ਅਖਬਾਰ 'ਪਹਿਰੇਦਾਰ' ਨੂੰ ਹਕੂਮਤ ਦੀ ਅਧੀਨਗੀ ਤੋਂ ਤੋਂ ਬਚਾ ਕੇ ਚੜਦੀ ਕਲਾ ਵਿੱਚ ਰੱਖਿਆ। ਪਿਛਲੇ ਕੁਝ ਵਰਿਆਂ ਤੋਂ ਇਸ ਦਾ ਕੰਮ-ਕਾਜ ਉਹਨਾਂ ਦੇ ਸਪੁੱਤਰ ਰੀਸ਼ਵਦੀਪ ਸਿੰਘ ਦੇਖ ਰਹੇ ਹਨ।



ਸ. ਜਸਪਾਲ ਸਿੰਘ ਆਪਣੇ ਪਿੱਛੇ ਆਪਣੇ ਇਕਲੌਤੇ ਸਪੁੱਤਰ ਅਤੇ ਧਰਮ ਪਤਨੀ ਸਮੇਤ, ਲੱਖਾਂ ਪਾਠਕਾਂ ਨੂੰ ਵਿਛੋੜਾ ਦੇ ਗਏ ਹਨ। ਉਹਨਾਂ ਲਈ ਪੰਥ ਦਰਦੀਆਂ ਅਤੇ ਪਹਿਰੇਦਾਰ ਨਾਲ ਪਿਆਰ ਰੱਖਣ ਵਾਲੇ ਸਨੇਹੀਆਂ ਨੇ, ਤਨੋਂ ਮਨੋਂ ਧਨੋਂ ਸਹਿਯੋਗ ਦਿੱਤਾ ਅਤੇ ਤੰਦਰੁਸਤੀ ਲਈ ਅਰਦਾਸਾਂ ਕੀਤੀਆਂ, ਪਰ ਹਾਲਤ ਜ਼ਿਆਦਾ ਨਾਜ਼ੁਕ ਹੋਣ ਕਾਰਨ ਉਹ ਠੀਕ ਨਾ ਹੋ ਸਕੇ। ਸ. ਜਸਪਾਲ ਸਿੰਘ ਹੇਰਾਂ ਦਾ ਸਸਕਾਰ 19 ਜੁਲਾਈ, ਸ਼ੁਕਰਵਾਰ ਨੂੰ ਸਵੇਰੇ 11 ਵਜੇ ਜਗਰਾਓਂ, ਜ਼ਿਲਾ ਲੁਧਿਆਣਾ ਵਿਖੇ ਕੀਤਾ ਜਾਵੇਗਾ।

ਸਿੱਖ ਪੰਥ ਦਾ ਦਰਦ ਜਸਪਾਲ ਸਿੰਘ ਹੇਰਾਂ ਦੇ ਰੋਮ-ਰੋਮ ਵਿੱਚ ਵਸਿਆ ਹੋਇਆ ਸੀ। ਸੰਨ 2000 'ਚ 'ਪਹਿਰੇਦਾਰ' ਅਖਬਾਰ ਦੀ ਸ਼ੁਰੂਆਤ ਹੀ ਸ. ਜਸਪਾਲ ਸਿੰਘ ਹੇਰਾਂ ਨੇ ਇਸ ਕਰਕੇ ਕੀਤੀ ਸੀ ਕਿ ਇਹ ''ਅਖਬਾਰ ਨਹੀਂ, ਮਿਸ਼ਨ'' ਹੈ। ਸਿੱਖੀ ਸਿਧਾਂਤਾਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਮਹਾਨ ਫਲਸਫੇ ਨੂੰ ਸੰਸਾਰ ਭਰ ਵਿੱਚ ਪ੍ਰਸਾਰਨ ਅਤੇ ਮਨੁੱਖੀ ਅਧਿਕਾਰਾਂ ਤੇ ਪਹਿਰਾ ਦੇਣ ਲਈ, ਉਹਨਾਂ ਇਹ ਅਖਬਾਰ ਸ਼ੁਰੂ ਕੀਤਾ। ਇਸ ਦੌਰਾਨ 'ਅਖੌਤੀ ਪੰਥਕ' ਬਾਦਲ ਸਰਕਾਰ ਤੇ ਸਿੱਖਾਂ ਦਾ ਦੁਸ਼ਮਣ ਕਾਂਗਰਸ ਸਰਕਾਰ ਉਹਨਾਂ 'ਤੇ ਤਸ਼ੱਦਦ ਕਰਦੀਆਂ ਰਹੀਆਂ, ਪਰ 'ਪਹਿਰੇਦਾਰ' ਅਖਬਾਰ ਨੇ ਕਦੇ ਵੀ ਸਿੱਖੀ ਸਿਧਾਂਤਾਂ ਦੇ ਮਸਲੇ ਤੇ ਸਮਝੌਤਾ ਨਹੀਂ ਕੀਤਾ। ਹੇਰਾਂ ਸਾਹਿਬ ਦਾ ਕਹਿਣਾ ਸੀ ਕਿ 'ਪਹਿਰੇਦਾਰ' ਅਖਬਾਰ ਨਾ ਵਿਕਿਆ ਅਤੇ ਨਾ ਹੀ ਝੁਕਿਆ। ਸੰਨ 2015 ਵਿੱਚ ਬੰਦੀ ਸਿੰਘਾਂ ਦੀ ਰਿਹਾਈ ਲਈ ਭਾਈ ਸੂਰਤ ਸਿੰਘ ਦੇ ਭੁੱਖ ਹੜਤਾਲ ਦੇ ਮਾਮਲੇ ਵਿੱਚ ਜਸਪਾਲ ਸਿੰਘ ਹੇਰਾਂ ਨੂੰ ਬਾਦਲ ਸਰਕਾਰ ਵੱਲੋਂ ਗ੍ਰਿਫਤਾਰ ਕੀਤਾ ਗਿਆ।

ਪੈਗਾਸਸ ਰਾਹੀਂ ਜਸਪਾਲ ਸਿੰਘ ਹੇਰਾਂ ਦੀ ਜਸੂਸੀ ਕਰਨ ਲਈ ਭਾਰਤ ਸਰਕਾਰ ਵੱਲੋਂ ਇਜ਼ਰਾਇਲੀ ਸੌਫਟਵੇਅਰ ਦੀ ਵਰਤੋਂ ਵੀ ਕੀਤੀ ਗਈ। ਇਸ ਤੋਂ ਇਲਾਵਾ ਹੋਰ ਜਬਰ ਵੀ ਢਾਹੇ ਗਏ। ਅਖਬਾਰ 'ਪਹਿਰੇਦਾਰ' ਨੂੰ ਪੰਜਾਬ ਸਰਕਾਰ ਨੇ ਇਸ਼ਤਿਹਾਰ ਤਾਂ ਕੀ ਦੇਣੇ ਸੀ, ਸਗੋਂ ਜੋ ਵੀ ਵਿਅਕਤੀ ਅਤੇ ਸੰਸਥਾਵਾਂ ਜਸਪਾਲ ਸਿੰਘ ਹੇਰਾਂ ਦੇ ਅਖਬਾਰ ਦੀ ਮਦਦ ਕਰਦੇ ਸਨ, ਉਹਨਾਂ ਨੂੰ ਵੀ ਸਖਤੀ ਨਾਲ ਦਬਾਇਆ ਗਿਆ।

ਪੱਤਰਕਾਰ ਹੇਰਾਂ ਦੇ ਨੌਜਵਾਨ ਪੁੱਤਰ ਰੀਸ਼ਪਦੀਪ ਸਿੰਘ ਦੀ ਉਮਰ ਅਜੇ 18 ਸਾਲ ਦੀ ਸੀ, ਜਦੋਂ ਉਸਨੂੰ ਗ੍ਰਿਫਤਾਰ ਕਰਕੇ ਜੇਲ ਵਿੱਚ ਡੱਕਿਆ ਗਿਆ। ਪਰ ਇਹ ਗੱਲ ਮਾਣ ਨਾਲ ਕਹੀ ਜਾ ਸਕਦੀ ਹੈ ਕਿ ਜਸਪਾਲ ਸਿੰਘ ਹੇਰਾਂ ਹਮੇਸ਼ਾ ਚੜਦੀ ਕਲਾ ਵਿੱਚ ਰਹੇ। ਇਸ ਦਾ ਸਬੂਤ ਦਲ ਖਾਲਸਾ ਦੇ ਆਗੂ ਮਰਹੂਮ ਭਾਈ ਗਜਿੰਦਰ ਸਿੰਘ ਹੋਰਾਂ ਵੱਲੋਂ ਸੰਨ 2018 ਵਿੱਚ ਲਿਖੀਆਂ ਰਚਨਾਵਾਂ ਸਮੇਤ, ਪੰਥ ਦੀਆਂ ਸਿਰਮੌਰ ਸ਼ਖਸੀਅਤਾਂ ਵੱਲੋਂ ਉਹਨਾਂ ਦਾ ਸਨਮਾਨ ਹੈ।

ਸਥਾਪਤੀ ਨਾਲ ਟੱਕਰ ਲੈਣ ਵਾਲੇ, ਮਨੁੱਖੀ ਹੱਕਾਂ ਦੇ ਰਾਖੇ ਅਤੇ ਸਿੱਖੀ ਸਿਧਾਂਤਾਂ ਤੇ ਪਹਿਰਾ ਦੇਣ ਵਾਲੇ 'ਪਹਿਰੇਦਾਰ' ਅਖਬਾਰ ਦੇ ਬਾਨੀ ਸੰਪਾਦਕ ਜਸਪਾਲ ਸਿੰਘ ਹੇਰਾਂ ਦਾ ਵਿਛੋੜਾ ਸਿੱਖ ਪੰਥ ਸਮੇਤ ਮਨੁੱਖੀ ਹੱਕਾਂ ਨੂੰ ਸਮਰਪਿਤ ਜਥੇਬੰਦੀਆਂ ਲਈ ਅਸਹਿ ਹੈ। ਸਭ ਤੋਂ ਵੱਡੀ ਲੋੜ ਪਹਿਰੇਦਾਰ ਅਖਬਾਰ ਨੂੰ ਸੰਭਾਲਣ ਅਤੇ ਸਹਿਯੋਗ ਦੇਣ ਦੀ ਹੈ, ਤਾਂ ਕਿ ਇਹ ਮਸ਼ਾਲ ਸਦਾ ਜਗਦੀ ਰਹੇ। ਗੋਦੀ ਅਤੇ ਵਿਕਾਊ ਮੀਡੀਆ ਦੇ ਦੌਰ ਵਿੱਚ, ਮਨੁੱਖੀ ਹੱਕਾਂ, ਸੱਚ ਅਤੇ ਇਨਸਾਫ ਦੀ ਮਸ਼ਾਲ ਜਗਦੀ ਰੱਖਣ ਵਾਲੇ ਪੱਤਰਕਾਰ ਜਸਪਾਲ ਸਿੰਘ ਹੇਰਾਂ ਵਰਤਮਾਨ ਪੰਜਾਬੀ ਪੱਤਰਕਾਰੀ ਦੇ ਗਗਨ ਮੰਡਲ ਵਿੱਚ ਧਰੂ-ਧਾਰਾ ਬਣ ਕੇ ਹਮੇਸ਼ਾ ਚਮਕਦੇ ਰਹਿਣਗੇ।

# ਪੁਲਿਸ ਅਫਸਰ ਰਾਜ ਜੀਤ

-8 ਸਫ਼ੇ ਦੀ ਬਾਕੀ

ਦੱਸ ਦੇਈਏ ਰਾਜ ਜੀਤ ਸਿੰਘ ਹੁੰਦਲ 'ਤੇ ਪੰਜਾਬ ਪੁਲਿਸ ਦੇ ਬਰਖ਼ਾਸਤ ਇੰਸਪੈਕਟਰ ਇੰਦਰਜੀਤ ਸਿੰਘ ਦੀ ਮਦਦ ਕਰ ਕੇ ਪੁਲਿਸ-ਨਸ਼ਾ ਤਸਕਰਾਂ ਦਾ ਗਠਜੋੜ ਚਲਾਉਣ ਦਾ ਦੋਸ਼ ਹੈ। ਉਨ੍ਹਾਂ ਨੂੰ ਪਿਛਲੇ ਸਾਲ 19 ਅਪ੍ਰੈਲ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਸੀ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਅੰਤਰਿਮ ਜ਼ਮਾਨਤ ਰੱਦ ਕੀਤੇ ਜਾਣ ਤੋਂ ਬਾਅਦ ਉਹ 20 ਅਕਤੂਬਰ, 2023 ਤੋਂ ਫਰਾਰ ਹਨ। ਸੁਆਲ ਤਾਂ ਇਹ ਹੈ ਕਿ ਪੁਲੀਸ ਉਸਨੂੰ ਗ੍ਰਿਫਤਾਰ ਕਿਉਂ ਨਹੀਂ ਕਰ ਸਕੀ ? ਇਹ ਦਾਗੀ ਅਫਸਰ ਕਿਥੇ ਗਾਇਬ ਹੋ ਗਿਆ ? ਹਾਲਾਂਕਿ ਭਾਰਤ ਵਿਚ ਖੁਫੀਆ ਏਜੰਸੀਆਂ ਚਿੜੀ ਤਕ ਨਹੀਂ ਫੜਕਨ ਦਿੰਦੀਆਂ ਪਰ ਇਹ ਅਪਰਾਧੀ ਕਿਥੇ ਗਾਇਬ ਹੋ ਗਿਆ। ਇਸ ਪਿਛੇ ਦਾਗੀ ਅਫਸਰਾਂ ਤੇ ਦਾਗੀ ਸਿਆਸਤਦਾਨਾਂ ਦੀ ਕਰਾਮਾਤ ਜਾਪਦੀ ਹੈ ਨਸ਼ਿਆਂ ਦਾ ਨੈਟਵਰਕ ਖਤਮ ਨਾ ਹੋਣ ਦਾ ਕਾਰਣ ਕਾਲੀ ਮਾਇਆ, ਅਵਾਰਾ ਪੂੰਜੀ ਅਤੇ ਡਰਗ ਸਮਗਲਰਾਂ ਦਾ ਦਾਗੀ ਸਤਾਧਾਰੀਆਂ ਤੇ ਦਾਗੀ ਪੁਲੀਸ ਅਫਸਰਾਂ ਨਾਲ ਗਠਜੋੜ ਹੈ।

## ਪੰਜਾਬ ਵਿਚ ਗੈਂਗਸਟਰਾਂ ਦੀਆਂ ਸਰਗਰਮੀਆਂ ਨੂੰ ਨਥ ਪਾਈ ਜਾਵੇ

ਪੰਜਾਬ ਵਿਚ ਬੇਖ਼ੌਫ ਹੋ ਕੇ ਆਪਣਾ ਨੈਟਵਰਕ ਵੱਡਾ ਕਰਨ ਲਈ ਵਿਦੇਸ਼ਾਂ 'ਚ ਬੈਠੇ ਗੈਂਗਸਟਰ ਲਗਾਤਾਰ ਕੋਸ਼ਿਸ਼ਾਂ ਵਿਚ ਲੱਗੇ ਹੋਏ ਹਨ। ਫਿਰੌਤੀਆਂ ਲਈ ਵਪਾਰੀ ਵਰਗ ਸਮੇਤ ਹੋਰਨਾਂ ਵਿਚ ਡਰ ਦਾ ਮਾਹੌਲ ਪੈਦਾ ਕਰਨ ਲਈ ਵਿਦੇਸ਼ਾਂ 'ਚ ਬੈਠੇ ਗੈਂਗਸਟਰ ਸੂਬੇ 'ਚ ਆਪਣੇ ਨੈਟਵਰਕ ਜ਼ਰੀਏ ਸਥਾਨਕ ਗੁਰਗਿਆਂ ਨੂੰ ਪੈਸੇ ਦਾ ਲਾਲਚ ਦੇ ਕੇ ਆਪਣੇ ਨੈਟਵਰਕ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਕਰਦੇ ਆ ਰਹੇ ਹਨ ਜੋ ਪੰਜਾਬ ਵਿਚ ਹੀ ਬੈਠ ਕੇ ਵਿਦੇਸ਼ੀ ਨੰਬਰਾਂ ਤੋਂ ਫਿਰੌਤੀ ਲਈ ਧਮਕੀ ਭਰੇ ਫ਼ੋਨ ਖੜਕਾਉਂਦੇ ਹਨ। ਵਿਦੇਸ਼ਾਂ 'ਚ ਬੈਠੇ ਗੈਂਗਸਟਰਾਂ ਦੀ ਸ਼ਹਿ 'ਤੇ ਇਥੇ ਬੈਠੇ ਉਨ੍ਹਾਂ ਦੇ ਗੁਰਗੇ ਬਿਨਾਂ ਕਿਸੇ ਡਰ ਭੈਅ ਤੋਂ ਲੋਕਾਂ ਨੂੰ ਫਿਰੌਤੀਆਂ ਲਈ ਫੋਨ ਕਰਨ ਦੀ ਵਾਰਦਾਤ ਨੂੰ ਅੰਜਾਮ ਦਿੰਦੇ ਹਨ ਅਤੇ ਜੇਕਰ ਉਨ੍ਹਾਂ ਨੂੰ ਆਪਣਾ ਮਕਸਦ ਕਾਮਯਾਬ ਹੁੰਦਾ ਨਾ ਦਿਖਾਈ ਦੇਵੇ ਤਾਂ ਉਹ ਫਿਰੌਤੀ ਲਈ ਚੁਣੇ ਆਪਣੇ ਸ਼ਿਕਾਰ ਦੇ ਬੱਚਿਆਂ ਅਤੇ ਪਰਿਵਾਰ ਨੂੰ ਨਿਸ਼ਾਨਾ ਬਣਾਉਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਦੱਸਿਆ ਜਾ ਰਿਹਾ ਹੈ ਕਿ ਗੈਂਗਸਟਰਾਂ ਦੇ ਨੈਟਵਰਕ ਵਿਚ ਗਲੀ- ਮੁਹੱਲਿਆਂ ਦੇ ਬਦਮਾਸ਼ਾਂ ਨੂੰ ਵੀ ਜੋੜਿਆ ਜਾ ਰਿਹਾ ਹੈ ਜੋ ਸਿਰਫ਼ ਪੈਸਿਆਂ ਲਈ ਕੁਝ ਵੀ ਕਰਨ ਨੂੰ ਤਿਆਰ ਰਹਿੰਦੇ ਹਨ। ਇਲਾਕੇ ਦੀ ਜਾਣਕਾਰੀ ਹੋਣ ਦਾ ਫ਼ਾਇਦਾ ਚੁੱਕ ਕੇ ਉਹ ਆਪਣੇ ਸ਼ਿਕਾਰ ਦੀ ਲਗਾਤਾਰ ਰੇਕੀ ਕਰਦੇ ਹਨ ਅਤੇ ਪਰਿਵਾਰਕ ਮੈਂਬਰਾਂ ਸਮੇਤ ਬੱਚਿਆਂ ਦੇ ਆਉਣ ਜਾਣ ਤੱਕ ਦੀ ਵੀ ਸਾਰੀ ਜਾਣਕਾਰੀ ਇਕੱਤਰ ਕਰਦੇ ਹਨ ਤਾਂ ਜੋ ਆਪਣੇ ਸ਼ਿਕਾਰ ਨੂੰ ਹੋਰ ਵੀ ਡਰਾਇਆ ਜਾ ਸਕੇ। ਜ਼ਿਕਰਯੋਗ ਹੈ ਕਿ ਹਰਵਿੰਦਰ ਸਿੰਘ ਰਿੰਦਾ ਅਤੇ ਗੈਂਗਸਟਰ ਗੋਲਡੀ ਬਰਾੜ ਦੇ ਖਿਲਾਫ ਫਿਰੌਤੀ, ਧਮਕੀ ਸਮੇਤ ਕਈ ਹੋਰ ਅਪਰਾਧਿਕ ਮਾਮਲੇ ਦਰਜ ਕੀਤੇ ਜਾ ਚੁੱਕੇ ਹਨ ਪਰ ਇਹ ਗੈਂਗਸਟਰ ਅਜਿਹੇ ਪਰਚਿਆਂ ਦੀ ਪ੍ਰਵਾਹ ਕੀਤੇ ਬਗੈਰ ਵਿਦੇਸ਼ਾਂ ਵਿਚ ਬੈਠ ਕੇ ਪੰਜਾਬ ਵਿਚ ਆਪਣਾ ਨੈਟਵਰਕ ਹੋਰ ਫੈਲਾਉਣ ਦੀ ਕੋਸ਼ਿਸ਼ ਵਿਚ ਰਹਿੰਦੇ ਹਨ। ਅੰਕੜੇ ਦੱਸਦੇ ਹਨ ਕਿ 2022 ਵਿਚ ਜਬਰਨ ਵਸੂਲੀ ਸਬੰਧੀ ਪੰਜਾਬ 'ਚ ਵੱਖ ਵੱਖ ਥਾਈਂ 206 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਸਨ ਜਦਕਿ ਸਾਲ 2023 ਵਿਚ ਵੀ ਇਹ ਅੰਕੜੇ ਅਜਿਹੇ ਹੀ ਰਹੇ ਗੈਂਗਸਟਰ ਗੋਲਡੀ ਬਰਾੜ ਖ਼ਿਲਾਫ਼ ਕੇਂਦਰ ਸਰਕਾਰ ਨੇ ਵੱਡੀ ਕਾਰਵਾਈ ਕਰਦੇ ਹੋਏ ਉਸ ਨੂੰ ਯੂ.ਏ.ਪੀ.ਏ. ਤਹਿਤ ਅੱਤਵਾਦੀ ਐਲਾਨ ਦਿੱਤਾ ਸੀ। ਗੋਲਡੀ ਬਰਾੜ ਨੂੰ ਸਿੱਧੂ ਮੂਸੇਵਾਲਾ ਕਤਲ ਕਾਂਡ ਦਾ ਮਾਸਟਰਮਾਈਂਡ ਅਤੇ ਲਾਰੈਂਸ ਬਿਸ਼ਨੋਈ ਗੈਂਗ ਦਾ ਸੱਜਾ ਹੱਥ ਮੰਨਿਆ ਜਾਂਦਾ ਹੈ। ਪੰਜਾਬ ਵਿਚ ਫਿਰੌਤੀ ਲਈ ਗੈਂਗਸਟਰਾਂ ਦੇ ਫੋਨਾਂ ਦਾ ਮਾਮਲਾ ਜਿੱਥੇ ਪਿਛਲੇ ਸਮੇਂ ਦੌਰਾਨ ਵੱਡਾ ਮੁੱਦਾ ਬਣਿਆ ਰਿਹਾ ਹੈ ਉਥੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਇਸ ਮੁੱਦੇ ਉਤੇ ਵਿਧਾਨ ਸਭਾ ਵਿਚ ਵੀ ਵਿਰੋਧੀ ਧਿਰਾਂ ਘੇਰਦੀਆਂ ਰਹੀਆਂ ਹਨ। ਪੰਜਾਬ ਸਰਕਾਰ ਇਸ ਸੰਬੰਧੀ ਸਖਤ ਨਜ਼ਰ ਨਹੀਂ ਆ ਰਹੀ। ਗੈਂਗਸਟਰ ਸ਼ਰੇਆਮ ਵਪਾਰੀਆਂ ਤੋਂ ਹਫਤਾ ਵਸੂਲੀ ਕਰ ਰਹੇ ਹਨ। ਪਰ ਸਰਕਾਰ ਇਸ ਮਾਮਲੇ ਬਾਰੇ ਚੁਪ ਹੈ ਲ਼ਾਰੈਂਸ ਬਿਸ਼ਨੋਈ ਦੀ ਜੇਲ ਵਿਚੋਂ ਇੰਟਰਵਿਊ ਹੋਣ ਦੇ ਅਰਥ ਇਹੀ ਸਨ ਕਿ ਪੰਜਾਬ ਸਰਕਾਰ ਅਣਗਹਿਲੀ ਵਰਤ ਰਹੀ ਹੈ ਜਾਂ ਭ੍ਰਿਸ਼ਟ ਅਫਸਰਾਂ ਦੀ ਮਿਲੀਭੁਗਤ ਹੈ।

-ਰਜਿੰਦਰ ਸਿੰਘ ਪੁਰੇਵਾਲ

# ਅਮਰੀਕੀ ਰਾਜਨੀਤੀ ਵਿਚ ਕਮਲਾ ਹੈਰਿਸ ਇਤਿਹਾਸ ਰਚਣ ਵੱਲ, ਮੁਹਿੰਮ ਲਈ ਆਮ ਲੋਕਾਂ ਵੱਲੋਂ ਰੋਜ਼ਾਨਾ ਦਿੱਤੇ ਜਾ ਰਹੇ ਹਨ ਕਰੋੜਾਂ ਡਾਲਰ

## *ਅਗਲੇ ਮਹੀਨੇ ਡੈਮੋਕਰੈਟਿਕ ਨੈਸ਼ਨਲ ਕਮੇਟੀ ਦੀ ਹੋਣ ਵਾਲੀ ਕਨਵੈਨਸ਼ਨ ਤੋਂ ਪਹਿਲਾਂ ਵੀ ਪਾਰਟੀ ਉਮੀਦਵਾਰ ਵਜੋਂ ਹੈਰਿਸ ਦੇ ਨਾਂ 'ਤੇ ਲੱਗ ਸਕਦੀ ਹੈ ਮੋਹਰ

**ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਉਪ ਰਾਸ਼ਟਰਪਤੀ ਕਮਲਾ ਹੈਰਿਸ ਅਮਰੀਕੀ ਰਾਜਨੀਤੀ ਵਿਚ ਇਤਿਹਾਸ ਰਚਣ ਵੱਲ ਵਧ ਰਹੀ ਹੈ। ਉਹ ਪਹਿਲਾਂ ਵੀ ਉੱਪ ਰਾਸ਼ਟਰਪਤੀ ਬਣ ਕੇ ਇਤਿਹਾਸ ਰਚ ਚੁੱਕੀ ਹੈ। ਰਾਸ਼ਟਰਪਤੀ ਜੋ ਬਾਈਡਨ ਵੱਲੋਂ ਚੋਣ ਨਾ ਲੜਣ ਤੇ ਰਾਸ਼ਟਰਪਤੀ ਉਮੀਦਵਾਰ ਵਜੋਂ ਕਮਲਾ ਹੈਰਿਸ ਦਾ ਨਾਂ ਐਲਾਣਨ ਤੋਂ ਬਾਅਦ ਉਸ ਦੇ ਸਮਰਥਨ ਵਿਚ ਬਹੁਤ ਸਾਰੇ ਪਾਰਟੀ ਆਗੂ ਆ ਗਏ ਹਨ ।**

ਸੰਭਾਵਨਾ ਹੈ ਕਿ ਅਗਲੇ ਕੁਝ ਦਿਨਾਂ ਦੌਰਾਨ ਕਮਲਾ ਹੈਰਿਸ ਨੂੰ ਰਾਸ਼ਟਰਪਤੀ ਉਮੀਦਵਾਰ ਵਜੋਂ ਪਾਰਟੀ ਪ੍ਰਵਾਨ ਕਰ ਲਵੇਗੀ ਹਾਲਾਂ ਕਿ ਅਗਲੇ ਮਹੀਨੇ 19 ਅਗਸਤ ਨੂੰ ਡੈਮੋਕਰੈਟਿਕ ਨੈਸ਼ਨਲ ਕਮੇਟੀ ਦੀ ਹੋਣ ਵਾਲੀ ਕਨਵੈਨਸ਼ਨ ਵਿਚ ਰਾਸ਼ਟਰਪਤੀ ਉਮੀਦਵਾਰ ਵਜੋਂ ਹੈਰਿਸ ਦੇ ਨਾਂ 'ਤੇ ਰਸਮੀ ਮੋਹਰ ਲਾਈ ਜਾਣੀ ਹੈ। ਉਹ ਪਹਿਲੀ ਅਫਰੀਕੀ - ਅਮਰੀਕੀ, ਪਹਿਲੀ ਏਸ਼ੀਅਨ ਅਮਰੀਕੀ ਤੇ ਪਹਿਲੀ ਭਾਰਤੀ ਅਮਰੀਕੀ ਔਰਤ ਹੋਵੇਗੀ ਜੋ ਅਮਰੀਕਾ ਦੇ ਰਾਸ਼ਟਰਪਤੀ ਅਹੁੱਦੇ ਲਈ ਉਮੀਦਵਾਰ ਹੋਵੇਗੀ। ਜੇਕਰ ਚੋਣ ਜਿੱਤ ਜਾਂਦੀ ਹੈ ਤਾਂ ਉਹ ਅਮਰੀਕਾ ਦੀ ਪਹਿਲੀ ਔਰਤ ਰਾਸ਼ਟਰਪਤੀ ਹੋਵੇਗੀ। ਹੈਰਿਸ ਨੂੰ ਰਾਸ਼ਟਰਪਤੀ ਬਾਈਡਨ ਤੋਂ ਇਲਾਵਾ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਤੇ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਸਮੇਤ ਚੋਟੀ ਦੇ ਪਾਰਟੀ ਆਗੂਆਂ ਦਾ ਸਮਰਥਨ ਮਿਲ ਚੁੱਕਾ ਹੈ। ਇਸ ਤੋਂ ਇਲ-ਾਵਾ ਅਨੇਕਾਂ ਹੋਰ ਸੰਸਦ ਮੈਂਬਰ ਤੇ ਪਾਰਟੀ ਅਹੁੱਦੇਦਾਰ ਉਨਾਂ ਦੇ ਸਮਰਥਨ ਵਿਚ ਆ



ਰਾਸ਼ਟਰਪਤੀ ਜੋ ਬਾਈਡਨ ਤੇ ਕਮਲਾ ਹੈਰਿਸ ਗੱਪ ਸ਼ੱਪ ਦੇ ਮੂਡ ਵਿੱਚ

ਗਏ ਹਨ। ਉੱਪ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਉਹ ਕੈਲੀਫੋਰਨੀਆ ਦੇ ਅਟਾਰਨੀ ਜਰਨਲ ਵਜੋਂ ਦੋ ਵਾਰ ਜਿੱਤ ਚੁੱਕੀ ਹੈ। 2016 ਵਿਚ ਉਸ ਨੇ ਯੂ ਐਸ ਸੈਨੇਟ ਦੀ ਚੋਣ ਜਿੱਤੀ ਸੀ। ਇਸੇ ਸਾਲ ਹੀ ਡੋਨਲਡ ਟਰੰਪ ਨੇ ਡੈਮੋਕਰੈਟਿਕ ਉਮੀਦਵਾਰ ਹਿਲੇਰੀ ਕਲਿੰਟਨ ਨੂੰ ਹਰਾਇਆ ਸੀ।

ਰਾਸ਼ਟਰਪਤੀ ਮੁਹਿੰਮ ਲਈ ਫੰਡਾਂ ਦਾ ਹੜ- ਜੋ ਬਾਈਡਨ ਵੱਲੋਂ ਰਾਸ਼ਟਰਪਤੀ ਦੇ ਅਹੁੱਦੇ ਲਈ ਕਮਲਾ ਹੈਰਿਸ ਦਾ ਨਾਂ ਐਲਾਣਨ ਤੋਂ ਬਾਅਦ ਇਕ ਦਿਨ ਤੋਂ ਵੀ ਘਟ ਸਮੇ ਵਿਚ ਉਸ ਦੀ ਰਾਸ਼ਟਰਪਤੀ ਚੋਣ ਮੁਹਿੰਮ ਲਈ496 ਲੱਖ ਡਾਲਰ ਇਕੱਠੇ ਹੋਏ ਹਨ। ਇਹ ਜਾਣਕਾਰੀ ਬਾਈਡਨ ਦੀ ਮੁਹਿੰਮ ਦੇ ਬੁਲਾਰੇ ਨੇ ਦਿੱਤੀ ਹੈ। ਬੁਲਾਰੇ ਅਨੁਸਾਰ ਵੱਡੀ ਗੱਲ ਇਹ ਹੈ ਕਿ ਇਹ ਫੰਡ ਕਿਸੇ ਵੱਡੇ ਅਦਾਰੇ ਜਾਂ ਅਮੀਰ ਵਿਅਕਤੀਆਂ ਵੱਲੋਂ ਨਹੀਂ ਬਲਕਿ ਪਾਰਟੀ ਦੇ ਜ਼ਮੀਨੀ ਪੱਧਰ ਦੇ ਸਮਰਥਕਾਂ ਅਰਥਾਤ ਆਮ ਲੋਕਾਂ ਵੱਲੋਂ ਦਿੱਤਾ ਜਾ ਰਿਹਾ ਹੈ ਤੇ ਹਰ ਰੋਜ ਕਰੋੜਾਂ ਡਾਲਰ ਇਕੱਠੇ ਹੋ ਰਹੇ ਹਨ।

# ਸਰਕਾਰੀ ਮੁਲਾਜ਼ਮਾਂ ਨੂੰ ਆਰ.ਐਸ.ਐਸ ਦਾ ਮੈਂਬਰ ਬਨਣ ਦੀ ਖੁੱਲ ਨਾਲ ਘੱਟ ਗਿਣਤੀਆਂ ਦੀ ਮੁਸ਼ਕਿਲਾਂ ਵਧੀਆਂ -ਜਥੇਦਾਰ ਹਵਾਰਾ ਕਮੇਟੀ

**ਅੰਮ੍ਰਿਤਸਰ-ਭਾਰਤ ਦੇ ਗ੍ਰਹਿ ਮੰਤਰਾਲੇ ਵੱਲੋਂ ਸਰਕਾਰੀ ਮੁਲਾਜ਼ਮਾਂ 'ਤੇ ਆਰ. ਐਸ. ਐਸ ਦਾ ਮੈਂਬਰ ਬਨਣ ਤੇ ਲੱਗੀ ਪਾਬੰਧੀ ਹਟਾਉਣ ਨਾਲ ਘੱਟ ਗਿਣਤੀ ਕੌਮਾਂ ਸਿੱਖ, ਮੁਸਲਮਾਨ, ਇਸਾਈ ਆਦਿ ਲਈ ਭਵਿੱਖ ਵਿੱਚ ਨਵੀਆਂ ਚੁਨੌਤੀਆਂ ਅਤੇ ਮੁਸ਼ਕਿਲਾਂ ਵੱਧ ਗਈਆਂ ਹਨ। ਆਰ. ਐਸ. ਐਸ.ਤੇ ਅੱਜ ਤੋਂ 58 ਸਾਲ ਪਹਿਲਾਂ ਕੇਂਦਰ ਸਰਕਾਰ ਨੇ ਫਿਰਕਾ ਪ੍ਰਸਤੀ ਦੇ ਆਧਾਰ ਤੇ ਪਾਬੰਧੀ ਲਗਾਈ ਸੀ।ਆਰ. ਐਸ. ਐਸ ਦੀ ਨੀਤੀਆਂ ਘੱਟ ਗਿਣਤੀਆਂ ਵਿਸ਼ੇਸ਼ ਤੌਰ ਤੇ ਸਿੱਖਾਂ ਦੀ ਹੋਂਦ ਅਤੇ ਉਨ੍ਹਾਂ ਦੇ ਨਿਆਰੇਪਨ ਨੂੰ ਪਹਿਲਾਂ ਹੀ ਖ਼ਤਰਾ ਬਣੀਆਂ ਹੋਈਆਂ ਹਨ ਜਿਸਦੇ ਚੱਲਦਿਆਂ ਹਿੰਦੂ ਰਾਸ਼ਟਰ ਬਨਾਉਣ ਲਈ ਭਾਜਪਾ ਦੀ ਸਾਜਿਸ਼ੀ ਚੁੱਪ ਸੰਘ ਨੂੰ ਸ਼ਕਤੀ ਦੇ ਰਹੀ ਹੈ।**

ਪਾਬੰਧੀ ਹਟਣ ਦਾ ਅਸਰ ਭਵਿੱਖ ਵਿੱਚ ਸਰਕਾਰੀ ਮੁਲਾਜ਼ਮਾਂ ਜਿਨ੍ਹਾਂ ਵਿੱਚ ਭਾਰਤੀ ਫ਼ੌਜ ਦੇ ਤਿੰਨ ਵਿੰਗ ਦੇ ਇਲਾਵਾ ਨੀਮ ਫੌਜੀ ਬਲਾਂ ਅਤੇ ਸੂਬਿਆਂ ਦੀ ਪੁਲਿਸ ਤੇ ਦੇਖਣ ਨੂੰ ਮਿਲ ਸਕਦਾ ਹੈ। ਇਸਦੇ ਇਲਾਵਾ ਅਫਸਰ ਸ਼ਾਹੀ ਦਾ ਉਲਾਰ ਸੰਘ ਵੱਲ ਹੋਣ ਦੀ ਸੰਭਾਵਨਾ ਹੈ। ਭਾਜਪਾ ਸਰਕਾਰਾਂ ਦੀ ਖੁਸ਼ੀ-ਆਂ ਲੈਣ ਲਈ ਸੰਘ ਦੀਆਂ ਸ਼ਾਖਾ ਲਗਾਉਣੀਆਂ ਅਤੇ ਹਿੰਦੂ ਰਾਸ਼ਟਰ ਦੀ ਸੋਚ ਦਾ ਸਰਕਾਰੀ ਅਦਾਰਿਆਂ ਵਿੱਚ ਪ੍ਰਚਾਰ ਕਰਨ ਦੀ ਖੁੱਲ ਹੋ ਜਾਵੇਗੀ। ਹਵਾਰਾ ਕਮੇਟੀ ਦੇ ਆਗੂ ਪ੍ਰੋਫੈਸਰ ਬਲਜਿੰਦਰ ਸਿੰਘ ਅਤੇ ਬਾਪੂ ਗੁਰਚਰਨ ਸਿੰਘ ਨੇ ਕਿਹਾ ਸੰਘ ਦੇ ਅੰਦਰ ਸਭ ਕੁਝ ਚੰਗਾ ਨਹੀਂ ਹੈ।ਉਨ੍ਹਾਂ ਦੋਸ਼ ਲਗਾਇਆ ਕਿ ਆਰ.ਐਸ.ਐਸ ਨੇ ਸਮਝੌਤਾ ਐਕਸਪ੍ਰੈਸ, ਮਾਲਾਗਾਉ, ਅਜਮੇਰ ਮਸਜਿਦ ਆਦਿ ਵਿੱਖੇ ਬੰਬ ਧਮਾਕੇ ਕਰਕੇ



ਸੈਂਕੜੇ ਬੇਕਸੂਰ ਲੋਕਾਂ ਦੀ ਜਾਨਾਂ ਲਈਆਂ ਸਨ। ਸੰਘ ਦੇ ਅੱਤਵਾਦੀ ਵਰਤਾਰੇ ਦਾ ਅਸਰ ਹੁਣ ਸਰਕਾਰੀ ਅਦਾਰਿਆਂ ਤੇ ਪੈ ਸਕਦਾ ਹੈ। ਇਸਲਈ ਘੱਟ ਗਿਣਤੀ ਧਰਮਾਂ ਦੀ ਰਾਖੀ ਲਈ ਸਮੁਚੀ ਆਰ. ਐਸ. ਐਸ ਤੇ ਪਾਬੰਦੀ ਲੱਗਣੀ ਚਾਹੀਦੀ ਹੈ।

# ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਬਾਲਾ ਪ੍ਰੀਤਮ ਗੁਰਮਿਤ ਸਮਾਗਮ ਸਾਊਥਾਲ ਵਿੱਚ ਕੀਤੀ ਸ਼ਮੂਲੀਅਤ



ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨਾਲ ਕਾਬਲ ਦੀਆਂ ਸਿੱਖ ਸੰਗਤਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਬਾਲਾ ਪ੍ਰੀਤਮ ਗੁਰਮਿਤ ਸਮਾਗਮ ਸਾਊਥਾਲ ਵਿਖੇ ਸ਼ਿਰਕਤ ਕਰਨ ਲਈ ਉਚੇਚੇ ਤੌਰ ਤੇ ਪਹੁੰਚੇ। ਅਫਗਾਨ ਦੀਆਂ ਸਿੱਖ ਸੰਗਤਾਂ ਵੱਲੋਂ ਕਰਵਾਏ ਗਏ ਉਕਤ ਸਮਾਗਮ ਵਿੱਚ ਗੁਰਬਾਣੀ ਵਿਚਾਰਾਂ ਸਾਂਝੀਆਂ ਕੀਤੀਆਂ। ਅਫ਼ਗਾਨਿਸਤਾਨ ਤੋਂ ਆਏ ਅਤੇ ਯੂ ਕੇ ਰਹਿੰਦੇ ਸਿੱਖਾਂ ਦੇ ਇੱਕ ਵਫ਼ਦ ਨਾਲ ਵੀ ਜੱਥੇਦਾਰ ਗਜਿੰਦਰ ਸਿੰਘ ਖ਼ਾਲਸਾ ਦੀ ਅਗਵਾਈ ਵਿੱਚ ਪੰਥਕ ਵਿਚਾਰਾਂ ਸਾਂਝੀਆਂ ਕੀਤੀਆਂ।

ਇਹ ਸਮਾਗਮ ਸਰਬੱਤ ਸਾਧ ਸੰਗਤ, ਜੱਥਾ ਪੰਜ ਪਿਆਰੇ ਸਾਹਿਬਾਨ, ਗੁਰੂ ਗੋਬਿੰਦ ਸਿੰਘ ਟਰੱਸਟ ਯੂ ਕੇ, ਸੰਤ ਬਾਬਾ ਅਮਰ ਸਿੰਘ ਨਾਨਕਸਰ ਵਾਲਿਆਂ ਅਤੇ ਕਾਬਲ ਅਫ਼ਗਾਨਿਸਤਾਨ ਦੀਆਂ ਸੰਗਤਾਂ ਦੇ ਸਾਂਝੇ ਯਤਨਾਂ ਸਦਕਾ ਕਰਵਾਏ ਗਏ। ਜਿਸ ਵਿੱਚ ਸੰਤ ਅਨੂਪ ਸਿੰਘ, ਗਿਆਨੀ ਰਣਜੀਤ ਸਿੰਘ, ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ, ਭਾਈ ਮਨਪ੍ਰੀਤ ਸਿੰਘ ਕਾਨਪੁਰੀ, ਗਿਆਨੀ ਅਮਰਜੀਤ ਸਿੰਘ ਨਾਨਕਸਰ ਆਦਿ ਨੇ ਗੁਰਬਾਣੀ ਕੀਰਤਨ ਅਤੇ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸ( ਗੁਰਮੇਲ ਸਿੰਘ ਮੱਲੀ, ਭਜਨ ਸਿੰਘ ਕਪੂਰ, ਬਲਦੀਪ ਸਿੰਘ ਅਰੋੜਾ, ਨਰਪਿੰਦਰ ਸਿੰਘ ਮਾਨ, ਮਕਬੂਲ ਅਹਿਮਦ, ਕੌਂਸਲਰ ਰਾਜੂ ਸੰਸਾਰਪੁਰੀ ਆਦਿ ਨੇ ਹਾਜ਼ਰੀ ਭਰੀ।

### -ਮਾਮਲਾ ਚਾਰ ਗ੍ਰਾਮ ਆਈਸ ਬਰਾਮਦ ਹੋਣ ਦੇ ਪੁਲੀਸ ਦੋਸ਼ਾਂ ਦਾ-

# ਸੰਸਦ ਮੈਂਬਰ ਅੰਮ੍ਰਿਤਪਾਲ ਦੇ ਭਰਾ ਹਰਪ੍ਰੀਤ ਤੇ ਉਸ ਦੇ ਸਾਥੀ ਨੂੰ ਭੇਜਿਆ ਜੇਲ੍ਹ



**ਜਲੰਧਰ-ਸੰਸਦ ਮੈਂਬਰ ਅੰਮ੍ਰਿਤਪਾਲ ਦੇ ਭਰਾ ਹਰਪ੍ਰੀਤ ਸਿੰਘ ਤੇ ਉਸ ਦੇ ਸਾਥੀ ਲਵਪ੍ਰੀਤ ਸਿੰਘ ਦਾ ਦੋ ਦਿਨ ਦਾ ਪੁਲਿਸ ਰਿਮਾਂਡ ਖ਼ਤਮ ਹੋਣ ਮਗਰੋਂ ਉਨ੍ਹਾਂ ਨੂੰ ਫਿਲੌਰ ਦੀ ਅਦਾਲਤ 'ਚ ਪੇਸ਼ ਕੀਤਾ ਗਿਆ ਜਿੱਥੋਂ ਉਨ੍ਹਾਂ ਨੂੰ ਜੇਲ੍ਹ ਭੇਜਣ ਦੇ ਹੁਕਮ ਜਾਰੀ ਕੀਤੇ ਗਏ। ਜਾਂਚ ਵਿਚ ਸਾਹਮਣੇ ਆਇਆ ਕਿ ਲਵਪ੍ਰੀਤ ਖ਼ਿਲਾਫ਼ ਪਹਿਲਾਂ ਕੋਈ ਕੇਸ ਦਰਜ ਨਹੀਂ ਹੈ ਜਦਕਿ ਹਰਪ੍ਰੀਤ ਖ਼ਿਲਾਫ਼ ਅਪਰਾਧਿਕ ਮਾਮਲਾ ਦਰਜ ਹੈ। ਪੁਲਿਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਹਰਪ੍ਰੀਤ ਤੇ ਲਵਪ੍ਰੀਤ ਦੀ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ 23 ਜੁਲਾਈ ਨੂੰ ਹੋਵੇਗੀ। ਮੁਲਜ਼ਮਾਂ ਨੂੰ ਪੁਲਿਸ ਨੇ 11 ਜੁਲਾਈ ਨੂੰ ਫਿਲੌਰ ਵਿਚ ਇਕ ਕਾਰ ਵਿਚ ਨਸ਼ੇ ਦੀ ਹਾਲਤ 'ਚ ਕਾਬੂ ਕੀਤਾ ਸੀ ਤੇ ਉਨ੍ਹਾਂ ਕੋਲੋਂ ਚਾਰ ਗ੍ਰਾਮ ਆਈਸ ਬਰਾਮਦ ਕੀਤਾ ਗਿਆ ਸੀ। ਪੁਲਿਸ ਨੇ ਅਦਾਲਤ ਵਿਚੋਂ ਮੁਲਜ਼ਮਾਂ ਦਾ ਪੁਲਿਸ ਰਿਮਾਂਡ ਮੰਗਿਆ ਸੀ, ਜਦਕਿ ਬਚਾਅ ਪੱਖ ਨੇ ਦੋਵਾਂ ਦੀ ਜ਼ਮਾਨਤ ਦੀ ਅਪੀਲ ਕੀਤੀ ਸੀ। ਵਧੀਕ ਸੈਸ਼ਨ ਜਜ ਨੇ ਜ਼ਮਾਨਤ ਦੀ ਸੁਣਵਾਈ ਲਈ 23 ਜੁਲਾਈ ਦੀ ਤਰੀਕ ਤੈਅ ਕੀਤੀ ਸੀ। ਦੋ ਦਿਨ ਦੇ ਪੁਲਿਸ ਰਿਮਾਂਡ ਦੌਰਾਨ ਮੁਲਜ਼ਮਾਂ ਕੋਲੋਂ ਕੋਈ ਬਰਾਮਦਗੀ ਨਹੀਂ ਹੋ ਸਕੀ ਹੈ। ਥਾਣਾ ਇੰਚਾਰਜ ਸੁਖਦੇਵ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਤੋਂ ਕਈ ਪਹਿਲੂਆਂ 'ਤੇ ਪੁੱਛਗਿੱਛ ਕੀਤੀ ਜਾਣੀ ਸੀ ਤੇ ਹੁਣ ਉਨ੍ਹਾਂ ਨੂੰ ਜੇਲ੍ਹ ਭੇਜਣ ਦੇ ਹੁਕਮ ਦਿੱਤੇ ਗਏ ਹਨ।**

# ਸਟਾਰਮਰ ਦੀ ਅਗਵਾਈ ਵਾਲੀ ਲੇਬਰ ਪਾਰਟੀ ਨੇ ਮਹਾਰਾਜਾ ਚਾਰਲਸ ਦੇ ਭਾਸ਼ਣ ਨਾਲ ਯੂ ਕੇ ਪਾਰਲੀਮੈਂਟ ਦਾ ਏਜੰਡਾ ਤੈਅ ਕੀਤਾ



ਮਹਾਰਾਜਾ ਚਾਰਲਸ ਭਾਸ਼ਣ ਦਿੰਦੇ ਹੋਏ ਅਤੇ ਸੰਸਦ ਵਿੱਚ ਪ੍ਰਧਾਨ ਮੰਤਰੀ ਕੀਰ ਸਟਾਰਮਰ, ਰਿਸ਼ੀ ਸੁਨਕ ਅਤੇ ਹੋਰ ਸੰਸਦ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮਹਾਰਾਜਾ ਚਾਰਲਸ ਤੀਜੇ ਨੇ ਅੱਜ ਬੁੱਧਵਾਰ ਨੂੰ ਬਰਤਾਨੀਆਂ ਦੀਆਂ ਇਤਿਹਾਸਕ ਆਮ ਚੋਣਾਂ ਤੋਂ ਬਾਅਦ ਬਰਤਾਨਵੀ ਸੰਸਦ ਦੇ ਸ਼ੈਸ਼ਨ ਰਸਮੀ ਉਦਘਾਟਨ ਕਰਦਿਆਂ ਅਗਲੇ ਸਾਲ ਲਈ ਨਵੀਂ ਬਣੀ ਲੇਬਰ ਸਰਕਾਰ ਦੀਆਂ ਵਿਧਾਨਕ ਯੋਜਨਾਵਾਂ ਦੀ ਰੂਪਰੇਖਾ ਪੇਸ਼ ਕੀਤੀ।

ਮਹਾਰਾਜਾ ਚਾਰਲਸ ਅਤੇ ਮਹਾਰਾਣੀ ਕੈਮਿਲਾ ਸੰਸਦ ਦੇ ਉਦਘਾਟਨ ਦੀ ਰਸਮਾਂ ਅਦਾ ਕਰਨ ਲਈ ਬਕਿੰਘਮ ਪੈਲੇਸ ਤੋਂ ਵੈਸਟਮਿੰਸਟਰ ਪੈਲੇਸ ਤੱਕ ਬੱਘੀ ਵਿੱਚ ਸਵਾਰ ਹੋ ਕੇ ਪਹੁੰਚੇ। ਸਦੀਆਂ ਪੁਰਾਣੀ ਇੱਕ ਪਰੰਪਰਾ ਅਨੁਸਾਰ ਬਰਤਾਨਵੀ ਬਾਦਸ਼ਾਹ ਨੇ ਨਵੇਂ ਸੰਸਦੀ ਸੈਸ਼ਨ ਦੇ ਪਹਿਲੇ ਦਿਨ ਨੂੰ ਸੰਬੋਧਨ ਕਰਨ ਮੌਕੇ ਸ਼ਾਹੀ ਤਾਜ ਅਤੇ ਸ਼ਾਹੀ ਲਿਬਾਸ ਪਹਿਨਿਆ ਸੀ।

ਮਹਾਰਾਜਾ ਚਾਰਲਸ ਰਾਜ ਦੇ ਮੁਖੀ ਦੇ ਤੌਰ 'ਤੇ ਸੰਸਦ ਦੇ ਮੁੱਖ ਪ੍ਰਵੇਸ਼ ਦੁਆਰ 'ਤੇ ਪਹੁੰਚੇ ਅਤੇ ਬਾਅਦ ਵਿੱਚ ਸ਼ਾਹੀ ਜਲੂਸ ਦੀ ਅਗਵਾਈ ਹਾਊਸ ਆਫ਼ ਲਾਰਡਜ਼ ਦੇ ਚੈਂਬਰ ਤੱਕ ਕੀਤੀ ਜਿੱਥੇ ਬਲੈਕ ਰਾਡ ਵਜੋਂ ਜਾਣੇ ਜਾਂਦੇ ਇੱਕ ਸੀਨੀਅਰ ਅਧਿਕਾਰੀ ਨੇ ਹਾਊਸ ਆਫ਼ ਕਾਮਨਜ਼ ਦੇ ਮੈਂਬਰਾਂ ਨੂੰ ਲਾਰਡਜ਼ ਵਿੱਚ ਭਾਸ਼ਣ ਸੁਣਨ ਲਈ ਬੁਲਾਇਆ।

ਇਸ ਤੋਂ ਪਹਿਲਾਂ, ਸ਼ਾਹੀ ਅੰਗ ਰੱਖਿਅਕਾਂ ਨੇ ਰਸਮੀ ਤੌਰ 'ਤੇ ਕਿਸੇ ਵਿਸਫੋਟਕ ਸਮੱਗਰੀ ਤੋਂ ਬਚਾਅ ਲਈ ਵੈਸਟਮਿੰਸਟਰ ਪੈਲੇਸ ਦੀ ਰਸਮੀ ਤਲਾਸ਼ੀ ਲਈ ਕਿਉਂਕਿ 1605 ਵਿੱਚ ਪ੍ਰੋਟੈਸਟੈਂਟ ਮਹਾਰਾਜਾ ਜੇਮਸ ਪਹਿਲੇ ਅਤੇ ਸੰਸਦ ਨੂੰ ਉਡਾਉਣ ਦੀ ਅੰਗਰੇਜ਼ੀ ਕੈਥੋਲਿਕਾਂ ਦੁਆਰਾ ਇੱਕ ਅਸਫਲ ਕੋਸ਼ਿਸ਼ ਕੀਤੀ ਗਈ ਸੀ।

ਉਸ ਪ੍ਰੰਪਰਾ ਅਨੁਸਾਰ ਸੰਸਦ ਦੇ ਇੱਕ ਮੈਂਬਰ ਨੂੰ ਹਮੇਸ਼ਾ ਬਕਿੰਘਮ ਪੈਲੇਸ ਵਿੱਚ ਰਸਮੀ ਤੌਰ 'ਤੇ "ਬੰਧਕ" ਰੱਖਿਆ ਜਾਂਦਾ ਹੈ ਜੋ ਮਹਾਰਾਜੇ ਦੀ ਸੁਰੱਖਿਅਤ ਵਾਪਸੀ ਨੂੰ ਯਕੀਨੀ ਬਣਾਉਣ ਲਈ ਕੀਤਾ ਜਾਂਦਾ ਹੈ। ਇਹ ਭੂਮਿਕਾ ਘਰ ਦੇ ਵਾਈਸ-ਚੈਂਬਰਲੇਨ ਸਾਮੰਥਾ ਡਿਕਸਨ ਐਮ ਪੀ, ਇੱਕ ਸਰਕਾਰੀ ਵ੍ਹਿਪ ਨੇ ਨਿਭਾਈ।

ਮਹਾਰਾਜਾ ਨੇ ਨਵੀਂ ਚੁਣੀ ਗਈ ਲੇਬਰ ਪਾਰਟੀ ਦੀ ਸਰਕਾਰ ਦੇ ਸੰਸਦੀ ਏਜੰਡੇ ਨੂੰ ਨਿਰਧਾਰਿਤ ਕਰਦੇ ਹੋਏ, ਲਗਭਗ 39 ਕਾਨੂੰਨਾਂ ਦੇ ਨਾਲ-ਨਾਲ ਹੋਰ ਨੀਤੀਗਤ ਤਰਜੀਹਾਂ ਨੂੰ ਵੀ ਭਾਸ਼ਣ ਵਿੱਚ ਸ਼ਾਮਿਲ ਕੀਤਾ ਜੋ ਪ੍ਰਧਾਨ ਮੰਤਰੀ ਕੀਰ ਸਟਾਰਮਰ ਲਾਗੂ ਕਰਨ ਦਾ ਇਰਾਦਾ ਰੱਖਦੇ ਹਨ।

ਭਾਸ਼ਣ ਦੇ ਮੁੱਖ ਨੁਕਤਿਆਂ ਵਿੱਚ ਆਰਥਿਕ ਵਿਕਾਸ, ਨਵੇਂ ਘਰਾਂ ਦਾ ਨਿਰਮਾਣ ਅਤੇ ਰੇਲਵੇ ਦੇ ਰਾਸ਼ਟਰੀ ਕਰਨ ਕਰਨ ਦੇ ਨਾਲ ਨਾਲ ਕੰਮ ਕਰਨ ਵਾਲੇ ਲੋਕਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਕਰਨ ਨੂੰ ਤਰਜੀਹ ਦੇਣਾਂ ਦੱਸਿਆ ਗਿਆ ਹੈ।

ਮਹਾਰਾਜਾ ਚਾਰਲਸ ਨੇ ਕਿਹਾ ਕਿ ਮੇਰੀ ਸਰਕਾਰ ਦਾ ਵਿਧਾਨਕ ਪ੍ਰੋਗਰਾਮ ਮਿਸ਼ਨ-ਅਗਾਂਹਵਧੂ ਹੋਵੇਗਾ ਅਤੇ ਸੁਰੱਖਿਆ, ਨਿਰਪੱਖਤਾ ਅਤੇ ਸਾਰਿਆਂ ਲਈ ਮੌਕੇ ਪ੍ਰਦਾਨ ਕਰਨ ਦੇ ਸਿਧਾਂਤਾਂ 'ਤੇ ਅਧਾਰਤ ਹੋਵੇਗਾ। ਉਹਨਾਂ ਕਿਹਾ ਕਿ ਆਰਥਿਕ ਵਿਕਾਸ ਨੂੰ ਸੁਰੱਖਿਅਤ ਕਰਨਾ ਇੱਕ ਬੁਨਿਆਦੀ ਮਿਸ਼ਨ ਹੋਵੇਗਾ। ਮੇਰੀ ਸਰਕਾਰ ਕਾਰੋਬਾਰੀ ਅਤੇ ਕੰਮ ਕਰਨ ਵਾਲੇ ਲੋਕਾਂ ਦੋਵਾਂ ਨਾਲ ਇੱਕ ਨਵੀਂ ਭਾਈਵਾਲੀ ਪੈਦਾ ਕਰੇਗੀ ਅਤੇ ਸਾਰੇ ਭਾਈਚਾਰਿਆਂ ਦੀ ਆਰਥਿਕਤਾ ਮਜ਼ਬੂਤ ਕਰਨ ਨੂੰ ਤਰਜੀਹ ਦੇ ਕੇ ਦੇਸ਼ ਨੂੰ ਚੁਣੌਤੀਆਂ ਤੋਂ ਬਾਹਰ ਨਿਕਲਣ ਵਿੱਚ ਮਦਦ ਕਰੇਗੀ।

# ਪ੍ਰੀਤ ਕੌਰ ਗਿੱਲ ਸਮੇਤ ਬਰਤਾਨਵੀ ਸੰਸਦ ਦੀਆਂ ਤਿੰਨ ਮੈਂਬਰ ਪੰਜਾਬਣਾਂ ਅਤੇ ਗੁਰਿੰਦਰ ਸਿੰਘ ਜੋਸ਼ਨ ਨੂੰ ਅਹਿਮ ਜ਼ਿੰਮੇਂਵਾਰੀਆਂ



ਪ੍ਰੀਤ ਕੌਰ ਗਿੱਲ, ਸਤਵੀਰ ਕੌਰ, ਹਰਪ੍ਰੀਤ ਕੌਰ ਉੱਪਲ ਅਤੇ ਗੁਰਿੰਦਰ ਸਿੰਘ ਜੋਸ਼ਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਨਵੀਂ ਲੇਬਰ ਸਰਕਾਰ ਨੇ ਕੰਮਕਾਜ ਸੰਭਾਲ ਲਿਆ ਹੈ ਅਤੇ ਮੰਤਰੀ ਮੰਡਲ ਵਿੱਚ ਵਾਧੇ ਤੋਂ ਬਾਅਦ ਹੋਰ ਅਹੁਦਿਆਂ ਲਈ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ। ਜਿਸ ਵਿੱਚ ਸਾਬਕਾ ਸ਼ੈਡੋ ਮੰਤਰੀ ਪ੍ਰੀਤ ਕੌਰ ਗਿੱਲ ਨੂੰ ਕਾਰੋਬਾਰੀ ਅਤੇ ਵਪਾਰ ਵਿਭਾਗ ਲਈ ਨਿੱਜੀ ਸਕੱਤਰ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪਹਿਲੀ ਵਾਰ ਚੋਣਾਂ ਜਿੱਤਣ ਵਾਲੀਆਂ ਸਤਬੀਰ ਕੌਰ ਨੂੰ ਮੰਤਰੀ ਮੰਡਲ ਦੀ ਸੰਸਦੀ ਨਿੱਕੀ ਸਕੱਤਰ ਅਤੇ ਹਰਪ੍ਰੀਤ ਕੌਰ ਉੱਪਲ ਨੂੰ ਉੱਪ ਪ੍ਰਧਾਨ ਮੰਤਰੀ ਦਫਤਰ, ਰਿਹਾਇਸ਼ੀ ਅਤੇ ਭਾਈਚਾਰਕ ਤੋਂ ਇਲਾਵਾ ਸਥਾਨਿਕ ਸਰਕਾਰਾਂ ਵਿਭਾਗ ਦੀ ਜ਼ਿੰਮੇਂਵਾਰੀ ਨਿਭਾਉਣ ਲਈ ਨਿੱਜੀ ਸਕੱਤਰ ਦਾ ਅਹੁਦਾ ਦਿੱਤਾ ਗਿਆ ਹੈ। ਲੇਬਰ ਪਾਰਟੀ ਵੱਲੋਂ ਗੁਰਿੰਦਰ ਸਿੰਘ ਜੋਸ਼ਨ ਕੌਮੀ ਕਾਰਜਕਾਰਨੀ ਕਮੇਟੀ ਦਾ ਮੈਂਬਰ ਚੁਣਿਆ ਗਿਆ ਹੈ, ਜਿਸ ਦਾ ਮੁੱਖ ਉਦੇਸ਼ ਦੇਸ਼ ਭਰ ਵਿੱਚ ਪਾਰਟੀ ਦੇ ਉਦੇਸ਼ਾਂ ਨੂੰ ਸੁਰੱਖਿਅਤ ਕਰਨ ਲਈ ਸੰਸਦ ਵਿੱਚ ਪਾਰਟੀ ਪ੍ਰਤੀਨਿੱਧੀਆਂ, ਵਿਵਸਥਿਤ ਪ੍ਰਸ਼ਾਸ਼ਨ ਅਤੇ ਸਥਾਨਿਕ ਸਰਕਾਰਾਂ ਨਾਲ ਸਾਂਝੇਦਾਰੀ ਵਿੱਚ ਕੰਮ ਕਰਨਾ ਹੈ।

# ਯੂ ਕੇ ਹੁਣ ਗੈਰਕਾਨੂੰਨੀ ਭਾਰਤੀਆਂ ਦੀਆਂ ਸ਼ਰਨਾਰਥੀ ਅਰਜ਼ੀਆਂ ਤੇ ਜਲਦੀ ਫੈਸਲਾ ਕਰਕੇ ਵਪਿਸ ਭੇਜਣ ਲਈ ਯੋਜਨਾ ਬਣਾ ਰਿਹਾ ਹੈ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੇਬਰ ਸਰਕਾਰ ਦੀਆਂ ਨਵੀਆਂ ਤਜਵੀਜ਼ਾਂ ਦੇ ਤਹਿਤ, ਭਾਰਤ ਸਮੇਤ ਇਸ ਵਰਗੇ ਹੋਰ ਸੁਰੱਖਿਅਤ ਦੇਸ਼ਾਂ ਤੋਂ ਗੈਰ-ਕਾਨੂੰਨੀ ਤੌਰ 'ਤੇ ਯੂ ਕੇ ਵਿੱਚ ਦਾਖਲ ਹੋਣ ਵਾਲੇ ਪ੍ਰਵਾਸੀਆਂ ਦੀਆਂ ਸ਼ਰਣ ਅਰਜ਼ੀਆਂ 'ਤੇ ਜਲਦੀ ਫੈਸਲਾ ਕਰਕੇ ਉਹਨਾਂ ਨੂੰ ਜਲਦੀ ਵਾਪਸ ਭੇਜਣ ਦੀ ਕੋਸ਼ਿਸ਼ ਕਰੇਗਾ।

ਯੂ ਕੇ ਦੀ ਗ੍ਰਹਿ ਮੰਤਰੀ ਯਵੇਟ ਕੂਪਰ ਨੇ ਕਿਹਾ ਹੈ ਕਿ ਰਵਾਂਡਾ ਸਕੀਮ ਖ਼ਤਮ ਕਰਨ ਤੋਂ ਬਾਅਦ ਇਸ ਯੋਜਨਾਂ ਨੂੰ ਹੁਣ ਇੱਕ ਨਵੇਂ ਰਿਟਰਨ ਐਂਡ ਇਨਫੋਰਸਮੈਂਟ ਪ੍ਰੋਗਰਾਮ ਵਿੱਚ ਤਬਦੀਲ ਕਰਨ ਲਈ ਕੰਮ ਸ਼ੁਰੂ ਕਰ ਦਿੱਤਾ ਹੈ। ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਫਰੀਕੀ ਦੇਸ਼ ਭੇਜਣ ਦੀ ਕੋਸ਼ਿਸ਼ ਕਰਨ ਦੀ ਨੀਤੀ ਦੀ ਥਾਂ, ਗ੍ਰਹਿ ਦਫਤਰ ਗੈਰ-ਕਾਨੂੰਨੀ ਕਾਮਿਆਂ ਨੂੰ ਰੁਜ਼ਗਾਰ ਦੇਣ ਵਾਲੇ ਕਾਰੋਬਾਰਾਂ 'ਤੇ ਵੱਧ ਤੋਂ ਵੱਧ ਛਾਪੇਮਾਰੀ ਕਰਕੇ ਉਹਨਾਂ ਦੇ ਮੂਲ ਦੇਸ਼ਾਂ 'ਚ ਵਾਪਸ ਭੇਜਣ ਦੀ ਯੋਜਨਾ ਬਣਾ ਰਿਹਾ ਹੈ।

ਉਹਨਾਂ ਕਿਹਾ ਕਿ ਅਸੀਂ ਫਾਸਟ-ਟਰੈਕ ਫੈਸਲਿਆਂ ਅਤੇ ਸੁਰੱਖਿਅਤ ਦੇਸ਼ਾਂ ਲਈ ਵਾਪਸੀ ਲਈ ਨਵੀਆਂ ਯੋਜਨਾਵਾਂ ਤਿਆਰ ਕਰ ਰਹੇ ਹਾਂ। ਲੋਕ ਸਹੀ ਢੰਗ ਨਾਲ ਨਿਯੰਤਰਿਤ ਅਤੇ ਪ੍ਰਬੰਧਿਤ ਸ਼ਰਣ ਪ੍ਰਣਾਲੀ ਨੂੰ ਦੇਖਣਾ ਚਾਹੁੰਦੇ ਹਨ, ਬਰਤਾਨੀਆਂ ਸੰਘਰਸ਼ ਅਤੇ ਅਤਿਆਚਾਰ ਤੋਂ ਬਚਣ ਵਾਲਿਆਂ ਦੀ ਮਦਦ ਕਰਦਾ ਹੈ, ਪਰ ਜਿਹੜੇ ਲੋਕਾਂ ਨੂੰ ਇਥੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ, ਉਨ੍ਹਾਂ ਨੂੰ ਤੁਰੰਤ ਵਾਪਿਸ ਭੇਜਿਆ ਜਾਂਦਾ ਹੈ।

ਭਾਰਤ ਨੂੰ ਯੂ ਕੇ ਦੀ ਸੁਰੱਖਿਅਤ ਦੇਸ਼ਾਂ ਦੀ ਸੂਚੀ ਵਿੱਚ ਨਵੰਬਰ 2023 ਵਿੱਚ ਸ਼ਾਮਲ ਕੀਤਾ ਗਿਆ ਸੀ, ਜਿਸ ਤਹਿਤ ਜਿਹੜੇ ਭਾਰਤੀ ਗੈਰਕਾਨੂੰਨੀ ਢੰਗ ਨਾਲ ਯੂ ਕੇ ਦਾਖਿਲ ਹੁੰਦੇ ਹਨ ਉਹਨਾਂ ਨੂੰ ਵਾਪਿਸ ਭਾਰਤ ਭੇਜਣ ਦੀ ਪ੍ਰਕਿਰਿਆ ਨੂੰ ਤੇਜ਼ ਕਰੇਗਾ। ਗ੍ਰਹਿ ਦਫਤਰ ਦੇ ਅੰਕੜੇ ਦਿਖਾਉਂਦੇ ਹਨ ਕਿ ਭਾਰਤ ਆਏ ਲੋਕਾਂ ਨੂੰ ਬਹੁਤ ਘੱਟ ਸ਼ਰਣ ਦਿੱਤੀ ਜਾਂਦੀ ਹੈ।

# ਸਤਨਾਮ ਸਿੰਘ ਸੰਧੂ ਗੁਰਦੁਆਰਾ ਸਿੰਘ ਸਭਾ ਲੰਡਨ ਈਸਟ ਦੇ ਮੁੜ ਪ੍ਰਧਾਨ ਬਣੇ



ਸਤਨਾਮ ਸਿੰਘ ਸੰਧੂ ਅਤੇ ਚੋਣ ਕਮੇਟੀ ਮੈਂਬਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸਿੰਘ ਸਭਾ ਲੰਡਨ ਈਸਟ ਦੀ ਪ੍ਰਬੰਧਕ ਕਮੇਟੀ ਦੀ ਚੋਣ ਸਰਬ ਸੰਮਤੀ ਨਾਲ ਹੋਈ। ਜਿਸ ਵਿੱਚ ਸਤਨਾਮ ਸਿੰਘ ਸੰਧੂ ਨੂੰ ਮੁੜ ਪ੍ਰਧਾਨ ਚੁਣ ਲਿਆ ਗਿਆ। ਇਹ ਨਵੀਂ ਚੋਣ ਅਗਲੇ ਤਿੰਨ ਸਾਲਾਂ ਲਈ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ: ਗੁਰਦੀਪ ਸਿੰਘ ਹੁੰਦਲ ਨੇ ਦੱਸਿਆ ਕਿ ਇਸ ਵਾਰ ਸਰਬ ਸੰਮਤੀ ਨਾਲ ਚੋਣ ਕਰਵਾਉਣ ਲਈ ਭਾਈਚਾਰੇ ਦੀਆਂ 6 ਪ੍ਰਮੁੱਖ ਸਖਸ਼ੀਅਤਾਂ ਨੂੰ ਜਿੰਮੇਂਵਾਰੀ ਦਿੱਤੀ ਗਈ ਸੀ, ਜਿਸ ਵਿੱਚ ਸ: ਗੁਰਦੀਪ ਸਿੰਘ ਹੁੰਦਲ, ਮੇਜਰ ਸਿੰਘ ਬਾਸੀ, ਹਰਭਜਨ ਸਿੰਘ ਮਾਨ, ਲਹਿੰਬਰ ਸਿੰਘ ਲੱਧੜ, ਸੰਸਾਰ ਸਿੰਘ ਨਰਵਾਲ ਅਤੇ ਲਹਿੰਬਰ ਸਿੰਘ ਲੇਹਲ ਸ਼ਾਮਿਲ ਸਨ। ਮੌਜੂਦਾ ਕਮੇਟੀ ਦੇ ਕਾਰਜ ਕਾਲ ਦਾ ਸਮਾਂ 14 ਜੁਲਾਈ ਨੂੰ ਖ਼ਤਮ ਹੋ ਰਿਹਾ ਸੀ, ਜਿਸ ਕਰਕੇ ਸ: ਸਤਨਾਮ ਸਿੰਘ ਸੰਧੂ ਅਤੇ ਉਹਨਾਂ ਦੇ ਸਾਥੀਆਂ ਦੀਆਂ ਸੇਵਾਵਾਂ ਨੂੰ ਵੇਖਦਿਆਂ ਅਗਲੇ ਤਿੰਨ ਸਾਲਾਂ ਲਈ ਮੁੜ ਸੇਵਾ ਸੰਭਾਲ ਦੀ ਜਿੰਮੇਂਵਾਰੀ ਦਿੱਤੀ ਗਈ ਹੈ।

# ਬ੍ਰੈਡਫੋਰਡ ਯੂਨੀਵਰਸਿਟੀ ਵੱਲੋਂ ਕਾਰੋਬਾਰੀ ਨਿਰਮਲ ਸਿੰਘ ਐਮ. ਬੀ. ਈ ਦਾ ਸਨਮਾਨ

ਇੱਕ ਆਦਮੀ ਜੋ ਯੂਕੇ ਵਿੱਚ ਆਪਣੇ ਨਾਲ ਸਿਰਫ਼ £3 ਨਾਲ ਲੈ ਕੇ ਪਹੁੰਚਿਆ ਅਤੇ ਆਪਣੇ ਆਪ ਨੂੰ ਸਥਾਪਤ ਕਰਨ ਲਈ ਅੱਗੇ ਵਧਿਆ ਤੇ ਮਲਟੀ-ਮਿਲੀਅਨ ਪੌਂਡ ਦੇ ਕਾਰੋਬਾਰ ਦਾ ਮਾਲਕ ਬਣਿਆ। ਬ੍ਰੈਡਫੋਰਡ ਯੂਨੀਵਰਸਿਟੀ ਨੇ ਨਿਰਮਲ ਸਿੰਘ ਐਮ. ਬੀ. ਈ. ਦੀ ਪ੍ਰੇਰਨਾਦਾਇਕ ਰਾਗ-ਟੂ-ਰਿਚ ਕਹਾਣੀ ਨੇ ਉਸ ਨੂੰ ਵਿਸ਼ੇਸ਼ ਸਨਮਾਨ ਦਿੱਤਾ ਹੈ। ਯੂਕੇ ਵਿੱਚ ਕੰਮ ਕਰਨ ਅਤੇ ਆਪਣੇ ਕਿਸਾਨ ਪਰਿਵਾਰ ਨੂੰ ਪੈਸੇ ਵਾਪਸ ਭੇਜਣ ਦਾ ਕੰਮ ਕੀਤਾ, ਇੱਕ 15 ਸਾਲਾ ਨਿਰਮਲ ਹੀਥਰੋ ਹਵਾਈ ਅੱਡੇ 'ਤੇ ਉਤਰਿਆ। ਨੌਜਵਾਨ ਨਿਰਮਲ ਸਿੰਘ ਨੂੰ ਫਿਰ ਬ੍ਰੈਡਫੋਰਡ ਦੇ ਟੈਕਸਟਾਈਲ ਵਪਾਰ, ਰਜਾਈਆਂ ਬਣਾਉਣ ਵਿੱਚ ਨੌਕਰੀ ਮਿਲੀ। ਆਪਣੇ ਬੌਸ ਦੀ ਮੌਤ ਤੋਂ ਬਾਅਦ, ਉਸਨੇ ਇੱਕ ਸਿਲਾਈ ਮਸ਼ੀਨ ਖਰੀਦੀ ਅਤੇ ਉਸਦੇ



ਸ: ਨਿਰਮਲ ਸਿੰਘ ਐਮ. ਬੀ. ਈ.

ਨਾਲ ਪਤਨੀ ਹਰਮੇਸ਼ ਕੌਰ ਨੇ ਕਾਰੋਬਾਰ ਸੰਭਾਲ ਲਿਆ, ਜਿਸ ਦਾ ਨਾਂ 'ਨਿਰਮਲ ਰਜ਼ਾਈ ਮਾਰਟ' ਰੱਖਿਆ ਗਿਆ ਮਾਰਟ ਕੰਪਨੀ ਲਿਮਿਟੇਡ' ਜਿਵੇਂ-ਜਿਵੇਂ ਬਿਸਤਰੇ ਦਾ ਕਾਰੋਬਾਰ ਵਧਦਾ-ਫੁੱਲਦਾ ਗਿਆ, ਨਿਰਮਲ ਨੇ ਆਪਣੇ ਮੁਨਾਫ਼ਿਆਂ ਦੀ ਵਰਤੋਂ ਛੋਟੇ ਘਰ ਖਰੀਦਣ ਅਤੇ ਨਵੀਨੀਕਰਨ ਕਰਨ ਲਈ ਕੀਤੀ, ਜਿਸ ਨੂੰ ਹੁਣ ਨਿਰਮਲ ਸੇਖੋਂ ਗਰੁੱਪ ਵਜੋਂ ਜਾਣਿਆ ਜਾਂਦਾ ਹੈ, ਸਫਲ ਹੋ ਗਿਆ ਹੈ ਪੂਰੇ ਪੱਛਮੀ ਯਾਰਕਸ਼ਾਇਰ ਵਿੱਚ ਲਗਭਗ 2,000 ਅਪਾਰਟਮੈਂਟ ਉਸਾਰੀ ਅਧੀਨ ਹਨ। ਸਿੰਘ ਨੂੰ ਹੁਣ ਯੂਨੀਵਰਸਿਟੀ ਆਫ ਡਾਕਟਰ ਦੀ ਆਨਰੇਰੀ ਡਿਗਰੀ ਨਾਲ ਸਨਮਾਨਿਤ ਕੀਤਾ ਗਿਆ ਹੈ ਬ੍ਰੈਡਫੋਰਡ - 'ਵਿੱਚ ਭਾਈਚਾਰਿਆਂ ਪ੍ਰਤੀ ਆਪਣੀ ਮਹੱਤਵਪੂਰਨ ਵਚਨਬੱਧਤਾ ਨੂੰ ਮਾਨਤਾ ਦੇਣ ਲਈ ਬ੍ਰੈਡਫੋਰਡ ਅਤੇ ਯੂਨੀਵਰਸਿਟੀ '। ਨਿਰਮਲ, 72, ਨੇ ਕਿਹਾ: "ਇਸ ਨੂੰ ਸਿਰਫ 'ਧਨ ਦੀ ਚੀਥੜੀ' ਕਹਾਣੀ ਦੇ ਰੂਪ ਵਿੱਚ ਬਿਆਨ ਕੀਤਾ ਜਾ ਸਕਦਾ ਹੈ, ਕਿਉਂਕਿ ਜਦੋਂ ਮੈਂ 15 ਸਾਲ ਦੀ ਉਮਰ ਵਿੱਚ ਯੂਨਾਈਟਿਡ ਕਿੰਗਡਮ ਆਇਆ, ਮੇਰੀ ਜੇਬ ਵਿੱਚ ਸਿਰਫ £3 ਸੀ। ਮੇਰੇ ਕਾਰੋਬਾਰੀ ਜੀਵਨ ਵਿੱਚ ਪ੍ਰਾਪਤੀਆਂ ਮੇਰੀ ਕਲਪਨਾ ਤੋਂ ਪਰੇ ਹਨ, ਪਰ ਮੈਂ ਇਮਾਨਦਾਰੀ ਨਾਲ ਆਪਣੇ ਉਦੇਸ਼ਾਂ ਨੂੰ ਪ੍ਰਾਪਤ ਕੀਤਾ ਜਿਸ 'ਤੇ ਮੈਨੂੰ ਬਹੁਤ ਮਾਣ ਹੈ। "ਬ੍ਰੈਡਫੋਰਡ ਮੇਰਾ ਘਰ ਹੈ ਅਤੇ ਮੇਰੀ ਪ੍ਰੇਰਨਾ ਦਾ ਸਰੋਤ ਹੈ, ਕਿਉਂਕਿ ਮੈਂ ਉਦੋਂ ਤੋਂ ਇੱਥੇ ਰਹਿ ਰਿਹਾ ਹਾਂ 1967 ਵਿੱਚ ਗ੍ਰੇਟ ਬ੍ਰਿਟੇਨ ਵਿੱਚ ਮੇਰੀ ਆਮਦ ਹੋਈ । "ਤੁਸੀਂ ਜਿੱਥੇ ਵੀ ਹੋ, ਸ਼ਹਿਰ ਨੇ ਮੇਰਾ ਸੁਆਗਤ ਕੀਤਾ ਹੈ, ਅਤੇ ਮੈਂ ਮਹਿਸੂਸ ਕਰਦਾ ਹਾਂ ਸ਼ਹਿਰ ਦੀ ਤਰਫੋਂ ਰਾਜਦੂਤ, ਖੇਤਰੀ, ਰਾਸ਼ਟਰੀ ਅਤੇ ਇਸਦੀ ਨੁਮਾਇੰਦਗੀ ਕਰਦੇ ਹੋਏ ਅੰਤਰਰਾਸ਼ਟਰੀ ਤੌਰ 'ਤੇ. "ਕੋਈ ਵੀ ਵਿਅਕਤੀ ਆਪਣੇ ਸਕਾਰਾਤਮਕ ਅਨੁਸਾਰ, ਮਹਾਨ ਪ੍ਰਸ਼ੰਸਾ ਅਤੇ ਉਚਾਈਆਂ ਪ੍ਰਾਪਤ ਕਰ ਸਕਦਾ ਹੈ ਸਾਨੂੰ ਸਾਫ਼ ਦਿਲ ਰੱਖਣਾ, ਅਤੇ ਸਖ਼ਤ ਮਿਹਨਤ ਕਰਨਾ।" ਆਪਣੀ ਆਨਰੇਰੀ ਡਾਕਟਰੇਟ ਬਾਰੇ, ਨਿਰਮਲ ਨੇ ਕਿਹਾ: "ਮੈਂ ਇਸ ਲਈ ਮਾਨਤਾ ਪ੍ਰਾਪਤ ਕਰਕੇ ਸਨਮਾਨਿਤ ਮਹਿਸੂਸ ਕਰਦਾ ਹਾਂ ਡਾਕ-ਟਰੇਟ; ਉਸ ਕੰਮ ਲਈ ਮਾਨਤਾ ਪ੍ਰਾਪਤ ਕਰਨਾ ਹਮੇਸ਼ਾ ਖੁਸ਼ੀ ਦੀ ਗੱਲ ਹੈ ਜੋ ਮੈਂ ਇਸ ਉੱਤੇ ਕੀਤਾ ਹੈ ਪਿਛਲੇ 52 ਸਾਲ, ਰੰਗ, ਨਸਲ ਜਾਂ ਨਸਲ ਦੀ ਪਰਵਾਹ ਕੀਤੇ ਬਿਨਾਂ। "ਮੈਂ ਇਹ ਸਨਮਾਨ ਪ੍ਰਾਪਤ ਕਰਕੇ ਉੱਚਾ ਮਹਿਸੂਸ ਕਰਦਾ ਹਾਂ, ਕਿਉਂਕਿ ਇਹ ਮੇਰੇ ਜੱਦੀ ਸ਼ਹਿਰ ਦੀ ਸੰਸਥਾ ਤੋਂ ਹੈ।"

## ਬਰਤਾਨੀਆਂ ਦੇ ਸਕੂਲਾਂ ਵਿੱਚ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਨੂੰ ਵਿਸ਼ੇ ਦੇ ਤੌਰ ਤੇ ਪੜ੍ਹਾਉਣ ਲਈ ਲੋੜੀਂਦੇ ਯਤਨ ਕੀਤੇ ਜਾਣ - ਭੱਕਨਾ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਭਾਸ਼ਾ ਚੇਤਨਾ ਬੋਰਡ ਵੱਲੋਂ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਅਗਵਾਈ ਵਿੱਚ ਲੇਬਰ ਪਾਰਟੀ ਦੇ ਨਵੇਂ ਚੁਣੇਂ ਸਾਂਸਦਾਂ ਨੂੰ ਜਿੱਤ ਦੀਆਂ ਧਾਈਆਂ ਦਿੰਦਿਆਂ ਸਿੱਖਿਆ ਮੰਤਰੀ ਬ੍ਰਿਜੇਟ ਫਿਲਿਪਸਨ ਅਤੇ ਸਮੂਹ ਪੰਜਾਬੀ ਅਤੇ ਭਾਰਤੀ ਮੂਲ ਦੇ ਸਾਂਸਦਾਂ ਨੂੰ ਅਪੀਲ ਕੀਤੀ ਹੈ ਕਿ ਕਿ ਬਰਤਾਨੀਆਂ ਦੇ ਸਕੂਲਾਂ ਵਿੱਚ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਨੂੰ ਵਿਸ਼ੇ ਦੇ ਤੌਰ ਤੇ ਪੜ੍ਹਾਉਣ ਲਈ ਲੋੜੀਂਦੇ ਯਤਨ ਕੀਤੇ ਜਾਣ। ਪੰਜਾਬੀ ਭਾਸ਼ਾ ਚੇਤਨਾ ਬੋਰਡ ਦੇ ਡਾਇਰੈਕਟਰ ਹਰਮੀਤ ਸਿੰਘ ਭੱਕਨਾ ਨੇ ਕਿਹਾ ਕਿ ਬਰਤਾਨੀਆ ਵਿੱਚ 20 ਲੱਖ ਤੋਂ ਵੱਧ ਭਾਰਤੀ ਵੱਸਦੇ ਹਨ, ਪੰਜਾਬੀ ਇੱਥੇ ਚੌਥੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਬੋਲੀ ਹੈ। ਉਹਨਾ ਕਿਹਾ



ਹਰਮੀਤ ਸਿੰਘ ਭੱਕਨਾ

ਕਿ ਇਸ ਵਾਰ ਘੱਟ ਗਿਣਤੀ ਪਿਛੋਕੜ ਵਾਲੇ ਸਾਂਸਦਾਂ ਦੀ ਚੋਖੀ ਗਿਣਤੀ ਵਧੀ ਹੈ, ਚੜਦੇ ਪੰਜਾਬ ਨਾਲ ਸਬੰਧਿਤ 12 ਦੇ ਕਰੀਬ ਸੰਸਦ ਮੈਂਬਰ ਬਣੇ ਹਨ। ਸਾਨੂੰ ਆਸ ਹੈ ਕਿ ਬਰਤਾਨੀਆਂ ਦੇ ਸਕੂਲਾਂ ਵਿੱਚ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਨੂੰ ਵਿਸ਼ੇ ਦੇ ਤੌਰ ਤੇ ਪੜ੍ਹਾਉਣ ਲਈ ਲੋੜੀਂਦੇ ਯਤਨ ਕੀਤੇ ਜਾਣ ਦੀ ਸਾਡੀ ਇਸ ਮੰਗ ਦਾ ਸਮੂਹ ਪੰਜਾਬੀ ਅਤੇ ਭਾਰਤੀ ਮੂਲ ਦੇ ਸਾਂਸਦ ਸਮਰਥਨ ਕਰਨਗੇ। ਸ: ਭੱਕਨਾ ਨੇ ਕਿਹਾ ਸਾਡੀ ਕੋਸ਼ਿਸ਼ ਹੈ ਕਿ ਸਾਡੀ ਅਗਲੀ ਪੀੜੀ ਬਰਤਾਨੀਆਂ ਦੇ ਵਿਭਿੰਨਤਾ ਵਾਲੇ ਚੰਗੇ ਸਮਾਜ ਦੀ ਸਰਜਣਾ ਕਰਦੇ ਹੋਏ ਆਪਣੇ ਵਿਰਸੇ ਨੂੰ ਵੀ ਯਾਦ ਰੱਖੇ।**

## ਅਗਿਆਤ ਅਨਸਰਾਂ ਵੱਲੋਂ ਫ਼ਿਰੌਤੀਆਂ ਮੰਗਣ ਅਤੇ ਧਮਕੀਆਂ ਦੇਣ ਦਾ ਮੁੱਦਾ

## *ਟਰਾਂਸਪੋਟਰਾਂ, ਕਾਰੋਬਾਰੀਆਂ, ਸਿਆਸਤਦਾਨਾਂ ਅਤੇ ਹੋਰਨਾਂ ਪਤਵੰਤਿਆਂ ਦੀ ਵਿਸ਼ਾਲ ਇਕੱਤਰਤਾ

**ਵੈਨਕੂਵਰ-(ਮਲਕੀਤ ਸਿੰਘ)-ਕੁਝ ਅਗਿਆਤ ਅਨਸਰਾਂ ਵੱਲੋਂ ਉੱਘੇ ਕਾਰੋਬਾਰੀਆਂ ਅਤੇ ਕੁਝ ਟਰਾਂਸਪੋਟਰਾਂ ਨੂੰ ਫ਼ੋਨ ਕਾਲਾਂ ਕਰਕੇ ਧਮਕੀਆਂ ਦੇਣ ਵਾਲੇ ਅਤੇ ਫ਼ਿਰੌਤੀਆਂ ਮੰਗਣ ਵਾਲਿਆਂ ਤੋਂ ਪ੍ਰੇਸ਼ਾਨ 'ਬੀ. ਸੀ. ਟਰੈਕਿੰਗ ਐਸੋਸੀਏਸ਼ਨ' ਦੇ ਸਹਿਯੋਗ ਨਾਲ ਸਰੀ ਸਥਿਤ ਆਰੀਆ ਬੈਂਕੁਇੰਟ ਹਾਲ 'ਚ ਰੱਖੀ ਗਈ ਆਮ ਲੋਕਾਂ ਦੀ ਇਕੱਤਰਤਾ 'ਚ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਸਮੇਤ ਕਈ ਹੋਰ ਪਤਵੰਤਿਆਂ ਨੇ ਸ਼ਿਰਕਤ ਕਰਕੇ ਇਸ ਪ੍ਰੇਸ਼ਾਨੀ ਸਬੰਧੀ ਸਮੂਹਿਕ ਤੌਰ 'ਤੇ ਅਵਾਜ਼ ਬੁਲੰਦ ਕਰਦਿਆਂ ਇਸ ਦਾ ਜਲਦੀ ਹੱਲ ਕੀਤੇ ਜਾਣ ਦੀ ਮੰਗ ਕੀਤੀ। ਇਸ ਮੌਕੇ 'ਤੇ ਇਸ ਗੰਭੀਰ ਸਮੱਸਿਆ 'ਤੇ ਵਿਚਾਰ ਪੇਸ਼ ਕਰਨ ਵਾਲਿਆਂ 'ਚ ਮੇਅਰ ਬਰੈਂਡਾ ਲੋਕ, ਮਾਈਕ ਡੀ. ਜੌਂਗ, ਮੰਤਰੀ ਜਸਰੂਪ ਬਰਾੜ, ਗੁਰਮਿੰਦਰ ਪਰਿਹਾਰ, ਕਰਤਾਰ ਸਿੰਘ, ਅਮਿਤ ਕੁਮਾਰ, ਜੱਗ ਨਾਹਲ, ਜਸਜੀਤ ਪਾਲ ਸਿੰਘ ਸੰਧੂ, ਕੋਰੀ ਲਿਨ, ਗੈਰੀ ਬੈਗ, ਜੱਸੀ ਸਹੋਤਾ, ਐੱਮ. ਐੱਲ. ਏ. ਸਟਰੈਕੋ, ਸਤੀਸ਼ ਕੁਮਾਰ, ਪ੍ਰਮਿੰਦਰ ਸੰਘੇੜਾ ਆਦਿ ਦੇ ਨਾਮ ਪ੍ਰਮੁੱਖ ਤੌਰ 'ਤੇ ਜ਼ਿਕਰਯੋਗ ਹਨ। ਇਸ ਮੌਕੇ 'ਤੇ ਐਡਮਿੰਟਨ ਤੋਂ ਪੰਜਾਬੀ ਸਾਂਸਦ ਟਿੰਮ ਉੱਪਲ ਨੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਸਰਕਾਰ ਵੱਲੋਂ ਅਜਿਹੇ ਅਪਰਾਧੀ ਅਨਸਰਾਂ ਦੀਆਂ ਅਜਿਹੀਆਂ ਕਾਰਵਾਈਆਂ ਨੂੰ ਠੱਲ੍ਹ ਪਾਉਣ ਲਈ ਕੋਈ ਸਖ਼ਤ ਕਾਨੂੰਨ ਬਣਾਉਣਾ ਚਾਹੀਦਾ ਹੈ। ਇਸ ਇਕੱਤਰਤਾ 'ਚ ਪੁੱਜੇ ਸੱਤਾਧਾਰੀ ਫ਼ੈਡਰਲ ਪਾਰਟੀ ਦੇ ਸਾਂਸਦ ਸੁੱਖ ਧਾਲੀਵਾਲ ਅਤੇ ਰਣਦੀਪ ਸਰਾਏ ਨੇ ਕਿਹਾ ਕਿ ਫ਼ਿਰੌਤੀਆਂ ਮੰਗਣ ਅਤੇ ਧਮਕੀਆਂ ਦੇਣ ਦੇ ਮਾਮਲੇ 'ਤੇ ਉਨ੍ਹਾਂ ਦੀ ਸਰਕਾਰ ਪੂਰੀ ਤਰ੍ਹਾਂ ਫਿਕਰਮਦ ਅਤੇ ਸੁਚੇਤ ਹੈ ਅਤੇ ਇਸੇ ਕੜੀ ਤਹਿਤ ਐਡਮਿੰਟਨ ਵਿੱਚ ਕੁਝ ਗੈਂਗਸਟਰਾਂ ਦੀਆਂ ਗ੍ਰਿਫ਼ਤਾਰੀਆਂ ਵੀ ਹੋਈਆਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਇਸ ਗੰਭੀਰ ਮੁੱਦੇ 'ਤੇ ਪੁਲਿਸ ਪੂਰੀ ਤਰ੍ਹਾਂ ਮੁਸਤੈਦ ਅਤੇ ਕਾਰਜਸ਼ੀਲ ਹੈ ਅਤੇ ਭਵਿੱਖ 'ਚ ਇਸ ਦੇ ਵਧੀਆ ਸਿੱਟੇ ਨਿਕਲਣ ਦੀ ਆਸ ਹੈ।**

## 2 ਨਵੰਬਰ ਤੱਕ ਰਿਸ਼ੀ ਸੁਨਕ ਵਿਰੋਧੀ ਧਿਰ ਦੇ ਨੇਤਾ ਰਹਿਣਗੇ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ 2 ਨਵੰਬਰ ਤੱਕ ਬਰਤਾਨਵੀ ਸੰਸਦ ਵਿਚ ਵਿਰੋਧੀ ਧਿਰ ਦੇ ਅੰਤਰਿਮ ਨੇਤਾ ਬਣੇ ਰਹਿਣਗੇ। ਕੰਜ਼ਰਵੇਟਿਵ ਪਾਰਟੀ ਦੀ ਸਮਾਂ ਸਾਰਣੀ ਮੁਤਾਬਕ ਨਵੰਬਰ ਤੱਕ ਉਹਨਾਂ ਦੇ ਉਤਰਾਧਿਕਾਰੀ ਦੀ ਚੋਣ ਕੀਤੀ ਜਾਵੇਗੀ ਅਤੇ ਇਸ ਲਈ ਨਾਮਜ਼ਦਗੀ ਪ੍ਰਕਿਰਿਆ ਅੱਜ ਬੁੱਧਵਾਰ ਤੋਂ ਸ਼ੁਰੂ ਹੋਵੇਗੀ।**



ਕੰਜ਼ਰਵੇਟਿਵ ਪਾਰਟੀ ਦੀ ਅਗਵਾਈ ਬਾਰੇ ਸੰਸਦ ਦੇ ਬੈਕਬੈਂਚ ਮੈਂਬਰਾਂ ਦੀ 1922 ਕਮੇਟੀ ਨੇ ਦੋ-ਪੜਾਵੀ ਚੋਣ ਪ੍ਰਕਿਰਿਆ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ 2 ਨਵੰਬਰ ਨੂੰ ਨਵੇਂ ਨੇਤਾ ਦੀ ਨਿਯੁਕਤੀ ਕੀਤੀ ਜਾਵੇਗੀ।

ਬਰਤਾਨਵੀ ਭਾਰਤੀ ਨੇਤਾ ਰਿਸ਼ੀ ਸੁਨਕ ਨੇ ਆਮ ਚੋਣਾਂ ਵਿਚ ਪਾਰਟੀ ਦੀ ਬੁਰੀ ਤਰ੍ਹਾਂ ਹਾਰ ਤੋਂ ਬਾਅਦ 5 ਜੁਲਾਈ ਨੂੰ ਅਸਤੀਫਾ ਦੇਣ ਦਾ ਐਲਾਨ ਕਰਦਿਆਂ ਕਿਹਾ ਸੀ ਕਿ ਉਹ ਉਦੋਂ ਤੱਕ ਅੰਤਰਿਮ ਟੋਰੀ ਲੀਡਰ ਵਜੋਂ ਕੰਮ ਕਰਦੇ ਰਹਿਣਗੇ ਜਦੋਂ ਤੱਕ ਉਹਨਾਂ ਦੇ ਉੱਤਰਾਧਿਕਾਰੀ ਦੀ ਚੋਣ ਨਹੀਂ ਹੋ ਜਾਂਦੀ।

ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਕਿਹਾ ਕਿ ਪਾਰਟੀ ਦੀ ਅਗਵਾਈ ਕਰਨ ਵਾਲੇ ਉਮੀਦਵਾਰਾਂ ਜਾਂ ਇਸ ਨਾਲ ਜੁੜੀ ਮੁਹਿੰਮ ਬਾਰੇ ਕੋਈ ਟਿੱਪਣੀ ਕਰਨਾ ਮੇਰੇ ਲਈ ਅਣਉਚਿਤ ਹੋਵੇਗਾ। ਮੈਨੂੰ ਭਰੋਸਾ ਹੈ ਕਿ ਪਾਰਟੀ ਬੋਰਡ ਅਤੇ 1922 ਕਮੇਟੀ ਦੁਆਰਾ ਨਿਰਧਾਰਿਤ ਕੀਤੀ ਗਈ ਇਹ ਸਮਾਂ-ਸਾਰਣੀ ਇੱਕ ਵਿਚਾਰਸ਼ੀਲ, ਪੇਸ਼ੇਵਰ ਅਤੇ ਸਨਮਾਨਜਨਕ ਮੁਕਾਬਲੇ ਦੀ ਆਗਿਆ ਦੇਵੇਗੀ।

ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਲਈ ਚੋਣ ਲੜ ਰਹੇ ਪ੍ਰਮੁੱਖ ਕੰਜ਼ਰਵੇਟਿਵ ਪਾਰਟੀ ਦੇ ਨੇਤਾਵਾਂ ਵਿਚ ਭਾਰਤੀ ਮੂਲ ਦੇ ਸਾਬਕਾ ਗ੍ਰਿਹ ਮੰਤਰੀ ਪ੍ਰੀਤੀ ਪਟੇਲ ਅਤੇ ਸੁਏਲਾ ਬ੍ਰੇਵਰਮੈਨ, 'ਸ਼ੈਡੋ' ਮੰਤਰੀ ਜੇਮਸ ਕਲੀਵਰਲੇ, ਕੇਮੀ ਬੇਡੇਨੋਚ, ਟੌਮ ਤੁਗੇਂਧਾਟ, ਮੇਲ ਸਟ੍ਰਾਈਡ ਅਤੇ ਸਾਬਕਾ ਮੰਤਰੀ ਰਾਬਰਟ ਜੇਨਰਿਕ ਸ਼ਾਮਲ ਹਨ।

## ਫਿਲਾਡੈਲਫੀਆ ਵਿਚ ਇਕ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿੱਚ 3 ਮੌਤਾਂ ਤੇ 6 ਹੋਰ ਜ਼ਖਮੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਫਿਲਾਡੈਲਫੀਆ ਵਿਚ ਇਕ ਪਾਰਟੀ ਦੌਰਾਨ ਤੜਕਸਾਰ ਹੋਈ ਗੋਲੀਬਾਰੀ ਵਿਚ 3 ਵਿਅਕਤੀਆਂ ਦੇ ਮਾਰੇ ਜਾਣ ਤੇ 6 ਹੋਰ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਅਧਿਕਾਰੀਆਂ ਤੇ ਸਥਾਨਕ ਮੀਡੀਆ ਅਨੁਸਾਰ ਗੋਲੀਬਾਰੀ ਪੱਛਮੀ ਫਿਲਾਡੈਲਫੀਆ ਵਿਚ ਕੈਰੋਲ ਪਾਰਕ ਵਿਚ ਹੋਈ ਜਿਥੇ 100 ਤੋਂ ਵਧ ਲੋਕ ਪਾਰਟੀ ਵਿਚ ਇਕੱਠੇ ਹੋਏ ਸਨ। ਮੁਖ ਇਸੰਪੈਕਟਰ ਡੀ ਐਫ ਪੇਸ ਨੇ ਕਿਹਾ ਹੈ ਕਿ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਹਮਲਾਵਰ ਦਾ ਨਿਸ਼ਾਨਾ ਇਕ 33 ਸਾਲਾ ਵਿਅਕਤੀ ਸੀ ਜਿਸ ਦੇ ਬਹੁਤ ਨੇੜਿਉਂ ਗੋਲੀ ਮਾਰੀ ਗਈ ਤੇ ਉਹ ਮੌਕੇ ਉਪਰ ਹੀ ਦਮ ਤੋੜ ਗਿਆ। ਇਕ ਹੋਰ 23 ਸਾਲਾ ਵਿਅਕਤੀ ਦੀ ਹਸਪਤਾਲ ਵਿਚ ਲਿਜਾਣ ਉਪਰੰਤ ਛੇਤੀ ਮੌਤ ਹੋ ਗਈ ਜਦ ਕਿ 29 ਸਾਲਾ ਤੀਸਰੇ ਵਿਅਕਤੀ ਦੇ ਢਿੱਡ ਵਿਚ ਗੋਲੀ ਵੱਜੀ ਸੀ ਜੋ ਹਸਪਤਾਲ ਵਿਚ ਦਮ ਤੋੜ ਗਿਆ। ਪੁਲਿਸ ਅਨੁਸਾਰ 6 ਜ਼ਖਮੀ ਹਸਪਤਾਲ ਵਿਚ ਦਾਖਲ ਹਨ ਜਿਨਾਂ ਦੀ ਹਾਲਤ ਸਥਿੱਰ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਬੌਲੀਵੁੱਡ ਫ਼ਿਲਮ 'ਇਸਤਰੀ 2' 15 ਅਗਸਤ ਨੂੰ ਹੋਵੇਗੀ ਰਿਲੀਜ਼



ਜਲਦ ਰੀਲੀਜ਼ ਹੋਣ ਵਾਲੀ ਫ਼ਿਲਮ 'ਇਸਤਰੀ 2' ਦਾ ਟਰੇਲਰ ਰੀਲਿਜ਼ ਕਰਦਿਆਂ ਨਿਰਮਾਤਾ ਦਿਨੇਸ਼ ਵਿਜਾਨ ਨੇ ਕਿਹਾ ਕਿ 'ਇਸਤਰੀ 3' ਲਈ ਕੰਮ ਪਹਿਲਾਂ ਹੀ ਜਾਰੀ ਹੈ। ਦਿਨੇਸ਼ ਫ਼ਿਲਮ ਵਿਚ ਮੁੱਖ ਭੂਮਿਕਾ ਨਿਭਾਉਣ ਵਾਲੇ ਅਦਾਕਾਰ ਸ਼ਰਧਾ ਕਪੂਰ, ਰਾਜਕੁਮਾਰ ਰਾਓ, ਅਭਿਸ਼ੇਕ ਬੈਨਰਜੀ ਅਤੇ ਪੰਕਜ ਤ੍ਰਿਪਾਠੀ ਸਮੇਤ 'ਇਸਤਰੀ 2' ਦੇ ਟ੍ਰੇਲਰ ਲਾਂਚ ਵਿਚ ਸ਼ਾਮਲ ਹੋਏ। ਉਨ੍ਹਾਂ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ 'ਇਸਤਰੀ 2' ਮੈਡੌਕ ਫਿਲਮਜ਼ ਦੇ ਅਲੌਕਿਕ ਬ੍ਰਹਿਮੰਡ ਦੀ ਮਾਂ ਹੈ ਅਤੇ ਇਸਦੇ ਬਹੁਤ ਸਾਰੇ ਸਵਾਲਾਂ ਦੇ ਜਵਾਬ ਦੇਵੇਗੀ। ਉਨ੍ਹਾਂ ਕਿਹਾ ਕਿ ਟਰੇਲਰ ਵਿਚ ਪੂਰੀ ਫ਼ਿਲਮ ਦਾ ਸਿਰਫ਼ 10 ਫ਼ੀਸਦ ਹੈ। ਇਹ ਫ਼ਿਲਮ 15 ਅਗਸਤ ਨੂੰ ਸਿਨੇਮਾਘਰਾਂ ਵਿਚ ਵੇਖੀ ਜਾ ਸਕੇਗੀ। 'ਇਸਤਰੀ' ਤੋਂ ਛੇ ਸਾਲ ਬਾਅਦ 'ਇਸਤਰੀ 2' ਰੀਲਿਜ਼ ਹੋ ਰਹੀ ਹੈ, ਇਸ ਸਬੰਧ ਵਿਚ ਨਿਰਮਾਤਾ ਨੇ ਕਿਹਾ ਕਿ ਹੁਣ ਦਰਸ਼ਕਾਂ ਨੂੰ ਅੱਗੇ ਜ਼ਿਆਦਾ ਇੰਤਜ਼ਾਰ ਨਹੀਂ ਕਰਨਾ ਪਵੇਗਾ ਉਨ੍ਹਾਂ 'ਇਸਤਰੀ 3' ਲਈ ਪਹਿਲਾਂ ਹੀ ਕੰਮ ਸ਼ੁਰੂ ਕਰ ਦਿੱਤਾ ਹੈ।

Can the people who can read this tell
the people who can't to book an eye test

(Thanks)

Specsavers

specsavers.co.uk

# ਈਰਥ ਵੂਲਿਚ ਕਬੱਡੀ ਕੱਪ 2024 ਟੈਲਫੋਰਡ ਨੇ ਨੇ ਜਿੱਤਿਆ, ਮਿਡਵੇ ਸਿੱਖ ਟੈਂਪਲ ਵੁਲਵਰਹੈਂਪਟਨ ਉੱਪ ਜੇਤੂ ਰਹੀ

## ਐਮ ਪੀ ਅਬੇਨਾ □ਪਾਂਗ ਆਸਰੇ (ਈਰਥ ਅਤੇ ਥੇਮਸਮੀਡ), ਗ੍ਰੀਨਵਿਚ ਰੋਇਲ ਬੋਰੋ ਦੇ ਮੇਅਰ ਜੀਤ ਰਾਨਾਭਾਟ ਦਾ ਈਰਥ ਵੂਲਿਚ ਕਬੱਡੀ ਕਲੱਬ ਵੱਲੋਂ ਸਨਮਾਨ

ਰਿਪੋਰਟ: ਮਨਪ੍ਰੀਤ ਸਿੰਘ ਬੱਧਨੀ ਕਲਾਂ
ਪੰਜਾਬ ਟਾਈਮਜ਼ ਪ੍ਰਤੀਨਿੱਧ ਯੂ ਕੇ
ਫੋਨ: 07899798363
ਈ ਮੇਲ: msbadhni@yahoo.co.uk

## ਕੁਲਬੀਰ ਸਿੰਘ ਲਾਲਾ ਦਾ ਸੋਨੇ ਤਗਮੇਂ ਨਾਲ ਅਤੇ ਜਰਨੈਲ ਸਿੰਘ ਜ਼ੈਲਾ, ਜਤਿੰਦਰ ਸਿੰਘ ਬਿਲਗਾ ਦਾ ਵਿਸ਼ੇਸ਼ ਸਨਮਾਨ



ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਰਹਿਨੁਮਾਈ ਹੇਠ ਚੱਲ ਰਹੇ 2024 ਕਬੱਡੀ ਸੀਜ਼ਨ ਦਾ 11ਵਾਂ ਕਬੱਡੀ ਟੂਰਨਾਮੈਂਟ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਜਨਰਲ ਸਕੱਤਰ ਸੁਰਿੰਦਰ ਸਿੰਘ ਮਾਣਕ ਦੇ ਸ਼ਹਿਰ ਈਰਥ ਵੂਲਿਚ ਦਾ ਕਬੱਡੀ ਕਲੱਬ ਵੱਲੋਂ ਪਲਮਸਟੈਂਡ ਲੰਡਨ ਦੀਆਂ ਗਰਾਉਂਡਾਂ ਵਿੱਚ ਕਸ਼ਮੀਰ ਸਿੰਘ ਅਟਵਾਲ, ਸੁਰਿੰਦਰ ਸਿੰਘ ਚਾਹਲ, ਰਾਜਵੀਰ ਸਿੰਘ ਮਾਣਕ, ਬਲਜੀਤ ਸਿੰਘ ਗਿੱਲ, ਸੁੱਚਾ ਸਿੰਘ ਥਿੰਦ ਦੀ ਅਗਵਾਈ ਵਿੱਚ ਨਗਰ ਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ।

ਟੂਰਨਾਮੈਂਟ ਦੀਆਂ ਗਰਾਉਂਡਾ ਵਿੱਚ ਪਹੁੰਚੇ ਤਾਂ ਨੌਜਵਾਨਾਂ ਵੱਲੋਂ ਤਿਆਰ ਕੀਤੇ ਛੋਲੇ ਭਟੂਰਿਆਂ ਅਤੇ ਚਾਹ ਦੇ ਲੰਗਰਾਂ ਦੇ ਭੰਡਾਰੇ ਚੱਲ ਰਹੇ ਸੀ। ਵਿਆਹ ਵਾਲੇ ਵਿਹੜੇ ਵਾਂਗ ਸਜਾਏ ਗਏ ਗਰਾਉਂਡ ਵਿੱਚ ਪੂਰੇ ਚਹਿਲ ਕਦਮੀ ਸੀ। ਗਿਆਨੀ ਜਸਵਿੰਦਰ ਸਿੰਘ ਨੇ ਟੂਰਨਾਮੈਂਟ ਦੀ ਆਰੰਭਤਾ ਦੀ ਅਰਦਾਸ ਕਰਦਿਆਂ ਸਰਬੱਤ ਦੇ ਭਲੇ ਦੀ ਜੋਦੜੀ ਕੀਤੀ।

ਈਰਥ ਵੂਲਿਚ ਕਲੱਬ ਲਈ ਲੰਮੇਂ ਸਮੇਂ ਤੋਂ ਸੇਵਾਵਾਂ ਕਰ ਰਹੇ ਕੁਲਬੀਰ ਸਿੰਘ ਲਾਲਾ ਦਾ ਈਰਥ ਵੂਲਿਚ ਕਲੱਬ ਵੱਲੋਂ ਸੋਨੇ ਦੇ ਤਗਮੇਂ ਨਾਲ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਸਾਬਕਾ ਕਬੱਡੀ ਖਿਡਾਰੀ ਅਤੇ ਕਲੱਬ ਦੇ ਮੌਜੂਦਾ ਪ੍ਰਮੁੱਖ ਪ੍ਰਮੋਟਰ ਜਰਨੈਲ ਸਿੰਘ ਜ਼ੈਲਾ ਅਤੇ ਕਲੱਬ ਦੇ ਹੀ ਅਹਿਮ ਮੈਂਬਰ ਅਤੇ ਲੱਗਭੱਗ ਸਾਰੇ ਕਬੱਡੀ ਟੂਰਨਾਮੈਂਟ ਦੇ ਮੈਚਾਂ ਦਾ ਲੇਖਾ ਜੋਖਾ ਰੱਖਣ ਵਾਲੇ ਜਤਿੰਦਰ ਸਿੰਘ ਬਿਲਗਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਈਰਥ ਵੂਲਿਚ ਲਈ ਪਿਛਲੇ ਲੰਮੇਂ ਸਮੇਂ ਖੇਡਣ ਵਾਲੇ ਖਿਡਾਰੀ ਗਗਨ ਜੋਗੇਵਾਲ ਦਾ ਵੀ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਈਰਥ ਦੇ ਇਹ ਪ੍ਰਮੋਟਰ ਟੀਮ ਬਣਾਉਣ ਲਈ ਤਕੜੀ ਮੇਹਨਤ ਕਰਦੇ ਹਨ ਅਤੇ ਖਿਡਾਰੀਆਂ ਦੀ ਚੋਣ ਤੋਂ ਲੈ ਕੇ ਉਹਨਾਂ ਦੀ ਦੇਖ ਭਾਲ ਤੱਕ ਦੀ ਜ਼ਿੰਮੇਂਵਾਰੀ ਨਿਭਾਉਂਦੇ ਹਨ। ਇੰਗਲੈਂਡ ਭਰ ਦੇ ਕਈ ਪ੍ਰਮੋਟਰ ਇੱਕ ਦਿਨ ਪਹਿਲਾਂ ਹੀ ਈਰਥ ਨੇੜੇ ਡੇਰੇ ਲਾ ਕੇ ਬੈਠੇ ਹੋਏ ਸੀ, ਸੁਰਿੰਦਰ ਸਿੰਘ ਮਾਣਕ ਨੇ ਕਵੈਂਟਰੀ ਟੂਰਨਾਮੈਂਟ ਤੇ ਹੀ ਪੁੱਛ ਕੇ ਲਿਸਟਾਂ ਬਣਾ ਲਈਆਂ ਸਨ ਕਿ ਕਿਹੜੇ ਹੋਟਲ ਵਿੱਚ ਕਿੰਨੇ ਕਮਰੇ ਬੁੱਕ ਕਰਨੇ ਹਨ। ਤਾਂ ਕਿ ਕਬੱਡੀ ਫੈਡਰੇਸ਼ਨ ਅਤੇ ਕਲੱਬਾਂ ਦੇ ਨੁਮਾਇੰਦੀਆਂ ਦੀ ਸੇਵਾ ਖੁਬ ਕੀਤੀ ਜਾ ਸਕੇ। ਸੁਰਿੰਦਰ ਸਿੰਘ ਮਾਣਕ ਇੰਗਲੈਂਡ ਦੇ ਵਕੀਲਾਂ ਚੋਂ ਅਨੋਖਾ ਵਕੀਲ ਹੈ, ਜੋ ਵਲੈਤੀ ਧਰਤੀ ਤੇ ਵੀ ਪੂਰਾ ਦੇਸੀ ਹੈ, ਆਪਣੇ ਵਿਰਸੇ ਅਤੇ ਸੱਭਿਆਚਾਰ ਨਾਲ ਜੁੜਿਆ ਹੋਇਆ ਹੈ। ਕਬੱਡੀ ਖੇਡ ਦਾ ਪੁੱਜ ਕੇ ਸ਼ੁਦਾਈ ਬਣਿਆ ਹੋਇਆ ਹੈ, ਕਈ ਸੱਜਣ ਅਕਸਰ ਹੀ ਕਹਿ ਦਿੰਦੇ ਹਨ ਕਿ ਜਿਹਨਾਂ ਸਮਾਂ ਕਬੱਡੀ ਨੂੰ ਦਿੰਦਾ ਜੇ ਇਹਨਾਂ ਸਮਾਂ ਦਫਤਰ 'ਚ ਬੈਠ ਕੇ ਆਪਣਾ ਕੰਮ ਕਰੇ ਤਾਂ ਪੌਂਡਾਂ ਦੇ ਢੇਰ ਕਮਾ ਸਕਦਾ ਹੈ। ਪਰ ਸੱਚਮੁੱਚ ਯਾਰਾਂ ਦਾ ਯਾਰ ਸੁਰਿੰਦਰ ਮਾਣਕ ਕਬੱਡੀ ਨੂੰ ਮਣਾ ਮੂੰਹੀ ਪਿਆਰ ਕਰਦਾ ਹੈ। ਇਸੇ ਲਈ ਸਲੋਹ ਟੂਰਨਾਮੈਂਟ ਮੌਕੇ ਸਾਬਕਾ ਪ੍ਰਧਾਨ ਸਤਨਾਮ ਸਿੰਘ ਸੱਤਾ ਮੁਠੱਡਾ ਨੇ ਗੋਲਡ ਮੈਡਲ ਨਾਲ ਸਨਮਾਨ ਕੀਤਾ ਸੀ, ਸੱਤਾ ਮੁਠੱਡਾ ਅਤੇ ਪ੍ਰਧਾਨ ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ ਨੇ ਤਾਂ ਕਈ ਵਾਰ ਕਿਹਾ ਹੈ ਕਿ ਸੁਰਿੰਦਰ ਮਾਣਕ ਦੀ ਕਬੱਡੀ ਨੂੰ ਵੱਡੀ ਦੇਣ ਹੈ। ਕਦੇ ਵੀ ਕੋਈ ਟੂਰਨਾਮੈਂਟ ਸ਼ਹਿਰ ਦੇ ਵਾਸੀਆਂ ਦੇ ਸਹਿਯੋਗ ਤੋਂ ਬਿਨ੍ਹਾਂ ਨੇਪਰੇ ਨਹੀਂ ਚੜ੍ਹ ਸਕਦਾ ਕਲੱਬ ਦੇ ਸੁਲਝੇ ਹੋਏ ਆਗੂਆਂ ਵਿੱਚੋਂ ਕਸ਼ਮੀਰ ਸਿੰਘ ਅਟਵਾਲ, ਸੁਰਿੰਦਰ ਸਿੰਘ ਚਾਹਲ, ਰਾਜਵੀਰ ਸਿੰਘ ਮਾਣਕ, ਬਲਜੀਤ ਸਿੰਘ ਗਿੱਲ, ਸੁੱਚਾ ਸਿੰਘ ਥਿੰਦ ਕਲੱਬ, ਘੁੰਮਣ ਪ੍ਰੀਵਾਰ ਦੀ ਰੀੜ ਦੀ ਹੱਡੀ ਦਾ ਕੰਮ ਕਰਦੇ ਹਨ। ਜੋ ਸਾਰਿਆਂ ਨੂੰ ਜੋੜ੍ਹ ਕੇ ਰੱਖਦੇ ਹਨ। ਆਏ ਮਹਿਮਾਨਾਂ ਦੀ ਸੇਵਾ ਵਿੱਚ ਸਾਰੇ ਜੁਟੇ ਰਹੇ।







ਜੇਤੂ ਟੀਮਾਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ
*ਤਸਵੀਰ: ਮਨਪ੍ਰੀਤ ਸਿੰਘ ਬੱਧਨੀ ਕਲਾਂ*



ਆਓ ਹੁਣ ਗੱਲ ਕਰੀਏ ਖੇਡੇ ਗਏ ਮੈਚਾਂ ਦੀ, ਪਹਿਲੇ ਮੈਚ ਵਿੱਚ ਹੇਜ਼ ਨੂੰ ਸਿੱਖ ਟੈਂਪਲ ਵੁਲਵਰਹੈਂਪਟਨ + ਮਿਡਵੇ ਦੀ ਟੀਮ ਨੇ 25/39.5 ਦੇ ਫਰਕ ਨਾਲ ਮਾਤ ਦਿੱਤੀ। ਦੁੱਲਾ ਜਸ਼ਨ ਆਲਮਗੀਰ, ਕਲੀਮ ਓਲਾ ਜੱਟ, ਮਾਹਲਾ ਗੋਬਿੰਦਪੁਰੀਆ ਦੀਆਂ ਫੁਰਤੀ ਭਰੀਆਂ ਰੇਡਾਂ ਨੂੰ ਹੇਜ਼ ਦੇ ਅਮਨ ਲੁਹਾਰਾ, ਹਰਮਨ ਗੋਲੀਆ, ਸੱਤੀ ਸਮਾਓ ਅਤੇ ਰਾਜੂ ਠੱਲ ਨਾ ਸਕੇ ਅੱਧੇ ਸਮੇਂ ਤੱਕ ਹੀ 7 ਅੰਕਾਂ ਦਾ ਫਰਕ ਸੀ, ਪੀਤੇ ਨੇ ਕੁਲਜੀਤ ਘਰਾਚੋਂ, ਪ੍ਰਤਾਪ ਕੰਡਿਆਣਾ ਨੇ ਅਮਿਤ ਨੂੰ ਰੋਕਿਆ, ਬਲਜਿੰਦਰ ਭਿੰਡਰ, ਕੱਥੂ ਪੱਤੋ ਦੇ ਧਾਵੀ ਸੈਂਟੀ, ਕੁਲਜੀਤ, ਧਨੌਰੀ, ਸੁਖਬੀਰ ਗੁਰੂ ਸਰੀਆ ਪਹਿਲੇ ਰਾਉਂਡ 'ਚੋਂ ਬਾਹਰ ਹੋ ਗਏ। ਮਿਡਵੇ ਵੁਲਵਰਹੈਂਪਟਨ ਵਾਲਿਆਂ ਨੇ ਇਸ ਮੈਚ 'ਚ 8 ਜੱਫੇ ਲਾਏ।

ਦੂਜਾ ਮੈਚ ਸ਼ੁਰੂ ਹੋਇਆ ਤਾਂ ਲੱਗਭੱਗ ਪਹਿਲਾਂ ਹੀ ਪਤਾ ਸੀ ਕਿ ਇੱਕ ਪਾਸੜ ਹੀ ਹੋਵੇਗਾ। ਕਿਉਂਕਿ ਟੈਲਫੋਰਡ ਦੀ ਟੀਮ ਬਰੈਡਫੋਰਡ ਦੀ ਟੀਮ ਨਾਲੋਂ ਕਿਤੇ ਭਾਰੀ ਟੀਮ ਹੈ। ਲੇਕਨ ਹੌਂਸਲੇ ਨਾਲ ਮੈਦਾਨ ਵਿੱਚ ਮੁਕਾਬਲਾ ਕਰਨਾ ਵੱਡੀ ਗੱਲ ਹੁੰਦੀ ਹੈ। ਟੈਲਫੋਰਡ ਵੱਲੋਂ ਸ਼ੈਲੀ ਨੇ ਪਹਿਲੀ ਰੇਡ ਤੇ ਹੀ ਜੱਫਾ ਲਾ ਕੇ ਦੱਸ ਦਿੱਤਾ ਕਿ ਅਸਾਨ ਨਹੀਂ ਹੋਵੇਗਾ, ਲੇਕਨ ਫਿਰ ਵੀ ਬੱਗਾ ਭਡਾਣਾ, ਕਰਨ ਜੇ ਹੌਂਸਲੇ ਨਾਲ ਰੇਡਾਂ ਪਾ ਰਹੇ ਸੀ ਤਾਂ ਭਿੰਦਾ, ਜੱਗਾ ਮੂਲੇਵਾਲ ਖਹਿਰਾ, ਕੀਪਾ ਅਤੇ ਪ੍ਰਤਾਪ ਬਰੈਡਫੋਰਡ ਵੱਲੋਂ ਜੱਫਿਆਂ ਤੇ ਜ਼ੋਰ ਅਜ਼ਮਾਈ ਕਰ ਰਹੇ ਸੀ, ਲੇਕਨ ਟੈਲਫੋਰਡ ਵੱਲੋਂ ਬੂਰੀਆ, ਕੁਲਵਿੰਦਰ, ਰਮਨ ਮੱਲੀਆਂ ਦਾ ਤੋੜ ਨਹੀਂ ਸੀ, ਸਨੀ, ਮੰਗੀ ਬੱਗਾ ਪਿੰਡ, ਰਵੀ ਹੰਡੇ ਹੋਏ ਖਿਡਾਰੀ ਪੈਰ ਨਹੀਂ ਸੀ ਲੱਗਣ ਦੇ ਰਹੇ 12 ਜੱਫੇ ਲਾਕੇ ਬਲਵਿੰਦਰ ਚੱਠੇ ਦੀ ਟੀਮ ਨੇ ਅਗਲੇ ਦੌਰ ਦਾ ਸਫ਼ਰ ਸ਼ੁਰੂ ਕਰ ਦਿੱਤਾ।

ਤੀਜਾ ਮੈਚ ਈਰਥ ਵੂਲਿਚ ਸਾਊਥਾਲ ਅਤੇ ਸਲੋਹ ਇਕਨਹਮ ਵਿਚਕਾਰ ਹੋਇਆ ਸ਼ੁਰੂ ਤੋਂ ਲੈ ਕੇ ਆਖੀਰ ਤੱਕ ਇੱਕ ਜੱਫੇ ਦਾ ਫਰਕ ਹੀ ਨਾ ਨਿਕਲਿਆ। ਰਾਜਵੀਰ ਮਾਣਕ ਵੀ ਆਪਣੀ ਟੀਮ ਦੇ ਗੱਭਰੂਆਂ ਦੇ ਜੌਹਰ ਬੜੀ ਨੀਝ ਲਾ ਕੇ ਵੇਖਣ ਲੱਗਾ। *(ਬਾਕੀ ਹਿਸਾ ਸਫਾ 39 'ਤੇ ਪੜ੍ਹੋ)*

# ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰ ਕਮੇਟੀ ਦੇ ਸੈਸ਼ਨ ਦੌਰਾਨ ਸਿੱਖਾਂ ਵੱਲੋਂ ਭਾਰਤ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 20 ਸਾਲਾਂ ਦੀ ਦੇਰੀ ਤੋਂ ਬਾਅਦ, ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰ ਕਮੇਟੀ ਨੇ ਨਾਗਰਿਕ ਅਤੇ ਰਾਜਨੀਤਕ ਅਧਿਕਾਰਾਂ 'ਤੇ 1966 ਦੇ ਅੰਤਰਰਾਸ਼ਟਰੀ ਇਕਰਾਰਨਾਮੇ ਅਨੁਸਾਰ ਭਾਰਤ ਵੱਲੋਂ ਕੀਤੀ ਜਾ ਰਹੀ ਪਾਲਣਾ ਦੀ ਸਮੀਖਿਆ ਕੀਤੀ। ਇਸ ਮੌਕੇ ਉੱਤੇ ਵਰਲਡ ਸਿੱਖ ਪਾਰਲੀਮੈਂਟ ਨੇ 24 ਪੰਨਿਆਂ ਦੀ ਇੱਕ ਰਿਪੋਰਟ ਪੇਸ਼ ਕੀਤੀ ਅਤੇ ਮਨੁੱਖੀ ਅਧਿਕਾਰ ਕਮੇਟੀ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ ।*



ਗੁਰਪ੍ਰੀਤ ਸਿੰਘ, ਰਣਜੀਤ ਸਿੰਘ ਸਰਾਏ, ਅਮਰੀਕ ਸਿੰਘ ਸਹੋਤਾ, ਜੋਗਾ ਸਿੰਘ, ਜਤਿੰਦਰ ਸਿੰਘ ਅਤੇ ਮਨਪ੍ਰੀਤ ਸਿੰਘ ਸੰਯੁਕਤ ਰਾਸ਼ਟਰ ਸ਼ੈਸ਼ਨ ਦੌਰਾਨ

ਸਮੀਖਿਆ ਦੌਰਾਨ ਭਾਰਤ ਦੇ ਵਫ਼ਦ ਨੂੰ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਬਾਰੇ ਸਖ਼ਤ ਸਵਾਲਾਂ ਦਾ ਸਾਹਮਣਾ ਕਰਨਾ ਪਿਆ, ਜਿਸ ਨੂੰ ਭਾਰਤ ਅੰਦਰ ਵਿਆਪਕ ਤੌਰ 'ਤੇ ਫਾਸ਼ੀਵਾਦੀ ਬਹੁਗਿਣਤੀ ਦੀ ਸਰਕਾਰ ਵੱਲੋਂ ਚਲਾਇਆ ਜਾ ਰਿਹਾ ਹੈ। ਵਰਲਡ ਸਿੱਖ ਪਾਰਲੀਮੈਂਟ ਦੇ ਡੈਲੀਗੇਸ਼ਨ ਵਿੱਚੋਂ ਭਾਈ ਰਣਜੀਤ ਸਿੰਘ ਸਰਾਏ, ਭਾਈ ਮਨਪ੍ਰੀਤ ਸਿੰਘ ਤੇ ਭਾਈ ਗੁਰਪ੍ਰੀਤ ਸਿੰਘ ਨੇ ਮਨੁੱਖੀ ਅਧਿਕਾਰ ਕਮੇਟੀ ਦੇ ਮੈਂਬਰਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਉੱਤਰ ਦਿੱਤੇ। ਇਸ ਤੋਂ ਇਲਾਵਾ ਡੈਲੀਗੇਸ਼ਨ ਵਿੱਚ ਭਾਈ ਜੋਗਾ ਸਿੰਘ, ਭਾਈ ਪ੍ਰਿਤਪਾਲ ਸਿੰਘ, ਭਾਈ ਅਮਰੀਕ ਸਿੰਘ ਸਹੋਤਾ, ਹਰਜੋਤ ਸਿੰਘ, ਜਤਿੰਦਰ ਸਿੰਘ ਆਦਿ ਸ਼ਾਮਲ ਹੋਏ ।

ਵਰਲਡ ਸਿੱਖ ਪਾਰਲੀਮੈਂਟ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਸਿੱਖਾਂ ਵੱਲੋਂ ਪੰਜਾਬ ਅੰਦਰ ਭਾਰਤ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਠੋਸ ਸਬੂਤ ਪੇਸ਼ ਕੀਤੇ ਅਤੇ ਸ਼ਾਂਤੀਪੂਰਨ ਸੰਘਰਸ਼ ਦੇ ਹੱਲ ਲਈ ਸੰਯੁਕਤ ਰਾਸ਼ਟਰ ਦੇ ਦਖਲ ਦੀ ਮੰਗ ਕੀਤੀ। ਉਨ੍ਹਾਂ ਨੇ ਸਿੱਖ ਕੌਮ ਦੇ ਸਵੈ-ਨਿਰਣੇ ਦੇ ਅਧਿਕਾਰ ਤੋਂ ਭਾਰਤ ਦੇ ਇਨਕਾਰ ਨੂੰ ਉਜਾਗਰ ਕੀਤਾ।

ਸਿੱਖਾਂ ਨੇ ਸਿੱਖ ਕੌਮ ਨੂੰ ਉਸਦੇ ਸਵੈ-ਨਿਰਣੇ ਦੇ ਅਧਿਕਾਰ ਤੋਂ ਇਨਕਾਰ ਕਰਨ ਲਈ ਭਾਰਤ ਨੂੰ ਜਵਾਬਦੇਹ ਬਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਸਵੈ-ਨਿਰਣੇ ਦਾ ਅਧਿਕਾਰ ਆਈ ਸੀ ਸੀਪੀ ਆਰ ਦੇ ਅਨੁਛੇਦ 1 ਵਿੱਚ ਦਰਜ ਹੈ ਅਤੇ ਮਨੁੱਖੀ ਅਧਿਕਾਰ ਕਮੇਟੀ ਇਸਨੂੰ ਉਸ ਆਧਾਰ ਵਜੋਂ ਦੇਖਦੀ ਹੈ ਜਿਸ 'ਤੇ ਹੋਰ ਸਾਰੇ ਮਨੁੱਖੀ ਅਧਿਕਾਰ ਨਿਰਭਰ ਕਰਦੇ ਹਨ।

ਸਮੀਖਿਆ ਦੌਰਾਨ ਐਚ ਆਰ ਸੀ ਮੈਂਬਰਾਂ ਨੇ ਭਾਰਤੀ ਵਫ਼ਦ ਨੂੰ ਵਾਰ-ਵਾਰ ਦੱਸਿਆ ਕਿ ਉਹ ਸੰਵਿਧਾਨਕ ਅਤੇ ਵਿਧਾਨਕ ਪ੍ਰਬੰਧਾਂ ਬਾਰੇ ਭਾਰਤ ਸਰਕਾਰ ਦੇ ਪ੍ਰਾਪੇਗੰਡੇ ਵਿੱਚ ਦਿਲਚਸਪੀ ਨਹੀਂ ਰੱਖਦੇ। ਉਨ੍ਹਾਂ ਨੇ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਗੰਭੀਰ ਸਥਿਤੀ ਨੂੰ ਮਾਨਤਾ ਦੇਣ ਦੀ ਮੰਗ ਕੀਤੀ। ਪ੍ਰੈਸ ਬਿਆਨ ਵਿੱਚ ਕਿਹਾ ਕਿ ਭਾਰਤ ਦੇ ਸਾਲਿਸਟਰ ਜਨਰਲ ਅਤੇ ਅਟਾਰਨੀ ਜਨਰਲ ਦੀ ਮੌਜੂਦਗੀ ਵਿੱਚ ਇਹ ਭਾਰਤ ਦੇ ਬਿਰਤਾਂਤ ਘਾੜਿਆਂ ਲਈ ਬਹੁਤ ਹੀ ਸ਼ਰਮਨਾਕ ਪਲ ਸੀ। ਭਾਰਤ ਵੱਲੋਂ ਸਮੀਖਿਆ ਨੂੰ ਗੰਭੀਰਤਾ ਨਾਲ ਲੈਣ ਤੋਂ ਇਨਕਾਰ ਕਰਨ ਨਾਲ ਅੰਤਰਰਾਸ਼ਟਰੀ ਭਾਈਚਾਰੇ ਨੂੰ ਚਿੰਤਾ ਕਰਨੀ ਚਾਹੀਦੀ ਹੈ, ਵਿਸ਼ਵਵਿਆਪੀ ਪੱਧਰ ਤੇ ਫੈਸਲੇ ਲੈਣ ਵਾਲੀਆਂ ਤਾਕਤਾਂ ਨੂੰ ਭਾਰਤ ਦੇ ਵਿਗੜ ਰਹੇ ਮਨੁੱਖੀ ਅਧਿਕਾਰਾਂ ਦੇ ਉਲੰਘਣ ਨੂੰ ਹੱਲ ਕਰਨ ਦੀ ਅਪੀਲ ਕਰਨੀ ਚਾਹੀਦੀ ਹੈ, ਜਿਸ ਨਾਲ ਦੂਜੇ ਦੇਸ਼ਾਂ ਦੇ ਪ੍ਰਭੂਸੱਤਾ ਅਧਿਕਾਰਾਂ ਨੂੰ ਵੀ ਖ਼ਤਰਾ ਪੈਦਾ ਹੋ ਗਿਆ ਹੈ।

ਕੈਨੇਡਾ ਦੀ ਇੱਕ ਸੀਨੀਅਰ ਮਨੁੱਖੀ ਅਧਿਕਾਰਾਂ ਦੀ ਮਾਹਰ ਮਾਰਸੀਆ ਕ੍ਰਾਨ ਨੇ ਕਿਹਾ ਕਿ ਐਚ ਆਰ ਸੀ ਸਿੱਖਾਂ ਅਤੇ ਹੋਰਾਂ ਵਿਰੁੱਧ ਭਾਰਤ ਦੇ ਹਾਲ ਹੀ ਵਿੱਚ ਸਾਹਮਣੇ ਆਏ ਅੰਤਰ-ਰਾਸ਼ਟਰੀ ਜਬਰ ਤੋਂ "ਬਹੁਤ ਦੁਖੀ" ਹੈ, ਜਿਸ ਵਿੱਚ ਭਾਰਤ ਦੀਆਂ ਖੁਫੀਆ ਏਜੰਸੀਆਂ ਦੇ ਨਾਲ-ਨਾਲ ਉੱਚ-ਦਰਜੇ ਦੇ ਸਰਕਾਰੀ ਅਧਿਕਾਰੀਆਂ ਨੇ "ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ" ਵਿੱਚ ਕਈ ਦੇਸ਼ਾਂ ਵਿੱਚ ਰਾਜਨੀਤਿਕ ਵਿਰੋਧੀਆਂ ਨੂੰ ਕਤਲ ਕੀਤਾ ਹੈ। ਉਹਨਾ ਦਾ ਇਸ਼ਾਰਾ ਭਾਈ ਹਰਦੀਪ ਸਿੰਘ ਨਿੱਝਰ ਵੱਲ ਸੀ । ਮਾਰਸੀਆ ਕ੍ਰਾਨ ਦੀ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਖਤਮ ਕਰਨ ਅਤੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਦੇ ਭਰੋਸੇ ਲਈ ਉਸਦੀ ਬੇਨਤੀ ਨੂੰ ਭਾਰਤੀ ਵਫਦ ਵੱਲੋਂ ਇੱਕ ਸਧਾਰਨ ਦਾਅਵੇ ਨਾਲ ਪੂਰਾ ਕੀਤਾ ਗਿਆ ਸੀ ਕਿ ਇਹ ਮਾਮਲੇ ਜਾਂਚ ਅਧੀਨ ਹਨ ਅਤੇ ਇਸ ਲਈ ਅਜਿਹਾ ਕੋਈ ਭਰੋਸਾ ਨਹੀਂ ਦਿੱਤਾ ਜਾ ਸਕਦਾ ਹੈ।

ਇਸ ਤੋਂ ਇਲਾਵਾ 40 ਸਾਲਾਂ ਵਿੱਚ ਭਾਰਤੀ ਸਰਕਾਰ ਅਤੇ ਗੈਰ-ਸਰਕਾਰੀ ਅਨਸਰਾਂ ਵੱਲੋਂ ਕੀਤੇ ਗਏ ਨਸਲਕੁਸ਼ੀ ਹਮਲਿਆਂ ਲਈ ਅੰਤਰਰਾਸ਼ਟਰੀ ਕਾਨੂੰਨੀ ਜਵਾਬਦੇਹੀ ਨੂੰ ਯਕੀਨੀ ਬਣਾਉਣ, ਰਾਜਨੀਤਿਕ ਕੈਦੀਆਂ ਦੀ ਰਿਹਾਈ, ਸਿੱਖ ਧਰਮ ਨੂੰ ਆਜ਼ਾਦਾਨਾ ਤੌਰ 'ਤੇ ਅਭਿਆਸ ਕਰਨ ਦਾ ਅਧਿਕਾਰ (ਮੌਜੂਦਾ ਸਮੇਂ ਵਿੱਚ ਸਿੱਖ ਭਾਰਤੀ ਸੰਵਿਧਾਨ ਅਨੁਸਾਰ ਹਿੰਦੂ ਧਰਮ ਦਾ ਹਿੱਸਾ ਹਨ), ਪੰਜਾਬ ਦੇ ਖੇਤਰੀ ਅਤੇ ਦਰਿਆਈ ਪਾਣੀਆਂ ਦੀ ਰਾਖੀ, ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰ ਤੇ ਹੋਰ ਜ਼ਰੂਰੀ ਵਿਸ਼ਿਆਂ ਪ੍ਰਤੀ ਚਾਨਣਾ ਪਾਉਂਦਿਆਂ ਇਨਸਾਫ ਦੀ ਮੰਗ ਕੀਤੀ ਗਈ।

# ਸਾਬਕਾ ਮੰਤਰੀ ਪ੍ਰੀਤੀ ਪਟੇਲ ਵਿਰੋਧੀ ਧਿਰ ਦੇ ਨੇਤਾ ਵਜੋਂ ਰਿਸ਼ੀ ਸੁਨਕ ਦੀ ਥਾਂ ਲੈਣ ਲਈ ਦਾਅਵਾ ਪੇਸ਼ ਕਰਨ ਦੇ ਚਰਚੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੀ ਸਾਬਕਾ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਸੰਸਦ ਦੇ ਹੇਠਲੇ ਸਦਨ 'ਹਾਊਸ ਆਫ ਕਾਮਨਜ਼' ਵਿਚ ਰਿਸ਼ੀ ਸੁਨਕ ਦੀ ਥਾਂ ਵਿਰੋਧੀ ਧਿਰ ਦੇ ਨੇਤਾ ਵਜੋਂ ਕੰਜ਼ਰਵੇਟਿਵ ਪਾਰਟੀ ਵਿਚ ਆਪਣਾ ਦਾਅਵਾ ਪੇਸ਼ ਕਰਨ ਦੀ ਤਿਆਰੀ ਕਰਨ ਦੇ ਚਰਚੇ ਹਨ। ਮੀਡੀਆ ਰਿਪੋਰਟਾਂ ਦੇ ਅਨੁਸਾਰ ਭਾਰਤੀ ਮੂਲ ਦੀ ਬਰਤਾਨਵੀ ਸੰਸਦ ਮੈਂਬਰ ਪਟੇਲ ਐਸੈਕਸ ਦੀ ਵਿਟਹਮ ਸੀਟ ਤੋਂ ਜਿੱਤੀ ਸੀ।



ਪ੍ਰੀਤੀ ਪਟੇਲ

ਸੁਨਕ ਨੇ 5 ਜੁਲਾਈ ਨੂੰ ਲੇਬਰ ਦੀ ਜਿੱਤ ਤੋਂ ਬਾਅਦ ਆਪਣੇ ਅਸਤੀਫੇ ਦਾ ਐਲਾਨ ਕਰ ਦਿੱਤਾ ਸੀ। ਸਥਾਨਿਕ ਅਖਬਾਰ ਨੇ ਸੀਨੀਅਰ ਸੰਸਦ ਮੈਂਬਰ ਦੇ ਕਰੀਬੀ ਸੂਤਰ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਪ੍ਰੀਤੀ ਪਟੇਲ ਨੇ ਇਕ ਟੀਮ ਬਣਾਈ ਹੈ ਕਿਉਂਕਿ ਪਾਰਟੀ ਦੇ ਕਈ ਸਾਥੀਆਂ ਨੇ ਉਨ੍ਹਾਂ ਨੂੰ ਪਿਛਲੇ ਹਫਤੇ ਚੋਣਾਂ ਲੜਨ ਦੀ ਅਪੀਲ ਕੀਤੀ ਸੀ। ਜੇ ਉਹ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਦੀ ਦੌੜ ਵਿੱਚ ਸ਼ਾਮਲ ਹੋ ਜਾਂਦੀ ਹੈ, ਤਾਂ ਉਸਨੂੰ ਭਾਰਤੀ ਮੂਲ ਦੀ ਸੁਏਲਾ ਬ੍ਰੇਵਰਮੈਨ ਅਤੇ ਰਾਬਰਟ ਜੇਨਰਿਕ ਆਦਿ ਦਾ ਸਾਹਮਣਾ ਕਰਨਾ ਪੈ ਸਕਦਾ ਹੈ।


VACANCIES
JSR CONTRACTS LTD.

ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

CONSTRUCTION BUILDERS REQUIRED ON VARIOUS SITES IN UK

Job Type: 5319 Construction & building trades not elsewhere classified

Job Description: In this role as an experienced builder, a diverse set of responsibilities during the job consists of 40 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. This position is classified under SOC 5319 and holds a place on the Shortage Occupation List, signifying its vital importance within the construction industry. Annual pay is £26,500.

Person must have CSCS, CCDO, IPAF, Driving Licence, IPAF, SSSTS, Asbestos Awareness and Manual Handling.
Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਮਹਾਰਾਜਾ ਦਲੀਪ ਸਿੰਘ ਦੀ ਯਾਦ ਵਿੱਚ ਥੈਟਫੋਰਡ ਵਿਖੇ ਪੰਜਾਬ ਅਤੇ ਇੰਗਲੈਂਡ ਦੇ ਸੱਭਿਆਚਾਰ ਨੂੰ ਪੇਸ਼ ਕਰਦਾ ਸਮਾਗਮ

## ਸਿੱਖ ਇਤਿਹਾਸਕਾਰਾਂ ਵੱਲੋਂ ਸਿੱਖ ਰਾਜ ਨਾਲ ਸਬੰਧਿਤ ਅਹਿਮ ਜਾਣਕਾਰੀ ਭਰਪੂਰ ਵਿਚਾਰ ਚਰਚਾ



ਮਹਾਰਾਜਾ ਦਲੀਪ ਸਿੰਘ ਦੀ ਯਾਦਗਰ ਤੇ ਇਕੱਤਰ ਵੱਖ ਸ਼ਹਿਰਾਂ ਤੋਂ ਪਹੁੰਚੀਆਂ ਬੀਬੀਆਂ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮਹਾਰ-ਾਜਾ ਦਲੀਪ ਸਿੰਘ ਦੇ ਸ਼ਹਿਰ ਥੈਟਫੋਰਡ ਜਿੱਥੇ ਉਹਨਾਂ ਜਿੰਦਗੀ ਦਾ ਵੱਡਾ ਹਿੱਸਾ ਆਪਣੇ ਪ੍ਰੀਵਾਰ ਨਾਲ ਬਤੀਤ ਕੀਤਾ, ਵਿਖੇ ਪੰਜਾਬ ਅਤੇ ਇੰਗਲੈਂਡ ਦੀਆਂ ਸੱਭਿਆਚਾਰਕ ਸਾਂਝਾਂ ਨੂੰ ਪੇਸ਼ ਕਰਦਾ 5 ਦਿਨਾਂ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਮੁੱਖ ਪ੍ਰਬੰਧਕ ਇੰਦੀ ਸੰਧੂ ਦੀ ਅਗਵਾਈ ਵਿੱਚ ਇਤਿਹਾਸਕਾਰ ਪੀਟਰ ਬੈਂਸ, ਦਵਿੰਦਰ ਸਿੰਘ ਤੂਰ ਆਦਿ ਨੇ ਮਹਾਰਾਜਾ ਦਲੀਪ ਸਿੰਘ ਅਤੇ ਸਿੱਖ ਰਾਜ ਨਾਲ ਸਬੰਧਿਤ ਅਹਿਮ ਜਾਣਕਾਰੀਆਂ ਸਾਂਝੀਆਂ ਕੀਤੀਆਂ।**

ਆਖਰੀ ਦਿਨ ਥੈਟਫੋਰਡ ਗ੍ਰਾਮਰ ਸਕੂਲ ਵਿੱਚ ਕਰਵਾਏ ਗਏ ਵਿਸ਼ਾਲ ਸਮਾਗਮ ਵਿੱਚ ਵੱਖ ਵੱਖ ਸ਼ਹਿਰਾਂ ਤੋਂ ਵੱਡੀ ਗਿਣਤੀ ਵਿੱਚ ਪੰਜਾਬੀ ਭਾਈਚਾਰੇ ਨੇ ਸ਼ਿਰਕਤ ਕੀਤੀ। ਮਹਾਰਾਜਾ ਦਲੀਪ ਸਿੰਘ ਦੇ ਸਥਾਪਿਤ ਬੁੱਤ ਤੋਂ ਲੈ ਕੇ ਥੈਟਫੋਰਡ ਗ੍ਰਾਮਰ ਸਕੂਲ ਅਤੇ ਪ੍ਰਾਚੀਨ ਹਾਊਸ ਮਿਊਜ਼ੀਅਮ ਤੱਕ ਪੂਰਾ ਰਸਤਾ ਰੰਗ ਬਰੰਗੇ ਝੰਡਿਆਂ ਨਾਲ ਸਜਾਇਆ ਹੋਇਆ ਸੀ।

ਇਸ ਮੌਕੇ ਵਿਰਸਾ ਪੰਜਾਬ ਭੰਗੜਾ, ਬਾਬਾ ਫਤਹਿ ਸਿੰਘ ਅਖਾੜਾ ਗਤਕਾ, ਸਿੱਖ ਮੋਟਰ ਸਾਈਕਲ ਕਲੱਬ, ਗੁਰਚੈਨ ਮੱਲ, ਗ੍ਰੇਵਜ਼ੈਂਡ ਗਿੱਧਾ ਗਰੁੱਪ ਆਦਿ ਨੇ ਪੰਜਾਬੀ ਸੱਭਿਆਚਾਰ ਦੀਆਂ ਝਲਕੀਆਂ ਪੇਸ਼ ਕੀਤੀਆਂ। ਗ੍ਰੇਵਜ਼ੈਂਡ, ਇਲਫੋਰਡ, ਬਾਰਕਿੰਗ, ਨੌਰਥੈਂਪਟਨ ਅਤੇ ਗਰੇਸ ਤੋਂ ਕੋਚਾਂ ਰਾਹੀਂ ਪਹੁੰਚੇ ਸੈਂਕੜੇ ਪੰਜਾਬੀਆਂ ਨੇ ਸਮਾਗਮ ਦਾ ਅਨੰਦ ਮਾਣਿਆਂ। ਐਲਵੇਡਨ ਵਿਲੇਜ ਹਾਲ ਵਿਖੇ ਸਿੱਖ ਇਤਿਹਾ-ਸਕਾਰ ਪੀਟਰ ਬੈਂਸ ਨੇ ਮਹਾਰਾਜਾ ਦਲੀਪ ਸਿੰਘ ਪਰਿਵਾਰ ਦੀ ਵਿਰਾਸਤ ਅਤੇ ਪੂਰਬੀ ਐਂਗਲੀਆ ਵਿੱਚ ਉਨ੍ਹਾਂ ਦੇ ਯੋਗਦਾਨ ਬਾਰੇ ਸੈਮੀਨਾਰ ਕੀਤਾ ਸੀ।

ਥੈਟਫੋਰਡ ਲਾਇਬ੍ਰੇਰੀ ਵਿਖੇ ਦਵਿੰਦਰ ਸਿੰਘ ਤੂਰ ਨੇ ਸਿੱਖ ਵਿਰਸੇ ਨਾਲ ਸਬੰਧਿਤ ਲਗਭਗ 500 ਅਜਿਹੀਆਂ ਕਲਾਕ੍ਰਿਤੀਆਂ ਦੇ ਸੰਗ੍ਰਹਿ ਬਾਰੇ ਜਾਣਕਾਰੀ ਸਾਂਝੀ ਕੀਤੀ, ਇਹ ਕਲਾ ਕ੍ਰਿਤੀਆਂ ਰਣਜੀਤ ਸਿੰਘ (1780-1839), ਮਹਾਰਾਣੀ ਜਿੰਦ ਕੌਰ (1817-1863) ਅਤੇ ਮਹਾਰਾਜਾ ਦਲੀਪ ਸਿੰਘ (1838-1893) ਨਾਲ ਸਬੰਧਿਤ ਹਨ। ਦਵਿੰਦਰ ਨੇ ਲੰਡਨ ਵਿੱਚ ਵੈਲੇਸ ਕਲੈਕਸ਼ਨ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਥੀਮ ਵਾਲੀ ਆਪਣੀ ਨਵੀਂ ਪ੍ਰਦਰਸ਼ਨੀ ਬਾਰੇ ਵਿਸਥਾਰ ਸਹਿਤ ਦੱਸਿਆ।

ਹੋਰ ਮਹਿਮਾਨ ਬੁਲਾਰਿਆਂ ਵਿੱਚ ਰਾਵ ਸਿੰਘ ਨੇ ਸਿੱਖ ਰਾਜ ਦੀਆਂ ਅਹਿਮ ਕੜ੍ਹੀਆਂ ਨੂੰ ਜੋੜ੍ਹਿਆ। ਇੰਦੀ ਸੰਧੂ ਨੇ ਕਿਹਾ ਕਿ ਪ੍ਰਾਚੀਨ ਹਾਊਸ ਮਿਊਜ਼ੀਅਮ, ਪੀਟਰ ਬੈਂਸ, ਲੀਪਿੰਗ ਹੇਅਰ, ਗੇਜ਼, ਥਾਮਸ ਤੋਂ ਇਲਾਵਾ ਪੇਨ ਹੋਟਲ, ਥੈਟਫੋਰਡ ਟਾਊਨ ਕੌਂਸਲ ਅਤੇ ਮੇਅਰ ਦਾ ਅਹਿਮ ਯੋਗਦਾਨ ਰਿਹਾ। ਉਹਨਾਂ ਕਿਹਾ ਕਿ ਇਸ ਸਮਾਗਮ ਦੀ ਰੌਣਕ ਸਥਾਨਕ ਭਾਈਚਾਰਿਆਂ ਅਤੇ ਦੇਸ਼ ਭਰ ਦੇ ਵਿਭਿੰਨ ਦਰਸ਼ਕਾਂ ਦੇ ਨਾਲ ਸਾਲ ਦਰ ਸਾਲ ਵਧਦੀ ਜਾ ਰਹੀ ਹੈ।

ਇਹ ਸਮਾਗਮ ਮਹਾਰਾਜਾ ਦਲੀਪ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦੀ ਕਹਾਣੀ ਦੁਆਰਾ ਸਾਂਝੀ ਅਮੀਰ ਵਿਰਾਸਤ ਰਾਹੀਂ ਭਾਈਚਾਰਕ ਏਕਤਾ ਅਤੇ ਸੱਭਿਆਚਾਰਕ ਸਦਭਾਵਨਾ ਲਿਆਉਂਦਾ ਹੈ।

GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ ‘ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ ।
ਗਰੰਟੀ ‘ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)
UK's First Asian Marriage Bureau

UK office based matchmaking service for BRITISH ASIANS of all ages from mid 20's to 60's.
Professional, graduates and non-graduates, single, divorced and widowed, with and without children
Guaranteed introduction service - Since 1972



Please feel free to contact Parag or Ashaa Bhargava to discuss your requirements confidentially and without obligation!

*We are available from 10.00am to 5.00pm Monday to Saturday (Closed Sunday and Bank Holiday Weekends)*

*Clients/customers are requested to make an appointment if wishing to visit the office or meet us personally.*

SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

# ਅਮਰੀਕਾ ਵਿਚ ਰਾਸ਼ਟਰਪਤੀ ਚੋਣ ਨਹੀਂ ਲੜਨਗੇ ਬਾਇਡਨ, ਕਿਹਾ- ਦੇਸ਼ ਤੇ ਪਾਰਟੀ ਦੇ ਹਿੱਤ ਵਿਚ ਲਿਆ ਫੈਸਲਾ

## ✪ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਬਣਨ ਦੀਆਂ ਸੰਭਾਵਨਾਵਾਂ



ਵਾਸ਼ਿੰਗਟਨ-ਅਮਰੀਕਾ ਵਿੱਚ 81 ਸਾਲਾ ਰਾਸ਼ਟਰਪਤੀ ਜੋ ਬਾਇਡਨ ਨੇ ਰਾਸ਼ਟਰਪਤੀ ਚੋਣਾਂ ਵਿੱਚ ਆਪਣੀ ਉਮੀਦਵਾਰੀ ਤੋਂ ਹਟਣ ਦਾ ਐਲਾਨ ਕੀਤਾ ਹੈ। ਨਾਲ ਹੀ ਰਾਸ਼ਟਰਪਤੀ ਚੋਣ ਵਿੱਚ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਉਮੀਦਵਾਰੀ ਦਾ ਸਮਰਥਨ ਕਰਨ ਦਾ ਵੀ ਐਲਾਨ ਕੀਤਾ। ਨਵੰਬਰ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ 2025 ਤੋਂ ਚਾਰ ਸਾਲ ਦੇ ਕਾਰਜਕਾਲ ਲਈ ਰਾਸ਼ਟਰਪਤੀ ਚੁਣਿਆ ਜਾਣਾ ਹੈ। ਖ਼ਰਾਬ ਸਿਹਤ ਅਤੇ ਯਾਦਦਾਸ਼ਤ ਦੀ ਘਾਟ ਕਾਰਨ, ਬਾਇਡਨ 'ਤੇ ਡੈਮੋਕ੍ਰੇਟਿਕ ਪਾਰਟੀ ਤੋਂ ਆਪਣੀ ਉਮੀਦਵਾਰੀ ਛੱਡਣ ਲਈ ਦਬਾਅ ਵਧ ਰਿਹਾ ਸੀ।

### ਟਰੰਪ ਵਾਰ-ਵਾਰ ਦਬਾਅ ਪਾ ਰਹੇ ਸਨ

ਉਨ੍ਹਾਂ ਦੇ ਵਿਰੋਧੀ ਅਤੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵਾਰ-ਵਾਰ ਬਾਇਡਨ ਨੂੰ ਇਨ੍ਹਾਂ ਕਮਜ਼ੋਰੀਆਂ 'ਤੇ ਨਿਸ਼ਾਨਾ ਬਣਾ ਰਹੇ ਸਨ। ਇਸ ਕਾਰਨ ਕਈ ਸੰਸਥਾਵਾਂ ਦੇ ਸਰਵੇਖਣ ਵੀ ਬਾਇਡਨ ਨੂੰ ਟਰੰਪ ਨਾਲੋਂ ਕਮਜ਼ੋਰ ਉਮੀਦਵਾਰ ਹੋਣ ਦਾ ਸੁਨੇਹਾ ਦੇ ਰਹੇ ਸਨ। ਹਾਲ ਹੀ ਵਿਚ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਬਾਇਡਨ ਦੀ ਉਮੀਦਵਾਰੀ 'ਤੇ ਸਵਾਲ ਚੁੱਕ ਕੇ ਅਗਲੇ ਕਾਰਜਕਾਲ ਲਈ ਉਮੀਦਵਾਰੀ ਛੱਡਣ ਲਈ ਦਬਾਅ ਵਧਾ ਦਿੱਤਾ ਸੀ।

ਟਵਿੱਟਰ 'ਤੇ ਆਪਣੀ ਪੋਸਟ ਵਿਚ ਬਾਇਡਨ ਨੇ ਕਿਹਾ ਹੈ ਕਿ ਉਹ ਜਨਵਰੀ 2025 ਤੱਕ ਦੇਸ਼ ਦੇ ਰਾਸ਼ਟਰਪਤੀ ਅਤੇ ਅਮਰੀਕੀ ਬਲਾਂ ਦੇ ਕਮਾਂਡਰ-ਇਨ-ਚੀਫ ਬਣੇ ਰਹਿਣਗੇ।

ਅਮਰੀਕਾ ਦੇ ਰਾਸ਼ਟਰਪਤੀ ਵਜੋਂ ਸੇਵਾ ਨਿਭਾਉਣਾ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ। ਦੇਸ਼ ਅਤੇ ਡੈਮੋਕ੍ਰੇਟਿਕ ਪਾਰਟੀ ਦੇ ਸਰਵਉੱਚ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਉਨ੍ਹਾਂ ਨੇ ਰਾਸ਼ਟਰਪਤੀ ਚੋਣ ਤੋਂ ਆਪਣੀ ਉਮੀਦਵਾਰੀ ਵਾਪਸ ਲੈਣ ਦਾ ਫੈਸਲਾ ਕੀਤਾ ਹੈ।

ਉਨ੍ਹਾਂ ਨੇ ਕਿਹਾ, ਜਲਦੀ ਹੀ ਉਹ ਰਾਸ਼ਟਰ ਨੂੰ ਆਪਣੇ ਸੰਬੋਧਨ 'ਚ ਕਈ ਨਵੀਆਂ ਗੱਲਾਂ ਦੱਸਣਗੇ। ਬਾਇਡਨ ਦੇ ਚੋਣ ਮੈਦਾਨ ਤੋਂ ਹਟਣ ਤੋਂ ਬਾਅਦ ਭਾਰਤੀ ਮੂਲ ਦੀ ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਬਣਨ ਦੀਆਂ ਸੰਭਾਵਨਾਵਾਂ ਮਜ਼ਬੂਤ ?ਹੋ ਗਈਆਂ ਹਨ। ਜੇਕਰ ਅਜਿਹਾ ਹੁੰਦਾ ਹੈ ਤਾਂ ਅਮਰੀਕਾ ਵਿੱਚ ਪਹਿਲੀ ਔਰਤ ਰਾਸ਼ਟਰਪਤੀ ਚੋਣ ਲੜੇਗੀ। ਇਸ ਸਬੰਧ ਵਿਚ ਬਰਾਕ ਓਬਾਮਾ ਦੀ ਪਤਨੀ ਮਿਸ਼ੇਲ ਓਬਾਮਾ ਦਾ ਨਾਂ ਵੀ ਚਰਚਾ ਵਿਚ ਹੈ, ਹਾਲਾਂਕਿ ਸਾਬਕਾ ਰਾਸ਼ਟਰਪਤੀ ਓਬਾਮਾ ਇਸ ਤੋਂ ਪਹਿਲਾਂ ਵੀ ਇਨਕਾਰ ਕਰਦੇ ਰਹੇ ਹਨ।

# ਸਬਜ਼ੀ, ਫਲ਼, ਮੀਟ, ਦੇਸੀ ਘਿਓ, ਹਥਿਆਰ, ਨਸ਼ੇ ਆਦਿ ਹੁਣ ਤੁਸੀ ਕੈਨੇਡਾ ਨਹੀਂ ਲਿਜਾ ਸਕੋਗੇ

## ✪ ਕੈਨੇਡਾ ਗਏ ਇਕ ਗੁਜਰਾਤੀ ਪਰਿਵਾਰ ਨੂੰ ਹਵਾਈ ਅੱਡੇ ਅੰਦਰ ਜੁਰਮਾਨਾ ਹੋਇਆ




ਟੋਰਾਂਟੋ-ਸੰਸਾਰ ਭਰ ਵਿਚ ਅੰਤਰਰਾਸ਼ਟਰੀ ਹਵਾਈ ਅੱਡਿਆਂ ਅੰਦਰ ਤਾਇਨਾਤ ਕਸਟਮਜ਼ ਦੇ ਅਧਿਕਾਰੀਆਂ ਤੋਂ ਅੱਖ ਬਚਾਅ ਕੇ ਸਾਮਾਨ ਕੱਢਣ ਅਤੇ ਟੈਕਸ ਦੀ ਬੱਚਤ ਕਰਨ ਦਾ ਸਿਲਸਿਲਾ ਆਮ ਅਤੇ ਤਕਰੀਬਨ ਸਾਰਾ ਸਾਲ ਚੱਲਦਾ ਰਹਿੰਦਾ ਹੈ। ਅਜਿਹੀ ਕੋਸ਼ਿਸ਼ ਵਿਚ ਦਿੱਲੀ ਤੋਂ ਦੁਬੱਈ ਦੇ ਰਸਤੇ ਟੋਰਾਂਟੋ ਜਾਣ ਵਾਲੀ ਉਡਾਨ ਵਿਚ ਸਵਾਰ ਹੋ ਕੇ ਕੈਨੇਡਾ ਗਏ ਇਕ ਭਾਰਤੀ ਪਰਿਵਾਰ ਨੂੰ ਬੀਤੇ ਦਿਨ ਹਵਾਈ ਅੱਡੇ ਅੰਦਰ ਜੁਰਮਾਨਾ ਕੀਤੇ ਜਾਣ ਦੀ ਖ਼ਬਰ ਵੀ ਆਈ ਸੀ।

ਇਹ ਬਜ਼ੁਰਗ ਜੋੜਾ ਗੁਜਰਾਤ ਤੋਂ ਆਪਣੇ ਕੈਨੇਡਾ ਵਾਸੀ ਪਰਿਵਾਰ ਕੋਲ਼ ਗਏ ਸਨ ਪਰ ਹਵਾਈ ਅੱਡੇ ਅੰਦਰ ਕਸਟਮਜ਼ ਦੀ ਜਾਂਚ ਦੌਰਾਨ ਸ਼ੱਕ ਪੈਣ 'ਤੇ ਉਨ੍ਹਾਂ ਦੇ ਸਾਮਾਨ ਦੀ ਤਲਾਸ਼ੀ ਕੀਤੀ ਗਈ। ਇਹ ਵੀ ਕਿ ਜਾਂਚ ਸ਼ੁਰੂ ਹੋਣ ਤੋਂ ਪਹਿਲਾਂ ਮੌਕਾ ਤਾੜ ਕੇ ਉਨ੍ਹਾਂ ਨੇ ਅਟੈਚੀਆਂ ਵਿਚੋਂ ਗਹਿਣੇ ਕੱਢ ਕੇ ਪਹਿਨਣੇ ਸ਼ੁਰੂ ਕਰ ਦਿੱਤੇ ਜਿਸ ਕਰਕੇ ਅਫਸਰਾਂ ਦਾ ਸ਼ੱਕ ਹੋਰ ਪੱਕਾ ਹੋ ਗਿਆ। ਤਲਾਸ਼ੀ ਦਨਰਾਨ ਉਨ੍ਹਾਂ ਤੋਂ ਪੀਲੇ ਤੇ ਚਿੱਟੇ ਸ਼ੁੱਧ ਸੋਨੇ ਦੀਆਂ ਮੁੰਦਰੀਆਂ ਤੇ ਚੇਨੀਆਂ ਮਿਲੀਆਂ ਜਿਨ੍ਹਾਂ ਵਿਚ ਚਿੱਟੇ ਸੋਨੇ (ਪਲੈਟੀਨਮ) ਦੇ ਗਹਿਣੇ ਵੀ ਸ਼ਾਮਿਲ ਸਨ।

ਕੁੱਲ ਮਿਲਾ ਕੇ ਉਨ੍ਹਾਂ ਨੂੰ ਕਸਟਮਜ਼ ਦੇ ਲਗਭਗ 300 ਡਾਲਰ ਜੁਰਮਾਨਾ ਭਰਨ ਲਈ ਕਿਹਾ ਗਿਆ। ਸਰਕਾਰੀ ਅਧਿਕਾਰੀਆਂ ਦਾ ਦੱਸਣਾ ਹੈ ਕਿ ਵਿਦੇਸ਼ਾਂ ਤੋਂ ਕੈਨੇਡਾ ਵਿਚ ਸਬਜੀਆਂ, ਫਲ਼, ਮੀਟ, ਦੇਸੀ ਘਿਓ, ਹਥਿਆਰ, ਨਸ਼ੇ ਆਦਿਕ ਲਿਜਾਣਾ ਸਖਤ ਮਨ੍ਹਾਂ ਹੈ।

ਫੜੇ ਜਾਣ 'ਤੇ ਇਹ ਸਭ ਕੁਝ ਹਵਾਈ ਅੱਡੇ ਦੇ ਅੰਦਰ ਹੀ ਕੂੜੇ ਦੇ ਡੱਬੇ ਵਿਚ ਸੁਟਵਾਇਆ ਜਾਂਦਾ ਹੈ ਅਤੇ ਨਸ਼ੇ ਤੇ ਹਥਿਆਰਾਂ ਦੇ ਧਾਰਕਾਂ ਵਿਰੁੱਧ ਕੇਸ ਦਰਜ ਕਰਕੇ ਗ੍ਰਿਫ਼ਤਾਰੀ ਅਮਲ ਵਿਚ ਲਿਆਂਦੀ ਜਾਂਦੀ ਹੈ। ਚੇਤੇ ਰਹੇ ਕਿ ਕੈਨੇਡਾ ਵਿਚ ਸੋਨਾ ਅਤੇ ਨਕਦੀ ਲੈ ਕੇ ਜਾਣ ਦੀ ਮਨਾਹੀ ਨਹੀਂ ਹੈ ਪਰ 10000 ਡਾਲਰਾਂ ਤੋਂ ਵੱਧ ਦੀ ਰਕਮ ਅਤੇ 60 ਡਾਲਰਾਂ ਤੋਂ ਮਹਿੰਗੇ (ਤੋਹਫ਼ੇ) ਬਾਰੇ ਕਸਟਮਜ਼ ਅਧਿਕਾਰੀਆਂ ਨੂੰ ਦੱਸਣਾ ਜਰੂਰੀ ਹੈ।

# ਨਾਬਾਲਿਗਾ ਨਾਲ ਬਲਾਤਕਾਰ ਦੇ ਦੋਸ਼ੀ ਨੇ ਸੰਗਰੂਰ ਜੇਲ੍ਹ ਵਿਚ ਕੀਤੀ ਆਤਮ-ਹੱਤਿਆ

## ✪ ਮਾਂ ਬਾਪ ਦਾ ਦੋਸ਼ ਕਿ ਪੁਲਿਸ ਨੇ ਤਸ਼ੱਦਦ ਕੀਤਾ



ਸੰਗਰੂਰ-ਜ਼ਿਲ੍ਹਾ ਜੇਲ ਸੰਗਰੂਰ ਪੋਕਸੋ ਐਕਟ ਅਧੀਨ ਬੰਦ 21 ਸਾਲਾ ਹਵਾਲਾਤੀ ਨੇ ਜੇਲ ਦੇ ਬਣੇ ਗੁਸਲਖਾਨੇ ਵਿੱਚ ਜਾ ਕੇ ਆਤਮ ਹੱਤਿਆ ਕਰ ਲਈ। ਮਿਲੀ ਜਾਣਕਾਰੀ ਅਨੁਸਾਰ ਹਵਲਾਤੀ ਜੀਵਨ ਸਿੰਘ ਨਿਵਾਸੀ ਜਗਤਪੁਰਾ ਸੁਨਾਮ ਦਾ ਰਹਿਣ ਵਾਲਾ ਸੀ। ਉਸ ਉੱਤੇ ਇੱਕ ਨਾਬਾਲਗ ਲੜਕੀ ਨਾਲ ਜਬਰਜਨਾਹ ਦਾ ਥਾਣਾ ਸਿਟੀ ਸੁਨਾਮ ਵਿੱਚ ਮਾਮਲਾ ਦਰਜ ਹੈ।

ਜ਼ਿਲ੍ਹਾ ਜੇਲ ਸੁਪਰਡੈਂਟ ਲਲਿਤ ਕੋਹਲੀ ਨੇ ਦੱਸਿਆ ਕਿ 18 ਜੁਲਾਈ ਨੂੰ ਉਸ ਦੇ ਛਾਤੀ ਵਿੱਚ ਦਰਦ ਹੋਇਆ ਅਤੇ ਉਸ ਨੂੰ ਸਿਵਲ ਹਸਪਤਾਲ ਸੰਗਰੂਰ ਵਿੱਚ ਲਿਆਂਦਾ ਗਿਆ ਜਿਥੋਂ ਕਿ ਡਾਕਟਰਾਂ ਨੇ ਉਸ ਨੂੰ ਪਟਿਆਲਾ ਰਜਿੰਦਰਾ ਹਸਪਤਾਲ ਵਿੱਚ ਰੈਫਰ ਕਰ ਦਿੱਤਾ ਪਰ ਪਟਿਆਲਾ ਤੋਂ ਇਹ ਪੁਲਿਸ ਕੋਲੋਂ ਭੱਜ ਗਿਆ। ਪੁਲਿਸ ਨੇ ਦੋ ਢਾਈ ਘੰਟਿਆਂ ਬਾਅਦ ਫੜ ਲਿਆ। ਪੁਲਿਸ ਨੇ ਆਪਣੀ ਕਾਰਵਾਈ ਕਰਦਿਆਂ ਉਸ ਨੂੰ ਰਾਤ ਹੀ ਜੇਲ ਵਿੱਚ ਭੇਜ ਦਿੱਤਾ। ਉਸ ਨੂੰ ਰਸ਼ੈਪਸ਼ਨ ਸ਼ੈਲ ਵਿੱਚ ਰੱਖਿਆ ਹੋਇਆ ਸੀ ਅਤੇ 12 ਕੁ ਵਜੇ ਬਾਥਰੂਮ ਗਿਆ ਅਤੇ ਉਥੇ ਜਾ ਕੇ ਰੋਸ਼ਨਦਾਨ ਦੀ ਗਰਿੱਲ ਨਾਲ ਪਰਨੇ ਦਾ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਖਤਮ ਕਰ ਦਿੱਤੀ। ਪੋਸਟਮਾਰਟਮ ਤੋ ਬਾਅਦ ਦੇਹ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ ਹੈ।

ਮ੍ਰਿਤਕ ਜੀਵਨ ਸਿੰਘ ਦੇ ਪਿਤਾ ਮੁੱਘਰ ਸਿੰਘ ਨੇ ਦੱਸਿਆ ਕਿ ਜੀਵਨ ਸਿੰਘ 'ਤੇ ਝੂਠਾ ਜਬਰਜਨਾਹ ਦਾ ਪਰਚਾ ਦਰਜ ਕਰਕੇ ਜੇਲ ਵਿੱਚ ਭੇਜ ਦਿੱਤਾ ਗਿਆ ਅਤੇ ਇਹ ਸਾਰਾ ਕੁੱਝ ਲੜਕੀ ਦੇ ਮਾਂ ਬਾਪ ਦੀ ਸਹਿਮਤੀ ਨਾਲ ਹੋਇਆ ਸੀ ਪਰ ਸਾਨੂੰ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਇਤਲਾਹ ਮਿਲੀ ਕਿ ਥੋੜਾ ਲੜਕਾ ਪਟਿਆਲਾ ਦੇ ਰਜਿੰਦਰ ਹਸਪਤਾਲ ਵਿੱਚ ਦਾਖਲ ਹੈ ਪਰ ਅੱਜ ਜ਼ਿਲ੍ਹਾ ਪ੍ਰਸ਼ਾਸ਼ਨ ਨੇ ਸਾਨੂੰ ਫੋਨ ਕੀਤਾ ਕਿ ਤੁਹਾਡੇ ਬੇਟੇ ਦੀ ਮੌਤ ਹੋ ਗਈ। ਸਾਨੂੰ ਸ਼ੱਕ ਹੈ ਕਿ ਜੇਲ ਦੇ ਮੁਲਾਜਮਾਂ ਨੇ ਸਾਡੇ ਮੁੰਡੇ ਨਾਲ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਹੈ ਜਿਸ ਤਾਕਨ ਉਸਦੀ ਦੀ ਮੌਤ ਹੋ ਗਈ। ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ। ਜਦੋਂ ਇਸ ਮਾਮਲੇ ਸਬੰਧੀ ਐਸਐਚਓ ਗੁਰਮੇਲ ਸਿੰਘ ਸਿਟੀ-1 ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਅਸੀਂ ਮਾਮਲੇ ਦੀ ਪੜਤਾਲ ਕਰ ਰਹੇ ਹਾਂ ਅਤੇ ਪੋਸਟਮਾਰਟ ਦੀ ਰਿਪੋਰਟ ਆਉਣ ਤੋਂ ਬਾਅਦ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਅੱਧੀ ਰਾਤੀਂ ਵਿਆਹੁਤਾ ਪ੍ਰੇਮਿਕਾ ਨੂੰ ਮਿਲਣ ਆਏ ਆਸ਼ਕ ਦਾ ਬੇਰਹਿਮੀ ਨਾਲ ਕਤਲ

ਬਠਿੰਡਾ-ਇੱਥੇ ਵਿਆਹੁਤਾ ਪ੍ਰੇਮਿਕਾ ਉਮਰ 30 ਸਾਲ ਨੂੰ ਅੱਧੀ ਰਾਤ ਦੌਰਾਨ ਮਿਲਣ ਗਏ ਪਿੰਡ ਲੂਲਬਾਈ ਦੇ ਰਹਿਣ ਵਾਲੇ ਨੌਜਵਾਨ ਵਿੱਕੀ ਕੁਮਾਰ (26) ਦਾ ਕੁੱਟ-ਕੁੱਟ ਕੇ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਔਰਤ ਦੇ ਪਤੀ ਸੁਖਪ੍ਰੀਤ ਸਿੰਘ ਅਤੇ ਪਰਿਵਾਰਕ ਮੈਂਬਰਾਂ ਨੇ ਉਸ ਨੂੰ ਫੜ੍ਹ ਲਿਆ ਅਤੇ ਕੁੱਟ-ਕੁੱਟ ਕੇ ਉਸ ਦਾ ਕਤਲ ਕਰ ਦਿੱਤਾ। ਫਿਲਹਾਲ ਪੁਲਸ ਨੇ ਔਰਤ ਦੇ ਪਤੀ ਸਮੇਤ ਤਿੰਨ ਲੋਕਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਸੁਖਪ੍ਰੀਤ ਸਿੰਘ, ਉਸ ਦਾ ਭਰਾ ਲੱਬੀ ਅਤੇ ਇੱਕ ਹੋਰ ਵਿਅਕਤੀ ਫ਼ਰਾਰ ਹਨ। ਪੁਲਸ ਨੇ ਮ੍ਰਿਤਕ ਨੌਜਵਾਨ ਦੇ ਪਿਤਾ ਦੀ ਸ਼ਿਕਾਇਤ 'ਤੇ 3 ਵਿਅਕਤੀਆਂ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

**ਕਰਾਈਮ ਨਿਊਜ਼**

## ਪੰਜਾਬ ਪੁਲਿਸ ਦਾ ਸਿਪਾਹੀ ਹੈਰੋਇਨ ਸਮੇਤ ਕਾਬੂ-ਇਕ ਔਰਤ ਵੀ ਫੜੀ

ਮੁਹਾਲੀ-ਮੁਹਾਲੀ ਐਸ. ਟੀ. ਐਫ. ਵਲੋਂ ਇਕ ਪੁਲਿਸ ਮੁਲਾਜ਼ਮ ਗੁਰਮੀਤ ਸਿੰਘ ਵਾਸੀ ਫ਼ਰੀਦਕੋਟ, ਤੇ ਉਸਦੀ ਸਹਿਯੋਗੀ ਮਹਿਲਾ ਨਵਦੀਪ ਕੌਰ ਉਰਫ਼ ਨਵ ਫ਼ਿਰੋਜ਼ਪੁਰ ਨੂੰ 440 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਗਈ ਹੈ। ਪੁਲਿਸ ਮੁਲਾਜ਼ਮ ਫ਼ਰੀਦਕੋਟ ਜ਼ਿਲ੍ਹੇ ਦੀ ਪੁਲਿਸ ਲਾਈਨ ਵਿਚ ਤਾਇਨਾਤ ਸੀ ਅਤੇ ਉਹ ਕੁਝ ਦਿਨ ਪਹਿਲਾਂ ਹੀ ਡਿਊਟੀ 'ਤੇ ਬਹਾਲ ਹੋਇਆ ਸੀ। ਇਨ੍ਹਾਂ ਦੋਵਾਂ ਮੁਲਜ਼ਮਾਂ 'ਤੇ ਦੋਸ਼ ਹੈ ਕਿ ਇਹ ਦੋਵੇਂ ਮਿਲ ਕੇ ਕਾਫ਼ੀ ਸਮੇਂ ਤੋਂ ਮੁਹਾਲੀ ਏਰੀਆ ਵਿਚ ਹੈਰੋਇਨ ਵੇਚਣ ਦਾ ਨਾਜਾਇਜ਼ ਧੰਦਾ ਕਰਦੇ ਆ ਰਹੇ ਸਨ, ਜਿਨ੍ਹਾਂ ਨੂੰ ਹੁਣ ਪੁਲਿਸ ਵਲੋਂ ਕਾਬੂ ਕੀਤਾ ਗਿਆ ਹੈ। ਮਾਮਲੇ ਦੀ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਜਿਸ ਪੁਲਿਸ ਮੁਲਾਜ਼ਮ ਨੂੰ ਕਾਬੂ ਕੀਤਾ ਗਿਆ ਹੈ, ਉਸਦੇ ਖ਼ਿਲਾਫ਼ ਪਹਿਲਾਂ ਵੀ ਨਸ਼ਾ ਤਸਕਰੀ ਦਾ ਮਾਮਲਾ ਦਰਜ ਹੈ ਤੇ ਉਹ ਇਸ ਸਮੇਂ ਜ਼ਮਾਨਤ 'ਤੇ ਬਾਹਰ ਆਇਆ ਹੋਇਆ ਹੈ। ਇਸ ਤੋਂ ਇਲਾਵਾ ਉਸ ਦੇ ਨਾਲ ਕਾਬੂ ਕੀਤੀ ਮਹਿਲਾ ਨਵਦੀਪ ਕੌਰ ਵੀ ਨਸ਼ਾ ਤਸਕਰੀ ਦੇ ਇਕ ਮਾਮਲੇ 'ਚ ਨਾਮਜ਼ਦ ਹੈ।



# ਫ਼ਾਜ਼ਿਲਕਾ ਵਿਚ ਜ਼ਮੀਨੀ ਝਗੜੇ ਕਾਰਨ ਪਿਓ-ਪੁੱਤਰ ਦਾ ਹੋਇਆ ਕਤਲ

ਫ਼ਾਜ਼ਿਲਕਾ-ਜ਼ਿਲ੍ਹਾ ਫ਼ਾਜ਼ਿਲਕਾ ਦੇ ਤਹਿਸੀਲ ਅਰਨੀਵਾਲਾ ਵਿਖੇ ਪਿੰਡ ਪਾਕਾਂ ਵਿਚ ਜ਼ਮੀਨ ਦੇ ਝਗੜੇ ਨੂੰ ਲੈਕੇ ਪਿਓ-ਪੁੱਤਰ ਦਾ ਕਤਲ ਹੋਣ ਦਾ ਮਾਮਲਾ ਸਾਮਣੇ ਆਇਆ ਹੈ। ਪਿੰਡ ਪਾਕਾਂ ਵਿਖੇ ਪਾਣੀ ਦੀ ਵਾਰੀ ਲਗਾ ਰਹੇ ਪਿਓ ਪੁੱਤਰ ਦਾ ਗੋਲ਼ੀਆਂ ਅਤੇ ਕਹੀਆਂ ਮਾਰ ਕੇ ਬੜ੍ਹੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ।

ਜਾਣਕਾਰੀ ਮੁਤਾਬਿਕ ਮਿਰਤਕ ਅਤੇ ਹਮਲਾਵਾਰ ਦੋਵੇਂ ਇਕੋ ਹੀ ਪਿੰਡ ਦੇ ਵਾਸੀ ਸਨ। ਪਾਣੀ ਦੀ ਵਾਰੀ ਲਗਾ ਰਹੇ ਪਿਓ ਪੁੱਤਰ ਦੀ ਜਾਨ ਚਲੀ ਗਈ। ਜਾਣਕਾਰੀ ਦਿੰਦਿਆਂ ਮਿਰਤਕ ਅਤਵਾਰ ਸਿੰਘ (58) ਦੇ ਭਰਾ ਕਾਰਜ ਸਿੰਘ ਨੇ ਦੱਸਿਆ ਕਿ ਮੇਰੇ ਭਰਾ ਅਵਤਾਰ ਸਿੰਘ ਨੇ ਪਿੰਡ ਵਿਚ ਹੀ ਜ਼ਮੀਨ ਠੇਕੇ 'ਤੇ ਲਈ ਹੋਈ ਸੀ। ਉਨ੍ਹਾਂ ਦੱਸਿਆ ਕਿ ਜੋ ਜ਼ਮੀਨ ਅਵਤਾਰ ਸਿੰਘ ਨੇ ਠੇਕੇ 'ਤੇ ਲਈ ਹੋਈ ਸੀ। ਉਸ ਜ਼ਮੀਨ ਨੂੰ ਪਹਿਲਾਂ ਠੇਕੇ 'ਤੇ ਵਾਹੁੰਣ ਵਾਲੇ ਪਲਵਿੰਦਰ ਸਿੰਘ, ਰਘਬੀਰ ਸਿੰਘ, ਬਲਬੀਰ ਸਿੰਘ ਪੁੱਤਰਾਨ ਜੋਗਿੰਦਰ ਸਿੰਘ ਵਾਸੀ ਪਾਕਾਂ ਅਤੇ ਹੋਰ ਉਨ੍ਹਾਂ ਨਾਲ ਖਾਰ ਖਾਂਦੇ ਸਨ।

ਉਨ੍ਹਾਂ ਦੱਸਿਆ ਕਿ ਅੱਜ ਮੇਰਾ ਭਰਾ ਅਵਤਾਰ ਸਿੰਘ ਅਤੇ ਉਨ੍ਹਾਂ ਦਾ ਬੇਟਾ ਹਰਮੀਤ ਸਿੰਘ (28) ਉਕਤ ਦੋਸ਼ੀਆਂ ਤੋਂ ਬਾਅਦ ਆਪਣੇ ਠੇਕੇ ਲਏ ਖੇਤ ਵਿਚ ਪਾਣੀ ਵਾਰੀ ਲਗਾ ਰਹੇ ਸਨ। ਇਨੇ ਵਿਚ ਉਕਤ ਕਥਿਤ ਦੋਸ਼ੀ ਪਲਵਿੰਦਰ ਸਿੰਘ, ਰਘਬੀਰ ਸਿੰਘ, ਬਲਬੀਰ ਸਿੰਘ ਪੁੱਤਰਾਨ ਜੋਗਿੰਦਰ ਸਿੰਘ ਵਾਸੀ



ਪਾਕਾਂ ਮੌਕੇ 'ਤੇ ਆਏ ਅਤੇ ਪਹਿਲਾਂ ਮੇਰੇ ਭਤੀਜੇ ਹਰਮੀਤ ਸਿੰਘ ਦੇ ਰਿਵਾਲਵਰ ਨਾਲ ਗੋਲ਼ੀਆਂ ਮਾਰੀਆਂ ਅਤੇ ਉਸ ਤੋਂ ਬਾਅਦ ਮੇਰੇ ਭਰਾ ਅਵਤਾਰ ਸਿੰਘ ਨੂੰ ਵੀ ਗੋਲ਼ੀਆਂ ਮਾਰੀਆਂ ਅਤੇ ਕਹੀਆਂ ਨਾਲ ਵਾਰ ਕਰ ਕਰ ਕੇ ਮੌਕੇ 'ਤੇ ਹੀ ਮਾਰ ਮੁਕਾਇਆ।

ਉਨ੍ਹਾਂ ਕਿਹਾ ਕਿ ਪਹਿਲਾਂ ਉਕਤ ਦੋਸ਼ੀ ਪਲਵਿੰਦਰ ਸਿੰਘ, ਰਘਬੀਰ ਸਿੰਘ, ਬਲਬੀਰ ਸਿੰਘ ਪੁੱਤਰਾਨ ਜੋਗਿੰਦਰ ਸਿੰਘ ਵਾਸੀ ਪਾਕਾਂ ਇਹ ਜ਼ਮੀਨ ਵਾਹੁੰਦੇ ਸਨ ਪਰ ਹੁਣ ਦੋ ਸਾਲਾਂ ਤੋਂ ਮੇਰਾ ਭਰਾ ਅਵਤਾਰ ਸਿੰਘ ਠੇਕੇ ਲੈ ਕੇ ਵਾਹੀ ਕਰ ਰਿਹਾ ਸੀ। ਇਸੇ ਗੱਲ ਦੀ ਇਹ ਲੋਕ ਰੰਜਿਸ਼ ਰੱਖਦੇ ਸਨ। ਜਿਸ ਦੇ ਚਲਦਿਆਂ ਉਨ੍ਹਾਂ ਇਨ੍ਹਾਂ ਵਾਰਦਾਤ ਨੂੰ ਅੰਜਾਮ ਦਿੰਦਿਆਂ ਮੇਰੇ ਭਰਾ ਅਤੇ ਭਤੀਜੇ ਦਾ ਖੇਤ ਵਿਚ ਹੀ ਕਤਲ ਕਰ ਦਿੱਤਾ।

ਯਾਦ ਰਹੇ ਕਿ ਮ੍ਰਿਤਕ ਅਵਤਾਰ ਸਿੰਘ ਦੇ ਦੋ ਬੇਟੇ ਸਨ, ਜਿਨ੍ਹਾਂ ਵਿਚੋਂ ਹਰਮੀਤ ਸਿੰਘ ਦਾ ਪਿਤਾ ਦੇ ਨਾਲ ਹੀ ਕਤਲ ਕਰ ਦਿੱਤਾ ਗਿਆ। ਜਦੋਂ ਕਿ ਦੂਜਾ ਬੇਟਾ ਅਪਾਹਜ ਹੈ। ਮਿਰਤਕ ਨੌਜਵਾਨ ਹਰਮੀਤ ਸਿੰਘ ਸ਼ਾਦੀਸ਼ੁਦਾ ਸੀ ਅਤੇ ਉਸ ਦੇ ਕੁੱਝ ਦਿਨ ਪਹਿਲਾਂ ਹੀ ਇਕ ਬੇਟੀ ਤੋਂ ਬਾਅਦ ਬੇਟਾ ਹੋਇਆ ਸੀ।

ਉੱਧਰ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਿਸ ਮੌਕੇ 'ਤੇ ਪੁੱਜੀ ਅਤੇ ਉਨ੍ਹਾਂ ਲਾਸ਼ਾਂ ਨੂੰ ਕਬਜ਼ੇ ਵਿਚ ਲੈ ਕੇ ਅਗਲੇਰੀ ਕਾਰਵਾਈ ਅਰੰਭ ਦਿੱਤੀ ਹੈ।

## ਲਖਬੀਰ ਸਿੰਘ ਲੰਡਾ ਦਾ ਅਹਿਮ ਸਾਥੀ ਬਲਜੀਤ ਗ੍ਰਿਫਤਾਰ

ਦਿੱਲੀ-ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਐਨਆਈਏ ਨੇ ਗੈਂਗਸਟਰ ਲਖਬੀਰ ਸਿੰਘ ਲੰਡਾ ਦੇ ਇੱਕ ਸਾਥੀ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜ਼ਮ ਦੀ ਪਛਾਣ ਬਲਜੀਤ ਸਿੰਘ ਰਾਣਾ ਭਾਈ ਵਾਸੀ ਮੱਧ ਪ੍ਰਦੇਸ਼ ਵਜੋਂ ਹੋਈ ਹੈ। ਉਹ ਗਰੋਹ ਦੇ ਮੈਂਬਰਾਂ ਨੂੰ ਹਥਿਆਰ ਮੁਹੱਈਆ ਕਰਵਾਉਂਦਾ ਸੀ। ਐਨਆਈਏ ਮਾਮਲੇ ਦੀ ਜਾਂਚ ਕਰ ਰਹੀ ਹੈ।

ਅੱਤਵਾਦੀ ਗਤੀਵਿਧੀਆਂ ਵਿੱਚ ਵਰਤੇ ਗਏ ਹਥਿਆਰ-ਐਨਆਈਏ ਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਪੰਜਾਬ ਵਿੱਚ ਗੈਂਗ ਦੇ ਮੈਂਬਰਾਂ ਨੂੰ ਹਥਿਆਰ ਮੁਹੱਈਆ ਕਰਵਾਉਂਦੇ ਸਨ। ਮੁਲਜ਼ਮਾਂ ਨੇ ਇਨ੍ਹਾਂ ਹਥਿਆਰਾਂ ਦੀ ਵਰਤੋਂ ਕਾਰੋਬਾਰੀਆਂ ਤੋਂ ਜਬਰੀ ਵਸੂਲੀ ਸਮੇਤ ਹਿੰਸਕ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਕੀਤੀ।

# ਪੰਜਾਬ ਪੁਲਸ ਨੇ ਬੱਬਰ ਖਾਲਸਾ ਦੇ ਮਨਸੂਬੇ ਕੀਤੇ ਫੇਲ੍ਹ ਕਰਨ ਦਾ ਕੀਤਾ ਦਾਅਵਾ

**ਅਮਰੀਕਾ-ਅਧਾਰਤ ਹਰਪ੍ਰੀਤ ਸਿੰਘ ਤੇ ਇਟਲੀ ਆਧਾਰਿਤ ਸਾਥੀ ਰੇਸ਼ਮ ਸਿੰਘ ਦਾ ਇਕ ਸਾਥੀ ਗ੍ਰਿਫ਼ਤਾਰ, ਹਥਿਆਰ ਬਰਾਮਦ**

ਚੰਡੀਗੜ੍ਹ-ਪੰਜਾਬ ਪੁਲਸ ਨੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਸਮਰਥਨ ਵਾਲੇ ਖਾੜਕੂ ਮਾਡਿਊਲ ਦੇ ਇਕ ਮੈਂਬਰ ਦੀ ਗ੍ਰਿਫ਼ਤਾਰੀ ਨਾਲ ਸੰਭਾਵਿਤ ਟਾਰਗੇਟ ਕਿਲਿੰਗ ਨੂੰ ਰੋਕਿਆ ਹੈ। ਅੰਮ੍ਰਿਤਸਰ ਤੋਂ ਅਮਰੀਕਾ-ਅਧਾਰਤ ਹਰਪ੍ਰੀਤ ਸਿੰਘ ਉਰਫ ਹੈਪੀ ਪਾਸੀਆ ਅਤੇ ਇਟਲੀ ਅਧਾਰਤ ਸਾਥੀ ਰੇਸ਼ਮ ਸਿੰਘ ਦੇ ਇਕ ਕਾਰਕੁੰਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸ ਕੋਲੋਂ ਹਥਿਆਰ ਵੀ ਬਰਾਮਦ ਕੀਤੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਪੁਲਸ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਮੁਲਜ਼ਮ ਕੋਲੋਂ 1 ਪਿਸਤੌਲ, 2 ਮੈਗਜ਼ੀਨ , 9 ਜ਼ਿੰਦਾ ਗੋਲ਼ੀਆਂ ਅਤੇ 1 ਗੋਲ਼ੀ ਦਾ ਖਾਲੀ ਖੋਲ ਬਰਾਮਦ ਹੋਇਆ ਹੈ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਆਪਣੇ ਵਿਦੇਸ਼ੀ ਹੈਂਡਲਰਾਂ ਦੇ ਨਿਰਦੇਸ਼ਾਂ 'ਤੇ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਅੰਜਾਮ ਦੇ ਰਹੇ ਸਨ।

## ਬੀਐੱਸਐੱਫ਼ ਵੱਲੋਂ ਚਾਰ ਚੀਨੀ ਪਿਸਤੌਲ ਤੇ 50 ਪਾਕਿਸਤਾਨੀ ਜ਼ਿੰਦਾ ਕਾਰਤੂਸ ਜ਼ਬਤ

ਜਲੰਧਰ-ਸੀਮਾ ਸੁਰੱਖਿਆ ਬਲ ਵੱਲੋਂ ਚਾਰ ਚੀਨੀ ਪਿਸਤੌਲ ਅਤੇ 50 ਪਾਕਿਸਤਾਨੀ ਹਥਿਆਰਾਂ ਦੇ ਜ਼ਿੰਦਾ ਕਾਰਤੂਸ ਜ਼ਬਤ ਕੀਤੇ ਗਏ ਹਨ। ਇਕ ਬੁਲਾਰੇ ਨੇ ਦੱਸਿਆ ਕਿ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਕਲਸੀਆਂ ਵਿਚੋਂ ਤਲਾਸ਼ੀ ਮੁਹਿੰਮ ਦੌਰਾਨ ਜਵਾਨਾਂ ਨੂੰ ਖੁਲ੍ਹੇ ਮੈਦਾਨ 'ਚੋਂ ਇਕ ਪੀਲੇ ਰੰਗ ਦੇ ਪੈਕੇਟ ਵਿਚੋਂ ਚਾਰ ਪਿਸਤੌਲ, ਮੈਗਜ਼ੀਨ, 50 ਕਾਰਤੂਸ ਅਤੇ ਅੱਠ ਪਿੰਨ ਮਿਲੇ ਹਨ। ਉਨ੍ਹਾਂ ਦੱਸਿਆ ਕਿ ਗੋਲੀਆਂ ਤੇ ਪੀਓਐੱਫ (ਪਾਕਿਸਤਾਨ ਆਰਡੀਨੈਂਸ ਫੈਕਟਰੀਜ਼) ਦੀ ਮੋਹਰ ਸੀ।

## ਡੇਰਾਬੱਸੀ ਵਿਖੇ ਫਿਰੌਤੀ ਲਈ ਬਦਮਾਸ਼ਾਂ ਵਲੋਂ ਹਵਾਈ ਫਾਇਰ

ਡੇਰਾਬੱਸੀ-ਪੁਲੀਸ ਸਟੇਸ਼ਨ ਤੋਂ ਮਹਿਜ਼ 100 ਮੀਟਰ ਦੀ ਦੂਰੀ ਤੇ ਸਥਿਤ ਅਪੋਲੋ ਡਾਇਗੋਨਜ਼ ਸੈਂਟਰ ਦੇ ਬਾਹਰ ਮੋਟਰਸਾਈਕਲ 'ਤੇ ਆਏ ਬਦਮਾਸ਼ਾਂ ਨੇ ਦੋ ਹਵਾਈ ਫਾਇਰ ਕੀਤੇ। ਉਕਤ ਵਿਅਕਤੀ ਫਾਇਰ ਕਰਨ ਤੋਂ ਪਹਿਲਾਂ ਰਿਸੈਪਸ਼ਨ ਤੇ ਬੈਠੀ ਔਰਤ ਨੂੰ ਇਕ ਪਰਚੀ ਫੜਾ ਕੇ ਗਏ ਜਿਸ ਵਿੱਚ ਹਿੰਦੀ ਵਿਚ ਲਿਖਿਆ ਸੀ ਕਿ ਜੇਕਰ ਆਪਣੀ ਸਲਾਮਤੀ ਚਾਹੁੰਦੇ ਹੋ ਤਾਂ ਇਸ ਨੰਬਰ ਤੇ ਛੇਤੀ ਸੰਪਰਕ ਕੀਤਾ ਕਰਨਾ, ਅੱਜ ਇਕ ਚੱਲੀ ਹੈ ਕੱਲ੍ਹ 101 ਚਲਣਗੀਆਂ। ਬਦਮਾਸ਼ਾਂ ਨੇ ਆਪਣੇ ਆਪ ਨੂੰ ਕੌਸ਼ਲ ਚੋਧਰੀ ਗੈਂਗ ਨਾਲ ਸੰਬਧਤ ਹੋਣ ਦੀ ਗੱਲ ਲਿਖੀ ਹੈ।



# ਗੁਰਦਾਸਪੁਰ ਵਿਚ ਨਿਹੰਗ ਸਿੰਘ ਨੇ ਨੌਜਵਾਨ ਨੂੰ ਕੀਤਾ ਜ਼ਖ਼ਮੀ

**ਭਈਏ ਦੀ ਬੀੜੀ ਪੀਣ ਦੀ ਹਮਾਇਤ ਕਰਨ ਕਰਕੇ ਹੋਇਆ ਸੀ ਝਗੜਾ**

ਬਟਾਲਾ-ਬਟਾਲਾ ਦੇ ਡੇਰਾ ਰੋਡ ਫਲਾਈਓਵਰ ਹੇਠਾਂ ਇੱਕ ਪ੍ਰਵਾਸੀ ਮਜ਼ਦੂਰ ਵੱਲੋਂ ਬੀੜੀ ਪੀਣ 'ਤੇ ਨਿਹੰਗ ਸਿੰਘ ਗੁੱਸੇ ਵਿਚ ਆ ਗਿਆ। ਇਸ ਦੌਰਾਨ ਜਦੋਂ ਇਕ ਨੌਜਵਾਨ ਲੜਾਈ ਝਗੜਾ ਕਰਨ ਗਿਆ ਤਾਂ ਨਿਹੰਗ ਸਿੰਘ ਨੌਜਵਾਨ ਨਾਲ ਹੱਥੋਪਾਈ ਹੋ ਗਏ। ਜਿਸ ਤੋਂ ਬਾਅਦ ਦੋਵਾਂ ਵਿਚਾਲੇ ਹੱਥੋਪਾਈ ਸ਼ੁਰੂ ਹੋ ਗਈ। ਇਸ ਦੌਰਾਨ ਨਿਹੰਗ ਸਿੰਘ ਵੱਲੋਂ ਕੀਤੇ ਹਮਲੇ ਵਿੱਚ ਨੌਜਵਾਨ ਜ਼ਖ਼ਮੀ ਹੋ ਗਿਆ। ਜਿਸਨੂੰ ਬਟਾਲਾ ਦੇ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

ਜਾਣਕਾਰੀ ਮੁਤਾਬਕ ਨਿਹੰਗ ਸਿੰਘ ਪਿਛਲੇ 25 ਦਿਨਾਂ ਤੋਂ ਬਟਾਲਾ ਡੇਰਾ ਰੋਡ ਫਲਾਈਓਵਰ ਦੇ ਹੇਠਾਂ ਆਪਣਾ ਅੱਡਾ ਬਣਾ ਕੇ ਸ਼ਰਦਾਈ ਵੇਚ ਰਹੇ ਹਨ। ਉਥੋਂ 50 ਕਦਮਾਂ ਦੀ ਦੂਰੀ 'ਤੇ ਅੰਡੇ ਵੇਚਣ ਵਾਲੇ ਦਾ ਸਟਾਲ ਹੈ। ਇਹ ਸਟਾਲ ਪਿਛਲੇ 20 ਸਾਲਾਂ ਤੋਂ ਉੱਥੇ ਮੌਜੂਦ ਹੈ। ਪਰ ਬੀਤੇ ਦਿਨੀਂ ਇੱਕ ਪ੍ਰਵਾਸੀ ਮਜ਼ਦੂਰ ਗੱਡੀ ਦੇ ਨੇੜੇ ਆਇਆ ਅਤੇ ਬੀੜੀ ਪੀਣ ਲੱਗ ਪਿਆ। ਇਸ ਦੌਰਾਨ ਨਿਹੰਗ ਸਿੰਘ ਨੇ ਉਸ ਨੂੰ ਉਥੇ ਬੀੜੀ ਪੀਣ ਤੋਂ ਰੋਕ ਦਿੱਤਾ ਅਤੇ ਪ੍ਰਵਾਸੀ ਮਜ਼ਦੂਰ ਨੇ ਵੀ ਹੱਥ ਜੋੜ ਕੇ ਮੁਆਫੀ ਮੰਗੀ। ਇਸ ਦੌਰਾਨ ਉੱਥੋਂ ਲੰਘ ਰਿਹਾ ਇੱਕ ਨੌਜਵਾਨ ਨੀਰਜ ਵਰਮਾ ਇਸ ਕਾਰਣ ਨਿਹੰਗ ਸਿੰਘ ਨਾਲ ਖਹਿਬੜ ਪਿਆ।

ਨੀਰਜ ਵਰਮਾ ਨੇ ਦੱਸਿਆ ਕਿ ਨਿਹੰਗ ਸਿੰਘਾਂ ਨੇ ਉਸ 'ਤੇ ਵੀ ਡੰਡੇ ਨਾਲ ਹਮਲਾ ਕੀਤਾ ਸੀ ਅਤੇ ਉਸ ਦੇ ਸਿਰ 'ਤੇ ਵੀ ਡੰਡੇ ਨਾਲ ਵਾਰ ਕੀਤਾ ਗਿਆ ਸੀ। ਜਿਸ ਕਾਰਨ ਉਹ ਜ਼ਖ਼ਮੀ ਹੋ ਗਿਆ। ਫਿਰ ਲੋਕਾਂ ਨੇ ਉਸ ਨੂੰ ਜ਼ਖ਼ਮੀ ਹਾਲਤ ਵਿਚ ਉਥੋਂ ਕੱਢ ਕੇ ਬਟਾਲਾ ਦੇ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਅਤੇ ਮੰਗ ਕੀਤੀ ਕਿ ਇਨ੍ਹਾਂ ਨਿਹੰਗ ਸਿੰਘਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਜਦੋਂ ਕਿ ਨਿਹੰਗ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਸਿਰਫ਼ ਇੱਕ ਵਾਰ ਥੱਪੜ ਮਾਰਿਆ ਗਿਆ ਸੀ। ਜਿਸ ਕਾਰਨ ਉਹ ਹੇਠਾਂ ਡਿੱਗਣ ਕਾਰਨ ਜ਼ਖ਼ਮੀ ਹੋ ਗਿਆ।



# ਪੰਥਕ ਵਿਦਵਾਨ ਸਰਦਾਰ ਗੁਰਤੇਜ ਸਿੰਘ ਆਈਏਐਸ ਦਾ ਅਹਿਮ ਸਿਆਸੀ ਪ੍ਰਵਚਨ

## ○ # ਆਖਿਰ # ਅਕਾਲੀ ਦਲ # ਕਿਉਂ # ਤਬਾਹ ਹੋਇਆ ? ○ 1920 ਤੋਂ ਬਾਅਦ ਸਿੱਖਾਂ ਵਿਰੁੱਧ ਸਭ ਤੋਂ ਵੱਡਾ ਸਿਆਸੀ ਅਪਰਾਧ ਜ਼ਿੰਮੇਵਾਰ ਸੰਤ ਫਤਹਿ ਸਿੰਘ ਤੇ ਪ੍ਰਕਾਸ਼ ਸਿੰਘ ਬਾਦਲ

**ਸੰਵਾਦ**

ਸਰਦਾਰ ਗੁਰਤੇਜ ਸਿੰਘ ਸਿਖ ਪੰਥ ਦੇ ਅਹਿਮ ਰਾਜਨੀਤਕ, ਸਿਧਾਂਤਕ ਵਿਦਵਾਨ ਹਨ, ਜਿਹਨਾਂ ਨੇ ਆਪਣੇ ਪ੍ਰਵਚਨਾਂ ਰਾਹੀਂ ਇਤਿਹਾਸ ਤੇ ਸਿਖ ਫਲਸਫੇ ਨੂੰ ਆਧਾਰ ਬਣਾਕੇ ਸਿਖ ਸਭਿਆਚਾਰ, ਸਿਧਾਂਤ, ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸਿਆਸੀ ਤੇ ਕਲਚਰਲ ਵਿਚਾਰਧਾਰਕ ਯੁਧ ਵਿਚ ਬੋਧਿਕ ਸਖਸ਼ੀਅਤ ਵਜੋਂ ਅਹਿਮ ਭੂਮਿਕਾ ਨਿਭਾਈ ਹੈ। ਦੁਖਾਂਤ ਇਸ ਗਲ ਦਾ ਹੈ ਕਿ ਸਿਖ ਪੰਥ ਦੇ ਸਿਧਾਂਤ ਢੇਰੀ ਕਰਨ ਵਾਲੇ ਪ੍ਰਕਾਸ਼ ਸਿੰਘ ਬਾਦਲ ਵਰਗੇ ਅਕਾਲ ਤਖਤ ਤੋਂ ਫਖਰੇ ਕੌਮ ਵਜੋਂ ਨਿਵਾਜੇ ਜਾਂਦੇ ਹਨ, ਪਰ ਸਿਰਦਾਰ ਗੁਰਤੇਜ ਸਿੰਘ ਵਰਗੀਆਂ ਇਤਿਹਾਸਕ ਸਖਸ਼ੀਅਤਾਂ ਨੂੰ ਅਖੋਂ ਪਰੌਖੇ ਕੀਤਾ ਜਾਂਦਾ ਹੈ।

ਸੋ ਸਿਖ ਪੰਥ ਵਿਚ ਸਿਧਾਂਤ ਦੀ ਰਾਖੀ ਕਰਨ ਵਾਲੇ ਸਿਖ ਚਿੰਤਕਾਂ ਦੀ ਸਪੇਸ ਨਹੀਂ, ਜਿਸ ਕਰਕੇ ਸਿਖ ਪੰਥ ਖੁਆਰ ਹੋਇਆ ਹੈ।ਅਕਾਲੀ ਦਲ ਦਾ ਸਰਵਨਾਸ਼ ਹੋਇਆ ਹੈ ਤੇ ਬਿਪਰਨੀ ਖਾਰੇ ਸਮੁੰਦਰ ਵਿਚ ਜਾ ਡੁਬਿਆ ਹੈ।

ਹੁਣੇ ਜਿਹੇ ਸ਼ੋਸ਼ਲ ਮੀਡੀਆ ਉਪਰ ਅਕਾਲੀ ਦਲ ਤੇ ਸਿਖ ਪੰਥ ਦੇ ਉਜਾੜੇ ਦੀ ਸਾਖੀ ਲਿਖੀ ਹੈ। ਸਿਰਦਾਰ ਗੁਰਤੇਜ ਸਿੰਘ ਲਿਖਦੇ ਹਨ ਕਿ ਹਾਲ ਹੀ ਦੇ ਦਹਾਕਿਆਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦੀ ਸਭ ਤੋਂ ਵੱਡੀ ਨਾਕਾਮੀ ਇਹ ਹੈ ਕਿ ਉਹ 1920 ਵਿੱਚ ਸਥਾਪਤ ਸਿਆਸੀ ਪਾਰਟੀ ਦੇ ਅਸਲੀ ਸਿਆਸੀ ਕਿਰਦਾਰ ਨੂੰ ਕਾਇਮ ਰੱਖਣ ਵਿੱਚ ਅਸਮਰੱਥ ਰਹੀ ਹੈ। ਇਸ ਦਾ ਉਦੇਸ਼ ਸਿੱਖਾਂ ਲਈ ਆਪਣੀ ਰਾਜਨੀਤਿਕ ਇੱਛਾ ਪ੍ਰਗਟ ਕਰਨ ਦਾ ਸੀ। ਉਸ ਸਮੇਂ ਦੇਸ਼ ਉੱਤੇ ਬਸਤੀਵਾਦੀ ਸ਼ਕਤੀ ਬ੍ਰਿਟਿਸ਼ ਸਰਕਾਰ ਦਾ ਰਾਜ ਸੀ। ਮੂਲ ਸਿਧਾਂਤ ਜਿਸ 'ਤੇ ਪਾਰਟੀ ਦੀ ਸਥਾਪਨਾ ਕੀਤੀ ਗਈ ਸੀ, ਉਹ ਇਹ ਸੀ ਕਿ ਬਸਤੀਵਾਦੀ ਸ਼ਕਤੀ ਦੁਆਰਾ ਸਮਰਥਿਤ ਖ਼ਾਨਦਾਨੀ ਮਹੰਤਾਂ ਦੇ ਚੁੰਗਲ ਤੋਂ ਆਜ਼ਾਦ ਕਰਵਾਏ ਗੁਰਦੁਆਰਿਆਂ ਦੀ ਆਜ਼ਾਦੀ ਨੂੰ ਕਾਇਮ ਰੱਖਣਾ ਸੀ ਤੇ ਦੇਸ਼ ਦੀ ਆਜ਼ਾਦੀ ਲੜਨਾ ਸੀ। ਸਿਰਦਾਰ ਗੁਰਤੇਜ ਸਿੰਘ ਦਾ ਕਹਿਣਾ ਹੈ ਕਿ ਸ੍ਰੋਮਣੀ ਅਕਾਲੀ ਦਲ ਨੇ ਦੋਵਾਂ ਉਦੇਸ਼ਾਂ ਨੂੰ ਸਫਲਤਾ ਨਾਲ ਪੂਰਾ ਕੀਤਾ।

ਉਨ੍ਹਾਂ ਦਾ ਕਹਿਣਾ ਹੈ ਕਿ 1947 ਤੋਂ ਬਾਅਦ ਵੀ ਸ੍ਰੋਮਣੀ ਅਕਾਲੀ ਦਲ ਸਿੱਖ ਭਾਵਨਾ ਦਾ ਪ੍ਰਗਟਾਵਾ ਕਰਦਾ ਰਿਹਾ ਅਤੇ ਇਸਦੀ ਇੱਕ ਪ੍ਰਾਪਤੀ ਪੰਜਾਬੀ ਭਾਸ਼ਾਈ ਸੂਬਾ ਬਣਾਉਣ ਲਈ ਪੰਜਾਬ ਦੇ ਪੁਨਰਗਠਨ ਲਈ ਸਫਲ ਅਤੇ



ਸ਼ਾਂਤਮਈ ਸੰਘਰਸ਼ ਸੀ। ਇਸ ਨੇ ਫਿਰਕੂ ਵਿਰੋਧ ਦੇ ਬਾਵਜੂਦ ਇੱਕ ਸਖ਼ਤ ਅਤੇ ਸ਼ਾਂਤਮਈ ਸੰਘਰਸ਼ ਛੇੜਿਆ, ਅਤੇ ਇਸਦੇ ਆਗੂਆਂ ਤੇ ਵਰਕਰਾਂ ਨੇ ਮੋਰਚੇ ਦੀ ਸਫਲਤਾ ਲਈ ਜਾਨਾਂ ਦੀ ਪਰਵਾਹ ਨਹੀਂ ਕੀਤੀ ਤੇ ਹਰੇਕ ਪਖੋਂ ਸਿਖ ਪੰਥ ਤੇ ਪੰਜਾਬ ਲਈ ਕੁਰਬਾਨ ਹੋਏ। ਸ਼ਹਾਦਤਾਂ ਦਿਤੀਆਂ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬੀ ਬੋਲਦਾ ਸੂਬਾ ਅਜੇ ਵੀ ਅਕਾਲੀਆਂ ਦੇ ਯਤਨਾਂ ਦੀ ਘਾਟ ਕਾਰਨ ਨਹੀਂ, ਸਗੋਂ ਸਿੱਖਾਂ ਅਤੇ ਪੰਜਾਬੀ ਭਾਸ਼ਾ ਪ੍ਰਤੀ ਨਫ਼ਰਤ ਤੋਂ ਪ੍ਰੇਰਿਤ ਬਹੁਗਿਣਤੀ ਸਭਿਆਚਾਰ ਨਾਲ ਲੈਸ ਸਿਆਸੀ ਤਾਕਤ ਦੀ ਕੂਨੀਤੀ ਕਾਰਨ ਅਧੂਰਾ ਰਿਹਾ ਹੈ।

ਸਿਰਦਾਰ ਗੁਰਤੇਜ ਸਿੰਘ ਦਾ ਕਹਿਣਾ ਹੈ ਕਿ ਅਕਾਲੀ ਦਲ 1966 ਵਿੱਚ ਆਪਣੇ ਬਜ਼ੁਰਗ ਆਗੂ ਮਾਸਟਰ ਤਾਰਾ ਸਿੰਘ ਦੀ ਮੌਤ ਤੱਕ ਆਪਣੇ ਸੰਸਥਾਪਕਾਂ ਦੇ ਇਰਾਦਿਆਂ ਪ੍ਰਤੀ ਵਫ਼ਾਦਾਰ ਰਿਹਾ ਸੀ। ਉਸ ਤੋਂ ਬਾਅਦ ਦੇਸ਼ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ, ਰਾਜਸਥਾਨ ਅਤੇ ਪੰਜਾਬ ਦੇ ਮੁੱਖ ਮੰਤਰੀਆਂ ਕ੍ਰਮਵਾਰ ਮੋਹਨ ਲਾਲ ਸੁਖੀਆ ਅਤੇ ਪ੍ਰਤਾਪ ਸਿੰਘ ਕੈਰੋਂ ਵੱਲੋਂ ਸੰਤ ਫਤਹਿ ਸਿੰਘ ਵਰਗੀਆਂ ਸਿਆਸੀ ਹਸਤੀਆਂ ਨੂੰ ਸ਼੍ਰੋਮਣੀ ਅਕਾਲੀ ਦਲ ਵਿੱਚ ਲੀਡਰਸ਼ਿਪ ਦੇ ਅਹੁਦਿਆਂ 'ਤੇ ਬਿਠਾਉਣ ਦੀ ਕੋਝੀ ਸਾਜ਼ਿਸ਼ ਰਚੀ ਗਈ। ਇਹ ਉਹ ਸਮਾਂ ਸੀ ਜਦੋਂ ਬੁਨਿਆਦੀ ਸਿਧਾਂਤ ਕਮਜ਼ੋਰ ਹੋਣੇ ਸ਼ੁਰੂ ਹੋ ਗਏ ਸਨ। ਇਸ ਨੂੰ ਆਮ ਤੌਰ 'ਤੇ ਚੇਤੰਨ ਦਿਮਾਗਾਂ ਦੁਆਰਾ ਇੱਕ ਸਪੱਸ਼ਟ ਵਿਗਾੜ ਮੰਨਿਆ ਜਾਂਦਾ ਸੀ, ਹਾਲਾਂਕਿ ਇਸਨੂੰ ਬਹੁਗਿਣਤੀ ਸਿਆਸੀ ਸ਼ਕਤੀ ਤੇ ਇਸ ਦੇ ਨਿਯੰਤਰਿਤ ਮੀਡੀਆ ਦੁਆਰਾ ਚਲਾਕੀ ਨਾਲ ਛੁਪਾਇਆ ਗਿਆ ਸੀ।

ਅਕਾਲੀ ਸਿਧਾਂਤ ਨੂੰ ਢਹਿਢੇਰੀ ਕਰਨ ਵਾਲੇ ਖਲਨਾਇਕਾਂ ਦਾ ਜ਼ਿਕਰ ਕਰਦੇ ਸਿਰਦਾਰ ਗੁਰਤੇਜ ਸਿੰਘ ਲਿਖਦੇ ਹਨ ਕਿ ਸੰਤ ਫਤਹਿ ਸਿੰਘ ਦੇ ਸਿਆਸੀ ਵੰਸ਼ਜਾਂ ਨੇ ਅਕਾਲੀ ਸਿਧਾਂਤ ਢਹਿ ਢੇਰੀ ਕਰ ਦਿੱਤੇ ਸਨ। ਇਨ੍ਹਾਂ ਵਿੱਚ ਪ੍ਰਕਾਸ਼ ਸਿੰਘ ਬਾਦਲ ਪ੍ਰਮੁੱਖ ਸਨ। ਸਰਕਾਰੀ ਨੀਤੀ ਤਹਿਤ ਬਾਦਲ ਨੇ ਸਿੱਖ ਸਭਿਆਚਾਰ, ਨੀਤੀ, ਸਿਧਾਂਤ ਨੂੰ ਤਬਾਹ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਬਦਲੇ ਵਿੱਚ, ਬਾਦਲ ਤੇ ਉਨ੍ਹਾਂ ਦੇ ਨਜ਼ਦੀਕੀ ਪਰਿਵਾਰ ਦੇ ਰਾਜਨੀਤਿਕ ਪ੍ਰਭਾਵ ਨੂੰ ਵਧਾਉਣ ਅਤੇ ਅੰਤ ਵਿੱਚ ਵੱਡੀ ਮਾਤਰਾ ਵਿਚ ਮਾਇਆ ਇਕੱਠਾ ਕਰਨ ਲਈ ਵਾਅਦਾ ਕੀਤਾ ਗਿਆ ਸੀ। ਬਹੁਗਿਣਤੀ ਸਤਾ ਧਿਰ ਨੇ ਲਗਾਤਾਰ ਬਾਦਲ ਨੂੰ ਸੌਂਪੇ ਗਏ ਕੰਮ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਆਪਣੇ ਚੁਣੇ ਹੋਏ ਰਿਸ਼ਤੇਦਾਰਾਂ ਅਤੇ ਧਕੜਸ਼ਾਹਾਂ ਨਾਲ ਖਾਲੀ ਥਾਂ ਨੂੰ ਭਰਦੇ ਹੋਏ ਪ੍ਰਕਾਸ਼ ਸਿੰਘ ਬਾਦਲ ਨੇ ਲਗਾਤਾਰ ਵਿਰੋਧੀ ਲੀਡਰਸ਼ਿਪ ਨੂੰ ਖਤਮ ਕੀਤਾ।

ਉਨ੍ਹਾਂ ਦਾ ਕਹਿਣਾ ਹੈ ਕਿ ਇਸ ਕਾਰਣ ਅਕਾਲੀ ਦਲ ਦੇ ਜਮਹੂਰੀ ਸੰਵਿਧਾਨ ਦੀ ਇਹ ਪ੍ਰਤੱਖ ਕਮਜ਼ੋਰੀ ਲੰਮੇ ਸਮੇਂ ਤੱਕ ਜਾਰੀ ਰਹੀ। ਨਵੀਂ ਲੀਡਰਸ਼ਿਪ ਨੂੰ ਉਭਰਨ ਤੋਂ ਰੋਕਣ ਲਈ ਬਾਦਲ ਨੇ ਪ੍ਰਮੁਖਤਾ ਨਾਲ ਭੂਮਿਕਾ ਨਿਭਾਈ। ਫਿਰ, 1996 ਵਿੱਚ, ਅਕਾਲੀ ਦਲ ਦੇ ਸਥਾਪਨਾ ਦੀ 75ਵੀਂ ਵਰ੍ਹੇਗੰਢ ਮਨਾਉਣ ਦੇ ਬਹਾਨੇ, ਬਾਦਲ ਨੇ ਮੋਗਾ ਵਿੱਚ ਅਕਾਲੀਆਂ ਦੇ ਇਕੱਠ ਕੀਤਾ। ਉਦੋਂ ਤੱਕ ਉਸਨੇ ਪਾਰਟੀ ਦੇ ਸੰਵਿਧਾਨ ਨੂੰ ਪੂਰੀ ਤਰ੍ਹਾਂ ਉਲਟਾ ਦਿੱਤਾ ਸੀ ਅਤੇ ਇਹ ਯਕੀਨੀ ਬਣਾਇਆ ਸੀ ਕਿ ਉਸਦਾ ਸ਼ਾਸਨ ਬਿਨਾਂ ਕਿਸੇ ਰੁਕਾਵਟ ਦੇ ਜਾਰੀ ਰਹੇ। ਉੱਥੇ, ਸੰਗਠਨ ਨੂੰ ਵਿਸ਼ਾਲ ਕਰਨ ਦੇ ਬਹਾਨੇ, ਉਸਨੇ ਅਸਲੀ ਨਾਮ ਤਾਂ ਬਰਕਰਾਰ ਰੱਖਿਆ ਪਰ ਇਸਨੂੰ ਇੱਕ ਨਿੱਜੀ ਸਿਆਸੀ ਸੰਗਠਨ ਵਿੱਚ ਬਦਲ ਦਿੱਤਾ। ਇੱਕ ਪਰਿਵਾਰਕ ਜਾਇਦਾਦ ਵਜੋਂ। ਇਸ ਤਰ੍ਹਾਂ ਸਿੱਖ ਕੌਮ ਨੂੰ ਅਵਾਜ਼ ਰਹਿਤ ਬਣਾ ਦਿੱਤਾ ਗਿਆ।

ਸਰਦਾਰ ਗੁਰਤੇਜ ਸਿੰਘ ਪ੍ਰਕਾਸ਼ ਸਿੰਘ ਬਾਦਲ ਦਾ ਕਾਲਾ ਚਿਠਾ ਸਿਖ ਪੰਥ ਦੇ ਧਿਆਨ ਵਿਚ ਲਿਆਉਂਦੇ ਹੋਏ ਲਿਖਦੇ ਹਨ ਕਿ 1920 ਤੋਂ ਬਾਅਦ ਇਸ ਪਖੰਡੀ ਅਕਾਲੀ ਆਗੂ ਵੱਲੋਂ ਸਿੱਖ ਕੌਮ ਨਾਲ ਇਹ ਸਭ ਤੋਂ ਵੱਡਾ ਧੋਖਾ ਸੀ। ਦੇਸ਼ ਦੇ ਸੰਵਿਧਾਨ ਵਿੱਚ ਦਰਜ ਧਰਮ ਨਿਰਪੱਖ ਜਮਹੂਰੀ ਭਾਰਤ ਦੇ ਆਦਰਸ਼ਾਂ ਨੂੰ ਪਹਿਲ ਦਿੰਦੇ ਹੋਏ ਹਿੰਦੂਤਵ ਅਤੇ ਹਿੰਦੂ ਰਾਸ਼ਟਰ ਦੇ ਸੰਕਲਪ ਨੂੰ ਅੱਗੇ ਵਧਾਉਣ ਵਾਲੀ ਪਾਰਟੀ ਦੀ ਸਿੱਧੀ ਸਰਪ੍ਰਸਤੀ ਹੇਠ ਅਜਿਹਾ ਕੀਤਾ ਗਿਆ। ਦੂਜੀ ਪ੍ਰਭਾਵਸ਼ਾਲੀ ਪਾਰਟੀ, ਇੰਡੀਅਨ ਨੈਸ਼ਨਲ ਕਾਂਗਰਸ, ਜੋ "ਨਰਮ ਹਿੰਦੂਤਵ" ਦਾ ਅਭਿਆਸ ਕਰਦੀ ਸੀ, 1947 ਤੋਂ ਬਾਅਦ ਭਾਰਤ ਵਿੱਚ ਸਿੱਖਾਂ ਦੇ ਜ਼ਬਰਦਸਤ ਰਾਜਨੀਤਿਕ ਅਤੇ ਸਮਾਜਿਕ ਪ੍ਰਭਾਵ ਨੂੰ ਨਸ਼ਟ ਕਰਨ ਵਿੱਚ ਹਮੇਸ਼ਾਂ ਦਿਲਚਸਪੀ ਰੱਖਦੀ ਸੀ। ਕਾਂਗਰਸ ਨੇ ਖਾਸ ਤੌਰ 'ਤੇ ਬਾਦਲ ਦੇ ਸੁਵਿਧਾਜਨਕ ਵਿਕਾਸ ਦਾ ਵੀ ਸਮਰਥਨ ਕੀਤਾ, ਕਿਉਂਕਿ ਇਸ ਨੇ 1984 ਵਿੱਚ ਦਰਬਾਰ ਸਾਹਿਬ 'ਤੇ ਫੌਜੀ ਹਮਲੇ, ਅਨਮੋਲ ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਸਾੜਨ ਅਤੇ 1947 ਤੋਂ ਘੱਟੋ-ਘੱਟ 5,00,000 ਸਿੱਖਾਂ ਦੇ ਸਿਆਸੀ ਕਤਲ ਲਈ ਇਨਸਾਫ ਦੀ ਮੰਗ ਕਰਨ ਵਾਲੇ ਸਿੱਖਾਂ ਦੀ ਰਾਜਨੀਤਕ ਤੇ ਸਭਿਆਚਾਰਕ ਸੰਭਾਵਨਾ ਨੂੰ ਉਭਰਦੇ ਦੇਖਿਆ। ਰਾਜ ਕਰਨ ਵਾਲੀਆਂ ਦੋਵੇਂ ਵੱਡੀਆਂ ਪਾਰਟੀਆਂ ਨੇ ਬਾਦਲ ਨੂੰ ਵਾਰੋ-ਵਾਰੀ ਸਰਪ੍ਰਸਤੀ ਦਿੱਤੀ। ਅਜੀਬ ਹਾਲਾਤਾਂ ਦੇ ਨਤੀਜੇ ਵਜੋਂ ਬਾਦਲ ਅਤੇ ਉਸਦੇ ਨਜ਼ਦੀਕੀ ਪਰਿਵਾਰ ਦਾ ਬੇਮਿਸਾਲ ਵਿੱਤੀ ਅਤੇ ਸਿਆਸੀ ਪ੍ਰਭਾਵ ਸੀ। ਇਸ ਵਾਧੇ ਦੇ ਵੇਰਵੇ ਚੰਗੀ ਤਰ੍ਹਾਂ ਦਸਤਾਵੇਜ਼ੀ ਹਨ ਅਤੇ ਦੁਹਰਾਉਣ ਦੀ ਲੋੜ ਨਹੀਂ ਹੈ।

ਸੁਆਲ ਸਿਖ ਪੰਥ ਦਾ ਇਹ ਹੈ ਕੀ ਹੁਣ ਅਕਾਲ ਤਖ਼ਤ ਦੇ ਜਥੇਦਾਰ ਬੇਅਦਬੀ ਦੇ ਕੇਸਾਂ ਤੇ ਅਕਾਲੀ ਦਲ ਦੀ ਬਰਬਾਦੀ ਤੇ ਪੰਥ ਦੇ ਸੰਕਟ ਦਾ ਕੌਣ ਜ਼ਿੰਮੇਵਾਰ ਦੀ ਪੂਰੀ ਦਾਸਤਾਨ ਨੂੰ ਮੁੜ ਖੋਲ੍ਹਕੇ ਸਿਖ ਪੰਥ ਨਾਲ ਇਨਸਾਫ ਕਰਨਗੇ। ਅਤੇ ਇਸ ਦੇ ਨਾਲ ਹੀ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਖ਼ੁਦ ਅਕਾਲ ਤਖ਼ਤ ਦੀ ਭੂਮਿਕਾ ਨੂੰ ਘੋਖਣਗੇ ? ਕੀ ਉਹ ਜਥੇਦਾਰ ਗੁਰਬਚਨ ਸਿੰਘ ਨੂੰ ਪੰਥ ਦੇ ਕਟਹਿਰੇ ਵਿਚ ਖੜਾ ਕਰਨਗੇ ? ਅਕਾਲੀ ਸੰਕਟ ਬਹੁਤ ਗਹਿਰਾ ਹੈ ਜਿਸ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ। ਇਹ ਸਿਖ ਪੰਥ ਦੀ ਸੋਝੀ ਉਪਰ ਆਧਾਰਿਤ ਹੈ ਕਿ ਉਸਨੇ ਇਸ ਭਵਜਲ ਵਿਚੋਂ ਕਿਵੇਂ ਪਾਰ ਉਤਰਨਾ ਹੈ ?

ਅਕਾਲੀ ਲੀਡਰਸ਼ਿਪ ਅਹਿਸਾਸ ਕਰੇ ਕਿ ਮੋਰਚਿਆਂ, ਸੰਘਰਸ਼ਾਂ ਵਿੱਚੋਂ ਸਿਖ ਪੰਥ ਦੀ ਅਕਾਲੀ ਸੱਤਾ ਨਿਕਲਦੀ ਰਹੀ ਹੈ, ਸੱਤਾ ਆਪਣੇ ਆਪ ਵਿੱਚ ਕੁਝ ਨਹੀਂ ਹੈ। ਜੇ ਸਿਖ ਪੰਥ ਦੀ ਰਾਖੀ ਤੇ ਵਿਕਾਸ ਲਈ ਸਤਾ ਨਹੀਂ ਤਾਂ ਇਹ ਅਰਥਹੀਣ ਹੈ। ਅਕਾਲੀ ਲੀਡਰਸ਼ਿਪ ਨੂੰ ਇਹ ਸਮਝਣਾ ਪਵੇਗਾ। ਸਿਖ ਵਿਚਾਰਧਾਰਾ, ਪੰਥਕ ਜਜਬੇ ਤੋਂ ਬਿਨਾਂ ਅਕਾਲੀ ਦਲ ਮੁਰਦੇ ਦੇ ਨਿਆਂਈ ਹੈ।



# ਪੈਸੇ ਨਿਵੇਸ਼ ਕਰਨ ਲਈ ਅਯੁੱਧਿਆ ਤੇ ਉਸ ਦੇ ਆਲੇ-ਦੁਆਲੇ ਦਾ ਇਲਾਕਾ ਧੰਨਾ ਸੇਠਾਂ ਲਈ ਪਸੰਦੀਦਾ ਥਾਂ ਬਣਿਆ

✪ ਗੋਂਡਾ ਤੇ ਬਸਤੀ ਦੇ ਘੱਟੋ-ਘੱਟ 25 ਪਿੰਡਾਂ ਵਿਚ ਜ਼ਮੀਨ ਖਰੀਦਣ ਦੀ ਗਿਣਤੀ ਵਿਚ 30 ਫੀਸਦੀ ਵਾਧਾ
✪ ਰਜਿਸਟਰੀਆਂ ਕਰਾਉਣ ਵਾਲਿਆਂ ਵਿਚ ਸਿਆਸੀ ਆਗੂ, ਸਰਕਾਰੀ ਅਧਿਕਾਰੀਆਂ ਦੇ ਕਰੀਬੀ ਤੇ ਵੱਡੇ ਕਾਰੋਬਾਰੀ ਵੀ ਸ਼ਾਮਲ

ਅੰਗਰੇਜ਼ੀ ਅਖਬਾਰ 'ਦੀ ਇੰਡੀਅਨ ਐੱਕਸਪ੍ਰੈੱਸ' ਦੀ ਖਬਰ ਸੀ ਕਿ ਨਵੰਬਰ 2019 ਵਿਚ ਰਾਮ ਮੰਦਰ ਦੀ ਉਸਾਰੀ ਦੀ ਆਗਿਆ ਦੇਣ ਦੇ ਸੁਪਰੀਮ ਕੋਰਟ ਦੇ ਫੈਸਲੇ ਤੋਂ ਲੈ ਕੇ ਮਾਰਚ 2024 ਤੱਕ ਅਯੁੱਧਿਆ ਤੇ ਉਸ ਦੇ ਨਾਲ ਲੱਗਦੇ ਜ਼ਿਲ੍ਹੇ ਗੋਂਡਾ ਤੇ ਬਸਤੀ ਦੇ ਘੱਟੋ-ਘੱਟ 25 ਪਿੰਡਾਂ ਵਿਚ ਜ਼ਮੀਨ ਖਰੀਦਣ ਦੀ ਗਿਣਤੀ ਵਿਚ 30 ਫੀਸਦੀ ਵਾਧਾ ਹੋਇਆ ਹੈ। ਇਹ ਪਿੰਡ ਮੰਦਰ ਦੇ 15 ਕਿਲੋਮੀਟਰ ਦੇ ਦਾਇਰੇ ਵਿਚ ਆਉਂਦੇ ਹਨ।

ਰਜਿਸਟਰੀਆਂ ਕਰਾਉਣ ਵਾਲਿਆਂ ਵਿਚ ਸਿਆਸੀ ਆਗੂਆਂ ਤੇ ਸਰਕਾਰੀ ਅਧਿਕਾਰੀਆਂ ਦੇ ਕਰੀਬੀਆਂ ਤੋਂ ਇਲਾਵਾ ਵੱਡੇ ਕਾਰੋਬਾਰੀ ਵੀ ਹਨ। ਅਰੁਣਾਚਲ ਦੇ ਉਪ ਮੁੱਖ ਮੰਤਰੀ ਚੌਨਾ ਮੀਨ ਦੇ ਦੋਵਾਂ ਬੇਟਿਆਂ ਚੌਂ ਕਾਨ ਸੇਂਗ ਮੀਨ ਤੇ ਆਦਿਤਿਆ ਮੀਨ ਨੇ ਸਤੰਬਰ 2022 ਤੇ ਸਤੰਬਰ 2023 ਵਿਚਾਲੇ ਸਰਯੂ ਨਦੀ ਦੇ ਪਾਰ ਮਹੇਸ਼ਪੁਰ (ਗੋਂਡਾ) ਵਿਚ ਮੰਦਰ ਤੋਂ 8 ਕਿਲੋਮੀਟਰ ਦੂਰ 3.99 ਹੈਕਟੇਅਰ ਜ਼ਮੀਨ 3.72 ਕਰੋੜ ਰੁਪਏ ਵਿਚ ਖਰੀਦੀ। 25 ਅਪ੍ਰੈਲ 2023 ਵਿਚ ਉਨ੍ਹਾਂ 0.768 ਹੈਕਟੇਅਰ ਜ਼ਮੀਨ 98 ਲੱਖ ਰੁਪਏ ਵਿਚ ਵੇਚੀ। ਆਦਿਤਿਆ ਮੀਨ ਨੇ ਦੱਸਿਆ ਕਿ ਉਨ੍ਹਾ ਹੋਟਲ ਬਣਾਉਣ ਲਈ ਜ਼ਮੀਨ ਖਰੀਦੀ। ਮਹਿਲਾ ਭਲਵਾਨ ਦਾ ਜਿਸਮਾਨੀ ਸ਼ੋਸ਼ਣ ਕਰਨ ਦੇ ਦੋਸ਼ ਦਾ ਸਾਹਮਣਾ ਕਰ ਰਹੇ ਸਾਬਕਾ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਸ਼ਰਣ ਸਿੰਘ ਦਾ ਬੇਟਾ ਕਰਣ ਭੂਸ਼ਣ, ਜੋ ਨੰਦਿਨੀ ਇਨਫਰਾਸਟ੍ਰਕਟਰ ਦਾ ਮਾਲਕ ਹੈ, ਨੇ ਵੀ ਮਹੇਸ਼ਪੁਰ ਵਿਚ ਜਨਵਰੀ 2023 ਵਿਚ 0.97 ਹੈਕਟੇਅਰ ਜ਼ਮੀਨ 1.15 ਕਰੋੜ ਰੁਪਏ ਵਿਚ ਖਰੀਦੀ। ਜੁਲਾਈ 2023 ਵਿਚ 635.72 ਵਰਗ ਮੀਟਰ ਜ਼ਮੀਨ 60.96 ਲੱਖ ਰੁਪਏ ਵਿਚ ਵੇਚ ਦਿੱਤੀ। ਬ੍ਰਿਜ ਭੂਸ਼ਣ ਨੂੰ ਟਿਕਟ ਨਾ ਮਿਲਣ 'ਤੇ ਉਸ ਦੀ ਥਾਂ ਕੈਸਰਗੰਜ ਤੋਂ ਭਾਜਪਾ ਦੀ ਟਿਕਟ 'ਤੇ ਲੜਿਆ ਕਰਣ ਭੂਸ਼ਣ ਲੋਕ ਸਭਾ ਚੋਣ ਜਿੱਤ ਗਿਆ ਸੀ।



ਯੂ ਪੀ ਸਪੈਸ਼ਲ ਟਾਸਕ ਫੋਰਸ ਦੇ ਐਡੀਸ਼ਨਲ ਡੀ ਜੀ ਪੀ ਅਮਿਤਾਭ ਯਸ਼ ਦੀ ਮਾਤਾ ਗੀਤਾ ਸਿੰਘ ਨੇ ਫਰਵਰੀ 2022 ਤੋਂ ਫਰਵਰੀ 2024 ਤੱਕ ਮਹੇਸ਼ਪੁਰ ਤੇ ਦੁਰਗਾਗੰਜ (ਗੋਂਡਾ) ਤੇ ਮਊ ਯਦੁਵੰਸ਼ਪੁਰ (ਅਯੁੱਧਿਆ) ਵਿਚ ਮੰਦਰ ਤੋਂ ਕੁਝ ਕਿਲੋਮੀਟਰ ਦੂਰ 9.955 ਹੈਕਟੇਅਰ ਖੇਤੀ ਜ਼ਮੀਨ 4.04 ਕਰੋੜ ਰੁਪਏ ਵਿਚ ਖਰੀਦੀ। 16 ਅਗਸਤ 2023 ਨੂੰ ਮਹੇਸ਼ਪੁਰ ਵਿਚ 0.505 ਹੈਕਟੇਅਰ ਜ਼ਮੀਨ 20.40 ਲੱਖ ਰੁਪਏ ਵਿਚ ਵੇਚ ਦਿੱਤੀ। ਯੂ ਪੀ ਦੇ ਗ੍ਰਹਿ ਵਿਭਾਗ ਦੇ ਸਕੱਤਰ ਸੰਜੀਵ ਗੁਪਤਾ ਦੀ ਪਤਨੀ ਡਾ. ਚੇਤਨਾ ਗੁਪਤਾ ਨੇ 5 ਅਗਸਤ 2022 ਨੂੰ ਰਾਮ ਮੰਦਰ ਤੋਂ 14 ਕਿਲੋਮੀਟਰ ਦੂਰ ਬਨਵੀਰਪੁਰ ਵਿਚ 253 ਵਰਗ ਮੀਟਰ ਰਿਹਾਇਸ਼ੀ ਜ਼ਮੀਨ 35.92 ਲੱਖ ਰੁਪਏ ਵਿਚ ਖਰੀਦੀ ਤੇ ਬਾਅਦ ਵਿਚ ਵੇਚ ਦਿੱਤੀ।

ਯੂ ਪੀ ਦੇ ਸਿੱਖਿਆ ਵਿਭਾਗ ਦੇ ਜਾਇੰਟ ਡਾਇਰੈਕਟਰ ਅਰਵਿੰਦ ਕੁਮਾਰ ਪਾਂਡੇ ਤੇ ਉਸ ਦੀ ਪਤਨੀ ਮਮਤਾ ਨੇ ਜੂਨ ਤੇ ਅਗਸਤ 2023 ਦਰਮਿਆਨ ਮੰਦਰ ਤੋਂ 7 ਕਿਲੋਮੀਟਰ ਦੂਰ ਸ਼ਾਹਨਵਾਜ਼ਪੁਰ ਮਾਝਾ ਵਿਚ 64.57 ਲੱਖ ਰੁਪਏ ਵਿਚ 1051 ਵਰਗ ਮੀਟਰ ਰਿਹਾਇਸ਼ੀ ਜ਼ਮੀਨ ਖਰੀਦੀ। ਪਾਂਡੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਮੁਅੱਤਲ ਹੈ। ਪਤਨੀ ਮਮਤਾ ਬਸਤੀ ਵਿਚ ਭਾਜਪਾ ਆਗੂ ਹੈ ਤੇ ਅਯੁੱਧਿਆ ਵਿਚ 2022 ਵਿਚ ਖੁੱਲ੍ਹੇ ਹੋਟਲ 'ਦੀ ਰਾਮਾਇਣ' ਦੀ ਮੈਨੇਜਿੰਗ ਡਾਇਰੈਕਟਰ ਹੈ। ਰੇਲਵੇ ਦੇ ਡਿਪਟੀ ਚੀਫ ਇੰਜੀਨੀਅਰ ਮਹਾਬਲ ਪ੍ਰਸਾਦ ਦੇ ਬੇਟੇ ਅੰਸ਼ੁਲ ਨੇ ਨਵੰਬਰ 2023 ਵਿਚ ਸ਼ਾਹਨਵਾਜ਼ਪੁਰ ਮਾਝਾ 'ਚ ਇਕ ਹੋਰ ਵਿਅਕਤੀ ਨਾਲ ਮਿਲ ਕੇ 0.304 ਹੈਕਟੇਅਰ ਖੇਤੀ ਜ਼ਮੀਨ 24 ਲੱਖ ਰੁਪਏ ਵਿਚ ਖਰੀਦੀ।

ਜ਼ਰੂਰੀ ਨਹੀਂ ਕਿ ਭਾਜਪਾ ਆਗੂਆਂ ਨੇ ਹੀ ਜ਼ਮੀਨਾਂ ਖਰੀਦੀਆਂ ਹਨ, ਕਾਂਗਰਸ, ਬਸਪਾ ਤੇ ਸਮਾਜਵਾਦੀ ਪਾਰਟੀ ਦੇ ਵੀ ਕਈ ਆਗੂ ਜ਼ਮੀਨਾਂ ਖਰੀਦਣ ਵਾਲਿਆਂ ਵਿਚ ਸ਼ਾਮਲ ਹਨ।

ਇਨ੍ਹਾਂ ਤੋਂ ਇਲਾਵਾ ਮੁੰਬਈ ਦੀ ਨਾਮੀ ਰੀਅਲ ਅਸਟੇਟ ਕੰਪਨੀ 'ਹੋਬਲ' ਨੇ ਪਹਿਲਾਂ ਮੰਦਰ ਤੋਂ 12 ਕਿਲੋਮੀਟਰ ਦੂਰ ਸਰਯੂ ਨਦੀ ਦੇ ਤੱਟ 'ਤੇ ਤਿਹੁਰਾ ਮਾਝਾ ਵਿਚ 17.73 ਹੈਕਟੇਅਰ ਖੇਤੀ ਜ਼ਮੀਨ ਤੇ 12693 ਵਰਗ ਮੀਟਰ ਰਿਹਾਇਸ਼ੀ ਜ਼ਮੀਨ 74.15 ਕਰੋੜ ਰੁਪਏ ਵਿਚ ਖਰੀਦੀ। ਇਸ ਤੋਂ ਬਾਅਦ ਇਸੇ ਪਿੰਡ ਵਿਚ 31.24 ਕਰੋੜ ਦੀ 7.54 ਹੈਕਟੇਅਰ ਜ਼ਮੀਨ ਹੋਰ ਖਰੀਦੀ। ਕੰਪਨੀ ਦਾ ਮਾਲਕ ਅਭਿਨੰਦਨ ਮੰਗਲ ਪ੍ਰਭਾਤ ਲੋਢਾ ਹੈ, ਜੋ ਮਹਾਰਾਸ਼ਟਰ ਦੇ ਮੰਤਰੀ ਮੰਗਲ ਪ੍ਰਭਾਤ ਲੋਢਾ ਦਾ ਪੁੱਤਰ ਤੇ ਗੁਹਾਟੀ ਹਾਈ ਕੋਰਟ ਦੇ ਮਰਹੂਮ ਚੀਫ ਜਸਟਿਸ ਤੇ ਭਾਜਪਾ ਦੇ ਸਾਬਕਾ ਸਾਂਸਦ ਗੁਮਾਨ ਮੱਲ ਲੋਢਾ ਦਾ ਪੋਤਾ ਹੈ। ਗੁਮਾਨ ਮੱਲ ਰਾਮ ਮੰਦਰ ਅੰਦੋਲਨ ਦੇ ਮੂਹਰਲੇ ਆਗੂਆਂ ਵਿਚ ਰਿਹਾ। ਅਡਾਨੀ ਗਰੁੱਪ ਨੇ ਪਿਛਲੇ ਸਾਲ ਹੋਮਕੁਐਸਟ ਇਨਫ੍ਰਾਸਪੇਸ ਨਾਂਅ ਦੀ ਸਹਾਇਕ ਕੰਪਨੀ ਬਣਾ ਕੇ ਨਵੰਬਰ ਤੇ ਦਸੰਬਰ ਵਿਚਾਲੇ ਮੰਦਰ ਤੋਂ 6 ਕਿਲੋਮੀਟਰ ਦੂਰ ਮਾਝਾ ਜਾਮਥਾਰਾ ਵਿਚ 3.55 ਕਰੋੜ ਦੀ 1.4 ਹੈਕਟੇਅਰ ਤੋਂ ਵੱਧ ਖੇਤੀ ਜ਼ਮੀਨ ਖਰੀਦੀ। ਇਨ੍ਹਾਂ ਤੋਂ ਇਲਾਵਾ ਦੇਸ਼-ਭਰ ਦੀਆਂ ਕਈ ਹੋਰ ਰੀਅਲ ਅਸਟੇਟ ਕੰਪਨੀਆਂ ਤੇ ਹੋਟਲ ਮਾਲਕਾਂ ਨੇ ਵੀ ਜ਼ਮੀਨਾਂ ਖਰੀਦੀਆਂ ਹਨ।

ਪੰਜਾਬ ਟਾਈਮਜ ਅਨੁਸਾਰ ਰਾਮ ਮੰਦਰ ਬਣਨ ਦਾ ਇਲਾਕੇ ਦੇ ਲੋਕਾਂ ਨੂੰ ਕੋਈ ਫਾਇਦਾ ਹੋਇਆ ਹੋਵੇ ਜਾਂ ਨਾ, ਪਰ ਧਨਕੁਬੇਰਾਂ ਨੂੰ ਪੈਸੇ ਨਿਵੇਸ਼ ਕਰਨ ਲਈ ਅਯੁੱਧਿਆ ਤੇ ਉਸ ਦੇ ਆਲੇ-ਦੁਆਲੇ ਦਾ ਇਲਾਕਾ ਪਸੰਦੀਦਾ ਥਾਂ ਬਣ ਗਿਆ ਹੈ।

## ਅਬੋਹਰ ਤੋਂ ਪੰਜਾਬ ਐਗਰੋ ਦੀ ਖਾੜੀ ਦੇਸਾਂ ਨੂੰ ਜਾਣ ਲੱਗੀ ਲਾਲ ਮਿਰਚ ਤੇ ਟਮਾਟਰ ਦੀ ਪੇਸਟ



ਫ਼ਾਜ਼ਿਲਕਾ-ਸਰਕਾਰ ਵਲੋਂ ਸੂਬੇ ਦੇ ਕਿਸਾਨਾਂ ਦੀ ਤਰੱਕੀ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਲੜੀ ਤਹਿਤ ਪੰਜਾਬ ਐਗਰੋ ਟਮਾਟਰ ਤੇ ਗਿੱਲੀ ਲਾਲ ਮਿਰਚ ਦੀ ਕਿਸਾਨਾਂ ਤੋਂ ਕਾਸ਼ਤ ਕਰਵਾ ਰਿਹਾ ਹੈ ਟਮਾਟਰ ਤੇ ਲਾਲ ਮਿਰਚ ਤੋਂ ਤਿਆਰ ਪੇਸਟ ਦੀ ਖਾੜੀ ਦੇਸ਼ਾਂ ਵਿਚ ਭਾਰੀ ਮੰਗ ਹੈ ਤੇ ਲਗਾਤਾਰ ਇੱਥੋਂ ਇਸ ਦਾ ਨਿਰਯਾਤ ਕੀਤਾ ਜਾ ਰਿਹਾ ਹੈ ਜਿਸ ਕਾਰਨ ਆਉਣ ਵਾਲੇ ਦਿਨਾਂ ਵਿਚ ਟਮਾਟਰ ਤੇ ਲਾਲ ਮਿਰਚ ਦੀ ਕਾਸ਼ਤ ਕਿਸਾਨਾਂ ਲਈ ਵਰਦਾਨ ਸਾਬਤ ਹੋ ਸਕਦੀ ਹੈ। ਫ਼ਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਡਾ: ਸੇਨੂੰ ਦੁੱਗਲ ਨੇ ਅਬੋਹਰ ਦੇ ਆਲਮਗੜ੍ਹ ਵਿਖੇ ਬਣੀ ਪੰਜਾਬ ਐਗਰੋ ਦੀ ਜੂਸ ਫ਼ੈਕਟਰੀ ਦਾ ਦੌਰਾ ਕੀਤਾ ਤੇ ਇਸ ਮੌਕੇ ਉਨ੍ਹਾਂ ਨੇ ਦੱਸਿਆ ਕਿ ਇੱਥੋਂ ਲਾਲ ਮਿਰਚ ਤੇ ਟਮਾਟਰ ਦੀ ਪੇਸਟ ਖਾੜੀ ਦੇਸ਼ਾਂ ਨੂੰ ਨਿਰਯਾਤ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅਬੋਹਰ ਦੀ ਜੂਸ ਫ਼ੈਕਟਰੀ ਵਿਚ ਸਲਾਨਾ 6 ਹਜ਼ਾਰ ਮੀਟਰਕ ਟਨ ਟਮਾਟਰ ਦੀ ਪੇਸਟ ਤਿਆਰ ਕਰਨ ਦੀ ਸਮਰਥਾ ਹੈ ਜਦਕਿ ਰੋਜ਼ਾਨਾ 30 ਮੀਟਰਕ ਟਨ ਮਿਰਚ ਦੀ ਪ੍ਰੋਸੈਸਿੰਗ ਦੀ ਸਮਰੱਥਾ ਹੈ। ਇਸ ਵੇਲੇ ਪੰਜਾਬ ਐਗਰੋ ਵਲੋਂ 28 ਰੁਪਏ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਡੰਡੀ ਸਮੇਤ ਕੌੜੀ ਗਿੱਲੀ ਲਾਲ ਮਿਰਚ ਦੀ ਖ਼ਰੀਦ ਕੀਤੀ ਜਾ ਰਹੀ ਹੈ ਅਤੇ ਇਸ ਤੋਂ ਪੇਸਟ ਤਿਆਰ ਕਰਕੇ ਵਿਦੇਸ਼ਾਂ ਨੂੰ ਭੇਜੀ ਜਾਂਦੀ ਹੈ।

## ਅੰਮ੍ਰਿਤਸਰ ਹਵਾਈ ਅੱਡੇ 'ਤੇ 49 ਲੱਖ 92 ਹਜ਼ਾਰ ਰੁਪਏ ਦੀਆਂ ਸੋਨੇ ਦੀਆਂ ਚੂੜੀਆਂ ਸਮੇਤ ਔਰਤ ਗ੍ਰਿਫਤਾਰ



ਅੰਮ੍ਰਿਤਸਰ-ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਕਸਟਮ ਵਿਭਾਗ ਦੀ ਟੀਮ ਨੇ ਸੋਨੇ ਦੀ ਤਸਕਰੀ ਕਰਨ ਵਾਲੇ ਇੱਕ ਯਾਤਰੀ ਨੂੰ ਹਿਰਾਸਤ ਵਿੱਚ ਲਿਆ ਹੈ। ਮੁਲਜ਼ਮਾਂ ਦੇ ਕਬਜ਼ੇ 'ਚੋਂ 49 ਲੱਖ 92 ਹਜ਼ਾਰ ਰੁਪਏ ਦੀਆਂ ਸੋਨੇ ਦੀਆਂ ਚੂੜੀਆਂ ਬਰਾਮਦ ਹੋਈਆਂ ਹਨ। ਇਹ ਸੋਨਾ 24 ਕੈਰੇਟ ਦਾ ਹੈ, ਦੋਸ਼ੀ ਯਾਤਰੀ ਇਟਲੀ ਦੇ ਮਿਲਾਨ ਤੋਂ ਅੰਮ੍ਰਿਤਸਰ ਆਇਆ ਸੀ। ਕਸਟਮ ਵਿਭਾਗ ਨੂੰ ਸੂਚਨਾ ਮਿਲੀ ਸੀ ਕਿ ਯਾਤਰੀ ਨਿਓਸ ਏਅਰਲਾਈਨ ਰਾਹੀਂ ਸੋਨੇ ਦੀ ਤਸਕਰੀ ਕਰ ਰਿਹਾ ਸੀ। ਕਸਟਮ ਵਿਭਾਗ ਨੇ ਮੁਲਜ਼ਮ ਔਰਤ ਦੀ ਪਛਾਣ ਅਨੂ ਮਾਰਵਾ ਵਾਸੀ ਕੋਠੀ ਨੰਬਰ 27, ਕੋਰਟ ਰੋਡ, ਅੰਮ੍ਰਿਤਸਰ ਵਜੋਂ ਕੀਤੀ ਹੈ।

-ਮਾਮਲਾ ਅਕਾਲ ਤਖਤ ਉਪਰ ਸੁਖਬੀਰ ਬਾਦਲ ਦੇ ਮਾਮਲੇ ਬਾਰੇ ਬਾਗੀਆਂ ਅਕਾਲੀਆਂ ਦੀ ਸ਼ਿਕਾਇਤ ਦਾ-

# ਸ਼੍ਰੋਮਣੀ ਕਮੇਟੀ ਮੈਂਬਰ ਗਰੇਵਾਲ ਬਾਗੀ ਅਕਾਲੀਆਂ ਤੋਂ ਔਖੇ ਕਿ ਜਥੇਦਾਰ ਅਕਾਲ ਤਖਤ ਨੂੰ ਹੁਕਮ ਨਾ ਦੇਣ

## ✪ ਸਿਖ ਪੰਥ ਦਾ ਸਿਧਾਂਤ ਇਹ ਹੈ ਕਿ ਜਥੇਦਾਰ ਸੁਪਰੀਮ ਨਹੀਂ, ਸੁਪਰੀਮ ਗੁਰੂ ਪੰਥ ਹੈ ✪ ਸਿਰਫ ਬਾਗੀ ਅਕਾਲੀਆਂ ਦਾ ਨਹੀਂ, ਸਭ ਸਿਖਾਂ ਦਾ ਫਰਜ਼ ਹੈ ਕਿ ਜਥੇਦਾਰ ਨੂੰ ਸਹੀ ਫੈਸਲੇ ਲੈਣ ਦੀ ਅਪੀਲ ਕਰਨ

ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਗੁਰਚਰਨ ਸਿੰਘ ਗਰੇਵਾਲ ਨੇ ਬਾਗੀ ਅਕਾਲੀਆਂ ਉਪਰ ਸਖਤ ਟਿਪਣੀਆਂ ਕਰਦਿਆਂ ਕਿਹਾ ਕਿ ਬਾਗੀ ਅਕਾਲੀਆਂ ਨੂੰ ਕੋਈ ਹਕ ਨਹੀਂ ਕਿ ਉਹ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਸੇਧ ਦੇਣ ਕਿ ਜਥੇਦਾਰ ਸੁਖਬੀਰ ਸਿੰਘ ਬਾਦਲ ਦੇ ਮਾਮਲੇ ਵਿਚ ਸਹੀ ਫੈਸਲੇ ਲੈਣ। ਸਰਦਾਰ ਗੁਰਚਰਨ ਸਿੰਘ ਨੂੰ ਸਮਝਣਾ ਚਾਹੀਦਾ ਹੈ ਕਿ ਅਕਾਲ ਤਖਤ ਸਾਹਿਬ ਦਾ ਜਥੇਦਾਰ ਸੁਪਰੀਮ ਨਹੀਂ। ਸੁਪਰੀਮ ਗੁਰੂ ਗ੍ਰੰਥ ਤੇ ਗੁਰੂ ਪੰਥ ਹੈ। ਅਕਾਲ ਤਖਤ ਦੇ ਜਥੇਦਾਰ ਮਨੋਰਥ ਪੰਥਕ ਹਿਤਾਂ ਦੀ ਰਾਖੀ ਕਰਨਾ ਹੈ। ਅਕਾਲ ਤਖਤ ਸਾਹਿਬ ਤੋਂ ਗਲਤ ਫੈਸਲੇ ਹੋਣ ਦੀਆਂ ਕਈ ਇਤਿਹਾਸਕ ਘਟਨਾਵਾਂ ਮੌਜੂਦ ਹਨ ਜਦੋਂ ਸਿਖ ਪੰਥ ਨੇ ਤਿਖਾ ਵਿਰੋਧ ਕੀਤਾ ਸੀ।

ਅੰਗਰੇਜ਼ ਕਾਲ ਸਮੇਂ ਜਥੇਦਾਰ ਅਰੂੜ ਸਿੰਘ ਤੇ ਜਨਰਲ ਡਾਇਰ ਦੀ ਨੇੜਤਾ ਦਾ ਤਿਖਾ ਵਿਰੋਧ ਹੋਇਆ ਸੀ। ਜਥੇਦਾਰ ਅਰੂੜ ਸਿੰਘ (1865 - 1926), ਪੁੱਤਰ ਸ. ਹਰਨਾਮ ਸਿੰਘ ਸ਼ੇਰਗਿੱਲ (ਡਿਪਟੀ ਸੁਪਰਡੈਂਟ ਪੁਲੀਸ) 1905 ਤੋਂ 1920 ਤਕ ਦਰਬਾਰ ਸਾਹਿਬ ਦਾ ਸਰਬਰਾਹ ਸੀ। ਅਰੂੜ ਸਿੰਘ ਦੀ ਬਦਨਾਮੀ ਦਾ ਕਾਰਨ ਇਹ ਸੀ ਕਿ ਉਸ ਨੇ ਸਰਬਰਾਹ ਹੁੰਦਿਆਂ ਜਲਿਆਂ ਵਾਲਾ ਬਾਗ਼ ਵਿਚ 13 ਅਪ੍ਰੈਲ 1919 ਦੇ ਦਿਨ ਗੋਲੀਆਂ ਚਲਾਉਣ ਵਾਲੇ ਜਨਰਲ ਡਾਇਰ ਨੂੰ ਦਰਬਾਰ ਸਾਹਿਬ ਆਉਣ 'ਤੇ ਸਿਰੋਪਾ ਦਿੱਤਾ ਸੀ। ਉਸ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਉਸ ਨੇ 1914 ਵਿਚ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫ਼ਿਰਾਂ ਵੱਲੋਂ ਬਜਬਜ ਘਾਟ 'ਤੇ ਪੁਲੀਸ ਦੇ ਹੁਕਮ ਦੀ ਅਦੂਲੀ ਕਰਨ ਕਾਰਨ ਉਨ੍ਹਾਂ ਬਾਰੇ ਇਹ ਕਿਹਾ ਸੀ ਕਿ ਉਹ ਸਿੱਖ ਨਹੀਂ ਹਨ। ਅਕਾਲੀ ਮੋਰਚੇ ਤੇ ਝੱਬਰ ਮੁਤਾਬਿਕ ਦਰਬਾਰ ਸਾਹਿਬ 'ਤੇ ਕਬਜ਼ੇ ਵਾਲੇ ਦਿਨ (12 ਅਕਤੂਬਰ 1920) ਅਤੇ ਮਗਰੋਂ ਅਤੇ ਸਿੱਖ ਲੀਗ ਦੇ ਦੀਵਾਨ ਵਿਚ ਅਰੂੜ ਸਿੰਘ ਦੀ ਇਸ ਕਾਰਵਾਈ ਦੀ ਨਿੰਦਾ ਕੀਤੀ ਗਈ ਸੀ। ਇੰਞ ਉਹ ਬਦ ਨਾਲੋਂ ਬਦਨਾਮ ਜ਼ਿਆਦਾ ਸੀ; ਇਸ ਕਰਕੇ ਸਿਖ ਉਸ ਦੇ ਖ਼ਿਲਾਫ਼ ਸਨ ਅਤੇ ਚਾਹੁੰਦੇ ਸਨ ਕਿ ਉਹ ਅਸਤੀਫ਼ਾ ਦੇਵੇ। 24 ਅਗਸਤ 1920 ਨੂੰ ਸੰਗਤ ਦੇ ਦਬਾਅ ਕਾਰਣ ਅਸਤੀਫਾ ਦੇ ਦਿਤਾ ਸੀ।

ਜਦੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕ੍ਰਿਪਾਲ ਸਿੰਘ ਨੇ ਜੂਨ 84 ਦੇ ਘਲੂਘਾਰੇ ਬਾਅਦ ਫੌਜ ਦੇ ਦਬਾਅ ਅਧੀਨ ਕਿਹਾ ਸੀ ਕਿ ਕੋਠਾ ਸਾਹਿਬ ਠੀਕ ਠਾਕ ਹੈ ਤਾਂ ਸੰਗਤਾਂ ਨੇ ਤਿਖਾ ਰੋਸ ਪ੍ਰਗਟਾਇਆ ਸੀ। ਸਿਖ ਖਾੜਕੂਆਂ ਨੇ ਉਨ੍ਹਾਂ ਉਪਰ ਹਮਲਾ ਵੀ ਕੀਤਾ ਸੀ। ਸਿਖ ਬੀਬੀਆਂ ਨੇ ਚੂੜੀਆਂ ਵੀ ਭੇਜੀਆਂ ਸਨ ਕਿ ਇਹ ਫੈਸਲੇ ਖਾਲਸਾ ਪੰਥ ਦੀ ਪ੍ਰਥਾ ਵਾਲੇ ਨਹੀਂ ਹਨ।

2015 ਵਿੱਚ ਅਕਾਲ ਤਖ਼ਤ ਸਾਹਿਬ ਦੇ



ਜਥੇਦਾਰ ਗੁਰਬਚਨ ਸਿੰਘ ਵੱਲੋਂ ਡੇਰਾ ਮੁਖੀ ਨੂੰ ਮੁਆਫ਼ੀ ਦਿੱਤੀ ਗਈ, ਸਿੱਖਾਂ ਦੇ ਵਿਰੋਧ ਤੋਂ ਬਾਅਦ ਅਕਤੂਬਰ 2015 ਵਿੱਚ ਇਹ ਫੈਸਲਾ ਵਾਪਸ ਲੈਂਦੇ ਹੋਏ 2007 ਦੇ ਹੁਕਮਨਾਮੇ 'ਤੇ ਕਾਇਮ ਰਹਿਣ ਦੀ ਗੱਲ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਆਖੀ ਗਈ ਸੀ ਕਿ ਸੌਦਾ ਸਾਧ ਦਾ ਪੰਥਕ ਬਾਈਕਾਟ ਜਾਰੀ ਰਹੇਗਾ। ਇਸੇ ਦੋਸ਼ ਤੇ ਸਿਖ ਪੰਥ ਦੇ ਵਿਰੋਧ ਕਾਰਣ ਜਥੇਦਾਰ ਨੂੰ ਅਸਤੀਫਾ ਵੀ ਦੇਣਾ ਪਿਆ।

ਫਿਰ ਸੁਆਲ ਇਹ ਹੈ ਕਿ ਜਥੇਦਾਰ ਕਿਵੇਂ ਸੁਪਰੀਮ ਹੈ ? ਸੁਪਰੀਮ ਖਾਲਸਾ ਪੰਥ ਹੈ ਜਿਸਦੇ ਫੈਸਲੇ ਸਿਧਾਂਤਕ ਪਧਰ ਉਪਰ ਅਕਾਲ ਤਖਤ ਤੋਂ ਲਏ ਜਾਂਦੇ ਹਨ ਫ਼ੈਸਲੇ ਗਲਤ ਲਏ ਜਾਣ ਤਾਂ ਗੁਰੂ ਪੰਥ ਵਲੋਂ ਵਿਰੋਧ ਲਾਜਮੀ ਹੈ।

ਜਥੇਦਾਰ ਅਕਾਲ ਤਖਤ ਦੇ ਸਿਧਾਂਤ ਮੀਰੀ-ਪੀਰੀ ਦੀ ਸੁਰਖਿਆ ਲਈ ਹਨ। ਗਰੇਵਾਲ ਦਾ ਕਹਿਣਾ ਗੈਰ ਸਿਧਾਂਤਕ ਹੈ ਕਿ ਬਾਗੀ ਅਕਾਲੀ ਇਹ ਬੇਨਤੀ ਨਹੀਂ ਕਰ ਸਕਦੇ ਕਿ ਜਥੇਦਾਰ ਸਹੀ ਇਨਸਾਫ ਕਰਨ। ਇਹ ਹਰੇਕ ਸਿਖ ਦਾ ਫਰਜ ਹੈ ਜਥੇਦਾਰ ਨੂੰ ਆਖੇ ਸਹੀ ਫੈਸਲੇ ਕਰੋ ਅਕਾਲ ਤਖਤ ਸਾਹਿਬ ਤੋਂ। ਗੁਰਮਤਿ ਦੀ ਰੋਸ਼ਨੀ ਵਿਚ ਫੈਸਲੇ ਲਵੋ, ਕਿਉਕਿ ਮੀਰੀ ਪੀਰੀ ਦੀ ਪਹਿਰੇਦਾਰੀ ਸਿੰਘ ਸਾਹਿਬਾਨ ਕੋਲ ਹੈ।

ਅਕਾਲ ਤਖ਼ਤ ਸਾਹਿਬ ਕੇਵਲ ਧਾਰਮਿਕ ਸਥਾਨ ਨਹੀਂ ਬਲਕਿ 'ਸੰਗਤੀ ਪਾਵਰ' ਦਾ ਪ੍ਰਤੀਕ ਹੈ। ਸਿੱਖ ਮਿਸਲਾਂ ਦੇ ਸਮੇਂ ਅਕਾਲ ਤਖ਼ਤ ਸਾਹਿਬ ਸਿੱਖ ਜਮਹੂਰੀਅਤ ਦਾ ਕੇਂਦਰ ਸੀ। ਸਿੱਖ ਮਿਸਲਾਂ ਦੇ ਲੀਡਰ ਇਥੇ ਬੈਠ ਕੇ ਸਰਬ ਸੰਮਤੀ ਨਾਲ ਸਿਧਾਂਤਕ ਪੰਥਕ ਹਿਤੂ ਫੈਸਲੇ ਲੈਂਦੇ ਸਨ। ਇਹਨਾਂ ਫੈਸਲਿਆਂ ਨੂੰ ਗੁਰਮਤਾ ਆਖਿਆ ਜਾਂਦਾ ਸੀ ਅਤੇ ਅਤੇ ਚੁਣੇ ਹੋਏ ਜਥੇਦਾਰ ਉਸ ਨੂੰ ਲਾਗੂ ਕਰਦੇ ਸਨ।

ਜਥੇਦਾਰ ਅਕਾਲ ਤਖਤ ਸਾਹਿਬ ਦਾ ਫਰਜ ਹੈ ਕਿ ਉਹ ਸਿਖ ਰਵਾਇਤਾਂ ਤੇ ਇਤਿਹਾਸਕ ਪਰੰਪਰਾਵਾਂ ਦੀ ਪਾਲਣਾ ਕਰਨ। ਜਥੇਦਾਰ ਨੇ ਆਪ ਫੈਸਲਾ ਕਰਨਾ ਹੈ ਆਪਣੀ ਰੂਹ ਵਿਚ ਲਗੀ ਗੁਰੂ ਦੀ ਅਦਾਲਤ ਅਨੁਸਾਰ ਕਿ ਕੂੜ ਦੇ ਫੈਸਲੇ ਸਚ ਦੇ ਤਖਤ ਤੋਂ ਨਹੀਂ ਹੋ



ਸਕਦੇ। ਜਥੇਦਾਰਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸਤਿਗੁਰੂ ਕਲਗੀਆਂ ਵਾਲਾ ਖਾਲਸਾ ਪੰਥ ਵਿਚ ਬਿਰਾਜਮਾਨ ਹੈ ਤੁਹਾਡੇ ਉਪਰ ਨਜ਼ਰ ਰਖ ਰਿਹਾ ਹੈ। ਸਿਖ ਪੰਥ ਆਸ ਕਰਦਾ ਹੈ ਕਿ ਅਜੋਕੇ ਜਥੇਦਾਰ ਮੀਰੀ ਪੀਰੀ ਦੇ ਸਿਧਾਂਤ ਤੋਂ ਗਿਆਨੀ ਗੁਰਬਚਨ ਸਿੰਘ ਵਾਂਗ ਤਿਲਕਣਗੇ ਨਹੀਂ।

ਜਥੇਦਾਰਾਂ ਨੂੰ ਚਾਹੀਦਾ ਹੈ ਕਿ ਉਹ ਪੁਰਾਤਨ ਅਕਾਲ ਤਖਤ ਸਾਹਿਬ ਦੇ ਜਥੇਦਾਰਾਂ ਖਾਲਸਾ ਰਾਜ ਦੇ ਬਾਨੀ ਬਾਬਾ ਸਾਹਿਬ ਸਿੰਘ ਬੇਦੀ, ਅਕਾਲੀ ਫੂਲਾ ਸਿੰਘ ਵਾਂਗ ਸਿਖ ਪੰਥ ਦਾ ਪਹਿਰੇਦਾਰ ਬਣਕੇ ਇਤਿਹਾਸ ਸਿਰਜਣ ਨਾਕਿ ਗਿਆਨੀ ਗੁਰਬਚਨ ਸਿੰਘ ਵਾਲਾ ਗੁਰੂ ਪੰਥ ਵਿਰੋਧੀ ਰੋਲ ਅਦਾ ਕਰਨਾ ਹੈ ਜਿਥੇ ਅਰੂੜ ਸਿੰਘ, ਗਿਆਨੀ ਕ੍ਰਿਪਾਲ ਸਿੰਘ ਖਲੋਤੇ ਸਨ।

ਪੰਜਾਬ ਟਾਈਮਜ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਬੁਲਾਰਿਆਂ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਸਿੱਖ ਪੰਥ ਵਿੱਚ ਤਖ਼ਤ ਕੋਈ ਵਿਅਕਤੀ ਜਾਂ ਕਿਸੇ ਧੜੇ ਦੀਆਂ ਸਮੂਹ ਦੀਆਂ ਗਤੀਵਿਧੀਆਂ ਦਾ ਕੇਂਦਰ ਨਹੀਂ ਬਲਕਿ ਗੁਰੂ ਪੰਥ ਦੀ ਨਿਰਪੱਖ-ਸੁਤੰਤਰ ਪ੍ਰਭੂਸੱਤਾ ਸੰਪੰਨ ਸੰਸਥਾ ਹੈ। ਅਜਿਹੀਆਂ ਬਿਆਨਬਾਜ਼ੀ ਤੋਂ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਗੁਰੇਜ਼ ਕਰਨਾ ਚਾਹੀਦਾ ਹੈ ਜੋ ਗੁਰੂ ਗ੍ਰੰਥ ਤੇ ਗੁਰੂ ਪੰਥ ਦੇ ਸੁਮੇਲ ਨੂੰ ਠਿਬੀ ਦਿੰਦੇ ਹੋਣ ਤੇ ਪੁਜਾਰੀਵਾਦ ਨੂੰ ਉਤਸ਼ਾਹਿਤ ਕਰਦੇ ਹੋਣ। ਅਜਿਹਾ ਨਾ ਹੋਵੇ ਅਕਾਲੀ ਦਲ ਵਾਂਗ ਸ਼੍ਰੋਮਣੀ ਕਮੇਟੀ ਉਪਰ ਸਿਖ ਪੰਥ ਦਾ ਵਿਸ਼ਵਾਸ ਖਤਮ ਹੋ ਜਾਵੇ, ਕਿਉਂਕਿ ਸਿਖ ਪੰਥ ਇਸ ਸਮੇਂ ਸਿਖ ਸਿਧਾਂਤ ਤੇ ਮਰਿਯਾਦਾ ਪ੍ਰਤੀ ਸੁਚੇਤ ਹੈ।

# ਸਿੱਖਾਂ ਦਾ ਆਪਣਾ 'ਸਿੱਖ ਵਿੱਦਿਅਕ ਬੋਰਡ' ਸਥਾਪਤ ਹੋਵੇਗਾ

## ✪ ਜਥੇ. ਹਰਪ੍ਰੀਤ ਸਿੰਘ ਨੇ ਚੀਫ ਖਾਲਸਾ ਦੀਵਾਨ ਦੀ ਕੀਤੀ ਤਾਰੀਫ



ਸ੍ਰੀ ਅਨੰਦਪੁਰ ਸਾਹਿਬ-ਸਿੱਖਾਂ ਦਾ ਆਪਣਾ ਸਿੱਖ ਵਿਦਿਅਕ ਬੋਰਡ ਜਲਦ ਹੀ ਸਥਾਪਿਤ ਕੀਤਾ ਜਾਵੇਗਾ ਤਾਂ ਜੋ ਸਿੱਖ ਬੱਚੇ ਉਚ ਵਿੱਦਿਆ ਹਾਸਲ ਕਰਕੇ ਵੱਡੀਆਂ ਜ਼ਿੰਮੇਵਾਰੀਆਂ ਨਿਭਾਉਣ ਦੇ ਕਾਬਿਲ ਬਣ ਸਕਣ।

ਇਹ ਪ੍ਰਗਟਾਵਾ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੀਤਾ। ਸਥਾਨਕ ਐੱਸ.ਜੀ.ਐੱਸ. ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਉਨ੍ਹਾਂ ਕਿਹਾ ਕਿ ਚੀਫ਼ ਖ਼ਾਲਸਾ ਦੀਵਾਨ ਖਾਲਸਾ ਪੰਥ ਦੀ ਪੁਰਾਤਨ ਜਥੇਬੰਦੀ ਹੈ। ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਦੇ ਖੇਤਰ ਦੇ ਵਿਚ ਅਤੇ ਸਿੱਖਿਆ ਉੱਤੇ ਇਸ ਸੰਸਥਾ ਨੇ ਪੰਥ ਨੂੰ ਬਹੁਤ ਵੱਡੀਆਂ ਦੇਣਾ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਇਸ ਵਾਰ ਦੀ 68ਵੀਂ ਵਿਦਿਅਕ ਕਾਨਫਰੰਸ ਅੰਤਰਰਾਸ਼ਟਰੀ ਪੱਧਰ ਦੀ ਪਹਿਲੀ ਵਾਰ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਦੇ ਉੱਤੇ ਨਵੰਬਰ ਦੇ ਮਹੀਨੇ ਦੇ ਵਿਚ ਹੋ ਰਹੀ ਹੈ ਤੇ ਚੀਫ਼ ਖ਼ਾਲਸਾ ਦੀਵਾਨ ਦੀ ਪੁਰਾਤਨ ਰਵਾਇਤ ਰਹੀ ਹੈ ਕਿ ਇਹ ਜਦੋਂ ਵੀ ਅੰਤਰਰਾਸ਼ਟਰੀ ਸਿੱਖ ਵਿੱਦਿਅਕ ਕਾਨਫਰੰਸ ਕਰਵਾਉਂਦੇ ਹਨ ਤਾਂ ਜਦੋਂ ਕਾਨਫਰੰਸ ਦੀ ਸਮਾਪਤੀ ਹੁੰਦੀ ਹੈ ਤਾਂ ਇਹ ਇੱਕ ਨਵੀਂ ਸੰਸਥਾ ਦਾ ਆਗਾਜ਼ ਕਰਦੀ ਹੈ। ਇਥੇ ਵੀ ਜਿਹੜੀ ਵਿੱਦਿਅਕ ਕਾਨਫਰੰਸ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਹੋਣੀ ਹੈ ਤਾਂ ਇੱਕ ਸਿੱਖ ਵਿਦਿਅਕ ਬੋਰਡ ਸਥਾਪਿਤ ਕੀਤਾ ਜਾਵੇਗਾ।

ਜੋ ਅੱਜ ਦੇ ਸਮੇ ਵਿੱਚ ਬਹੁਤ ਵੱਡੀ ਜਰੂਰਤ ਹੈ। ਇਸ ਮੌਕੇ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਵੀਰ ਸਿੰਘ ਨਿੱਝਰ ਵੀ ਹਾਜ਼ਰ ਸਨ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਭੁੱਖਮਰੀ ਦੇ ਮਾਮਲੇ ਵਿੱਚ ਸਭ ਤੋਂ ਕੰਗਾਲ, 125 ਦੇਸ਼ਾਂ ਵਿੱਚ ਇੰਡੀਆ 111ਵੀਂ ਥਾਂ 'ਤੇ

## ✪ ਯੂਨੀਸੈਫ ਦੀ ਰਿਪੋਰਟ ਮੁਤਾਬਕ ਭਾਰਤ ਵਿੱਚ 5 ਸਾਲ ਤੋਂ ਘੱਟ ਉਮਰ ਦੇ 34.7 ਫ਼ੀਸਦੀ ਬੱਚੇ ਭੁੱਖੇ ਸੌਂਦੇ ਨੇ

ਦੁਨੀਆ ਦੀ ਤੀਜੀ ਵੱਡੀ ਆਰਥਿਕਤਾ ਬਣਨ ਦਾ ਦਾਅਵਾ ਕਰ ਰਹੇ ਭਾਰਤ ਦੀ ਹਕੀਕਤ ਕੀ ਹੈ, ਇਹ ਹੁਣੇ ਆਈ ਯੂਨੀਸੈਫ ਦੀ ਇੱਕ ਤਾਜ਼ਾ ਰਿਪੋਰਟ ਤੋਂ ਪਤਾ ਲਗਦਾ ਹੈ। ਸਾਡਾ ਦੇਸ਼ ਮੋਦੀ ਰਾਜ ਅਧੀਨ ਕਿਸੇ ਵੀ ਦੇਸ਼ ਦੇ ਮੁਕਾਬਲੇ ਸਭ ਤੋਂ ਵੱਧ ਖਰਬਪਤੀ ਪੈਦਾ ਕਰ ਰਿਹਾ ਹੈ। ਫੋਰਬਸ ਦੀ ਲਿਸਟ ਮੁਤਾਬਕ ਦੁਨੀਆ ਭਰ ਦੇ ਸਭ ਤੋਂ ਅਮੀਰ ਕਾਰਪੋਰੇਟਾਂ ਵਿੱਚ ਭਾਰਤ ਦੇ 8 ਧਨ-ਕੁਬੇਰ ਸ਼ਾਮਲ ਹਨ। ਦੂਜੇ ਪਾਸੇ ਵਿਸ਼ਵ 'ਭੁੱਖਮਰੀ ਇੰਡੈਕਸ' ਦੇ ਤਾਜ਼ਾ ਸਰਵੇ ਅਨੁਸਾਰ ਭੁੱਖਮਰੀ ਦੇ ਮਾਮਲੇ ਵਿੱਚ ਸਭ ਤੋਂ ਕੰਗਾਲ 125 ਦੇਸ਼ਾਂ ਵਿੱਚ ਸਾਡਾ ਦੇਸ਼ 111ਵੀਂ ਥਾਂ ਪੁੱਜ ਚੁੱਕਾ ਹੈ। ਇਸ ਮਾਮਲੇ ਵਿੱਚ ਸਾਡੇ ਸਭ ਗੁਆਂਢੀ ਦੇਸ਼ ਸਾਥੋਂ ਬੇਹਤਰ ਸਥਿਤੀ ਵਿੱਚ ਹਨ।

ਯੂਨੀਸੈਫ ਦੀ ਰਿਪੋਰਟ ਮੁਤਾਬਕ ਭਾਰਤ ਵਿੱਚ 5 ਸਾਲ ਤੋਂ ਘੱਟ ਉਮਰ ਦੇ 34.7 ਫ਼ੀਸਦੀ ਬੱਚੇ ਮਰੀਅਲ ਹਨ ਤੇ ਭੁੱਖੇ ਸੌਂਦੇ ਹਨ। ਏਸ਼ੀਆ ਦੇ ਦੇਸ਼ਾਂ ਵਿੱਚ ਇਹ ਔਸਤ 2.8 ਫ਼ੀਸਦੀ ਹੈ। ਇਸ ਦਾ ਮਤਲਬ ਹੈ ਕਿ ਭਾਰਤ ਏਸ਼ੀਆ ਦੇ ਗਰੀਬ ਦੇਸ਼ਾਂ ਵਿੱਚੋਂ ਵੀ ਸਭ ਤੋਂ ਗਰੀਬ ਦੇਸ਼ ਹੈ।

ਦੁਨੀਆ ਭਰ ਵਿੱਚ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਬੱਚਿਆਂ ਦੀ ਪੜਤਾਲ ਤੇ ਉਸ ਦੇ ਹੱਲ ਲਈ ਯੂਨੀਸੈਫ ਨੇ 'ਬਾਲ ਭੋਜਨ ਕੰਗਾਲੀ' ਨਾਂਅ ਦੇ ਵਿਭਾਗ ਦੀ ਸਥਾਪਨਾ ਕੀਤੀ ਸੀ। ਵਿਭਾਗ ਨੇ ਦੁਨੀਆ ਦੇ 93 ਦੇਸ਼ਾਂ ਵਿੱਚੋਂ 37 ਗਰੀਬ ਦੇਸ਼ਾਂ ਨੂੰ ਚੁਣਿਆ, ਜਿਨ੍ਹਾਂ ਵਿੱਚ 90 ਫ਼ੀਸਦੀ ਗਰੀਬ ਬੱਚੇ ਰਹਿੰਦੇ ਹਨ।

ਇਸ ਵਿਭਾਗ ਨੇ ਇਨ੍ਹਾਂ ਦੇਸ਼ਾਂ ਦੇ ਸਰਕਾਰੀ ਅੰਕੜਿਆਂ ਨੂੰ ਵੀ ਜਾਚਿਆ ਤੇ ਹਕੀਕਤ ਜਾਣਨ ਲਈ ਮਾਹਿਰਾਂ ਰਾਹੀਂ ਸਰਵੇ ਵੀ ਕਰਾਏ। ਇਸ ਤੋਂ ਬਾਅਦ 6 ਜੂਨ 2024 ਨੂੰ ਆਪਣੀ 92 ਸਫਿਆਂ ਦੀ ਰਿਪੋਰਟ ਤਿਆਰ ਕਰਕੇ ਇੰਟਰਨੈੱਟ 'ਤੇ ਪਾ ਦਿੱਤੀ ਸੀ।

ਇਸ ਰਿਪੋਰਟ ਮੁਤਾਬਕ ਸਾਡਾ ਦੇਸ਼ ਭੁੱਖਮਰੀ, ਬਾਲ ਕੁਪੋਸ਼ਣ, ਜਨਮ ਸਮੇਂ ਮੌਤਾਂ, ਪੀਲੇ ਤੇ ਮਰੀਅਲ ਬੱਚਿਆਂ ਤੇ ਪੀਲੀਆ ਦੀਆਂ ਸ਼ਿਕਾਰ ਮਾਵਾਂ ਦੇ ਮਾਮਲੇ ਵਿੱਚ ਪੂਰੀ ਤਰ੍ਹਾਂ 'ਵਿਸ਼ਵ ਗੁਰੂ' ਬਣ ਚੁੱਕਿਆ ਹੈ। ਜਦੋਂ ਇਹ ਰਿਪੋਰਟ ਆਈ, ਉਸ ਸਮੇਂ ਹੁਕਮਰਾਨ ਤੀਜੀ ਵਾਰ ਸੱਤਾ ਹਾਸਲ ਕਰ ਲੈਣ ਦੀ ਮਸਤੀ ਵਿੱਚ ਡੁੱਬੇ ਹੋਏ ਸਨ, ਨਹੀਂ ਤਾਂ ਹੁਣ ਤੱਕ ਉਹ ਇਸ ਰਿਪੋਰਟ ਨੂੰ ਭਾਰਤ ਵਿਰੁੱਧ ਵਿਦੇਸ਼ੀ ਸਾਜ਼ਿਸ਼ ਕਹਿ ਕੇ ਨਕਾਰ ਚੁੱਕੇ ਹੁੰਦੇ।

137 ਗਰੀਬ ਦੇਸ਼ਾਂ ਵਿੱਚੋਂ ਸਭ ਤੋਂ ਕੰਗਾਲ 63 ਅਜਿਹੇ ਦੇਸ਼ਾਂ ਵਿੱਚ ਯੂਨੀਸੈਫ ਨੇ ਵਿਸ਼ੇਸ਼ ਪੜਤਾਲ ਕਰਾਈ, ਜਿਨ੍ਹਾਂ ਵਿੱਚ ਬੱਚਿਆਂ ਨੂੰ ਲੱਗਭੱਗ ਰੋਜ਼ਾਨਾ ਪੇਟ ਭਰ ਕੇ ਭੋਜਨ ਨਹੀਂ ਮਿਲਦਾ। ਇਨ੍ਹਾਂ ਵਿੱਚੋਂ ਭਾਰਤ ਦਾ ਨੰਬਰ 40ਵਾਂ ਹੈ। ਸਾਡੇ ਨਾਲੋਂ ਮਾੜੀ ਹਾਲਤ 23 ਦੇਸ਼ਾਂ ਦੀ ਹੈ, ਜਿਨ੍ਹਾਂ ਵਿੱਚ ਇਥੋਪੀਆ, ਅਫ਼ਗਾਨਿਸਤਾਨ ਤੇ ਸੋਮਾਲੀਆ ਆਦਿ ਸ਼ਾਮਲ ਹਨ। ਸਾਡੇ ਗੁਆਂਢੀ ਦੇਸ਼ਾਂ ਵਿੱਚੋਂ ਸ੍ਰੀਲੰਕਾ ਦੀ ਹਾਲਤ ਸਭ ਤੋਂ ਵਧੀਆ ਹੈ। ਉਹ ਪੰਜਵੇਂ ਨੰਬਰ 'ਤੇ ਹੈ। ਬੰਗਲਾਦੇਸ਼ 20ਵੇਂ ਤੇ ਸੰਘੀਆਂ ਦਾ ਦੁਸ਼ਮਣ ਪਾਕਿਸਤਾਨ ਸਾਡੇ ਤੋਂ ਦੋ ਨੰਬਰ ਉੱਪਰ ਰਹਿ ਕੇ 38ਵੇਂ ਸਥਾਨ 'ਤੇ ਹੈ। ਰਿਪੋਰਟ ਮੁਤਾਬਕ ਅਫ਼ਰੀਕੀ ਦੇਸ਼ਾਂ ਵਿੱਚ ਬਾਲ ਭੁੱਖਮਰੀ ਦੀ ਹਾਲਤ ਸੁਧਰੀ ਹੈ, ਪਰ ਏਸ਼ੀਆ ਵਿੱਚ ਅਜਿਹਾ ਨਹੀਂ ਹੋਇਆ। ਏਸ਼ੀਆਈ ਦੇਸ਼ਾਂ ਵਿੱਚ ਸਿਰਫ਼ ਨੇਪਾਲ ਹੈ, ਜਿੱਥੇ ਬਾਲ ਭੋਜਨ ਭੁੱਖਮਰੀ ਵਿੱਚ ਕਾਫ਼ੀ ਕਮੀ ਆਈ ਹੈ।

ਰਿਪੋਰਟ ਮੁਤਾਬਕ ਦੁਨੀਆ ਭਰ ਵਿੱਚ 5 ਸਾਲ ਤੋਂ ਛੋਟੇ 18 ਕਰੋੜ 10 ਲੱਖ ਬੱਚੇ ਭੁੱਖਮਰੀ ਦਾ ਸ਼ਿਕਾਰ ਹਨ ਤੇ ਵਾਰ-ਵਾਰ ਬਿਮਾਰੀਆਂ ਦੀ ਜਕੜ ਵਿੱਚ ਆਉਣ ਕਾਰਨ ਮਰ ਜਾਂਦੇ ਹਨ। ਅਜਿਹੇ ਮਰੀਅਲ ਬੱਚਿਆਂ ਵਿੱਚ 65 ਫ਼ੀਸਦੀ ਜਿਨ੍ਹਾਂ ਦੇਸ਼ਾਂ ਵਿੱਚ ਰਹਿੰਦੇ ਹਨ, ਉਨ੍ਹਾਂ ਵਿੱਚ 'ਮਹਾਨ ਭਾਰਤ' ਵੀ ਸ਼ਾਮਲ ਹੈ।

ਇਨ੍ਹਾਂ 20 ਦੇਸ਼ਾਂ ਵਿੱਚੋਂ 11 ਦੇਸ਼ ਅਜਿਹੇ ਹਨ, ਜਿਨ੍ਹਾਂ ਵਿੱਚ ਭੁੱਖਮਰੀ ਦੀ ਹਾਲਤ ਹੋਰ ਭਿਆਨਕ ਹੋਈ ਹੈ। ਸਵਾਲ ਸਿਰਫ਼ ਬਾਲਾਂ ਦਾ ਹੀ ਨਹੀਂ, ਗਰੀਬੀ ਦੀ ਭਿਆਨਕਤਾ ਦਾ ਵੀ ਹੈ। ਜਿਨ੍ਹਾਂ ਪਰਵਾਰਾਂ ਵਿੱਚ ਬੱਚੇ ਰਾਤ ਨੂੰ ਭੁੱਖੇ ਸੌਂਦੇ ਹੋਣ, ਉਨ੍ਹਾਂ ਪਰਵਾਰਾਂ ਦੇ ਬਾਕੀ ਮੈਂਬਰ ਭਲਾ ਕਿਵੇਂ ਰੱਜ ਕੇ ਸੌਂਦੇ ਹੋ ਸਕਦੇ ਹਨ। ਭੁੱਖਮਰੀ ਦੀ ਸਭ ਤੋਂ ਭਿਆਨਕ ਤਸਵੀਰ ਇਜ਼ਰਾਈਲ ਵੱਲੋਂ ਤਬਾਹ ਕੀਤੇ ਜਾ ਰਹੇ ਗਾਜ਼ਾ ਦੀ ਹੈ, ਜਿੱਥੇ 10 ਵਿੱਚੋਂ 9 ਬੱਚੇ ਭੁੱਖਮਰੀ ਦਾ ਸ਼ਿਕਾਰ ਹਨ।



ਪੰਜਾਬ ਟਾਈਮਜ ਅਨੁਸਾਰ ਇੱਕ ਪਾਸੇ ਸਾਡੀ ਭਵਿੱਖੀ ਪੀੜ੍ਹੀ ਦੀ ਇਹ ਹਾਲਤ ਹੈ, ਦੂਜੇ ਪਾਸੇ ਚੰਦ ਮੁੱਠੀ-ਭਰ ਲੋਕ ਦੌਲਤ ਦੇ ਅੰਬਾਰ ਇਕੱਠੇ ਕਰੀ ਜਾ ਰਹੇ ਹਨ। ਅਮੀਰ-ਗਰੀਬ ਦਾ ਪਾੜਾ ਦਿਨੋ-ਦਿਨ ਚੌੜਾ ਹੋ ਰਿਹਾ ਹੈ। ਮੁਨਾਫ਼ੇ ਦੀ ਹਵਸ ਹੋਰ ਤੋਂ ਹੋਰ ਵਧਦੀ ਜਾ ਰਹੀ ਹੈ। ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਇਹ ਕਹਿੰਦੇ ਹਨ ਕਿ 2047 ਤੱਕ ਭਾਰਤ ਵਿਕਸਤ ਦੇਸ਼ ਬਣ ਜਾਵੇਗਾ, ਤਾਂ ਉਨ੍ਹਾ ਦੀ ਨਜ਼ਰ ਵਿੱਚ ਸਿਰਫ਼ ਧਨ-ਕੁਬੇਰ ਹੀ ਭਾਰਤ ਹਨ। ਉਨ੍ਹਾਂ ਦੇ ਭਾਰਤ ਵਿੱਚ ਰੋਟੀ ਨੂੰ ਤਰਸ-ਤਰਸ ਕੇ ਮਰ ਰਹੇ ਬਾਲਾਂ ਲਈ ਕੋਈ ਜਗ੍ਹਾ ਨਹੀਂ। ਯੂਨੀਸੈਫ ਦੀ ਰਿਪੋਰਟ ਨੇ ਹਕੀਕਤ ਤਾਂ ਸਾਹਮਣੇ ਲੈ ਆਂਦੀ ਹੈ, ਪਰ ਇਹ ਨਹੀਂ ਦੱਸਿਆ ਕਿ ਇਸ ਦਾ ਹੱਲ ਕੀ ਹੈ। ਇਸ ਸਮੱਸਿਆ ਦਾ ਹੱਲ ਓਨਾ ਚਿਰ ਸੰਭਵ ਨਹੀਂ, ਜਿੰਨਾ ਚਿਰ ਪੂੰਜੀਵਾਦੀ ਅਰਥ-ਵਿਵਸਥਾ ਦੀ ਥਾਂ ਸਮਾਜਵਾਦੀ ਅਰਥ-ਵਿਵਸਥਾ ਸਥਾਪਤ ਨਹੀਂ ਕੀਤੀ ਜਾਂਦੀ। ਜਿਥੇ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਅਨਾਜ ਭੰਡਾਰ ਕਰਨ ਦੀ ਲੋੜੀਂਦੀ ਵਿਵਸਥਾ ਕਰਨ ਲਈ ਭਾਰਤ ਸਰਕਾਰ ਨੂੰ ਗੰਭੀਰ ਹੋਣਾ ਚਾਹੀਦਾ ਹੈ, ਉਥੇ ਭੁੱਖਮਰੀ ਦੇ ਸ਼ਿਕਾਰ ਹੋ ਰਹੇ ਲੋਕਾਂ ਨੂੰ ਵੀ ਦੋ ਵੇਲੇ ਦੀ ਪੌਸ਼ਟਿਕ ਰੋਟੀ ਮੁਹੱਈਆ ਕਰਵਾਉਣ ਲਈ ਦ੍ਰਿੜ੍ਹ ਇੱਛਾ-ਸ਼ਕਤੀ ਦਿਖਾਉਣੀ ਚਾਹੀਦੀ ਹੈ, ਕਿਉਂਕਿ ਭਾਰਤੀਆਂ ਨੂੰ ਸਾਡੇ ਪੈਗੰਬਰਾਂ ਨੇ ਲਾਚਾਰ, ਲੋੜਵੰਦ ਤੇ ਭੁੱਖੇ ਲੋਕਾਂ ਨੂੰ ਰੋਟੀ ਦੇਣ ਲਈ 'ਲੰਗਰ' 'ਜਗ' ਅਤੇ 'ਭੰਡਾਰੇ' ਕਰਨ ਦੀਆਂ ਪਵਿੱਤਰ ਰਵਾਇਤਾਂ ਦਿੱਤੀਆਂ ਹਨ ਤਾਂ ਫ਼ਿਰ ਗੁਦਾਮਾਂ 'ਚ ਸਮਰੱਥਾ ਤੋਂ ਵੱਧ ਗਲ-ਸੜ ਰਹੇ ਅਨਾਜ ਨੂੰ ਕਰੋੜਾਂ ਭੁੱਖੇ ਲੋਕਾਂ ਵਿਚ ਕਿਉਂ ਨਹੀਂ ਵੰਡਿਆ ਜਾ ਸਕਦਾ?

ਯਾਦ ਰਹੇ ਕਿ ਗਲੋਬਲ ਹੰਗਰ ਇੰਡੈਕਸ ਵਿੱਚ, ਕਿਸੇ ਵੀ ਦੇਸ਼ ਵਿੱਚ ਭੁੱਖਮਰੀ ਦੀ ਸਥਿਤੀ ਦਾ ਪਤਾ ਲਗਾਉਣ ਲਈ ਚਾਰ ਪੈਮਾਨਿਆਂ ਦਾ ਮੁਲਾਂਕਣ ਕੀਤਾ ਜਾਂਦਾ ਹੈ:

ਕੁਪੋਸ਼ਣ-ਇਸ ਵਿੱਚ ਕਿਸੇ ਦੇਸ਼ ਦੀ ਆਬਾਦੀ ਆਉਂਦੀ ਹੈ ਜਿਸ ਨੂੰ ਰੋਜ਼ਾਨਾ ਭੋਜਨ ਵਿੱਚ ਲੋੜੀਂਦੀ ਕੈਲੋਰੀ ਨਹੀਂ ਮਿਲ ਰਹੀ ਹੈ।

ਚਾਈਲਡ ਵੇਸਟਿੰਗ-ਪੰਜ ਸਾਲ ਤੋਂ ਘੱਟ ਉਮਰ ਦੇ ਉਹ ਬੱਚੇ, ਜਿਨ੍ਹਾਂ ਦਾ ਭਾਰ ਉਨ੍ਹਾਂ ਦੇ ਕੱਦ ਅਨੁਸਾਰ ਘੱਟ ਹੈ।

ਚਾਈਲਡ ਸਟੰਟਿੰਗ-ਪੰਜ ਸਾਲ ਤੋਂ ਘੱਟ ਉਮਰ ਦੇ ਉਹ ਬੱਚੇ, ਜਿਨ੍ਹਾਂ ਦਾ ਕੱਦ ਉਨ੍ਹਾਂ ਦੀ ਉਮਰ ਮੁਤਾਬਕ ਘੱਟ ਹੈ।

ਬਾਲ ਮੌਤ ਦਰ-ਪੰਜ ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਨ੍ਹਾਂ ਦੀ ਮੌਤ ਹੋ ਜਾਂਦੀ ਹੈ।

ਇਹਨਾਂ ਚਾਰ ਆਯਾਮਾਂ ਨੂੰ 100 ਅੰਕਾਂ ਦਾ ਮਿਆਰੀ ਸਕੋਰ ਦਿੱਤਾ ਜਾਂਦਾ ਹੈ।

ਜੇਕਰ ਕੋਈ ਦੇਸ਼ 20 ਤੋਂ 34.9 ਦੇ ਵਿਚਕਾਰ ਅੰਕ ਪ੍ਰਾਪਤ ਕਰਦਾ ਹੈ, ਤਾਂ ਉਸ ਨੂੰ 'ਗੰਭੀਰ' ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ, ਅਤੇ 35 ਤੋਂ 49.9 ਦੇ ਵਿਚਕਾਰ ਅੰਕ ਪ੍ਰਾਪਤ ਕਰਨ ਵਾਲੇ ਦੇਸ਼ਾਂ ਨੂੰ 'ਬਹੁਤ ਗੰਭੀਰ' ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ।



# ਕੌਮਾਂਤਰੀ ਵਿਦਿਆਰਥੀਆਂ ਨੂੰ ਪੱਕੇ ਨਹੀਂ ਕਰੇਗਾ ਕੈਨੇਡਾ

ਕੈਨੇਡਾ ਦੇ ਇਮੀਗਰੇਸ਼ਨ ਮੰਤਰੀ ਮਾਈਕ ਮਿੱਲਰ ਨੇ ਕੌਮਾਂਤਰੀ ਵਿਦਿਆਰਥੀਆਂ ਤੇ ਹੋਰ ਸਖਤੀ ਕਰਦਿਆਂ ਕਿਹਾ ਹੈ ਕਿ ਸਟੱਡੀ ਪਰਮਿਟ ਕਿਸੇ ਨੂੰ ਵੀ ਕੈਨੇਡਾ ਵਿੱਚ ਪੱਕੇ ਹੋਣ ਦੀ ਗਾਰੰਟੀ ਨਹੀਂ ਦਿੰਦਾ ਤੇ ਨਾ ਹੀ ਹੁਣ ਇਸ ਨੂੰ ਪੀਆਰ ਦਾ ਵਸੀਲਾ ਬਣਨ ਦਿੱਤਾ ਜਾਏਗਾ। ਮੰਤਰੀ ਨੇ ਸਖਤ ਭਰੇ ਲਹਿਜ਼ੇ ਵਿਚ ਕਿਹਾ ਕਿ ਬਾਹਰਲੇ ਦੇਸ਼ਾਂ ਤੋਂ ਆਉਣ ਵਾਲੇ ਵਿਦਿਆਰਥੀ ਇਹ ਸੋਚ ਕੇ ਹੀ ਇੱਥੇ ਆਉਣ। ਮੰਤਰੀ ਨੇ ਕਿਹਾ ਕਿ ਇੱਥੇ ਵੱਡੀ ਗਿਣਤੀ ਵਿਚ ਆਏ ਵਿਦਿਆਰਥੀ ਪਹਿਲਾਂ ਹੀ ਸਰਕਾਰ ਲਈ ਚੁਣੌਤੀ ਬਣੇ ਹੋਏ ਹਨ। ਕਾਮਿਆਂ ਦੀ ਲੋੜ ਬਾਰੇ ਕੀਤੇ ਸਰਵੇਖਣਾਂ ਤੋਂ ਪਤਾ ਲੱਗਿਆ ਹੈ ਕਿ ਇਸ ਪ੍ਰਣਾਲੀ ਦੀ ਵੱਡੇ ਪੱਧਰ ਤੇ ਦੁਰਵਰਤੋਂ ਹੋ ਰਹੀ ਹੈ ਜਿਸ ਤੇ ਹੁਣ ਪੂਰੀ ਤਰ੍ਹਾਂ ਕਾਬੂ ਪਾ ਲਿਆ ਜਾਏਗਾ। ਮਾਈਕ ਮਿਲਰ ਨੇ ਸੰਕੇਤ ਦਿੱਤੇ ਕਿ ਇਸ ਪ੍ਰਣਾਲੀ ਵਿਚਲੀਆਂ ਚੋਰ ਮੋਰੀਆਂ ਬੰਦ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਖਤੀ ਦੇ ਨਤੀਜੇ ਸਾਹਮਣੇ ਆਉਣ ਲੱਗੇ ਹਨ ਤੇ ਹੁਣ ਕਈ ਦੇਸ਼ਾਂ ਦੇ ਸਟੱਡੀ ਪਰਮਿਟ ਤੇ ਆ ਰਹੇ ਵਿਦਿਆਰਥੀਆਂ ਦੀ ਗਿਣਤੀ ਕਾਫੀ ਘੱਟ ਗਈ ਹੈ। ਇਸ ਸਖਤੀ ਤੋਂ ਪ੍ਰੇਸ਼ਾਨ ਹੋਏ ਕਈ ਲੋਕਾਂ ਨੇ ਮੰਤਰੀ ਦੀ ਨੁਕਤਾਚੀਨੀ ਕਰਦਿਆਂ ਕਿਹਾ ਹੈ ਕਿ ਜੇ ਸਰਕਾਰ ਨੇ ਇਸ ਮਾਮਲੇ ਤੇ ਪਹਿਲਾਂ ਹੀ ਕਾਬੂ ਪਾਇਆ ਹੁੰਦਾ ਤਾਂ ਵਿਦਿਆਰਥੀਆਂ ਦੀਆਂ ਮੁਸੀਬਤਾਂ ਨਾ ਵਧਦੀਆਂ। ਵਿਦਿਆਰਥੀ ਜਥੇਬੰਦੀਆਂ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ 70 ਹਜ਼ਾਰ ਵਿਦਿਆਰਥੀਆਂ ਦੇ ਸਿਰ ਤੇ ਪਹਿਲਾਂ ਹੀ ਦੇਸ਼ ਨਿਕਾਲੇ ਦੀ ਤਲਵਾਰ ਲਟਕ ਰਹੀ ਹੈ ਜਿਨ੍ਹਾਂ ਵਿਚੋਂ 10 ਹਜ਼ਾਰ ਨੂੰ ਵਾਪਸੀ ਲਈ ਕਹਿ ਵੀ ਦਿੱਤਾ ਗਿਆ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮਾਨ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ 15 ਅਗਸਤ ਨੂੰ ਚੰਡੀਗੜ੍ਹ 17 ਸੈਕਟਰ ਵਿੱਚ ਹੋਵੇਗਾ ਇੱਕਠ !





ਕੌਮੀਂ ਇਨਸਾਫ਼ ਮੋਰਚੇ ਵੱਲੋਂ ਕੇਂਦਰ ਅਤੇ ਪੰਜਾਬ ਸਰਕਾਰ ਖ਼ਿਲਾਫ਼ ਰੋਸ ਪ੍ਰਗਟਾਉਣ ਲਈ ਆਜ਼ਾਦੀ ਦਿਹਾੜੇ ਦਾ ਦਿਨ ਚੁਣਿਆ ਗਿਆ ਹੈ, ਕਿਉਂਕਿ ਸਰਕਾਰ ਮੋਰਚੇ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦੇ ਰਹੀ ਜਿਸ ਦੇ ਸੰਬੰਧ ਵਿੱਚ ਮੋਰਚੇ ਸਰਪ੍ਰਸਤ ਬਾਪੂ ਗੁਰਚਰਨ ਸਿੰਘ ਜੀ ਕਨਵੀਨਰ ਭਾਈ ਪਾਲ ਸਿੰਘ ਫਰਾਂਸ ਵੱਲੋਂ ਆਉਣ ਵਾਲੀ 15 ਅਗਸਤ ਨੂੰ ਚੰਡੀਗੜ੍ਹ ਸੈਕਟਰ 17 ਸਾਹਮਣੇ ਨੀਲਮ ਸਿਨੇਮਾ ਗਰਾਊਂਡ 'ਚ ਸਵੇਰੇ 11 ਵਜੇ ਵੱਡ੍ਹਾ ਇਕੱਠ ਕੀਤਾ ਜਾਵੇਗਾ ਸੈਕਟਰ 17 ਤੋਂ ਲੈਕੇ ਚੰਡੀਗੜ੍ਹ ਗਵਰਨਰ ਹਾਊਸ ਤੱਕ ਰੋਸ ਮਾਰਚ ਕੱਢਿਆ ਜਾਵੇਗਾ।

ਸਮੂਹ ਸੰਗਤਾਂ ਪੰਥਕ ਅਤੇ ਕਿਸਾਨ ਜਥੇਬੰਦੀਆ ਨੂੰ 15 ਅਗਸਤ ਦਿਨ ਵੀਰਵਾਰ ਨੂੰ ਚੰਡੀਗੜ੍ਹ 17 ਸੈਕਟਰ ਸਾਹਮਣੇ ਨੀਲਮ ਸਿਨੇਮਾ ਗਰਾਊਂਡ ਵਿੱਚ ਪਹੁੰਚ ਲਈ ਅਪੀਲ ਕਰਦੇ ਹਾਂ।

ਇੱਥੇ ਰੋਸ ਪ੍ਰਦਰਸ਼ਨ ਉਪਰੰਤ ਸੰਗਤਾਂ ਵੱਲੋਂ ਗਵਰਨਰ ਨੂੰ ਸਿੱਖਾਂ ਨਾਲ ਆਜ਼ਾਦੀ ਸਕੇ ਕੀਤੇ ਗਏ ਵਾਅਦਿਆਂ ਦਾ ਯਾਦ ਪੱਤਰ ਦਿੱਤਾ ਜਾਵੇਗਾ। ਕੌਮੀ ਇਨਸਾਫ਼ ਮੋਰਚੇ ਦੇ ਮੈਂਬਰਾਂ ਵੱਲੋਂ ਅੱਜ ਕੀਤੀ ਗਈ ਮੀਟਿੰਗ ਵਿੱਚ ਕਿਹਾ ਗਿਆ ਕਿ ਸਿੱਖਾਂ ਉਤੇ ਜ਼ੁਲਮ ਤੇ ਜ਼ਲਾਲਤ ਦਾ ਸਿਲਸਿਲਾ ਪੰਜਾਬ ਅਤੇ ਕੇਂਦਰ ਦੀਆਂ ਸਰਕਾਰਾਂ ਵੱਲੋਂ ਬਾ ਦਸਤੂਰ ਜ਼ਾਰੀ ਹੈ। ਸਰਕਾਰ ਕੌਮ ਨੂੰ ਇਹ ਅਹਿਸਾਸ ਕਰਾਉਣਾ ਚਾਹੁੰਦੀ ਹੈ ਕਿ ਸਿੱਖ ਧਰਮ ਭਾਰਤ ਦੇ ਹਾਕਮਾਂ ਮੂਹਰੇ ਗੋਡੇ ਟੇਕ ਚੁੱਕਾ ਹੈ ਅਤੇ ਭਾਰਤੀ ਹਕੂਮਤ ਨੇ ਸਿੱਖ ਕੌਮ ਦੀ ਅਣਖ ਤੇ ਗ਼ੈਰਤ ਖ਼ਤਮ ਕਰ ਦਿੱਤੀ ਹੈ। ਚੰਦ ਮਰੀ ਜ਼ਮੀਰ ਦੇ ਮੁਰਦਾ ਸਿੱਖ ਆਗੂਆਂ ਨੂੰ ਆਪਣੀਆਂ ਉਂਗਲਾਂ ਉਤੇ ਨਚਾ ਕੇ ਭਾਰਤੀ ਸਟੇਟ ਦੇ ਕੁਝ ਹੰਕਾਰੀ ਲੀਡਰ ਅਤੇ ਅਫ਼ਸਰ ਸ਼ਾਹ ਪਿਛਲੇ 50 ਸਾਲਾਂ ਤੋਂ ਇਹ ਗਲਤ ਫਹਿਮੀ ਪਾਲ ਰਹੇ ਹਨ। ਮੋਰਚੇ ਦੇ ਆਗੂਆਂ ਨੇ ਦੇਸ਼ ਦੀ ਸਿਆਣੀ ਲੀਡਰਸ਼ਿਪ ਨੂੰ ਸਲਾਹ ਦਿੱਤੀ ਕਿ ਸਿੱਖਾਂ ਦੀ ਦੇਸ਼ ਪ੍ਰਤੀ ਵਫਾਦਾਰੀ ਨੂੰ ਪਰਖ ਕੇ ਦੇਸ਼ ਨੂੰ ਕਮਜ਼ੋਰ ਨਾ ਕੀਤਾ ਜਾਵੇ। ਭਾਰਤ ਦੀ ਆਰਥਿਕਤਾ, ਅੰਨ ਵਿਚ ਆਤਮ ਨਿਰਭਰਤਾ ਅਤੇ ਦੇਸ਼ ਦੀ ਰਾਖੀ ਲਈ ਸਾਰਿਆਂ ਤੋਂ ਅੱਗੇ ਰਹਿਣ ਵਾਲਿਆਂ ਨਾਲ ਲਗਾਤਾਰ ਨਾ - ਇਨਸਾਫੀ ਸਿੱਖਾਂ ਨਾਲ ਦੇਸ਼ ਦੇ ਆਗੂਆਂ ਦੀ ਅਕਿਰਤ ਘਣਤਾ ਹੈ। ਦੇਸ਼ ਦੇ ਅਫਸਰ ਸ਼ਾਹਾਂ ਅਤੇ ਲੀਡਰਾਂ ਨੂੰ ਸਿੱਖਾਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਹੋਇਆਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਖੀ ਲਈ ਸਖਤ ਕਾਨੂੰਨ, ਬੇਅਦਬੀ ਦੇ ਦੋਸ਼ੀਆਂ ਦੋਸ਼ੀਆਂ ਨੂੰ ਸਜਾਵਾਂ ਅਤੇ 30 -30 ਸਾਲਾਂ ਤੋਂ ਜੇਲਾਂ ਵਿੱਚ ਨਜ਼ਰਬੰਦ ਸਿੱਖਾਂ ਸਮੇਤ ਡਿਬਰੂਗੜ ਅਤੇ ਹੋਰ ਜੇਲਾਂ ਵਿੱਚ ਬੰਦ ਨੌਜਵਾਨਾਂ ਨੂੰ ਤੁਰੰਤ ਰਿਹਾ ਕਰਨਾ ਚਾਹੀਦਾ ਹੈ।

ਇਸ ਮੀਟਿੰਗ ਵਿੱਚ, ਪਾਲ ਸਿੰਘ ਫਰਾਂਸ, ਬਾਪੂ ਗੁਰਚਰਨ ਸਿੰਘ, ਗੁਰਦੀਪ ਸਿੰਘ ਬਠਿੰਡਾ, ਬਲਵਿੰਦਰ ਸਿੰਘ ਫਿਰੋਜ਼ਪੁਰ, ਜਸਕਰਨ ਸਿੰਘ ਕਾਹਨਸਿੰਘ ਵਾਲਾ, ਬਲਜੀਤ ਸਿੰਘ ਭਾਊ, ਇੰਦਰਵੀਰ ਸਿੰਘ, ਜਸਪ੍ਰੀਤ ਸਿੰਘ ਜੱਸਾ, ਗੁਰਨਾਮ ਸਿੰਘ ਸਿੱਧੂ, ਬਲਵਿੰਦਰ ਸਿੰਘ ਕਾਲਾ, ਰਸ਼ਪਾਲ ਸਿੰਘ ਚੰਡੀਗੜ੍ਹ, ਮੋਗੇ ਵਾਲਾ ਗਿੱਲ, ਸੁੱਖਵਿਲ ਧਰਮਕੋਟ ਆਦਿ ਸ਼ਾਮਲ ਸਨ।

## ਅਮਰੀਕਾ ਦੇ ਉਟਾਹ ਰਾਜ ਦੇ ਨੈਸ਼ਨਲ ਪਾਰਕ ਵਿਚ ਪੈਦਲ ਯਾਤਰਾ 'ਤੇ ਨਿਕਲੇ ਪਿਓ ਤੇ ਧੀ ਦੀ ਅੱਤ ਦੀ ਗਰਮੀ ਕਾਰਨ ਹੋਈ ਮੌਤ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਉਟਾਹ ਰਾਜ ਵਿਚ ਕੈਨਾਇਨਲੈਂਡਜ ਨੈਸ਼ਨਲ ਪਾਰਕ ਵਿਚ ਅੱਤ ਦੀ ਗਰਮੀ ਵਿਚ ਪੈਦਲ ਯਾਤਰਾ 'ਤੇ ਨਿਕਲੇ ਵਿਸਕਾਨਸਿਨ ਵਾਸੀ ਪਿਓ ਤੇ ਧੀ ਦੀ ਮੌਤ ਹੋ ਜਾਣ ਦੀ ਖਬਰ ਹੈ। ਮਿਲੀ ਜਾਣਕਾਰੀ ਅਨੁਸਾਰ 100 ਡਿਗਰੀ ਫਾਰਨਹੀਟ (37.7 ਡਿਗਰੀ ਸੈਲਸੀਅਸ) ਤਾਪਮਾਨ ਵਿਚ ਦੋਨੋਂ ਪਿਓ -ਧੀ ਦੂਰ ਨਿਕਲ ਗਏ ਜਦ ਕਿ ਉਨਾਂ ਕੋਲ ਪਾਣੀ ਵੀ ਨਹੀਂ ਸੀ।

ਨੈਸ਼ਨਲ ਪਾਰਕ ਸਰਵਿਸ ਅਨੁਸਾਰ ਅਲਬੀਨੋ ਹੇਰੇਰਾ ਐਸਪਿਨੋਜ਼ (52) ਤੇ ਬੀਟਰਿਜ਼ ਹੇਰੇਰਾ (23) ਦੀ ਲੱਭਣ ਤੋਂ ਪਹਿਲਾਂ ਹੀ ਮੌਤ ਹੋ ਚੁੱਕੀ ਸੀ। ਪਤਾ ਲੱਗਣ 'ਤੇ ਨੈਸ਼ਨਲ ਪਾਰਕ ਸਰਵਿਸ ਦੇ ਰੇਂਜਰਾਂ ਤੇ ਬਿਊਰੋ ਆਫ ਲੈਂਡ ਮੈਨਜਮੈਂਟ ਮੋਆਬ ਡਿਸਟ੍ਰਿਕਟ ਦੇ ਇਕ ਹੈਲੀਕਾਪਟਰ ਨੇ ਤੁਰੰਤ ਪਿਓ ਤੇ ਧੀ ਨੂੰ ਲੱਭਣ ਲਈ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ। ਸਾਲਟ ਲੇਕ ਸਿਟੀ ਤੋਂ ਤਕਰੀਬਨ 250 ਮੀਲ ਰਕਬੇ ਵਿਚ ਫੈਲੇ ਪਾਰਕ ਵਿਚ ਲਾਪਤਾ ਹੋਏ ਪਿਓ-ਧੀ ਨੂੰ ਲੱਭਣ ਲਈ ਲੰਬਾ ਸਮਾਂ ਲੱਗਾ। ਰਾਹਤ ਕਾਮਿਆਂ ਦੇ ਪਹੁੰਚਣ ਤੋਂ ਪਹਿਲਾਂ ਹੀ ਪਿਓ-ਧੀ ਮਰ ਚੁੱਕੇ ਸਨ। ਸ਼ੈਰਿਫ ਦਫਤਰ ਅਨੁਸਾਰ ਐਸਪਿਨੋਜ਼ ਤੇ ਹੇਰੇਰਾ ਦੀਆਂ ਮ੍ਰਿਤਕ ਦੇਹਾਂ ਪੋਸਟ ਪਾਰਟਮ ਲਈ ਭੇਜ ਦਿੱਤੀਆਂ ਗਈਆਂ ਹਨ। ਇਥੇ ਜਿਕਰਯੋਗ ਹੈ ਕਿ ਕੈਨਾਇਨਲੈਂਡਜ ਨੈਸ਼ਨਲ ਪਾਰਕ ਵਿਚ ਖਾਣੀ ਪੀਣ ਲਈ ਕੋਈ ਸਮਾਨ ਲੈਣ ਵਾਸਤੇ 50 ਮੀਲ ਤੋਂ ਵਧ ਸਫਰ ਕਰਨਾ ਪੈਂਦਾ ਹੈ ਇਸ ਲਈ ਸੈਲਾਨੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਪਾਣੀ ਸਮੇਤ ਖਾਣ-ਪੀਣ ਦਾ ਸਮਾਨ ਆਪਣੇ ਨਾਲ ਲੈ ਕੇ ਜਾਣ। ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਦਿਨ ਵੇਲੇ ਅੱਤ ਦੀ ਗਰਮੀ ਦੇ ਸਮੇ ਖਾਸ ਕਰਕੇ ਦੁਪਹਿਰ ਵੇਲੇ ਸਰੀਰਕ ਵਰਜਿਸ਼ ਜਾਂ ਹੋਰ ਕੋਈ ਸਰਗਰਮੀ ਕਰਨ ਤੋਂ ਪਰਹੇਜ਼ ਕਰਨ।

## ਰਿਪਬਲੀਕਨ ਪਾਰਟੀ ਵੱਲੋਂ ਉੱਪ ਰਾਸ਼ਟਰਪਤੀ ਦੇ ਅਹੁੱਦੇ ਲਈ ਐਲਾਨਿਆ ਉਮੀਦਵਾਰ ਵੈਂਸ ਭਾਰਤ ਦਾ ਜਵਾਈ



*ਊਸ਼ਾ ਚਿਲੁਕੁਰੀ ਤੇ ਜੇ ਡੀ ਵੈਂਸ ਦੀਆਂ ਪੁਰਾਣੀਆਂ ਤਸਵੀਰਾਂ*

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਡੋਨਲਡ ਟਰੰਪ ਵੱਲੋਂ ਉੱਪ ਰਾਸ਼ਟਰਪਤੀ ਦੇ ਅਹੁੱਦੇ ਲਈ ਚੁਣੇ ਗਏ ਉਮੀਦਵਾਰ ਜੇ ਡੀ ਵੈਂਸ ਦੀ ਪਤਨੀ ਭਾਰਤੀ ਹੈ। ਓਹੀਓ ਦੇ ਸੈਨੇਟ ਮੈਂਬਰ ਵੈਂਸ ਦੀ ਪਤਨੀ ਊਸ਼ਾ ਚਿਲੁਕੁਰੀ ਵੈਂਸ ਹੈ ਜੋ ਭਾਰਤ ਦੇ ਆਂਧਰਾ ਪ੍ਰਦੇਸ ਰਾਜ ਤੋਂ ਅਮਰੀਕਾ ਗਏ ਇਕ ਪ੍ਰਵਾਸੀ ਭਾਰਤੀ ਦੀ ਧੀ ਹੈ। ਅਮਰੀਕਾ ਵਿਚ ਪੈਦਾ ਹੋਈ ਚਿਲੁਕੁਰੀ ਸੈਨ ਡਇਏਗੋ, ਕੈਲੀਫੋਰਨੀਆ ਦੀ ਵਸਨੀਕ ਹੈ। ਉਸ ਨੇ ਮੁੱਢਲੀ ਪੜਾਈ ਕੈਲੀਫੋਰਨੀਆ ਦੇ ਕਾਰਮਲ ਹਾਈ ਸਕੂਲ ਤੋਂ ਕੀਤੀ ਹੈ। ਉਸ ਨੇ ਬੀ ਏ ਦੀ ਡਿਗਰੀ ਯੇਲ ਯੁਨੀਵਰਸਿਟੀ ਤੋਂ 2007 ਵਿਚ ਹਾਸਲ ਕੀਤੀ ਸੀ ਜਦ ਕਿ ਐਮਫਿਲ ਯੁਨੀਵਰਸਿਟੀ ਆਫ ਕੈਂਬਰਿਜ ਤੋਂ 2009 ਵਿਚ ਕੀਤੀ ਸੀ। ਊਸ਼ਾ ਤੇ ਵੈਂਸ ਦੀ ਪਹਿਲੀ ਮਿਲਣੀ ਯੇਲ ਲਾਅ ਸਕੂਲ ਵਿਖੇ ਹੋਈ ਸੀ ਜਿਥੇ ਉਹ ਆਪਸ ਵਿਚ ਗੂੜੇ ਦੋਸਤ ਬਣੇ। ਉਨਾਂ ਦਾ ਵਿਆਹ 2014 ਵਿਚ ਹਿੰਦੂ ਰੀਤੀ ਰਿਵਾਜ਼ਾਂ ਅਨੁਸਾਰ ਹੋਇਆ। ਉਨਾਂ ਦੇ 2 , 4 ਤੇ 6 ਸਾਲ ਦੇ 3 ਬੱਚੇ ਹਨ ਸਭ ਤੋਂ ਛੋਟਾ ਮਿਰਾਬਲ ਹੈ। ਉਸ ਤੋਂ ਵੱਡਾ ਵਿਵੇਕ ਤੇ ਸਭ ਤੋਂ ਵੱਡਾ ਈਵਾਨ ਹੈ।

# ਕਿਸਮਤ ਦੇ ਸਿਤਾਰੇ

## ਵੀਰਵਾਰ 25 ਜੁਲਾਈ ਬੁੱਧਵਾਰ 31 ਜੁਲਾਈ 2024 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)** ਮਾਣ-ਇੱਜ਼ਤ ਵਿੱਚ ਵਾਧਾ ਅਤੇ ਧਨ ਲਾਭ ਦੇ ਮੌਕੇ ਮਿਲਣਗੇ। ਉੱਚ ਪੱਧਰੀ ਲੋਕਾਂ ਨਾਲ ਮੇਲ-ਜੋਲ ਵਧੇਗਾ। ਉੱਚ ਸਿੱਖਿਆ ਵਿੱਚ ਸਫਲਤਾ ਅਤੇ ਤਰੱਕੀ ਦੇ ਯੋਗ ਹਨ। ਸਰਕਾਰੀ ਖੇਤਰਾਂ ਵਿੱਚ ਵੀ ਲਾਭ ਦੀ ਉਮੀਦ ਹੈ। ਮਾਤਾ ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ, ਰਿਸ਼ਤੇ ਮਜ਼ਬੂਤ ਹੋਣਗੇ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)** ਕਿਸਮਤ ਨਾਲ ਮਾਣ-ਇੱਜ਼ਤ ਵਿੱਚ ਵਾਧਾ ਅਤੇ ਧਨ ਪ੍ਰਾਪਤੀ ਦੇ ਸਾਧਨਾਂ ਵਿੱਚ ਵੀ ਵਾਧੇ ਦੇ ਯੋਗ ਹਨ। ਪਰਿਵਾਰਕ ਮਾਹੌਲ ਪਹਿਲਾਂ ਤੋਂ ਸੁਖਾਵਾਂ ਹੋਵੇਗਾ। ਇਸਤਰੀ ਤੇ ਸੰਤਾਨ ਸੁੱਖ ਮਿਲੇਗਾ। ਅਫਸਰਾਂ ਨਾਲ ਕੁਝ ਤਣਾਅ ਦੇ ਹਾਲਾਤ ਰਹਿਣਗੇ। ਕਿਸੇ ਗਰੀਬ ਜਾਂ ਜਰੂਰਤਮੰਦ ਨੂੰ ਭੋਜਨ ਜਰੂਰ ਕਰਵਾਉ, ਕਮਾਈ ਵਿੱਚ ਬਰਕਤ ਹੋਵੇਗੀ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)** ਆਮਦਨ ਘੱਟ ਤੇ ਖਰਚ ਜਿਆਦਾ ਹੋਣਗੇ। ਕਿਸੇ ਰੁਕੇ ਹੋਏ ਕੰਮ ਨੂੰ ਪੂਰਾ ਕਰਨ ਲਈ ਆਰਥਿਕ ਲੈਣ-ਦੇਣ ਕਰਨੇ ਪੈਣਗੇ। ਨਵਾਂ ਕਾਰੋਬਾਰ ਕਰਨ ਦੀ ਯੋਜਨਾ ਵਿੱਚ ਵਿਵਾਦ ਪੈਦਾ ਹੋ ਸਕਦਾ ਹੈ। ਵਿਰੋਧੀ ਪੱਖ ਆਪਣੀਆਂ ਚਾਲਾਂ ਜਾਰੀ ਰੱਖਣਗੇ। ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੱਕਰ ਵਿੱਚ ਨਾ ਫਸੋ, ਨੁਕਸਾਨ ਹੋ ਸਕਦਾ ਹੈ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)** ਪਰਿਵਾਰ ਵਿੱਚ ਸ਼ੁੱਭ ਤੇ ਧਾਰਮਿਕ ਕੰਮਾਂ 'ਤੇ ਧਨ ਦਾ ਖਰਚ ਜਿਆਦਾ ਹੋਣ ਦੀ ਉਮੀਦ ਹੈ। ਕਾਰੋਬਾਰ/ਨੌਕਰੀ ਵਿੱਚ ਚਾਹੇ ਤਰੱਕੀ ਦੇ ਖਾਸ ਮੌਕੇ ਮਿਲਣਗੇ, ਪਰ ਖਾਸ ਲੋਕਾਂ ਦੀ ਮਦਦ ਨਾਲ ਹੀ ਲਾਭ ਮਿਲੇਗਾ। ਪਰਿਵਾਰਕ ਮਾਹੌਲ ਸੁਖਦ ਰਹੇਗਾ। ਮਾਤਾ ਪਿਤਾ ਨੂੰ ਪਿਆਰ ਨਾਲ ਬੁਲਾਉ, ਕਾਰਜ ਸਿੱਧ ਹੋਣਗੇ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)** ਅਚਾਨਕ ਧਨ ਲਾਭ ਤੇ ਦਿਮਾਗੀ ਨਜ਼ਰੀਏ ਵਿੱਚ ਵੀ ਬਦਲਾਵ ਆਵੇਗਾ। ਕਈ ਕੰਮ ਖੁਦ ਹੀ ਪੂਰੇ ਹੋ ਜਾਣਗੇ। ਆਰਥਿਕ ਹਾਲਾਤ ਪਹਿਲੇ ਨਾਲੋਂ ਬਿਹਤਰ ਹੋਣਗੇ। ਕਿਸੇ ਉੱਚ ਅਧਿਕਾਰੀ ਨਾਲ ਮੇਲ ਹੋਵੇਗਾ, ਜਿਸ ਕਾਰਨ ਨੌਕਰੀ ਵਿੱਚ ਤਰੱਕੀ ਦੇ ਮੌਕੇ ਮਿਲਣਗੇ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)** ਇਸ ਹਫਤੇ ਕੁਝ ਜੋਸ਼ ਭਰੇ ਹਾਲਾਤ ਬਣਨਗੇ। ਕਿਸੇ ਨਵੇਂ ਕੰਮ ਦੀ ਯੋਜਨਾ ਬਣੇਗੀ। ਕਾਰੋਬਾਰ ਵਿੱਚ ਰੁਝੇਵੇਂ ਵੱਧਣਗੇ। ਭਾਈ-ਬੰਧੂਆਂ ਨਾਲ ਮਨ-ਮੁਟਾਵ ਰਹੇਗਾ। ਉੱਚ ਪੱਧਰੀ ਲੋਕਾਂ ਨਾਲ ਜਿਆਦਾ ਮੇਲ-ਜੋਲ ਪ੍ਰੇਸ਼ਾਨੀ ਕਾਰਕ ਹੋ ਸਕਦਾ ਹੈ। ਮਾਤਾ ਪਿਤਾ ਬੱਚਿਆਂ ਨੂੰ ਗੁਰੂ ਘਰ ਜਰੂਰ ਲਿਜਾਉ, ਮਨ ਨੂੰ ਸ਼ਾਂਤੀ ਮਿਲੇਗੀ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)** ਸਿਹਤ ਸਬੰਧੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਵੇਗਾ। ਕੁਝ ਸੋਚੀਆਂ ਯੋਜਨਾਵਾਂ ਵਿੱਚ ਥੋੜ੍ਹੇ ਬਦਲਾਵ ਤੋਂ ਬਾਅਦ ਹੀ ਕਾਮਯਾਬੀ ਦੀ ਉਮੀਦ ਬਣੇਗੀ। ਕਾਰੋਬਾਰ ਵਿੱਚ ਉਤਾਰ-ਚੜ੍ਹਾਵ ਤੇ ਥੋੜ੍ਹੀ ਪ੍ਰੇਸ਼ਾਨੀ ਰਹੇਗੀ। ਆਪਣੇ ਆਪ ਨੂੰ ਸ਼ਾਂਤ ਰੱਖਣ ਦੀ ਕੋਸ਼ਿਸ਼ ਕਰੋ। ਘਰ ਵਿੱਚ ਸ਼ਰਾਬ ਦੀ ਵਰਤੋਂ ਨਾ ਕਰਨੀ, ਘਰ ਵਿੱਚ ਸ਼ਾਂਤੀ ਆਵੇਗੀ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)** ਇਸ ਹਫਤੇ ਮੁਸ਼ਕਿਲ ਤੇ ਉਥਲ-ਪੁਥਲ ਵਾਲੇ ਹਾਲਾਤ ਦਾ ਸਾਹਮਣਾ ਰਹੇਗਾ। ਆਰਥਿਕ ਖੇਤਰ ਵਿੱਚ ਕਾਫੀ ਉਤਾਰ-ਚੜ੍ਹਾਵ ਅਤੇ ਸੰਘਰਸ਼ ਰਹੇਗਾ। ਆਲਸ ਵਿੱਚ ਵਾਧਾ ਤੇ ਜ਼ਿਆਦਾ ਸਮਾਂ ਫਜ਼ੂਲ ਦੇ ਕੰਮਾਂ ਵਿੱਚ ਬੀਤੇਗਾ। ਸਮੇਂ ਮੁਤਾਬਕ ਕੰਮ ਕਰਨ ਨਾਲ ਹੀ ਲਾਭ ਹੋ ਸਕਦਾ ਹੈ। ਸ੍ਰੀ ਨਿੱਤਨੇਮ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)** ਸਭ ਤਰ੍ਹਾਂ ਦੇ ਕੰਮਾਂ ਵਿੱਚ ਸਫਲਤਾ ਮਿਲੇਗੀ। ਆਰਥਿਕ ਉਲਝਣਾਂ ਦੇ ਸਮਾਧਾਨ ਲਈ ਪਰਿਵਾਰ ਵਿੱਚ ਬਜ਼ੁਰਗਾਂ ਦੀ ਸਲਾਹ ਬਹੁਤ ਜਰੂਰੀ ਅਤੇ ਲਾਭਦਾਇਕ ਹੋਵੇਗੀ। ਸਾਂਝੇਦਾਰੀ ਦੇ ਕੰਮਾਂ ਵਿੱਚ ਨੁਕਸਾਨ ਹੋਵੇਗਾ। ਗੁਰੂ ਘਰ ਬੱਚਿਆਂ ਸਮੇਤ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)** ਪਰਿਵਾਰਕ ਤੇ ਆਰਥਿਕ ਹਾਲਾਤ ਡਾਵਾਂਡੋਲ ਰਹਿਣਗੇ। ਗੁਜ਼ਾਰੇਯੋਗ ਧਨ ਦੀ ਪ੍ਰਾਪਤੀ ਹੁੰਦੀ ਰਹੇਗੀ। ਮਾਤਾ-ਪਿਤਾ ਨਾਲ ਅਨਬਨ ਅਤੇ ਸਿਹਤ ਢਿੱਲੀ ਰਹੇਗੀ। ਸਮਾਜਿਕ ਕੰਮਾਂ ਵਿੱਚ ਰੁਕਾਵਟਾਂ ਪੈਦਾ ਹੋਣਗੀਆਂ। ਆਪਣੇ ਬਜ਼ੁਰਗਾਂ ਦਾ ਹਰ ਪੱਖੋਂ ਧਿਆਨ ਰੱਖੋ ਅਤੇ ਉਨ੍ਹਾਂ ਨੂੰ ਬਣਦਾ ਮਾਣ-ਸਤਿਕਾਰ ਦਿਉ, ਸਮਾਜ ਵਿੱਚ ਮਾਣ-ਇੱਜ਼ਤ ਵਧੇਗਾ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)** ਕਾਰੋਬਾਰ ਸਬੰਧੀ ਭੱਜ-ਦੌੜ ਜ਼ਿਆਦਾ ਰਹੇਗੀ। ਨਜ਼ਦੀਕੀ ਬੰਧੂਆਂ ਦੇ ਸਹਿਯੋਗ ਵਿੱਚ ਕਮੀ ਆਵੇਗੀ। ਆਪਣੇ ਵੀ ਪਰਾਏ ਵਰਗਾ ਬਰਤਾਉ ਕਰਨਗੇ। ਬੇਵਜ੍ਹਾ ਗੁੱਸਾ, ਉਤੇਜਨਾ ਤੇ ਫਜ਼ੂਲ ਦਾ ਤਣਾਅ ਰਹੇਗਾ। ਕਾਰੋਬਾਰ/ਨੌਕਰੀ ਦੀ ਸਥਿਤੀ ਵਿੱਚ ਕੁਝ ਸੁਧਾਰ ਹੋਵੇਗਾ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਹੋਵੇਗਾ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)** ਧਨ ਲਾਭ ਤੇ ਕੁਝ ਵਿਗੜੇ ਕੰਮਾਂ ਵਿੱਚ ਸੁਧਾਰ ਹੋਵੇਗਾ। ਕਿਸੇ ਖਾਸ ਵਿਅਕਤੀ ਨਾਲ ਮੇਲ-ਜੋਲ ਵਧੇਗਾ। ਕਈ ਖਾਸ ਮੌਕੇ ਅਤੇ ਉਤਸਵਾਂ 'ਤੇ ਜਾਣ ਨਾਲ ਮਾਣ-ਇੱਜ਼ਤ ਵਿੱਚ ਵਾਧਾ ਹੋਵੇਗਾ। ਕਿਸੇ ਨਜ਼ਦੀਕੀ ਕਰਕੇ ਦਿਮਾਗੀ ਤਣਾਉ ਰਹੇਗਾ। ਲਾਭ ਦੇ ਰਸਤੇ ਵਿੱਚ ਰੁਕਾਵਟਾਂ ਆਉਣਗੀਆਂ। ਮਨ ਨੂੰ ਸਥਿਰ ਰੱਖਣ ਲਈ ਪਾਠ ਕਰੋ।

## ਹਾਸੇ ਦੀ ਪਟਾਰੀ

**ਬੰਟੀ,** ਤੂੰ ਇਕ ਵਾਰ ਵਿੱਚ ਕਿੰਨੇ ਆਦਮੀਆਂ ਨੂੰ ਉਠਾ ਸਕਦਾ ਏਂ?

ਪਹਿਲਵਾਨ, 4 ਨੂੰ।

ਬੰਟੀ, ਬੱਸ! ਤੇਰੇ ਨਾਲੋਂ ਚੰਗਾ ਤਾਂ ਮੇਰਾ ਮੁਰਗਾ ਹੈ, ਜੋ ਸਵੇਰੇ ਪੂਰੇ ਮੁਹੱਲੇ ਨੂੰ ਉਠਾ ਦਿੰਦਾ ਹੈ।

*---*---*

**ਪਤਨੀ** ਤਾਰਿਆਂ ਵੱਲ ਦੇਖ ਕੇ ਪਤੀ ਨੂੰ ਬੋਲੀ, ਉਹ ਕਿਹੜੀ ਚੀਜ਼ ਹੈ, ਜੋ ਤੁਸੀਂ ਰੋਜ਼ ਦੇਖ ਸਕਦੇ ਹੋ, ਪਰ ਲਿਆ ਨਹੀਂ ਸਕਦੇ?

ਪਤੀ ਤੁਰੰਤ ਬੋਲਿਆ, ਗੁਆਂਢਣ।

*---*---*

**ਦੋ** ਕੁੜਮ ਬੈਠੇ ਸ਼ਰਾਬ ਪੀ ਰਹੇ ਸਨ।

ਮੁੰਡੇ ਦਾ ਪਿਉ, ਪਾਣੀ ਕਿੰਨਾ ਪਾਵਾਂ?

ਕੁੜੀ ਦਾ ਪਿਉ, ਨਾ ਜੀ ਨਾ, ਪਾਣੀ ਬਿਲਕੁੱਲ ਨਾ ਪਾਣਾ।

ਮੁੰਡੇ ਦਾ ਪਿਉ, ਕਿਉਂ?

ਕੁੜੀ ਦਾ ਪਿਉ, ਸਾਡੇ ਇਥੇ ਧੀ ਦੇ ਘਰ ਦਾ ਪਾਣੀ ਨਹੀਂ ਪੀਂਦੇ।

ਵਾਹ ਜੀ ਵਾਹ ਇਹ ਹੁੰਦੇ ਹਨ ਸੰਸਕਾਰ।

*---*---*


# ਪੰਜਾਬ ਟਾਈਮਜ਼

## PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME.........................................................................
ADDRESS.....................................................................
.............................................POST CODE............................
TEL.............................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* *SUBSCRIPTION*
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
*www.panjabtimes.uk Email: Panjabtimes@aol.com*



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

# ਕਿੰਗਜ਼ਵੇਅ ਬੈਂਕਿਉਟਿੰਗ ਸੁਈਟ


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ


ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

# KINGSWAY BANQUETING SUITE

270-272 BATH ROAD, HOUNSLOW, MIDDLESEX, TW4 7DF.
*(OPP. HOUNSLOW WEST TUBE STATION)*
TEL: 020 8570 8351
*Email: Kingswaylondon@icloud.com, www.kingswaybanqueting.com*

**ਅਲਵਿਦਾ ਮੇਰੇ ਗੁਰੂ**

# ਤੁਰ ਗਿਆ ਪੱਤਰਕਾਰੀ ਦਾ ਸਿਰਮੌਰ, ਸਿੱਖੀ ਹੱਕਾਂ ਦਾ ਢੰਡੋਰਾ ਪਿੱਟਣ ਵਾਲਾ ਜੁਝਾਰੂ ਜੋਧਾ ਜਸਪਾਲ ਸਿੰਘ ਹੇਰਾਂ

ਲੁਧਿਆਣਾ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)-ਭਾਰਤ ਦੇ ਲੋਕਤੰਤਰੀ ਢਾਂਚੇ ਵਿੱਚ ਮੀਡੀਆ ਨੂੰ ਸਹੀ ਅਰਥਾਂ ਵਿੱਚ ਚੌਥਾ ਥੰਮ ਦਰਸਾਉਣ ਵਾਲਾ ਪੰਜਾਬੀ ਮੀਡੀਆ ਦੀ ਪੱਤਰਕਾਰੀ ਦਾ ਸਿਰਮੌਰ ਪੱਤਰਕਾਰ ਪਹਿਰੇਦਾਰ ਗਰੁੱਪ ਦੇ ਮੁੱਖ ਸੰਪਾਦਕ ਜਸਪਾਲ ਸਿੰਘ ਹੇਰਾਂ 18 ਜੁਲਾਈ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਪਿੰਡ ਹੇਰਾ ਜਿਲਾ ਲੁਧਿਆਣਾ ਵਿੱਚ ਜਨਮ ਲੈ ਕੇ ਸਰਕਾਰੀ ਕਾਲਜ ਲੁਧਿਆਣਾ ਤੋਂ ਐਮ ਏ ਦੀ ਡਿਗਰੀ ਪ੍ਰਾਪਤ ਕਰਕੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਤੋਂ ਜ਼ਿੰਦਗੀ ਦਾ ਵੱਡਾ ਅਨੁਭਵ ਲੈ ਕੇ 67 ਸਾਲ ਦੀ ਉਮਰ ਵਿੱਚ ਇਸ ਫਾਨੀ ਸੰਸਾਰ ਨੂੰ ਆਖਰੀ ਫਤਿਹ ਬੁਲਾਈ।



ਸਿੱਖ ਕੌਮ ਦੀ ਕਾਮਯਾਬੀ ਲਈ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨੂੰ ਲੱਖਾਂ ਸਲਾਹਾਂ ਦੇਣ ਵਾਲਿਆਂ ਵਿੱਚੋਂ ਸਰਦਾਰ ਜਸਪਾਲ ਸਿੰਘ ਨੇ ਇੱਕੋ ਸਲਾਹ ਦਿੱਤੀ ਸੀ ਕਿ ਸਿੱਖ ਕੌਮ ਦਾ ਆਪਣਾ ਮੀਡੀਆ ਜਾਂ ਆਪਣਾ ਇੱਕ ਅਖਬਾਰ ਹੋਣਾ ਚਾਹੀਦਾ ਹੈ ਜਿਸ ਨੂੰ ਸੁਣ ਕੇ ਇਹ ਜ਼ਿੰਮੇਵਾਰੀ ਦਲਵੀਰ ਸਿੰਘ ਗੜ੍ਹਾ, ਅਤੇ ਜਸਪਾਲ ਸਿੰਘ ਹੇਰਾਂ ਦੀ ਲਾਈ ਸੀ ਕਿ ਤੁਸੀਂ ਇਹ ਜ਼ਿੰਮੇਵਾਰੀ ਨੂੰ ਸੰਭਾਲੋ, ਸੰਤਾਂ ਦੇ ਬਚਨਾਂ ਨੂੰ ਉਹਨਾਂ ਨੇ ਬਾਖੂਬੀ ਨਿਭਾਇਆ। ਮੇਰੀ ਸਰਦਾਰ ਜਸਪਾਲ ਸਿੰਘ ਹੇਰਾਂ ਨਾਲ ਦੋਸਤੀ ਅਤੇ ਪੱਤਰਕਾਰੀ ਦੀ ਸਾਂਝ ਸਾਲ 1998 ਵਿੱਚ ਇਹ ਜਦੋਂ ਉਹ ਅਜੀਤ ਅਖਬਾਰ ਦੇ ਵਿੱਚ ਕਸਬਾ ਸੁਧਾਰ ਤੋਂ ਪੱਤਰਕਾਰੀ ਕਰਦੇ ਸਨ। ਮੈਂ ਲੁਧਿਆਣਾ ਤੋਂ ਅਜੀਤ ਦਾ ਖੇਡ ਪੱਤਰਕਾਰ ਸੀ। ਫਿਰ ਥੋੜੇ ਸਮੇਂ ਬਾਅਦ ਉਹਨਾਂ ਨੇ ਲੁਧਿਆਣਾ ਵਿਖੇ ਅਜੀਤ ਅਖਬਾਰ ਦੀ ਵਾਗਡੋਰ ਸੰਭਾਲੀ, ਆਪਣੀ ਨਿਰਪੱਖ ਪੱਤਰਕਾਰੀ ਨਾਲ ਉਹਨਾਂ ਨੇ "ਅਜੀਤ" ਦੇ ਮੁਕਾਮ ਨੂੰ ਸਿਖਰਾਂ ਤੇ ਪਹੁੰਚਾਇਆ, ਭਾਰਤ ਪਾਕਿਸਤਾਨ ਕਾਰਗਿਲ ਯੁੱਧ ਦੇ ਅਜੀਤ ਅਖਬਾਰ ਦੇ ਸ਼ਹੀਦ ਫੰਡ 1999 ਵਿੱਚ ਪੰਜਾਬ ਭਰ ਵਿੱਚ ਸਭ ਤੋਂ ਵੱਡਾ ਮਾਇਆ ਪੱਖੋ ਯੋਗਦਾਨ ਜਸਪਾਲ ਸਿੰਘ ਹੇਰਾ ਸਾਹਿਬ ਨੇ ਪਾਇਆ ਪਰ ਕੁਝ ਪੱਤਰਕਾਰਾਂ ਦੀ ਚਾਪਲੂਸੀ ਅਤੇ ਚਮਚਾਗਿਰੀ ਕਾਰਨ ਉਹਨਾਂ ਨੂੰ ਉੱਥੇ ਮਾਲਕਾਂ ਦੀ ਨਾ ਸਮਝੀ ਕਾਰਨ ਜਲਾਲਤ ਵੀ ਝਲਣੀ ਪਈ, ਉਸ ਵਕਤ ਉਹ ਆਤਮ ਹੱਤਿਆ ਬਾਰੇ ਸੋਚਣ ਲੱਗੇ ਪਰ ਆਪਣੇ ਇਰਾਦੇ ਦ੍ਰਿੜ ਕਰਕੇ ਉਹ ਹਮੇਸ਼ਾ ਅਡੋਲ ਰਹੇ ਅਤੇ ਉਹਨਾਂ ਨੇ ਹਰ ਵਕਤ ਸੱਚ ਤੇ ਪਹਿਰਾ ਦਿੱਤਾ। ਉਹਨਾਂ ਨੇ ਪੱਤਰਕਾਰੀ ਵਿੱਚ ਵੱਡੀ ਘਾਲਣਾ ਘਾਲੀ ਅਤੇ ਇੱਕ ਪੱਤਰਕਾਰ ਤੋਂ ਉੱਠ ਕੇ ਅਖਬਾਰ ਦੇ ਬਰਾਬਰ ਪੰਜਾਬੀ ਮੀਡੀਏ ਦਾ ਸਾਮਰਾਜ ਸਿੱਖ ਕੌਮ ਦੀ ਨੁਮਾਇੰਦਗੀ ਕਰਨ ਵਾਲਾ ਅਖਬਾਰ "ਪਹਿਰੇਦਾਰ" ਆਪਣੀ ਸਮਰਪਿਤ ਭਾਵਨਾ ਨਾਲ ਸਿਰਜਿਆ। ਇਹ ਉਹਨਾਂ ਤੇ ਕੁਦਰਤ ਦੀ ਰਹਿਮਤ ਸੀ ਕਿ ਉਹਨਾਂ ਨੇ ਇਕ ਫੈਕਟਰੀ ਤੋਂ ਨੌਕਰੀ ਛੱਡ ਕੇ ਦੂਸਰੀ ਫੈਕਟਰੀ ਵਿਚ ਨੌਕਰੀ ਨਹੀਂ ਕੀਤੀ, ਸਗੋਂ ਬਰਾਬਰ ਦੀ ਇਕ ਧਿਰ ਸਥਾਪਿਤ ਕੀਤੀ। ਜੋ ਪੰਜਾਬੀ ਮੀਡੀਆ ਦੇ ਇਤਿਹਾਸ ਵਿੱਚ ਇੱਕ ਇਤਿਹਾਸਿਕ ਘਟਨਾ ਵਜੋਂ ਹਮੇਸ਼ਾ ਜਾਣੀ ਜਾਵੇਗੀ। ਪਹਿਲਾ ਹਫਤਾਵਾਰੀ ਪਹਿਰੇਦਾਰ ਅਖਬਾਰ ਫੇਰ ਪੂਰੀ ਦੁਨੀਆਂ ਵਿੱਚ ਸਿੱਖ ਕੌਮ ਦੀ ਨੁਮਾਇੰਦਗੀ ਕਰਨ ਵਾਲਾ ਹਰ ਰੋਜ਼ ਛਪਣ ਵਾਲਾ ਅਖਬਾਰ "ਪਹਿਰੇਦਾਰ ਗਰੁੱਪ" ਦੇ ਰੂਪ ਵਿਚ ਛਾਪਿਆ। ਪਹਿਰੇਦਾਰ ਅਖਬਾਰ ਪ੍ਰਤੀ ਉਹਨਾਂ ਦੀ ਅਣਥਕ ਘਾਲਣਾ ਨੇ ਹੀ ਉਹਨਾਂ ਨੂੰ ਜਿਉਂਦੇ ਜੀਅ ਅਮਰ ਕਰ ਦਿੱਤਾ ਸੀ।

ਮੈਂ ਦੁਨੀਆ ਚ ਬਹੁਤ ਸਾਰੇ ਪੱਤਰਕਾਰ ਦੇਖੇ ਹਨ, ਬਹੁਤਿਆਂ ਨੂੰ ਮਿਲੇ ਵੀ ਹਾਂ ਪਰ ਜੋ ਵਿਲੱਖਣਤਾ ਸਰਦਾਰ ਜਸਪਾਲ ਸਿੰਘ ਹੇਰਾਂ ਹੇਰਾਂ ਵਿੱਚ ਸੀ ਉਹ ਕਿਸੇ ਹੋਰ ਚ ਅੱਜ ਤੱਕ ਨਹੀਂ ਦੇਖੀ ਹੈ।

ਮੈਂ ਉਹਨਾਂ ਦੇ ਨਾਲ ਲੰਬਾ ਸਮਾਂ ਅਜੀਤ ਅਖਬਾਰ ਦੇ ਵਿੱਚ ਵੀ ਕੰਮ ਕੀਤਾ ਅਤੇ ਫਿਰ ਪਹਿਰੇਦਾਰ ਅਖਬਾਰ ਦੇ ਵਿੱਚ ਵੀ "ਖੇਡ ਮੈਦਾਨ ਬੋਲਦਾ ਹੈ" ਪੇਜ ਸਥਾਪਿਤ ਕਰਕੇ ਖਿਡਾਰੀਆਂ ਅਤੇ ਪੰਜਾਬ ਦੀਆਂ ਖੇਡਾਂ ਦੀ ਗੱਲ ਕੀਤੀ। ਸਾਲ 2018 ਵਿੱਚ ਅਸੀਂ ਦੋਨਾਂ ਨੇ ਬੈਲਜੀਅਮ ਫਰਾਂਸ, ਜਰਮਨੀ, ਹਾਲੈਂਡ ਦਾ ਵਿਦੇਸ਼ੀ ਦੌਰਾ ਵੀ ਕੀਤਾ। ਆਸਟਰੇਲੀਆ ਤੇ ਅਮਰੀਕਾ ਜਾਣ ਦੀ ਅਜੇ ਵਿਚਾਰ ਸੀ ਪਰ ਇਹ ਹੁਣ ਸਭ ਯਾਦਾਂ ਬਣ ਕੇ ਹੀ ਰਹਿ ਗਿਆ ਹੈ।

ਸਰਦਾਰ ਜਸਪਾਲ ਸਿੰਘ ਹੇਰਾਂ ਦੀ ਵੱਡੀ ਵਿਲੱਖਣਤਾਂ ਇਹ ਸੀ ਕਿ ਉਹ ਕਦੇ ਵੀ ਅਕਾਲੀ ਜਾਂ ਕਾਂਗਰਸੀ ਹਕੂਮਤ ਦੇ ਕਹਿਰ ਅੱਗੇ ਝੁਕੇ ਨਹੀਂ, ਲਿਪੇ ਨਹੀ, ਗੋਡੇ ਨਹੀਂ ਟੇਕੇ, ਲਖ ਵਿਤੀ ਲਾਲਚਾ ਅਤੇ ਧਮਕੀਆਂ ਦੀ ਉਹਨਾਂ ਨੇ ਕਦੇ ਪਰਵਾਹ ਨਹੀਂ ਕੀਤੀ, ਉਹਨਾਂ ਨੇ ਆਪਣੀ ਕਲਮ ਰਾਹੀਂ ਹਮੇਸ਼ਾ ਹੀ ਕੌਮ ਨੂੰ ਰਾਜਨੀਤਿਕ ਹਨੇਰੇ ਦੀ ਦਲਦਲ ਵਿੱਚ ਕੱਢਣ ਦੀ ਕੋਸ਼ਿਸ਼ ਕੀਤੀ ਹੈ। ਸਿੱਖ ਇਤਿਹਾਸ ਅਤੇ ਸਿੱਖ ਵਿਰਾਸਤ ਤੋਂ ਹਮੇਸ਼ਾ ਜਾਣੂ ਕਰਵਾਇਆ ਹੈ। ਉਹ ਸਦੀਆਂ ਬਾਅਦ ਪੈਦਾ ਹੋਣ ਵਾਲੀ ਇੱਕ ਕਲਮ ਸੀ, ਪਰ ਅੱਜ ਉਹ ਕਾਲਮ ਅਚਨਚੇਤ ਸਦਾ ਲਈ ਖਮੋਸ਼ ਹੋ ਗਈ ਹੈ। ਸਿਖ ਕੌਮ ਪ੍ਰਤੀ ਦਰਦ ਰੱਖਣ ਵਾਲਿਆਂ ਵਿੱਚ ਉਹ ਸਨਾਟਾ ਹੈ , ਜੋ ਇਕ ਮਹਾਨ ਯੋਧੇ ਦੀ ਮੌਤ ਤੋਂ ਬਾਅਦ ਪੈਦਾ ਹੁੰਦਾ ਹੈ। ਉਹਨਾਂ ਦੀ ਘਾਟ ਕਦੇ ਵੀ ਨਹੀਂ ਪੂਰੀ ਹੋਵੇਗੀ ਪਰ ਉਹਨਾਂ ਦੀ ਸੋਚ ਹਮੇਸ਼ਾ ਜ਼ਿੰਦਾ ਰਹੇਗੀ।

ਹੁਣ ਸਵ: ਸਰਦਾਰ ਜਸਪਾਲ ਸਿੰਘ ਹੇਰਾਂ ਹੇਰਾਂ ਦਾ ਸੰਸਕਾਰ ਹੋਵੇਗਾ ਅਤੇ ਸੰਗੀ, ਸਾਥੀਆਂ, ਦੋਸਤਾਂ ਮਿੱਤਰਾਂ ਅਤੇ ਹੋਰ ਰਿਸ਼ਤੇਦਾਰਾਂ ਵਿੱਚ ਇੱਕ ਸੋਗ ਦੀ ਲਹਿਰ ਪੈਦਾ ਹੋਵੇਗੀ। ਫਿਰ ਕੁਝ ਦਿਨਾਂ ਬਾਅਦ 27 ਜੁਲਾਈ ਨੂੰ ਅੰਤਿਮ ਅਰਦਾਸ ਹੋਵੇਗੀ, ਉਥੇ ਵੱਡੀਆਂ ਵੱਡੀਆਂ ਗੱਲਾਂ ਅਤੇ ਉਹਨਾਂ ਦੀ ਯਾਦ ਨੂੰ ਸੰਭਾਲਣ ਦੇ ਵੱਡੇ ਵੱਡੇ ਦਾਅਵੇ ਹੋਣਗੇ। ਫਿਰ ਇੱਕ ਚੁੱਪ ਬਿਸਰੇਗੀ ਉਸ ਤੋਂ ਬਾਅਦ ਸਭ ਖਾਮੋਸ਼ ਹੋਵੇਗਾ। ਹੋਣਾ ਕੁਝ ਵੀ ਨਹੀਂ, ਬਸ ਕੀਤੇ ਐਲਾਨ, ਐਲਾਨ ਹੀ ਰਹਿ ਜਾਣਗੇ, ਫਿਰ ਹੇਰਾਂ ਸਾਹਿਬ ਸਦਾ ਲਈ ਇਸ ਦੁਨੀਆ ਤੋਂ ਜੁਦਾ ਹੋ ਜਾਣਗੇ। ਹੁਣ ਪਹਿਰੇਦਾਰ ਅਖਬਾਰ ਦੇ ਮਾਲਕਾਂ ਦੇ ਜਾਂ ਪਹਿਰੇਦਾਰ ਅਖਬਾਰ ਨੂੰ ਚਾਹੁਣ ਵਾਲਿਆਂ ਦੇ ਹੱਥ ਵਾਗਡੋਰ, ਅਤੇ ਜਿੰਮੇਵਾਰੀ ਹੋਵੇਗੀ ਕਿ ਉਹਨਾਂ ਨੇ ਸਰਦਾਰ ਜਸਪਾਲ ਸਿੰਘ ਹੇਰਾਂ ਦੀ ਯਾਦ ਨੂੰ ਜਿੰਦਾ ਕਿਵੇਂ ਰਖਣਾ ਹੈ ? ਉਸ ਦੀ ਸੋਚ ਨੂੰ ਅੱਗੇ ਕਿਵੇਂ ਤੋਰਨਾ ਹੈ ? ਇਹ ਸਮਾਂ ਹੀ ਦੱਸੇਗਾ ਸਿੱਖ ਕੌਮ ਦੇ ਹੱਕਾਂ ਦੀ ਘਾਲਣਾ ਘਾਲਣ ਵਾਲੇ ਯੋਧੇ ਦੀ ਸੋਚ ਨੂੰ ਕੌਣ ਅੱਗੇ ਤੋਰਦਾ ਹੈ, ਵਾਹਿਗੁਰੂ ਸਾਨੂੰ ਸਾਰਿਆਂ ਨੂੰ ਸੁਮਤ ਬਖਸ਼ੇ, ਬਾਕੀ ਰੱਬ ਰਾਖਾ!

ਜਗਰੂਪ ਸਿੰਘ ਜਰਖੜ ਖੇਡ ਲੇਖਕ, ਸਾਥੀ ਜਸਪਾਲ ਸਿੰਘ ਹੇਰਾ ਸਾਹਿਬ 9814300722

## ਸਿਆਣੇ ਬੰਦੇ ਇੰਜ ਟੋਕਦੇ ਨੇ !

ਅਸਲ ਗੱਲ ਲਿਖਣ ਤੋਂ ਪਹਿਲਾਂ ਸਿੱਖ ਮੱਤ ਵਿੱਚ 'ਕੜੇ' ਦੀ ਕਕਾਰ ਵਜੋਂ ਮਹੱਤਤਾ ਬਾਰੇ ਦੱਸ ਦਿਆਂ !



ਕਹਿੰਦੇ ਪੈਦਲ ਤੁਰੇ ਜਾਂਦੇ ਇੱਕ ਸਿੱਖ ਮੁਸਾਫਰ ਨੇ ਦੇਖਿਆ ਕਿ ਸੜ੍ਹਕ ਦੇ ਮੋੜ ਉੱਤੇ ਕੋਈ ਹੋਰ ਸਿੱਖ ਭਾਈ ਕਿੰਨੇਂ ਚਿਰ ਤੋਂ ਏਧਰ ਓਧਰ ਘੁੰਮ ਕੇ ਹੇਠਾਂ ਵੱਲ ਬੜੇ ਗਹੁ ਨਾਲ ਦੇਖ ਰਿਹਾ ਸੀ ਜਿਵੇਂ ਉਹ ਆਪਣੀ ਕੋਈ ਡਿਗੀ ਹੋਈ ਚੀਜ ਵਸਤ ਲੱਭ ਰਿਹਾ ਹੋਵੇ।

ਮੁਸਾਫਰ ਵਲੋਂ ਕੋਲ਼ ਜਾ ਕੇ ਪੁੱਛਣ 'ਤੇ ਦੂਜੇ ਸਿੱਖ ਨੇ ਕਿਹਾ ਕਿ ਐਥੇ ਕੁ ਮੇਰਾ ਕੜਾ ਡਿਗ ਪਿਆ ਐ ਉਹ ਲੱਭ ਨਹੀਂ ਰਿਹਾ। ਮੁਸਾਫਰ ਵੀ ਉਹਦਾ ਗੁਆਚਾ ਕੜਾ ਲੱਭਣ ਲੱਗ ਪਿਆ। ਲੱਭਦੇ ਲੱਭਦੇ ਮੁਸਾਫਰ ਕਹਿੰਦਾ ਕਿ ਬੜਾ ਮਾੜਾ ਹੋਇਆ ਭਰਾ ਜੀ ਤੁਹਾਡਾ ਇੱਕ ਕਕਾਰ ਗੁਆਚ ਗਿਆ ਐ !

ਪਹਿਲਾ ਸਿੱਖ ਕਹਿੰਦਾ-"ਹੋਰ ਜੀ ਥੋੜਾ ਚਿਰ ਪਹਿਲਾਂ ਹੀ ਮੈਨੂੰ ਸਹੁਰਿਆਂ ਵਲੋਂ ਦਾਜ ਵਿੱਚ ਮਿਲਿਆ ਮੇਰਾ ਇਹ ਕੜਾ ਸੋਨੇ ਦਾ ਦਾ ਸੀ !"

ਏਨੀ ਗੱਲ ਸੁਣਦਿਆਂ ਸਾਰ ਮੁਸਾਫਰ ਸਿੱਖ ਉੱਥੋਂ ਇਹ ਕਹਿੰਦਿਆਂ ਆਪਣੇ ਰਾਹ ਤੁਰ ਪਿਆ-

"ਓ ਹੋ ! ਤੂੰ ਮੈਨੂੰ ਪਹਿਲਾਂ ਦੱਸ ਦਿੰਦਾ ਕਿ ਮੇਰਾ 'ਕਕਾਰ' ਨਹੀਂ ਗੁਆਚਿਆ ਸਗੋਂ 'ਸੋਨੇ ਦੀ ਚੂੜੀ' ਗਵਾਚੀ ਐ ! ਮੈਂ ਆਪਣਾ ਕੀਮਤੀ ਸਮਾਂ ਤਾਂ ਨਾ ਬਰਬਾਦ ਕਰਦਾ ਭਰਾਵਾ !!"

ਲਉ ਜੀ ਹੁਣ ਸੁਣੋ ਅਸਲ ਗੱਲ-

ਇੱਕ ਵਾਰ ਸਰਦਾਰ ਇੰਦਰਜੀਤ ਸਿੰਘ (ਚੇਅਰਮੈਨ ਪੰਜਾਬ ਐਂਡ ਸਿੰਧ ਬੈਂਕ) ਦਿੱਲੀਉਂ ਲੁਧਿਆਣੇ ਆਏ ਪੰਜਾਬ ਐਂਡ ਸਿੰਧ ਬੈਂਕ ਦੇ ਕਰਮਚਾਰੀ ਅਫਸਰਾਂ ਦੀ ਮੀਟਿੰਗ ਕਰਨ ਵਾਸਤੇ !

ਉਸ ਮੀਟਿੰਗ ਦੌਰਾਨ ਸਰਦਾਰ ਸਾਹਿਬ ਨੇ ਦੇਖਿਆ ਕਿ ਉਨ੍ਹਾਂ ਦੇ ਲਾਗੇ ਇੱਕ ਵੱਡਾ ਸਰਦਾਰ ਅਫਸਰ ਬਾਂਹ 'ਚ ਸੋਨੇ ਦਾ ਚਮਕਾਂ ਮਾਰਦਾ ਕੜਾ ਪਾਈ ਬੈਠਾ ਹੈ !

ਇੰਦਰਜੀਤ ਸਿੰਘ ਹੁਣੀ ਮਲਕੜੇ ਉਸ ਅਫਸਰ ਦਾ ਹੱਥ ਫੜ ਕੇ ਹੌਲ਼ੀ ਜਿਹੇ ਕਹਿੰਦੇ-

"ਕਾਕਾ ਜੀ, ਆਪਣੀ ਅਗਲੀ ਮੀਟਿੰਗ 'ਤੇ ਮੈਂ ਦਿੱਲੀਉਂ ਆਉਂਦਾ ਹੋਇਆ ਤੁਹਾਡੇ ਵਾਸਤੇ ਸੀਸ ਗੰਜ ਸਾਹਬ ਤੋਂ ਇੱਕ 'ਕੜਾ' ਲੈ ਆਵਾਂ ਗਾ !"

-ਤਰਲੋਚਨ ਸਿੰਘ ਦੁਪਾਲ ਪੁਰ
001-408-915-1268

# 100 ਟਨ ਤੋਂ ਵਧੇਰੇ ਅੰਮ੍ਰਿਤਸਰੀ ਆਚਾਰ ਵਿਦੇਸ਼ ਵਿਚ ਹੁੰਦਾ ਹੈ ਸਪਲਾਈ

## ✪ ਅੰਮ੍ਰਿਤਸਰ ਵਿਖੇ 60 ਤੋਂ ਵਧੇਰੇ ਆਚਾਰ ਦੀਆਂ ਫ਼ੈਕਟਰੀਆਂ ਤੇ ਦੁਕਾਨਾਂ

ਅੰਮ੍ਰਿਤਸਰ-ਅੰਮ੍ਰਿਤਸਰੀ ਆਚਾਰ ਨੂੰ ਪੰਜਾਬ ਜਾਂ ਭਾਰਤ ਵਿਚ ਹੀ ਨਹੀਂ ਬਲਕਿ ਕੈਨੇਡਾ, ਅਮਰੀਕਾ, ਸਿੰਘਾਪੁਰ, ਨਿਊਜ਼ੀਲੈਂਡ, ਆਸਟ੍ਰੇਲੀਆ, ਸਾਊਦੀ ਅਰਬ, ਦੁਬਈ ਆਦਿ ਕਈ ਹੋਰ ਮੁਲਕਾਂ 'ਚ ਬੇਹੱਦ ਪਸੰਦ ਕੀਤਾ ਜਾਂਦਾ ਹੈ। ਇੱਥੋਂ ਇਕੱਲਾ ਅੰਬ ਦਾ ਹੀ ਨਹੀਂ ਬਲਕਿ 30 ਤਰ੍ਹਾਂ ਦਾ 100 ਟਨ ਤੋਂ ਵਧੇਰੇ ਆਚਾਰ ਤੇ ਚਟਣੀਆਂ ਤਿਆਰ ਕਰਕੇ ਹਰ ਸਾਲ ਮਹਾਂਰਾਸ਼ਟਰ ਭੇਜੀਆਂ ਜਾਂਦੀਆਂ ਹਨ। ਜਿੱਥੋਂ ਨਿਰਯਾਤਕਾਂ ਦੁਆਰਾ ਆਚਾਰ ਦੇ ਡੱਬਿਆਂ 'ਤੇ ਆਪਣੀ ਲੇਬਲਿੰਗ ਕਰਕੇ ਇਸ ਨੂੰ ਵਿਦੇਸ਼ਾਂ 'ਚ ਵੱਡੇ ਪੱਧਰ 'ਤੇ ਨਿਰਯਾਤ ਕੀਤਾ ਜਾਂਦਾ ਹੈ।

ਅੰਮ੍ਰਿਤਸਰ ਵਿਖੇ ਮਿਸ਼ਰੀ ਬਾਜ਼ਾਰ 'ਚ ਹੋਲ਼ ਸੇਲ ਆਚਾਰ-ਮੁਰਬਾ ਬਾਜ਼ਾਰ, ਰਾਮ ਬਾਗ ਆਬਾਦੀ ਸਮੇਤ ਸ਼ਹਿਰ ਦੇ ਵੱਖ-ਵੱਖ ਇਲਾਕਿਆਂ 'ਚ 60 ਤੋਂ ਵਧੇਰੇ ਆਚਾਰ ਦੀਆਂ ਫ਼ੈਕਟਰੀਆਂ ਤੇ ਦੁਕਾਨਾਂ ਹਨ ਤੇ ਆਚਾਰ ਬਾਹਰੀ ਮੁਲਕਾਂ 'ਚ ਭੇਜਿਆ ਜਾ ਰਿਹਾ ਹੈ। ਵੱਲਾ ਮੰਡੀ, ਰਾਮ ਬਾਗ ਮੰਡੀ, ਗੇਟ ਹਕੀਮਾਂ ਮੰਡੀ, ਹਾਲ ਬਾਜ਼ਾਰ ਦੇ ਬਾਹਰ, ਪੁਤਲੀਘਰ, ਛੇਹਰਟਾ ਆਦਿ ਇਲਾਕਿਆਂ ਵਿਚ ਆਚਾਰ ਵਾਲੇ ਕੱਚੇ ਅੰਬ ਵੇਚਣ ਵਾਲੇ ਦੁਕਾਨਦਾਰਾਂ ਦਾ ਦਾਅਵਾ ਹੈ ਕਿ ਉਹ ਸੀਜ਼ਨ ਵਿਚ ਕੁਇੰਟਲਾਂ ਦੇ ਹਿਸਾਬ ਨਾਲ ਅੰਬ ਵੇਚਦੇ ਹਨ। ਉੱਤਰ ਪ੍ਰਦੇਸ਼ 'ਚ ਰਾਮ ਕੇਲਾ, ਗੋਲਾ, ਨੀਲਮ, ਫ਼ਜ਼ਲੀ



ਅਤੇ ਗੁਲਾਬ ਜਾਮੁਨ ਅੰਬ ਦੀ ਜ਼ਿਆਦਾ ਮੰਗ ਰਹਿੰਦੀ ਹੈ। ਭਾਰਤੀ ਬਾਗ਼ਬਾਨੀ ਬੋਰਡ ਮੁਤਾਬਿਕ ਉੱਤਰ ਪ੍ਰਦੇਸ਼ 'ਚ ਹਰ ਸੀਜ਼ਨ ਦੌਰਾਨ ਰਾਮ ਕੇਲਾ ਅੰਬ ਦਾ 70 ਮੀਟ੍ਰਿਕ ਟਨ, ਫ਼ਜ਼ਲੀ 62 ਤੇ ਗੁਲਾਬ ਜਾਮੁਨ ਅੰਬ ਦਾ 43 ਮੀਟ੍ਰਿਕ ਟਨ ਉਤਪਾਦਨ ਹੁੰਦਾ ਹੈ।



### ਅੰਮ੍ਰਿਤਸਰ ਦੀ ਆਚਾਰ ਮੰਡੀ 260 ਸਾਲ ਪੁਰਾਣੀ ਹੈ

ਮਿਸਲ ਕਾਲ ਸਮੇਂ ਸੰਨ 1765 ਵਿਚ ਭੰਗੀ ਮਿਸਲ ਦੇ ਗੰਡਾ ਸਿੰਘ ਭੰਗੀ ਦੁਆਰਾ ਅੰਮ੍ਰਿਤਸਰ ਵਿਚ ਸ੍ਰੀ ਦਰਬਾਰ ਸਾਹਿਬ ਦੇ ਨਜ਼ਦੀਕ ਕਟੜਾ ਆਬਾਦ ਕਰਨ ਸਮੇਂ ਕਾਇਮ ਕੀਤੀ ਗਈ ਪਾਪੜ ਮੰਡੀ ਤੇ ਮਿਸ਼ਰੀ ਬਾਜ਼ਾਰ (ਮੁਰੱਬਾ ਤੇ ਸ਼ਰਬਤ ਬਾਜ਼ਾਰ) ਨੇ ਆਪਣੇ ਰਵਾਇਤੀ ਸੁਆਦ ਦੇ ਚੱਲਦਿਆਂ ਪਿਛਲੇ 260 ਵਰ੍ਹਿਆਂ 'ਚ ਵਿਸ਼ਵ ਦੇ ਲਗਭਗ ਹਰ ਮੁਲਕ, ਹਰ ਸ਼ਹਿਰ 'ਚ ਆਪਣੀ ਪਹਿਚਾਣ ਕਾਇਮ ਕੀਤੀ ਹੈ।

# ✶ ਮਿੰਨੀ ਕਹਾਣੀਆਂ ✶

## ਜ਼ਿੰਦਗੀ ਦੀ ਖੇਡ

ਅੱਜ ਸਵੇਰੇ ਮੇਰੀ ਸਹੇਲੀ ਬੰਤੋ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ, ਕਈ ਦਿਨਾਂ ਤੋਂ ਉਸ ਦੀ ਹਾਲਤ ਵੀ ਠੀਕ ਨਹੀਂ ਚੱਲ ਰਹੀ ਸੀ। ਪਿੱਛੇ ਜਿਹੇ ਹੀ ਉਸ ਨੇ ਆਪਣੀ ਜ਼ਿੰਦਗੀ ਦੇ ਨੱਬੇ ਸਾਲ ਪੂਰੇ ਕੀਤੇ ਸਨ। ਉਹ ਮੇਰੇ ਨਾਲ ਆਪਣੇ ਦਿਲ ਦੀਆਂ ਸਾਰੀਆਂ ਗੱਲਾਂ ਸਾਂਝੀਆਂ ਕਰ ਲੈਂਦੀ, ਭਾਂਵੇ ਮੈਨੂੰ ਉਸ ਦੀ ਹਾਲਤ ਕਈ ਦਿਨਾਂ ਤੋਂ ਠੀਕ ਨਹੀਂ ਲੱਗ ਰਹੀ ਸੀ ਜਿਸ ਤੋਂ ਇਹ ਸ਼ਪਸਟ ਸੀ ਕਿ ਉਸ ਦਾ ਸਮਾਂ ਹੁਣ ਨੇੜੇ ਹੀ ਹੈ,ਅੱਜ ਮੈਨੂੰ ਜਦੋਂ ਉਸ ਦੇ ਚੱਲ ਜਾਣ ਦਾ ਪਤਾ ਲੱਗਾ ਤਾਂ ਬਹੁਤ ਦੁੱਖ ਹੋਇਆ, ਜਿਉਂ ਹੀ ਉਸ ਦੇ ਘਰ ਪਹੁਚਿਆਂ ਤਾਂ ਸਾਰਿਆਂ ਦੀਆਂ ਅੱਖਾਂ ਮੈਨੂੰ ਤੱਕ ਰਹੀਆਂ ਸਨ, ਬੰਤੋਂ ਨੂੰ ਦੇਖਦਿਆਂ ਹੀ ਮੇਰੀਆਂ ਅੱਖਾਂ ਵਿੱਚ ਹੰਝੂਆਂ ਦਾ ਸਲਾਬ ਜਿਹਾ ਆ ਗਿਆ, ਮੈ ਫੁੱਟ- ਫੁੱਟ ਕੇ ਰੋਣ ਲੱਗ ਪਈ ਪਰ ਥੋੜੀ ਦੇਰ ਬਾਅਦ ਆਪਣੇ ਆਪ ਨੂੰ ਸੰਭਾਲਦਿਆ ਮੈਂ ਪੁੱਛਣ ਦੀ ਕੋਸ਼ਿਸ ਕੀਤੀ ਇਹ ਸਾਰਾ ਕੁੱਝ ਕਿੱਦਾ ਹੋ ਗਿਆ, ਬੰਤੋਂ ਦੇ ਪੋਤੇ ਨੇ ਦੱਸਿਆ ਕਿ ਸਵੇਰੇ ਗੱਲਾਂ ਕਰਦਿਆਂ-ਕਰਦਿਆਂ ਹੀ ਅੱਖਾਂ ਬੰਦ ਕਰ ਲਈਆਂ, ਬੱਸ ਇੱਕ ਦੰਮ ਦਿਲ ਦੀ ਧੜਕਣ ਰੁੱਕ ਗਈ। ਕਰੋਨਾ ਦੀ ਮਹਾਮਾਰੀ ਕਰਕੇ ਸਸਕਾਰ ਕਰਨ ਲਈ ਵੀ ਸਿਰਫ ਵੀਹ ਵਿਅਕਤੀ ਹੀ ਸ਼ਮਸ਼ਾਨਘਾਟ ਵਿੱਚ ਜਾ ਸਕਦੇ ਸਨ, ਭਾਂਵੇ ਇਹ ਮੌਤ ਕੋਰੋਨਾ ਕਰਕੇ ਨਹੀਂ ਹੋਈ ਪਰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਿਯਮ ਹਰੇਕ ਮੌਤ ਲਈ ਸਮਾਨ ਸਨ। ਕਿਸੇ ਕਾਰਨ ਬੰਤੋਂ ਦੇ ਪੇਕਿਆਂ ਤੋਂ ਆਉਣ ਲਈ ਦੇਰ ਹੋ ਗਈ, ਕਾਰਨ ਸਾਫ ਸੀ ਕਿ ਸੂਟ ਪੇਕਿਆ ਵਲੋਂ ਆਉਣ ਕਰਕੇ ਅਜੇ ਉਸ ਨੂੰ ਨਵਾਇਆ ਵੀ ਨਹੀਂ ਗਿਆ ਸੀ।

ਮੈਂ ਸੋਚ ਰਹੀ ਸੀ ਕਿ ਅੱਜ ਤੱਕ ਬੰਤੋਂ ਨੇ ਇਸ ਪਰਿਵਾਰ ਲਈ ਕੀ ਨਹੀਂ ਕੀਤਾ ? ਸਾਰਾ-ਸਾਰਾ ਦਿਨ ਚੁੱਲੇ ਚੌਕੇ ਦਾ ਕੰਮ, ਲਵੇਰਾ ਸਾਂਭਣਾ ਤੋਂ ਇਲਾਵਾ ਬੱਚਿਆਂ ਦੀ ਪੜ੍ਹਾਈ ਵਿੱਚ ਮੱਦਦ ਕਰਨੀ, ਫਿਰ ਆਪਣੀ ਕਬੀਲਦਾਰੀ ਨਜਿੱਠੀ ਬੱਚਿਆ ਦਾ ਵਿਆਹ ਕੀਤਾ, ਅੱਗੋ ਫਿਰ ਉਨ੍ਹਾਂ ਦੇ ਬੱਚਿਆਂ ਨੂੰ ਸੰਭਾਲਿਆ, ਵਿਆਹ ਕੀਤੇ ਵਾਹ ! ਕਿੱਥੇ ਤੱਕ ਜੁਮੇਵਾਰੀ ਨਿਭਾਈ ਪਰ ਉਸ ਘਰ ਵਿੱਚੋਂ ਪੋਣੇ ਪੰਜ ਮੀਟਰ ਦਾ ਕੱਪੜਾ ਵੀ ਸਾਡੇ ਸਮਾਜ ਨੇ ਇਸ ਨੂੰ ਨਸੀਬ ਨਹੀਂ ਹੋਣ ਦਿੱਤਾ, ਭਾਂਵੇ ਘਰ ਵਿੱਚ ਕਿਸੇ ਚੀਜ਼ ਦੀ ਕੋਈ ਘਾਟ ਨਹੀਂ ਸੀ, ਪਰੰਤੂ ਇਹ ਸੱਭ ਸਾਡੇ ਰੀਤੀ ਰਿਵਾਜ਼ ਕਰਕੇ ਹੀ ਸੀ, ਮੈਨੂੰ ਪਤਾ ਹੀ ਨਹੀਂ ਲੱਗਾ ਕਿ ਕਦੋਂ ਅਸੀ ਸ਼ਮਸ਼ਾਨ ਘਾਟ ਆ ਗਏ। ਹੁਣ ਅਰਥੀ ਉੱਪਰ ਲੱਗਭੱਗ ਵੀਹ ਚੱਦਰਾਂ ਪਾਈਆਂ ਹੋਈਆਂ ਸਨ, ਮੈਂ ਹੈਰਾਨ ਸਾਂ ਕਿ ਅਸੀਂ ਕਿਵੇਂ ਹੁਣ ਇਨ੍ਹਾਂ ਨੂੰ ਅੱਗ ਵਿੱਚ ਸਾੜਨ ਜਾ ਰਹੇ ਹਾਂ, ਇਹ ਸਭ ਕੁੱਝ ਕਰਕੇ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਕੀ ਸੇਧ ਦੇਣੀ ਚਾਹੁੰਦੇਂ ਹਾਂ, ਦੂਜੇ ਪਾਸੇ ਕੋਰੋਨਾਂ ਨਾਲ ਹੋਈ ਮੌਤ ਦੇ ਅਸੀਂ ਲਾਗੇ ਵੀ ਜਾਣ ਤੋਂ ਸੰਕੋਚ ਕਰਦੇ ਹਾਂ ਕਿਉਂਕਿ ਸਾਨੂੰ ਆਪਣੀ ਜ਼ਿੰਦਗੀ ਨਾਲ ਬਹੁਤ ਪਿਆਰ ਹੈ , ਬੱਸ ਅੱਜ ਜ਼ਿੰਦਗੀ ਦੀ ਖੇਡ ਸ਼ਮਸ਼ਾਨ ਘਾਟ ਵਿੱਚ ਸਪਸ਼ਟ ਨਜ਼ਰ ਆ ਗਈ।

ਕੰਵਰਦੀਪ ਸਿੰਘ ਭੱਲਾ

## ਆਪੋ ਆਪਣੀ ਪਰੇਸ਼ਾਨੀ

ਮਨਪ੍ਰੀਤ ਅਜੇ ਬਾਰ੍ਹਵੀਂ ਵਿੱਚ ਪੜ੍ਹਦੀ ਸੀ ਕਿ ਉਸ ਦੇ ਪਿਤਾ ਨੇ ਪੇਪਰਾਂ ਤੋਂ ਪਹਿਲਾਂ ਹੀ ਉਸ ਦਾ ਵਿਆਹ ਕਰ ਦਿੱਤਾ। ਹੁਣ ਉਹ ਹਫ਼ਤੇ ਵਿੱਚ ਇੱਕ-ਦੋ ਦਿਨ ਹੀ ਸਕੂਲ ਜਾਂਦੀ। ਪ੍ਰਿੰਸੀਪਲ ਸਾਹਿਬ ਉਸ ਦੇ ਪਿੰਡ ਦੇ ਸਨ। ਉਹ ਇਸ ਗੱਲੋਂ ਬਹੁਤ ਗੁੱਸੇ ਸਨ, ਪਰ ਪਿੰਡ ਦੀ ਲਿਹਾਜ਼ ਕਰਕੇ ਉਨ੍ਹਾਂ ਨੇ ਕੋਈ ਠੋਸ ਕਦਮ ਨਾ ਚੁੱਕਿਆ। ਅੱਜ ਉਹ ਗੁੱਸੇ ਵਿੱਚ ਸਵੇਰੇ ਸਕੂਲ ਤੋਂ ਪਹਿਲਾਂ ਹੀ ਮਨਪ੍ਰੀਤ ਦੇ ਘਰ ਇਸ ਬਾਰੇ ਗੱਲ ਕਰਨ ਚਲੇ ਗਏ।

"ਕੁੜੀ ਬਹੁਤ ਗ਼ੈਰਹਾਜ਼ਰ ਰਹਿੰਦੀ ਹੈ। ਮੈਂ ਇਸ ਨੂੰ ਰੱਖ ਕੇ ਸਕੂਲ ਦਾ ਨਤੀਜਾ ਖ਼ਰਾਬ ਨਹੀਂ ਕਰਨਾ," ਉਹ ਗੁੱਸੇ ਵਿੱਚ ਬੋਲੇ।

"ਸਰ ਜੀ, ਹੁਣ ਮੈਂ ਕੀ ਕਰਾਂ, ਕਦੇ ਸਹੁਰੇ ਜਾਂਦੀ ਹਾਂ, ਕਦੇ ਇੱਥੇ ਆਉਂਦੀ ਹਾਂ। ਉੱਤੋਂ ਪੇਪਰਾਂ ਦਾ ਫ਼ਿਕਰ ਲੱਗਿਆ ਹੈ। ਪੜ੍ਹਨ ਦਾ ਟਾਈਮ ਨਹੀਂ ਮਿਲਦਾ ਜੀ। ਮੇਰੇ ਤੋਂ ਕਿਹੜਾ ਪੁੱਛ ਕੇ ਵਿਆਹ ਕੀਤਾ ਸੀ। ਸਰ, ਹੁਣ ਮੈਂ ਕੀ ਕਰਾਂ ?" ਰੋਣਹਾਕੀ ਹੋਈ ਮਨਪ੍ਰੀਤ ਨੇ ਆਖਿਆ।

ਉਹ ਦੋਵੇਂ ਹੁਣ ਮਨਪ੍ਰੀਤ ਦੇ ਪਿਤਾ ਵੱਲ ਦੇਖ ਰਹੇ ਸਨ।

"ਮੈਂ ਕੀ ਕਰਦਾ ਪ੍ਰਿੰਸੀਪਲ ਸਾਬ੍ਹ, ਕਰਜ਼ਾ ਦਿਨੋ-ਦਿਨ ਵਧਦਾ ਜਾ ਰਿਹਾ ਸੀ। ਉੱਤੋਂ ਇਸ ਦੇ ਹੱਥ ਪੀਲੇ ਕਰਨ ਦਾ ਫ਼ਿਕਰ। ਮੈਨੂੰ ਤਾਂ ਰਾਤ ਨੂੰ ਨੀਂਦ ਨਹੀਂ ਸੀ ਆਉਂਦੀ। ਉਧਾਰ ਫੜ ਕੇ ਕਿਵੇਂ ਨਾ ਕਿਵੇਂ ਮੈਂ ਇਹ ਫ਼ਿਕਰ ਤਾਂ ਲਾਹਿਆ। ਮੈਂ ਵਿਚੋਲੇ ਨੂੰ ਕਿਹਾ ਸੀ ਕਿ ਵਿਆਹ ਪੇਪਰਾਂ ਤੋਂ ਬਾਅਦ ਕਰਨਾ ਹੈ, ਪਰ ਉਨ੍ਹਾਂ ਨੂੰ ਕਾਹਲੀ ਸੀ। ਚੰਗਾ ਰਿਸ਼ਤਾ ਕਿਹੜਾ ਰੋਜ਼-ਰੋਜ਼ ਮਿਲਦਾ ਹੈ ਜੀ !"

ਪ੍ਰਿੰਸੀਪਲ ਸਾਹਿਬ ਜੋ ਬੜੇ ਗੁੱਸੇ ਨਾਲ ਉਨ੍ਹਾਂ ਦੇ ਘਰ ਗਏ ਸਨ, ਹੁਣ ਬੜੇ ਸ਼ਾਂਤ ਜਿਹੇ ਹੋ ਕੇ ਸਕੂਲ ਵੱਲ ਆ ਰਹੇ ਸਨ।

- ਸ਼ਮਿੰਦਰ ਕੌਰ

## ਵਿਆਹ

ਕਾਲੇਜ ਦਾ ਜ਼ਿਕਰ ਛਿੜਦਿਆਂ ਹੀ ਮੈਨੂੰ ਸੰਜਨਾ ਦੀ ਯਾਦ ਆ ਜਾਉਂਦੀ ਹੈ...ਮੇਰਾ ਪਹਿਲਾ ਪਿਆਰ-ਇਕ-ਤਰਫ਼ਾ !

ਕੁੱਝ ਸੁਫ਼ਨੇ ਕਦੇ ਵੀ ਸੱਚ ਨਹੀਂ ਹੁੰਦੇ...

ਕਾਲੇਜ ਛੱਡਿਆਂ ਕਈ ਸਾਲ ਹੋ ਗਏ ਹਨ, ਪਰ ਉਹ ਕਦੇ ਮੇਰੀਆਂ ਯਾਦਾਂ 'ਚੋਂ ਨਹੀਂ ਨਿਕਲੀ !

ਮੈਂ ਕੱਲਿਆਂ ਹੀ ਰਹਿਣ ਦਾ ਫ਼ੈਸਲਾ ਕਰ ਲਿਆ।

ਫੇਰ ਮੈਂ ਆਪਣੇ ਕੰਮ-ਕਾਜ ਦੇ ਸਿਲਸਿਲੇ 'ਚ ਦਿੱਲੀ ਤੋਂ ਮੁੰਬਈ ਆ ਗਿਆ।

ਪਿੱਛਲੇ ਸ਼ਨੀਵਾਰ ਦਫ਼ਤਰ ਦੇ ਇਕ ਸਾਥੀ ਨੇ ਡਿਨਰ ਤੇ ਆਪਣੇ ਘਰ ਬੁਲਾਇਆ, "ਮੇਰੀ ਘਰਵਾਲੀ ਨੂੰ ਮਿਲ ਯਾਰ, ਸੰਜਨਾ; ਇਹ ਵੀ ਦਿੱਲੀ ਦੀ ਹੈ..." ਹੁਣ ਮੈਂ ਵੀ ਵਿਆਹ ਕਰਵਾਉਣ ਵਾਲਾ ਹਾਂ !

ਮੋਹਨਜੀਤ ਕੁਕਰੇਜਾ

# ਮਿਲ਼ ਜਾਏ ਕੋਈ 'ਜੇ. ਸੀ. ਬੀ ਜਿਹਾ' ਜਥੇਦਾਰ ?

ਤਰਲੋਚਨ ਸਿੰਘ ਦੁਪਾਲ ਪੁਰ
001-408-915-1268
tsdupalpuri@yahoo.com

ਸਾਡੇ ਇਲਾਕੇ ਦੀ ਕਈ ਦਹਾਕੇ ਪਹਿਲਾਂ ਦੀ ਇਹ ਗੱਲ ਹੈ। ਰੋਪੜ-ਬਲ਼ਾਚੌਰ-ਹੁਸ਼ਿਆਰ ਪੁਰ ਵਾਲ਼ਾ ਮੇਨ ਰੋਡ ਚੌੜਾ ਕੀਤਾ ਜਾ ਰਿਹਾ ਸੀ। ਇਹ ਸੜਕ ਜ਼ਿਲ੍ਹਾ ਹੁਸ਼ਿਆਰ ਪੁਰ ਦੇ ਗੜ੍ਹ ਸ਼ੰਕਰ ਸ਼ਹਿਰ ਦੇ ਐਨ੍ਹ ਵਿਚਕਾਰੋਂ ਲੰਘਦੀ ਹੈ। ਮਿੱਥੀ ਯੋਜਨਾ ਅਨੁਸਾਰ ਚੌੜੀ ਕੀਤੀ ਜਾ ਰਹੀ ਇਹ ਸੜਕ ਗੜ੍ਹ ਸ਼ੰਕਰ ਤੱਕ ਵੀ ਮੁਕੰਮਲ ਹੋ ਗਈ ਅਤੇ ਇਸ ਸ਼ਹਿਰ ਦੇ ਦੂਸਰੇ ਪਾਸੇ ਵੱਲ ਵੀ ਧੁਰ ਹੁਸ਼ਿਆਰ ਪੁਰ ਤੱਕ ਲਗ ਭਗ ਪੂਰੀ ਚੌੜੀ ਬਣ ਚੁੱਕੀ ਸੀ। ਪਰ ਗੜ੍ਹ ਸ਼ੰਕਰ ਸ਼ਹਿਰ ਵਿੱਚ ਕਿਉਂਕਿ ਸੜਕ ਦੇ ਦੋਹੀਂ ਪਾਸੀਂ ਭਰਿਆ ਭਕੁੰਨਾਂ ਬਜ਼ਾਰ ਬਣਿਆਂ ਹੋਇਆ ਸੀ, ਉਹ ਸਾਰੇ ਦੁਕਾਨਦਾਰ ਸੜਕ ਚੌੜੀ ਕਰਨ ਦਾ ਵਿਰੋਧ ਕਰਦਿਆਂ ਕੋਈ ਨਾ ਕੋਈ ਅੜਿੱਕਾ ਪਾਉਂਦੇ ਰਹਿੰਦੇ ਸਨ। ਕਦੇ ਸੜਕ ਉੱਤੇ ਧਰਨੇ ਮਾਰਕੇ ਅਤੇ ਕਦੇ ਅਫਸਰਾਂ ਨੂੰ ਡਰਾ ਧਮਕਾ ਕੇ !



ਉਨ੍ਹਾਂ ਦਿਨਾਂ ਵਿੱਚ ਹੁਸ਼ਿਆਰ ਪੁਰ ਦਾ ਡਿਪਟੀ ਕਮਿਸ਼ਨਰ ਸੀ ਕੋਈ ਸਾਊਥ ਇੰਡੀਅਨ ਅਫਸਰ, ਜੋ ਸੀ ਤਾਂ ਬੜਾ ਇਮਾਨਦਾਰ ਪਰ ਗੜ੍ਹਸ਼ੰਕਰ ਵਾਲ਼ਾ ਮਸਲਾ ਉਹਤੋਂ ਹੱਲ ਨਹੀਂ ਸੀ ਹੋ ਰਿਹਾ। ਕਈ ਮਹੀਨੇ ਕੰਮ ਲਟਕਿਆ ਰਿਹਾ ਜਿਸ ਕਰਕੇ ਸਰਕਾਰੇ ਦਰਬਾਰੇ ਉਹਦੀ ਇੱਕ ਦੋ ਵਾਰ ਖਿਚਾਈ ਵੀ ਹੋਈ ਸੀ !

ਉਨ੍ਹਾਂ ਹੀ ਦਿਨਾਂ ਵਿੱਚ ਗੜ੍ਹਸ਼ੰਕਰ ਦੇ ਲਾਗਲੇ ਜ਼ਿਲ੍ਹੇ ਨਵਾਂ ਸ਼ਹਿਰ ਦਾ ਡੀ.ਸੀ ਹੁੰਦਾ ਸੀ ਨਾਮਵਰ ਅਫਸਰ ਸ੍ਰੀ ਕ੍ਰਿਸ਼ਨ ਕੁਮਾਰ, ਜਿਹਦੇ ਕੰਮ ਕਾਜ ਕਰਨ ਦੀਆਂ ਧੁੰਮਾਂ ਪਈਆਂ ਹੋਈਆਂ ਸਨ। ਕਹਿੰਦੇ ਉਸਨੇ ਉਤਲੇ ਅਫਸਰਾਂ ਕੋਲ ਖੁਦ ਪੇਸ਼ਕਸ਼ ਕੀਤੀ ਕਿ ਜੇਕਰ ਹੁਸ਼ਿਆਰ ਪੁਰ ਦੇ ਡੀ.ਸੀ ਨੂੰ ਕੁੱਝ ਦਿਨ ਛੁੱਟੀ 'ਤੇ ਭੇਜ ਕੇ ਜ਼ਿਲ੍ਹੇ ਦਾ ਵਾਧੂ ਚਾਰਜ ਮੈਨੂੰ ਦੇ ਦਿੱਤਾ ਜਾਵੇ ਤਾਂ ਮੈਂ ਗੜ੍ਹਸ਼ੰਕਰ ਸ਼ਹਿਰ 'ਚੋਂ ਸੜਕ ਦਾ ਰੁਕਿਆ ਪਿਆ ਪ੍ਰਸਤਾਵਤ ਨਿਰਮਾਣ ਕਾਰਜ ਕੁੱਝ ਹੀ ਦਿਨਾਂ ਵਿੱਚ ਕਰਵਾ ਸਕਦਾ ਹਾਂ !

ਉਹੀ ਗੱਲ ਹੋਈ ! ਨਵਾਂ ਸ਼ਹਿਰੀਏ ਡੀ.ਸੀ ਕ੍ਰਿਸ਼ਨ ਕੁਮਾਰ ਨੇ ਜ਼ਿਲ੍ਹੇ ਹੁਸ਼ਿਆਰ ਪੁਰ ਦਾ ਚਾਰਜ ਲੈਂਦਿਆਂ ਹੀ ਗੜ੍ਹਸ਼ੰਕਰ ਵਿਖੇ ਦੁਕਾਨਦਾਰਾਂ ਦੀ ਹੰਗਾਮੀਂ ਮੀਟਿੰਗ ਬੁਲਾਈ ਅਤੇ ਉਹ ਆਪਣੇ ਨਾਲ਼ ਲੈ ਗਿਆ ਜੇ.ਸੀ.ਬੀ ਮਸ਼ੀਨ ਤੇ ਢਾਅ-ਢੁਹਾਈ ਦਾ ਅਮਲਾ ਫੈਲਾ ! ਉਸਨੇ ਦੁਕਾਨਦਾਰਾਂ ਨੂੰ ਪ੍ਰੇਰਿਆ ਵੀ ਹੋਵੇ ਗਾ ਪਰ ਸਮਾਨ ਵਗੈਰਾ ਚੁੱਕਣ ਲਈ ਕੁੱਝ ਘੰਟਿਆਂ ਦਾ ਨੋਟਿਸ ਦੇ ਕੇ ਸੜਕ 'ਤੇ ਭੇਜ ਦਿੱਤੀ ਜੇ.ਸੀ.ਬੀ ਮਸ਼ੀਨ ! ਲੋਕਾਂ ਦੇ ਦੇਖਦੇ ਦੇਖਦੇ ਹੀ ਗੜ੍ਹ ਸ਼ੰਕਰ ਵਿੱਚੋਂ ਵੀ ਸੜਕ ਚੌੜੀ ਹੋ ਗਈ ਸੀ ! !

ਹੁਣ ਆਈਏ ਅਸਲ ਗੱਲ਼ ਵੱਲ- ਇਨ੍ਹੀਂ ਦਿਨੀ ਬਾਦਲ ਦਲ ਦੇ 'ਵਾਅਦਾ ਮੁਆਫ ਗਵਾਹਾਂ' ਵਲੋਂ ਸੁਖਬੀਰ ਸਿੰਘ ਬਾਦਲ ਦਾ ਕੱਚਾ ਚਿੱਠਾ ਸ੍ਰੀ ਅਕਾਲ ਤਖਤ ਸਾਹਬ 'ਤੇ ਪੇਸ਼ ਕੀਤਾ ਹੋਇਆ ਹੈ। ਮੌਜੂਦਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਬ ਭਾਈ ਰਘੁਬੀਰ ਸਿੰਘ, ਸੁਖਬੀਰ ਬਾਦਲ ਦੀ ਪਸੰਦ ਅਤੇ ਮਰਜੀ ਮੁਤਾਬਕ ਹੀ ਨਿਯੁਕਤ ਹੋਇਆ ਹੋਇਆ ਜਥੇਦਾਰ ਹੈ। ਇਕ ਏਸ ਵੱਡੇ ਕਾਰਨ ਅਤੇ ਦੂਜੇ ਜਥੇਦਾਰ ਪਦਵੀ ਦੀ ਘੋਰ ਦੁਰਵਰਤੋਂ ਦੇ ਪਿਛਲੇ ਰਿਕਾਰਡ ਨੂੰ ਦੇਖਦਿਆਂ ਸਮੁੱਚੇ ਸਿੱਖ ਜਗਤ ਦੇ ਮਨਾਂ ਵਿੱਚ ਗਹਿਰੇ ਸ਼ੱਕ ਅਤੇ ਖਦਸ਼ੇ ਹਨ ਕਿ ਕੀ ਸੁਖਬੀਰ ਬਾਦਲ ਜਾਂ 'ਸੱਚ ਕੀ ਵੇਲਾ' ਮੌਕੇ ਬੁੱਲ੍ਹ ਸੀਤੇ ਰੱਖਣ ਵਾਲ਼ੇ 'ਵਾਅਦਾ ਮੁਆਫ ਗਵਾਹਾਂ' ਨੂੰ ਯੋਗ ਸਜ਼ਾਵਾਂ ਦੇ ਸਕਣਗੇ ਇਹ ਜਥੇਦਾਰ ਜੀ ?

ਸੋ ਕਿੰਨਾਂ ਚੰਗਾ ਹੋਵੇ ਜੇ ਹੁਣ ਸ੍ਰੀ ਅਕਾਲ ਤਖਤ ਸਾਹਬ ਉੱਤੇ 'ਪੂਰਾ ਨਿਆਂ ਹੁੰਦਾ' ਦੇਖਣ ਲਈ ਮੌਜੂਦਾ ਜਥੇਦਾਰ ਨੂੰ ਹੁਸ਼ਿਆਰ ਪੁਰੀਏ ਡੀ.ਸੀ ਵਾਂਗ ਕੁੱਝ ਦਿਨਾਂ ਲਈ ਛੁੱਟੀ ਭੇਜ ਕੇ ਕਿਸੇ 'ਜੇ.ਸੀ.ਬੀ ਜਿਹੇ ਜਥੇਦਾਰ' ਨੂੰ ਕੁੱਝ ਹਫਤਿਆਂ ਲਈ ਚਾਰਜ ਦੇ ਦਿੱਤਾ ਜਾਵੇ !

# ਮੀਡੀਆ 'ਚ ਆਏ ਪਰਵਾਸ ਦੇ ਤਾਜ਼ਾ ਅੰਕੜੇ

ਪ੍ਰੋ. ਕੁਲਬੀਰ ਸਿੰਘ



ਤਾਜ਼ਾ ਖ਼ਬਰ ਹੈ ਕਿ ਸਾਲ 2024 ਦੌਰਾਨ 4300 ਅਮੀਰ ਲੋਕ ਭਾਰਤ ਛੱਡ ਕੇ ਹੋਰਨਾਂ ਦੇਸ਼ਾਂ ਵਿਚ ਵੱਸ ਜਾਣਗੇ। ਹਰੇਕ ਸਾਲ ਇਹ ਗਿਣਤੀ ਵੱਧਦੀ ਘੱਟਦੀ ਰਹਿੰਦੀ ਹੈ। ਸਾਲ 2019 ਵਿਚ 7000 ਕਰੋੜ ਪਤੀਆਂ ਨੇ ਭਾਰਤ ਛੱਡਿਆ ਸੀ।

ਅੰਕੜੇ ਪੜ੍ਹਦੇ ਹੋਏ ਮੈਨੂੰ ਹੈਰਾਨੀ ਹੋਈ ਕਿ ਜਿਹੜੇ ਮੁਲਕਾਂ ਵਿਚ ਇਹ ਅਮੀਰ ਭਾਰਤੀ ਜਾ ਰਹੇ ਹਨ ਉਥੋਂ ਦੇ ਅਮੀਰ ਲੋਕ ਅੱਗੇ ਹੋਰਨਾਂ ਮੁਲਕਾਂ ਵੱਲ ਜਾ ਰਹੇ ਹਨ। ਸਾਲ 2024 ਵਿਚ 9500 ਇੰਗਲੈਂਡ ਵਾਸੀ, 15200 ਚੀਨੀ, 1200 ਕੋਰੀਆਈ, 1000 ਰੂਸੀ ਆਪਣੇ ਦੇਸ਼ ਛੱਡ ਜਾਣਗੇ।

ਜਲੰਧਰ ਜਿਸ ਇਲਾਕੇ ਵਿਚ ਮੈਂ ਰਹਿੰਦਾ ਹਾਂ ਉਸਦੇ ਰਸਤੇ ਵਿਚ ਲੰਮੇ ਸਮੇਂ ਤੋਂ ਇਕ ਸਰਮਾਏਦਾਰ ਪਰਿਵਾਰ ਰਹਿੰਦਾ ਸੀ। ਸ਼ਹਿਰ ਕੰਢੇ ਜੱਦੀ ਪੁਸ਼ਤੀ ਕਈ ਕਿੱਲੇ ਜ਼ਮੀਨ ਸੀ ਜਿਹੜੀ ਹੁਣ ਸ਼ਹਿਰ ਵਿਚ ਆ ਚੁੱਕੀ ਹੈ ਅਤੇ ਉਸਦੇ ਇਰਦ ਗਿਰਦ ਪੌਸ਼ ਏਰੀਆ ਹੈ। ਸ਼ਹਿਰ ਵਿਚ ਵੱਡੇ ਵੱਡੇ ਕਾਰੋਬਾਰ ਸਨ। ਇਕ ਦਿਨ ਪਤਾ ਲੱਗਾ ਕਿ ਉਹ ਸਾਰਾ ਕੁਝ ਵੇਚ ਵੱਟ ਕੇ ਕੈਨੇਡਾ ਚਲੇ ਗਏ ਹਨ। ਮੈਂ ਅਕਸਰ ਸੋਚਦਾ ਹਾਂ ਕਿ ਜੇ ਅਜਿਹੇ ਲੋਕ ਵੀ ਸਾਰਾ ਕੁਝ ਛੱਡ ਛੁਡਾ ਕੇ ਵਿਦੇਸ਼ ਜਾ ਕੇ ਵੱਸਣ ਨੂੰ ਤਰਜੀਹ ਦੇ ਰਹੇ ਹਨ ਤਾਂ ਕੋਈ ਗੱਲ ਤਾਂ ਜ਼ਰੂਰ ਹੋਵੇਗੀ।

ਮੈਂ ਅਕਸਰ ਪਰਵਾਸ ਦੇ ਪਲੱਸ ਮਾਈਨਸ ਸੋਚਣ ਬੈਠ ਜਾਂਦਾ ਹਾਂ ਪਰ ਕਿਸੇ ਨਤੀਜੇ 'ਤੇ ਨਹੀਂ ਪੁੱਜਾ। ਬਹੁਤ ਸਾਰਿਆਂ ਨੇ ਵਿਦੇਸ਼ਾਂ ਵਿਚ ਢੇਰ ਤਰੱਕੀਆਂ ਕੀਤੀਆਂ ਹਨ। ਕੁਝ ਇਸਨੂੰ ਮਿੱਠੀ ਜੇਲ੍ਹ ਆਖਦੇ ਹਨ। ਮੈਂ ਮੰਨਦਾ ਹਾਂ ਜੇ ਕੁਝ ਪ੍ਰਾਪਤ ਕਰਨਾ ਹੈ ਤਾਂ ਕੁਝ ਗਵਾਉਣਾ ਵੀ ਪੈਣਾ ਹੈ।

ਪੰਜਾਬ ਤੋਂ ਪਰਵਾਸ ਅਤੇ ਪੰਜਾਬ ਵੱਲ ਪਰਵਾਸ ਲਗਾਤਾ ਜਾਰੀ ਹੈ। ਸੋਸ਼ਲ ਮੀਡੀਆ ਅਤੇ ਆਲੇ ਦੁਆਲੇ ਚੋਂ ਅਜਿਹੀਆਂ ਖ਼ਬਰਾਂ ਵੀ ਪੜ੍ਹਨ ਸੁਣਨ ਨੂੰ ਮਿਲਦੀਆਂ ਹਨ ਕਿ ਲੰਮੇ ਸਮੇਂ ਤੋਂ ਵਿਦੇਸ਼ ਰਹਿੰਦੇ ਕੁਝ ਪਰਿਵਾਰ ਵਾਪਿਸ ਪੰਜਾਬ ਆ ਵੱਸੇ ਹਨ। ਇਸਦੇ ਕੁਝ ਨਿੱਜੀ ਕਾਰਨ ਹੁੰਦੇ ਹਨ ਅਤੇ ਕੁਝ ਸਾਂਝੇ। ਕਿਸੇ ਦਾ ਦਿਲ ਨਹੀਂ ਲਗਦਾ, ਕਿਸੇ ਨੂੰ ਆਪਣੀ ਧਰਤੀ, ਆਪਣੇ ਲੋਕਾਂ, ਆਪਣੇ ਘਰ-ਪਰਿਵਾਰ ਦਾ ਹੇਰਵਾ ਸਤਾਉਂਦਾ ਹੈ। ਕਿਸੇ ਦਾ ਮਨ ਅਜਨਬੀ ਮਾਹੌਲ, ਅਜਨਬੀ ਲੋਕਾਂ ਵਿਚ ਨਹੀਂ ਭਿੱਜਦਾ। ਕਿਸੇ ਨੂੰ ਢੱਕ ਦੀ ਨੌਕਰੀ ਨਹੀਂ ਮਿਲਦੀ, ਕਿਸੇ ਦਾ ਕੰਮਕਾਰ ਨਹੀਂ ਚੱਲਦਾ।

ਤਬਦੀਲੀ ਕੁਦਰਤ ਦਾ, ਜੀਵਨ ਦਾ ਨਿਯਮ ਹੈ। ਕੁਝ ਵੀ ਸਥਿਰ ਨਹੀਂ ਹੈ। ਹਰ ਪਲ ਸੱਭ ਕੁਝ ਬਦਲ ਰਿਹਾ ਹੈ। ਮਨੁੱਖੀ ਮਨ ਕਦੇ ਸੰਤੁਸ਼ਟ ਨਹੀਂ ਹੁੰਦਾ। ਮਨੁੱਖ ਜਿੱਥੇ ਹੈ ਉਥੋਂ ਹੋਰ ਕਿਤੇ ਚਲਾ ਜਾਣਾ ਚਾਹੁੰਦਾ ਹੈ। ਕਾਰਨ ਜੁਦਾ ਜੁਦਾ ਹੋ ਸਕਦੇ ਹਨ।

ਸਮਰਾਜ ਚੌਹਾਨ ਦਾ ਇਕ ਛੋਟਾ ਜਿਹਾ ਆਰਟੀਕਲ ਪੜ੍ਹ ਰਿਹਾ ਸਾਂ। ਲਿਖਿਆ ਸੀ ਦੁਨੀਆਂ ਵਿਚ ਹਰ ਚੀਜ਼ ਪਰਿਵਰਤਨਸ਼ੀਲ ਹੈ। ਬਦਲਾਅ ਤੋਂ ਇਲਾਵਾ ਕੁਝ ਵੀ ਸਥਾਈ ਨਹੀਂ ਹੈ। ਨਿਰੰਤਰਤਾ ਬਦਲਾਅ ਨਾਲ ਜੁੜੀ ਹੋਈ ਹੈ।

ਬਦਲਾਅ ਨਾਲ ਹੀ ਵਿਕਾਸ ਅਤੇ ਵਿਕਾਸ ਨਾਲ ਹੀ ਲੋਕਾਂ ਦਾ ਜੀਵਨ ਬਿਹਤਰ ਹੁੰਦਾ ਹੈ। ਅਸੀਂ ਇਕ ਨਿਰੰਤਰ ਬਦਲਦੀ ਹੋਈ ਦੁਨੀਆਂ ਵਿਚ ਰਹਿ ਰਹੇ ਹਾਂ। ਮਨੁੱਖਾ ਜੀਵਨ ਵੀ ਇਸੇ ਬਦਲਾਅ ਦਾ ਹਿੱਸਾ ਹੈ। ਮਨੁੱਖ ਕਦੇ ਰੁਕਦਾ ਨਹੀਂ ਹੈ। ਸਦੀਆਂ ਪਹਿਲਾਂ ਕਿਥੋਂ ਚੱਲਿਆ ਸੀ ਅੱਜ ਕਿੱਥੇ ਪੁੱਜ ਗਿਆ ਹੈ। ਸਮੇਂ ਅਤੇ ਹਾਲਾਤ ਅਨੁਸਾਰ ਸਾਨੂੰ ਬਦਲਣਾ ਚਾਹੀਦਾ ਹੈ। ਬਦਲਣਾ ਹੀ ਪੈਣਾ ਹੈ। ਨਦੀ ਦੇ ਵਹਾਅ ਵਾਂਗ। ਨਦੀ ਜਿਸ ਤਰ੍ਹਾਂ ਦੇ ਸਥਾਨ ਤੋਂ ਗੁਜਰਦੀ ਹੈ ਉਵੇਂ ਦਾ ਆਚਰਣ ਧਾਰਨ ਕਰ ਲੈਂਦੀ ਹੈ। ਪਹਾੜਾਂ ਚੋਂ ਲੰਘਦੀ ਹੈ ਤਾਂ ਸ਼ੂਕਦੀ ਹੋਈ, ਮੈਦਾਨਾਂ ਚੋਂ ਗੁਜਰਦੀ ਹੈ ਤਾਂ ਸ਼ਾਂਤ ਜਿਹੀ, ਸਮੁੰਦਰ ਵਿਚ ਜਾ ਮਿਲਦੀ ਹੈ ਤਾਂ ਉਹਦਾ ਰੂਪ ਹੋ ਜਾਂਦੀ ਹੈ। ਜੀਵਨ ਵੀ ਇਸੇ ਤਰ੍ਹਾਂ ਹੈ।

ਅਖ਼ਬਾਰਾਂ ਵਿਚ ਪਰਵਾਸ ਬਾਰੇ ਲਗਾਤਾਰ ਲੇਖ ਪ੍ਰਕਾਸ਼ਿਤ ਹੋ ਰਹੇ ਹਨ। ਟੈਲੀਵਿਜ਼ਨ ਚੈਨਲਾਂ 'ਤੇ ਚਰਚਾ ਹੋ ਰਹੀ ਹੈ। ਪਰਵਾਸੀ ਪੰਜਾਬੀਆਂ ਨਾਲ ਲੰਮੀਆਂ ਇੰਟਰਵਿਊ ਪ੍ਰਸਾਰਿਤ ਹੋ ਰਹੀਆਂ ਹਨ।

ਦਰਅਸਲ ਹਾਲਾਤ ਪਹਿਲਾਂ ਵਾਲੇ ਨਹੀਂ ਰਹੇ ਸਮਾਂ ਬਦਲ ਗਿਆ ਹੈ। ਮਹਿੰਗਾਈ ਬਹੁਤ ਵਧ ਗਈ ਹੈ। ਨੌਕਰੀ ਦੇ ਮੌਕੇ ਘੱਟ ਗਏ ਹਨ। ਮੈਰਿਟ ਵਾਲੇ, ਚੰਗੀਆਂ ਡਿਗਰੀਆਂ ਵਾਲੇ ਨੌਜਵਾਨਾਂ ਨੂੰ ਅੱਜ ਵੀ ਕੋਈ ਦਿੱਕਤ ਨਹੀਂ। ਮੁਸ਼ਕਲਾਂ ਪਹਿਲਾਂ ਵੀ ਸਨ, ਮੁਸ਼ਕਲਾਂ ਅੱਜ ਵੀ ਹਨ।

ਸੋਸ਼ਲ ਮੀਡੀਆ ਕਾਰਨ ਅੱਜ ਗੱਲ ਝੱਟਪਟ ਸੱਭ ਤੱਕ ਪਹੁੰਚ ਜਾਂਦੀ ਹੈ। ਵੱਖ ਵੱਖ ਮੁਲਕਾਂ ਦੀਆਂ ਸਰਕਾਰਾਂ ਵੀ ਬਦਲ ਰਹੀ ਸਥਿਤੀ ਦੇ ਮੱਦੇ-ਨਜ਼ਰ ਸਖ਼ਤ ਰੁਖ਼ ਅਪਣਾ ਰਹੀਆਂ ਹਨ।

ਬੀਤੇ ਦਿਨੀਂ ਕੈਨੇਡਾ ਵਿਖੇ 'ਵਿਸ਼ਵ ਵਿਆਪੀ ਪਰਵਾਸ: ਕਾਰਨ ਅਤੇ ਚੁਣਤੀਆਂ' ਵਿਸ਼ੇ 'ਤੇ ਚਰਚਾ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਸਪਸ਼ਟ ਕਿਹਾ ਗਿਆ ਕਿ ਪਹਿਲੀ ਪੀੜ੍ਹੀ ਖੁਦ ਵਿਦੇਸ਼ ਜਾਣ ਲਈ ਤਿਆਰ ਨਹੀਂ ਸੀ ਪਰ ਹੁਣ ਆਪਣੇ ਬੱਚਿਆਂ ਨੂੰ ਧੜਾ ਧੜ ਵਿਦੇਸ਼ ਭੇਜ ਰਹੀ ਹੈ। ਵਿਦੇਸ਼ਾਂ ਵਿਚ ਸਥਾਪਤ ਹੋਣ ਲਈ ਹਮੇਸ਼ਾ ਸਰੀਰਕ, ਮਾਨਸਿਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਨਵੇਂ ਮਾਹੌਲ, ਨਵੀਂ ਸਮਾਜਕ ਬਣਤਰ ਵਿਚ ਘੁਲਣ-ਮਿਲਣ ਲਈ ਲੰਮਾ ਸੰਘਰਸ਼ ਕਰਨਾ ਪੈਂਦ ਹੈ। ਸਮਾਂ ਪਾ ਕੇ ਵਧੇਰੇ ਲੋਕ ਸਹਿਜ ਜੀਵਨ ਵਿਚ ਪ੍ਰਵੇਸ਼ ਕਰ ਜਾਂਦੇ ਹਨ।

ਮੋੜਵੇਂ ਪਰਵਾਸ ਦੀ ਗੱਲ ਚੱਲੀ ਤਾਂ ਮਾਹਿਰਾਂ ਅਤੇ ਵਿਦਵਾਨਾਂ ਦੀ ਰਾਏ ਸੀ ਕਿ ਇਹ ਕੋਈ ਕਲਪਨਾ ਹੀ ਕਹੀ ਜਾ ਸਕਦੀ ਹੈ। ਵਿਦੇਸ਼ਾਂ ਵਿਚ ਪੀ ਆਰ ਲੈਣ ਬਾਅਦ ਵਾਪਿਸ ਭਾਰਤ ਆਉਣ ਵਾਲਿਆਂ ਦਾ ਅੰਕੜਾ ਨਾਮਾਤਰ ਹੈ।

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਧਰਮਰਾਜ ਅਜਿਹੇ ਬੰਦਿਆਂ ਦੀ ਸੇਵਾ ਕਰਦਾ ਹੈ; ਧੰਨ ਹੈ ਉਹ ਆਤਮਿਕ ਜੀਵਨ ਸਵਾਰਨ ਵਾਲ਼ਾ ਪਰਮਾਤਮਾ! "ਅਧਿਆਤਮੀ ਹਰਿ ਗੁਣਤਾਸੁ ਮਨਿ ਜਪਹਿ ਏਕ ਮੁਰਾਰਿ ॥ ਤਿਨ ਕੀ ਸੇਵਾ ਧਰਮਰਾਇ ਕਰੈ ਧੰਨੁ ਸਵਾਰਣਹਾਰੁ ॥2॥ ਅੰਗ 38" । ਸਾਧ (ਗੁਰੂ) ਦੀ ਸੰਗਤਿ ਕਰਨ ਵਾਲ਼ੇ ਦੀ ਵੀ ਧਰਮ ਰਾਇ ਸੇਵਾ ਕਰਦਾ ਹੈ । "ਸਾਧਸੰਗਿ ਧਰਮ ਰਾਇ ਕਰੇ ਸੇਵਾ ॥ ਅੰਗ 271" । ਧਰਮ ਰਾਜ ਪ੍ਰਭੂ ਦਾ ਹੀ ਬਣਾਇਆ ਹੋਇਆ ਹੈ, ਪ੍ਰਭੂ ਦੇ ਸੇਵਕ ਦੇ ਨੇੜੇ ਨਹੀਂ ਆਉਂਦਾ । "ਧਰਮਰਾਇ ਹੈ ਹਰਿ ਕਾ ਕੀਆ ਹਰਿ ਜਨ ਸੇਵਕ ਨੇੜਿ ਨ ਆਵੈ ॥ ਅੰਗ 555" । ਅਤੇ "ਧਰਮ ਰਾਇ ਜਮੁ ਨੇੜਿ ਨ ਆਵੈ ਮੇਰੇ ਠਾਕੁਰ ਕੇ ਜਨ ਪਿਆਰੇ ॥6॥ ਅੰਗ 980" । ਜਿਸ ਮਨੁੱਖ ਉਤੇ ਪ੍ਰਭੂ ਮਿਹਰ ਕਰੇ ਉਸ ਨੂੰ ਗੁਰੂ ਮਿਲਦਾ ਹੈ ਤੇ ਉਹ ਪ੍ਰਭੂ ਦੇ ਗੁਣ ਗਾਉਂਦਾ ਹੈ । ਧਰਮਰਾਜ ਉਹਨਾਂ ਦਾ ਮਿੱਤਰ ਬਣ ਜਾਂਦਾ ਹੈ ਤੇ ਉਹਨਾਂ ਨੂੰ ਜਮ ਦੇ ਰਾਹ ਤੇ ਨਹੀਂ ਪਾਉਂਦਾ; ਉਹ ਦਿਨ ਰਾਤ ਹਰਿ-ਨਾਮ ਸਿਮਰਦੇ ਹਨ ਤੇ ਹਰਿ-ਨਾਮ ਵਿਚ ਸਮਾ ਜਾਂਦੇ ਹਨ । "ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ ਸੋ ਹਰਿ ਗੁਣ ਗਾਵੈ॥ ਧਰਮਰਾਇ ਤਿਨ ਕਾ ਮਿਤੁ ਹੈ ਜਮ ਮਗਿ ਨ ਪਾਵੈ ॥ ਹਰਿ ਨਾਮੁ ਧਿਆਵਹਿ ਦਿਨਸੁ ਰਾਤਿ ਹਰਿ ਨਾਮਿ ਸਮਾਵੈ ॥14॥ ਅੰਗ 1091" । ਜਦੋਂ ਸੰਤ ਜਨਾਂ ਨੇ ਮੈਨੂੰ ਪਰਮਾਤਮਾ ਦੇ ਨਾਮ ਦੀ ਪੂੰਜੀ ਦਿੱਤੀ, ਤਦੋਂ ਮੇਰੇ ਮਨ ਦਾ ਚਿੰਤਾ-ਫ਼ਿਕਰ ਲਹਿ ਗਿਆ ਹੈ। ਮੇਰੇ (ਜਨਮਾਂ ਜਨਮਾਂਤਰਾਂ ਦੇ) ਕੀਤੇ ਕਰਮਾਂ ਦੇ ਹਿਸਾਬ ਦਾ ਕਾਗਜ਼ ਪਾਟ ਗਿਆ; ਹੁਣ ਧਰਮਰਾਜ ਕੀ ਕਰੇਗਾ? ਭਾਵ ਮੈਥੋਂ ਕੋਈ ਪੁੱਛ ਨਹੀਂ ਸਕਦਾ । "ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥ ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥3॥ ਅੰਗ 614" । ਜਿਹੜੇ ਭਲੇ ਮਨੁੱਖ ਪਰਮਾਤਮਾ ਦਾ ਨਾਮ ਸਿਮਰਦੇ ਹਨ, ਉਹ ਇਸ ਕੀਮਤੀ ਮਨੁੱਖਾ ਜੀਵਨ ਦੀ ਬਾਜ਼ੀ ਜਿੱਤ ਜਾਂਦੇ ਹਨ। ਅਗਰ ਉਹ ਧਰਮ ਰਾਇ ਕੋਲ ਜਾਂਦੇ ਹਨ ਤਾਂ ਧਰਮ ਰਾਇ ਇਹ ਕਹਿੰਦਾ ਹੈ ਕਿ ਤੁਸੀਂ ਮੇਰਾ ਘਰ ਪਵਿੱਤਰ ਕਰ ਦਿੱਤਾ ਹੈ! "ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ॥ ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ ॥10॥ ਅੰਗ 1425" । ਅਰਥਾਤ ਨਾਮ ਜਪਣ ਵਾਲਿਆਂ ਦਾ ਧਰਮ ਰਾਇ ਸਤਿਕਾਰ ਕਰਦਾ ਹੈ, ਲੇਕਿਨ ਪਾਪ ਕਰਨ ਵਾਲ਼ੇ ਪਾਪੀਆਂ ਨੂੰ ਇਸ ਤਰ੍ਹਾਂ ਰਗੜਦਾ ਹੈ ਜਿੰਦਾਂ ਮਧਾਣੀਆਂ (ਦੁੱਧ ਨੂੰ) ਮਥ ਦਿੰਦੀਆਂ ਹਨ ਤੇ ਉਹ ਹਾਇ ਹਾਇ ਕਰਦੇ ਹਨ! "ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥ ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮਰਾਇ ॥9॥ ਅੰਗ 1425" ।

**ਡਰਾਉਣਾ ਸੰਸਾਰ ਸਮੁੰਦਰ:** ਇਹ ਸੰਸਾਰ-ਸਮੁੰਦਰ ਬੜਾ ਬਿਖੜਾ ਹੈ ਬੜਾ ਡਰਾਉਣਾ ਹੈ, ਇਸ ਦਾ ਨਾ ਕੋਈ ਕੰਢਾ ਦਿਸਦਾ ਹੈ ਨਾ ਪਾਰਲਾ ਬੰਨਾ । ਨਾ ਕੋਈ ਬੇੜੀ ਨਾ ਕੋਈ ਤੁਲਹਾ ਨਾ ਕੋਈ ਮਲਾਹ ਤੇ ਨਾ ਮਲਾਹ ਦਾ ਵੰਝ ਇਸ ਸੰਸਾਰ/ਸਮੁੰਦਰ ਵਿਚੋਂ ਪਾਰ ਲੰਘਾ ਸਕਦਾ ਹੈ । ਸੰਸਾਰ-ਸਮੁੰਦਰ ਦੇ ਡਰ ਤੋਂ ਬਚਾਉਣ ਵਾਲਾ ਜਹਾਜ਼ ਗੁਰੂ ਹੈ, ਜਿਸਦੀ ਦੀ ਮਿਹਰ ਭਰੀ ਨਜ਼ਰ ਨਾਲ਼ ਇਸ ਸਮੁੰਦਰ ਦੇ ਪਰਲੇ ਪਾਸੇ ਉਤਾਰਾ ਹੋ ਸਕਦਾ ਹੈ । "ਭਵਜਲੁ ਬਿਖਮੁ ਡਰਾਵਣੋ ਨਾ ਕੰਧੀ ਨ ਪਾਰੁ ॥ ਨਾ ਬੇੜੀ ਨਾ ਤੁਲਹੜਾ ਨਾ ਤਿਸੁ ਵੰਝੁ ਮਲਾਰੁ ॥ ਸਤਿਗੁਰੁ ਭੈ ਕਾ ਬੋਹਿਥਾ ਨਦਰੀ ਪਾਰਿ ਉਤਾਰੁ ॥4॥ ਅੰਗ 59"। ਜਦੋਂ ਅਸੀਂ ਇਹ ਸਮਝੀਏ ਕਿ ਪਰਮਾਤਮਾ ਕਿਤੇ ਦੂਰ ਹੈ ਤਾਂ ਅਸੀਂ ਦੁਨਿਆਵੀ ਡਰਾਂ ਤੋਂ ਡਰ ਡਰ ਮਰਦੇ ਹਾਂ ਤੇ ਜਦੋਂ ਪਰਮੇਸ਼ਰ ਨੂੰ ਸਭ ਥਾਵਾਂ ਨੂੰ ਪਰੀਪੂਰਨ ਕਰਦਿਆਂ ਦੇਖ ਲਿਆ ਤਾਂ ਦੁਨਿਆਵੀ ਡਰ ਖਤਮ ਹੋ ਜਾਂਦਾ ਹੈ । "ਡਰਿ ਡਰਿ ਮਰਤੇ ਜਬ ਜਾਨੀਐ ਦੂਰਿ ॥ ਡਰੁ ਚੂਕਾ ਦੇਖਿਆ ਭਰਪੂਰਿ॥1॥ ਅੰਗ 186" ।

ਸੰਸਾਰ 'ਚ ਰਹਿੰਦਿਆਂ ਡਰ ਦੂਰ ਕਿੱਦਾਂ ਹੋਵੇ? ਜਦੋਂ ਕਰਤਾਰ ਮਨ 'ਚ ਵਸ ਜਾਂਦਾ ਹੈ ਤਾਂ ਦੁਖ, ਦਰਦ, ਭਰਮ ਤੇ ਭਉ (ਡਰ) ਭੱਜ ਜਾਂਦੇ ਹਨ । "ਦੂਖੁ ਦਰਦੁ ਭਰਮੁ ਭਉ ਨਸਿਆ ॥ ਕਰਣਹਾਰੁ ਨਾਨਕ ਮਨਿ ਬਸਿਆ ॥4॥50॥119॥ ਅੰਗ 189"। ਜਦੋਂ ਪੂਰੇ ਗੁਰੂ ਦੇ ਸ਼ਬਦ ਵਿਚ ਜੁੜ ਕੇ ਪਰਮਾਤਮਾ ਨੂੰ ਪਛਾਣ ਲਿਆ, ਫੇਰ ਕੀ ਡਰਨਾ ਹੋਇਆ? ਕਿਉਂਕਿ (ਦੁਨਿਆਵੀ ਡਰ) ਪਰਮਾਤਮਾ ਦੇ ਡਰ-ਅਦਬ ਵਿਚ ਸਮਾ (ਖਤਮ ਹੋ) ਜਾਂਦਾ ਹੈ ।1।ਰਹਾਉ। "ਕਿਆ ਡਰੀਐ ਡਰੁ ਡਰਹਿ ਸਮਾਨਾ ॥ ਪੂਰੇ ਗੁਰ ਕੈ ਸਬਦਿ ਪਛਾਨਾ ॥1॥ ਰਹਾਉ॥ ਅੰਗ 154"। ਇਸ ਕਰਕੇ ਸਤਿਗੁਰਾਂ ਨੇ ਕਰਤਾਰ ਤੋਂ ਡਰ ਕੇ ਰਹਿਣ ਦਾ ਉਪਦੇਸ਼ ਦਿੱਤਾ ਹੈ । ਹੇ ਮੁਲਾਂ ਇਕ ਦਿਨ ਮਰਨਾ ਹੈ, ਇਸ ਕਰਕੇ ਰੱਬ ਤੋਂ ਡਰ! "ਮਰਣਾ ਮੁਲਾ ਮਰਣਾ ॥ ਭੀ ਕਰਤਾਰਹੁ ਡਰਣਾ ॥1॥ ਰਹਾਉ॥ ਅੰਗ 24"। ਜੋ ਬੰਦਾ ਮੌਤ ਨੂੰ ਚੇਤੇ ਰੱਖੇਗਾ ਉਹ ਮੱਲਾਂ ਮਾਰ ਕੇ ਨਹੀਂ ਬੈਠੇਗਾ, ਕਿਸੇ ਨਾਲ਼ ਗੱਲਤ ਕੰਮ ਨਹੀਂ ਕਰੇਗਾ । ਭਾਲ ਕਰਦਿਆਂ ਕਰਦਿਆਂ ਇਹ ਪਤਾ ਲੱਗ ਜਾਂਦਾ ਹੈ ਕਿ ਪਰਮਾਤਮਾ ਦਾ ਡਰ-ਅਦਬ ਹਿਰਦੇ ਵਿਚ ਧਾਰਨ ਕੀਤਿਆਂ ਪਰਮਾਤਮਾ (ਗੁਰੂ ਦਾ ਮਿਲਾਇਆ) ਮਿਲ ਪੈਂਦਾ ਹੈ ।


"ਖੋਜਤ ਖੋਜਤ ਪਾਇਆ ਡਰੁ ਕਰਿ ਮਿਲੈ ਮਿਲਾਇ॥ ਅੰਗ 57"। ਜਦੋਂ ਇਹ ਭਰੋਸਾ ਹੋ ਜਾਂਦਾ ਹੈ ਕਿ ਉਸ ਪ੍ਰਭੂ ਤੋਂ ਉੱਪਰ ਕੋਈ ਨਹੀਂ, ਫੇਰ ਕੌਣ ਡਰਦਾ ਹੈ ਤੇ ਕਿਸ ਦਾ ਡਰ ਹੁੰਦਾ ਹੈ? ਭਾਵ ਕਿਸੇ ਦਾ ਡਰ ਨਹੀਂ ਰਹਿੰਦਾ! "ਤਿਸ ਤੇ ਊਪਰਿ ਨਾਹੀ ਕੋਇ ॥ ਕਉਣੁ ਡਰੈ ਡਰੁ ਕਿਸ ਕਾ ਹੋਇ ॥4॥ ਅੰਗ 842" । ਪੂਰਾ ਗੁਰੂ ਸਾਰੇ ਡਰ ਦੂਰ ਕਰ ਦਿੰਦਾ ਹੈ! "ਗੁਰ ਪੂਰੇ ਡਰੁ ਸਗਲ ਚੁਕਾਇਆ ॥1॥ ਅੰਗ 1152" ।

ਬਾਕੀ ਅਗਲੇ ਹਫ਼ਤੇ ਪੜ੍ਹੋ


## ਪੰਜਾਬੀ ਸਿੱਖਣ ਲਈ ਕਿਤਾਬਾਂ

### ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੌਟ ਕੌਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ । ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

Whats App (M) 07966 388388

**PANJAB TIMES**

BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851
www.fb.com/punjabtimesuk



## ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਤਬਲਾ ਵਾਦਕ ਤੇ ਰਸੋਈਏ ਦੀ ਤੁਰੰਤ ਲੋੜ ਹੈ

ਮੁੱਖ ਕੰਮ :- ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਤਬਲਾ (ਜੋੜੀ) ਵਜਾਉਣ ਵਾਲੇ ਅਤੇ ਰਸੋਈ ਵਿੱਚ ਕੰਮ ਕਰਨ ਵਾਲੇ ਦੋ ਗੁਰਸਿੱਖ ਸੇਵਾਦਾਰਾਂ ਦੀ ਲੋੜ ਹੈ। ਜੋ ਤਬਲਾ ਵਜਾਉਣ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਨਿੱਤਨੇਮ, ਸੁਖਮਨੀ ਸਾਹਿਬ ਦਾ ਪਾਠ, ਸਹਿਜ ਪਾਠ, ਰਹਿਰਾਸ ਸਾਹਿਬ, ਸੁਖਆਸਣ ਸਾਹਿਬ ਦੀ ਸੇਵਾ ਵਿੱਚ ਦੂਜੇ ਸੇਵਾਦਾਰਾਂ ਦੀ ਮਦਦ ਕਰ ਸਕਦੇ ਹੋਣ । ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਚੰਗੀ ਤਨਖਾਹ, ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਹੈ । ਪਹਿਲਾਂ ਤੋਂ ਯੂ ਕੇ ਆਏ ਹੋਏ ਸੇਵਾਦਾਰ ਵੀ ਸੰਪਰਕ ਕਰ ਸਕਦੇ ਹਨ । ਯੂ ਕੇ ਵਿੱਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ।

ਸ਼ਰਤਾਂ:- ਤਬਲਾ (ਜੋੜੀ) ਵਜਾਉਣ ਵਾਲੇ ਤਬਲੇ ਦਾ ਮਾਹਿਰ ਹੋਣਾ ਜ਼ਰੂਰੀ ਹੈ, ਬੱਚਿਆਂ ਨੂੰ ਤਬਲਾ ਸਿਖਾਉਣ ਦਾ ਸੋਹਣਾ ਤਜ਼ਰਬਾ ਹੋਵੇ। ਸੇਵਾਦਾਰਾਂ ਦਾ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ।

ਬਿਨੈਕਾਰ ਹੇਠਾਂ ਦਿੱਤੇ ਪਤੇ 'ਤੇ 10 ਅਗਸਤ 2024 ਤੋਂ ਪਹਿਲਾਂ ਅਰਜ਼ੀਆਂ ਭੇਜਣ

## Vacancies for Tabla Player & Chef

**Duties:** Tabla playing, besides Parkash Sri Guru Granth Sahib, Kirtan, Nitnem, Sukhmani Sahib Paath, Sehaj Paath, Rehras Sahib, Sukhasan Sahib and explanation of religious matters to adults & Children. Chef will perform kitchen duties and help to Granthi Singhs.

**Duration & Remuneration:** Attractive Salary will be according to UK employment Law. Boarding and Lodging will be provided.

**Requirements:** Vast Knowledge of Gurmat and Tabla. Must Write, read and speak Punjabi. Must have sufficient experience in Tabla teaching. Clean character certificate required from previous employer. Both Sevadaars must be Amritdhari and have previous experience.

**Please apply or contact management committee.**
**Closing date: 10th August 2024**

**Sri Guru Singh Sabha Gurdwara**

1 Princes Street, Normanton, Derby, DE23 8NT, U.K.
Please Contact: Ajit Singh 07533 362911 or Amrik Singh 07957 457390

TAIL PIECE

Dalip Singh Wasan, Advocate
Email: dalipsinghwassan@yahoo.co.in

## All present in Parliament are Representatives and Public Servants

As per the spirit of our Constitution, this process of Elections has been adopted to bring people in the Parliament through their Representatives and all those who are elected, become Public servants and are to work for the welfare of the people and the country. In ademocracy government is the government of the people and not of a few belonging to party or group coming with majority. This majority system forming the government does not turn the members to become governing members and group of oppositions. The basic character of both the wings remain the same and equal Representatives of the People and Public Servants and in spite of this division they are still bound to work for the welfare of the people to whom they represent, none is higher and none is lower.

The process adopted that while some Bills, Projects, schemes and Policies are brought by the governing side and under considration the governing group remains silent and the opposing group just oppose and not heard are totally undemocratic because here they both lose the character of Representatives of the People and of Public Servants and cannot work as per their own conscience, will and wisdom. And we have seen that till date none from the governing side as well from the opposition sides could bring a Bill, Project, Scheme and Policy for consideration. Only one side works and even its members could not speak as per their conscience, will and wisdom. Since all this process had been just out way and adopted update has started facing difficulty when strength in the House is not with an ablolute majority.

To meet the present situation, the Speaker may come with an order that all Bills, Projects, Schemes and Policies musty be considered on merits by all and for passing such items some pass percehtage could be applied and if such a process is adopted, even members from the opposing sides shall be able to put up Bills, Schemes, Projects and Policies and members present can consider and vote as per conscience, will and wisdom. This Absolute Majority system must be changed because resigtnation and re-re elections are not suitable remedies.

## Both the contesting groups are not happy with results of Parliament Elecdtions-2024

Though all oppositions could join in one group, Group-India and it was a good fight. But since both were in just contesting mood to win and defeat, neither of them could tell the people its specific programmes, targets and nothing could be placed before the people whats hall be taken in hand during the next five yearts. And since the people of India could not participate in this mere contest just to win and defeat. And results are before us. The contesting groups are not happy with the voters and therwefore, none of them could face the people and say that they are thankful to the voters. Simple majority-could enable one group to form its government and here in India this simple formation of government creates more problems to the ruling front for passing Bills, Projects, Schemes and Policies.

Therefore this time the contesting groups could not arrange thanks giving functions and are not happy with voters. The Group-India could win and form the government some more seats to its side and some more seats in favour of government forming group to its side could give them absolute majority. And these two frustrationsd could not raise an occasion for Thanks-Giving.

The contesting groups must learn a lesson from thise results and ensure that they must come forward with specific programmes and targets and make the things very much clear will and methods. The contesting groups must understand that voters are Public and Public wisdom cannot bechallenged or doubted.

## Population of Elderly people shall be double by 2050 in India- A UN Report

There is a report from UN side that population of elederly people in India shall be double by 2050. All this is because of improved health inthe country. And if we have a further study, most the elderly people are from retired persons from Public Services because of disciplined life style.

Retired people from Public Service are having pensions and therefore, still fit for rendering Public Service. They are fully qualified, trined and have got experience in administration and still know the problems of the people. Their work and conducts had been under supervisions and all those reports are in record. We had adopted democracy as our way of administering the country and for that purpose we had introduced this elections system. The politicians immediately took up this line and the administration already established by the British continued update. And the political people formed political parties and since adoption of this Constitution of India, we are being governed by the political people and none cared for prescribing any qualifications, trainings and experience and even age factor had been ignored. It is on record that in stead of people coming from peop-ole as representatives of the people, all the nominations in Elections are made by political heads and just to support them and none is allowed to represent the people by whom he has been elected.



Had we started with these elderly people retired from responsible jobs with good records of administration, use of powers and discretions, the results could have been better. Even selection of Prime Minister and Chief Ministers and their cabinets could have been from these trained people and such final elections could have beenafter results of elections and after taking oaths. The present party system can create trobles as have been created this time when government has been formed on higher strength and government cannot run because of lack of absolute majority. Because of this political system in India, the people who are elected by the people cold not become representatives of the people and are just supporters of those who had nominated them. Nomination became supreme people who elected them are just ignored.

Since retired people are still medically fit and their service scan be utilized till they are less than 75 years and if they are brought as candidates, they can give us three terms in our august houses. Let us think over this matter and if we come to the conclusion that this proposal is beneficial that must be adopted sothat qualified, trained, disciplined people come in our legislative houses.


## Parliament Elections-2024 were fought just to win and to defeat

It is on record that Elections -2024 of Parliament were fought between only two groups and both the contesting groups started campaigns only with a motive to win and to defeat. Therefore, what both the contesting groups had been telling the people, all is before us. Both the groups could not plade before the people their plans, projects, schemes and policies and both chose finding out defects in one and other. And because of this type of preaching, people too pronounce the verdict and the government coming in power shall work as government, but only routine type matters shall be tken up during this tenure and the country too shall be in holiday mood for five years. When no specific Bills, Projects, Schemes and Policies shall be coming in the Parliament from governing side, the oppositions too shall lose opportunity to speak aginst the items under discussion.

The present system of pasasing Bills, Schemes, Projects and Policies will not allow specific performance. Let our Speaker may introduce new system and when at least 50 votes come in favour of the Bill, Project, Scheme and Ploicy that item must be declared passed. New situations have come in our country and now, there are no chances of getting absolute majority shall remain a thing of the past. The country has spent long time, huge money and no working and whatever government has come in opertion must work as a government. There are no chances of compromise between the two groups and because of these situations, this is thew only outway.

* * * * * * * *

ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
(M.A, M.PHIL, BJMC, B.ED)
ਮੋਬਾਈਲ: 07806945964



# ਮੈਂ ਤੰਦਰੁਸਤ ਕਿਵੇਂ ਹੋਇਆ ?

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ – 27**



**ਚੰਗੀ ਸਿਹਤ ਵਾਸਤੇ ਖਾਜ ਦੀ ਬਿਮਾਰੀ ਤੋਂ ਬਚਕੇ ਰਹਿਣਾ ਬਹੁਤ ਜਰੂਰੀ ਹੈ । ਅਜਿਹਾ ਕਰਨ ਵਾਸਤੇ ਨੇਮ ਨਾਲ ਆਪਣੇ ਸਰੀਰ ਦੀ ਸਫਾਈ ਕੀਤੀ ਜਾਵੇ, ਸੰਤੁਲਿਤ ਭੋਜਨ ਖਾਧਾ ਜਾਵੇ, ਕੋਈ ਦਵਾਈ ਖਾਂਦੇ ਹੋ ਤਾਂ ਉਸ ਦੇ ਸਾਇਡ ਇਫੈਕਟਾਂ ਤੋਂ ਜਾਣੂ ਹੋਣਾ ਬਹੁਤ ਹੀ ਜਰੂਰੀ ਹੈ ਤਾਂ ਕਿ ਸਿਹਤ ਹੋਰ ਵਿਗੜਨ ਤੋਂ ਪਹਿਲਾਂ ਡਾਕਟਰ ਨਾਲ ਰਾਬਤਾ ਕਾਇਮ ਕੀਤਾ ਜਾ ਸਕੇ । ਬਿਛੂ ਬੂਟੀ ਤੋਂ ਬਚਣਾ ਚਾਹੀਦਾ ਹੈ। ਜੇਕਰ ਖਾਜ ਛੂਆ ਛੂਤ ਦੀ ਬਿਮਾਰੀ ਹੈ ਤਾਂ ਜਿਸ ਨੂੰ ਇਹ ਲੱਗੀ ਹੋਈ ਹੈ, ਉਸ ਤੋਂ ਦੂਰ ਰਹੋ, ਉਸ ਦੇ ਕੱਪੜੇ ਵੱਖਰੇ ਕਰਕੇ ਧੋਵੋ।**

ਖਾਜ ਖੁਜਲੀ ਇਕ ਬਹੁਤ ਭੈੜੀ ਬਿਮਾਰੀ ਹੈ । ਜਦੋਂ ਕਿਸੇ ਵਿਅਕਤੀ ਨੂੰ ਖੁਜਲੀ ਛਿੜਦੀ ਹੈ ਤਾਂ ਉਹ ਆਪਣੇ ਸਰੀਰ ਨੂੰ ਖੁਜਾ ਖੁਜਾ ਕੇ ਸਕੂਨ ਮਹਿਸੂਸ ਕਰਦਾ ਹੈ, ਪਰ ਜਦੋਂ ਉਹ ਆਪਣਾ ਸਰੀਰ ਦੂਸਰਿਆਂ ਸਾਹਮਣੇ ਰਗੜ ਰਗੜ ਕੇ ਖੁਰਚਦਾ ਹੈ ਤਾਂ ਜਿਥੇ ਉਸ ਨੂੰ ਆਪਣੇ ਆਪ ਨੂੰ ਸ਼ਰਮਿੰਦਗੀ ਦੀ ਸਾਹਮਣਾ ਕਰਨਾ ਪੈਂਦਾ ਹੈ, ਉਥੇ ਲੋਕਾਂ ਤੋਂ ਤਰਾਂ ਤਰਾਂ ਦੀਆਂ ਗੱਲਾਂ ਵੀ ਸੁਣਨੀਆਂ ਪੈਂਦੀਆਂ ਹਨ, ਕੋਈ ਆਖਦਾ ਹੈ ਕਿ ਕਈ ਦਿਨ ਨਾ ਨਹਾਉਣ ਨਾਲ ਇਹ ਬਿਮਾਰੀ ਸਰੀਰ 'ਤੇ ਮੈਲ ਜੰਮਣ ਨਾਲ ਸ਼ੁਰੂ ਹੋਈ ਹੋਵੇਗੀ ਤੇ ਪੀੜਿਤ ਵਿਅਕਤੀ ਨੇ ਆਪ ਹੀ ਸਹੇੜੀ ਹੈ ਤੇ ਕੋਈ ਦੂਸਰਾ ਕਹਿੰਦਾ ਹੈ, ਪੀੜਤ ਵਿਅਕਤੀ ਦਾ ਖੂਨ ਗੰਦਾ ਹੋ ਗਿਆ ਹੋਵੇਗਾ । ਕੁੱਝ ਲੋਕ ਇਸ ਨੂੰ ਵਾਇਰਸ ਤੋਂ ਵਾਇਰਲ ਹੋਈ ਬਿਮਾਰੀ ਸਮਝਦੇ ਹਨ ਜਦ ਕਿ ਦੂਜੇ ਇਸ ਨੂੰ ਬਿਛੂ ਬੂਟੀ ਦੀ ਕਰਾਮਾਤ ਕਹਿੰਦੇ ਹਨ ।ਕਈਆਂ ਦੀ ਸਮਝ ਮੁਤਾਬਿਕ ਖਾਜ ਖੁਜਲੀ ਕੋਈ ਗਲਤ ਮਲਤ ਖਾਣਾ ਖਾਣ ਨਾਲ ਹੋ ਜਾਂਦੀ ਹੈ ਜਦ ਕਿ ਦੂਜੇ ਇਸ ਨੂੰ ਕਿਸੇ ਦਵਾਈ ਦਾ ਸਾਇਡ ਇਫੈਕਟ ਮਨ ਲੈਂਦੇ ਹਨ । ਕਹਿਣ ਦਾ ਭਾਵ ਇਹ ਕਿ ਖਾਜ ਦੀ ਬਿਮਾਰੀ ਹੋਣ ਦੇ ਬਹੁਤ ਸਾਰੇ ਕਾਰਨ ਹੋ ਸਕਦੇ ਹਨ ।

ਸੈਂਟਰ ਆਫ਼ ਦਿ ਸਟਡੀ ਆਫ਼ ਇਚ' ਦੇ ਵਿਗਿਆਨਕ ਬ੍ਰਾਇਨ ਨੇ ਖਾਜ ਖੁਜਲੀ ਸੰਬੰਧੀ ਇੱਕ ਅਨੋਖਾ ਅਧਿਐਨ ਕੀਤਾ ਹੈ। ਆਪਣੀ ਖੋਜ ਵਿੱਚ ਉਸ ਨੇ ਇਹ ਗੱਲ ਸਾਹਮਣੇ ਲਿਆਂਦੀ ਹੈ ਕਿ ਖਾਜ ਇੱਕ ਇਨਫੈਕਸ਼ਨ ਵਾਂਗ ਹੈ । ਜੇਕਰ ਤੁਹਾਡੇ ਸਾਹਮਣੇ ਬੈਠਾ ਸ਼ਖ਼ਸ ਖਾਜ ਕਰਦਾ ਹੈ ਤਾਂ ਤੁਸੀਂ ਵੀ ਖਾਜ ਕਰਨ ਲੱਗ ਜਾਂਦੇ ਹੋ। ਇਸ ਤਰ੍ਹਾਂ ਦੀ ਇਨਫੈਕਸ਼ਨ ਵਾਲੀ ਖਾਜ ਲਈ ਦਿਮਾਗ ਦਾ 'ਸੁਪਰਾਕਿਏਜ਼ਮੈਟਿਕ ਨਿਊਕਲੀਅਸ' ਹਿੱਸਾ ਜ਼ਿੰਮੇਦਾਰ ਹੁੰਦਾ ਹੈ।

ਬਰਤਾਨੀਆ ਦੀ ਲਿਵਰਪੂਲ ਯੂਨੀਵਰਸਟੀ ਦੇ ਪ੍ਰੋਫੈਸਰ ਫਰਾਂਸਿਸ ਮੈਕਲੋਨ ਅਨੁਸਾਰ, "ਮੱਛਰ, ਕੀੜੇ-ਮਕੌੜੇ ਅਤੇ ਪੌਦੇ ਇਨਸਾਨ ਦੀ ਚਮੜੀ 'ਤੇ ਇੱਕ ਟੌਕਸਿਨ (ਜ਼ਹਿਰ) ਛੱਡਦੇ ਹਨ। ਇਸ ਟੌਕਸੀਨ ਦੇ ਜਵਾਬ ਵਿੱਚ ਸਰੀਰ ਦੇ ਇਮਊਨ ਸਿਸਟਮ ਤੋਂ ਹਿਸਟੈਮਿਨ ਦਾ ਵਹਾਅ ਹੁੰਦਾ ਹੈ। ਅਜਿਹਾ ਹੋਣ ਨਾਲ ਨਸਾਂ ਤੋਂ ਦਿਮਾਗ ਨੂੰ ਖਾਜ ਦਾ ਸਿਗਨਲ ਮਿਲਦਾ ਹੈ ਅਤੇ ਅਸੀਂ ਖਾਜ ਕਰਨ ਲਗਦੇ ਹਾਂ।"

1997 ਵਿੱਚ ਖਾਜ ਸੰਬੰਧੀ ਇੱਕ ਵੱਡੀ ਖੋਜ ਹੋਈ ।ਇਸ ਖੋਜ ਤੋਂ ਪਹਿਲਾਂ ਮੰਨਿਆ ਜਾਂਦਾ ਸੀ ਕਿ ਸੱਟ ਲੱਗਣ ਨਾਲ ਦਰਦ ਅਤੇ ਚਮੜੀ ਉੱਤੇ ਹੋਣ ਵਾਲੀ ਖਾਜ ਦੋਵੇਂ ਇੱਕ ਹੀ ਤਰ੍ਹਾਂ ਦੇ ਪੈਟਰਨ ਤੋਂ ਪੈਦਾ ਹੁੰਦੇ ਹਨ । ਪਰ 1997 ਵਿੱਚ ਇਹ ਤੱਥ ਸਾਹਮਣੇ ਆਇਆ ਕਿ ਖਾਜ ਦੇ ਵਿਗਿਆਨ ਵਿੱਚ ਵੱਖਰੀ ਨਾੜੀ ਅਤੇ ਟਿਸ਼ੂ ਜ਼ਿੰਮੇਦਾਰ ਹੁੰਦੇ ਹਨ।

ਖਾਜ ਦੇ ਬਾਰੇ ਚ ਇਹ ਗੱਲ ਆਮ ਹੈ ਕਿ ਇਹ ਜਦ ਇਕ ਵਾਰ ਛਿੜਦੀ ਹੈ ਤਾਂ ਫਿਰ ਪੀੜਤ ਜਿੰਨਾ ਆਪਣਾ ਸਰੀਰ ਖੁਰਕੇਗਾ, ਉਨੀ ਹੀ ਹੋਰ ਵਧਦੀ ਜਾਵੇਗੀ । ਇਹ ਗੱਲ ਵੀ ਖੋਜ ਤੋਂ ਸਾਹਮਣੇ ਆਈ ਹੈ ਕਿ ਸਭ ਤੋਂ ਵੱਧ ਸਕੂਨ ਪੈਰਾਂ ਦੀਆਂ ਅੱਡੀਆਂ 'ਤੇ ਖਾਜ ਕਰਕੇ ਮਿਲਦਾ ਹੈ । ਹਾਲਾਂਕਿ ਖਾਜ ਕਰਕੇ ਆਰਾਮ ਮਿਲਦਾ ਕਿਉਂ ਹੈ? ਇਸਦੇ ਪਿੱਛੇ ਕੀ ਵਿਗਿਆਨ ਹੈ? ਇਸਦਾ ਜਵਾਬ ਅਜੇ ਤੱਕ ਵਿਗਿਆਨੀਆਂ ਕੋਲ ਨਹੀਂ ਹੈ ।

ਜਦ ਕੋਈ ਵਿਅਕਤੀ ਗਲਤੀ ਨਾਲ ਬਿਛੂ ਬੂਟੀ ਨਾਲ ਖਹਿ ਜਾਂਦਾ ਹੈ ਤਾਂ ਛਿੜਨ ਵਾਲੀ ਉਹ ਖਾਜ ਬਹੁਤ ਭੈੜੀ ਹੁੰਦੀ ਹੈ । ਇਸੇ ਤਰਾਂ ਦਵਾਈਆਂ ਦੇ ਸਾਇਡ ਇਫੈਕਟਾਂ ਨਾਲ ਹੋਣ ਵਾਲੀ ਖਾਜ ਨੂੰ ਖਰਕਾਉਣ ਨਾਲ ਰੈਸ਼ ਵੀ ਹੋ ਸਕਦਾ ਹੈ ਤੇ ਖੁਰਕਦੇ ਸਮੇਂ ਚਮੜੀ ਨੰਹੁਆਂ ਨਾਲ ਛਿੱਲੀ ਜਾ ਸਕਣ ਕਾਰਨ ਜਖਮ ਵੀ ਹੋ ਸਕਦੇ ਹਨ ਹੈ ।

ਦੱਸਿਆ ਇਹ ਵੀ ਜਾਂਦਾ ਹੈ ਕਿ ਜਿਸ ਵਿਅਕਤੀ ਦੀਆਂ ਨਾੜਾਂ ਵਿਚ ਬਲੋਕੇਜ ਆਉਣ ਦਾ ਖਤਰਾ ਹੋਵੇ, ਖਾਜ ਦੀ ਬਿਮਾਰੀ ਉਸ ਨੂੰ ਵੀ ਲੱਗ ਜਾਂਦੀ ਹੈ ਅਤੇ ਜੇਕਰ ਕਿਸੇ ਨੂੰ ਇੰਸੂਲਿਨ ਰਿਜੈਸਟੈਂਸ ਨਾਮ ਦੀ ਬਿਮਾਰੀ ਲੱਗੀ ਹੋਵੇ ਤਾਂ ਖਾਜ ਦੀ ਬਿਮਾਰੀ ਉਸ ਨੂੰ ਬੋਨਸ ਵਜੋਂ ਮਿਲ ਜਾਂਦੀ ਹੈ । ਇਸ ਖਾਜ ਦੇ ਬਾਰੇ ਚ ਸਿਹਤ ਮਾਹਿਰਾ ਦੀ ਰਾਇ ਹੈ ਕਿ ਡਾਇਬਿਟੀ ਦੇ ਮਰੀਜਾਂ ਦੇ ਇਹ ਵਧੇਰੇ ਕਰਕੇ ਗੁਪਤ ਅੰਗਾਂ ਉਤੇ ਵਧੇਰੇ ਹੁੰਦੀ ਹੈ ।

ਜੋ ਵਿਅਕਤੀ ਮਿੱਠਿਆਈਆਂ ਜਾਂ ਖੰਡ ਦੀ ਬਹੁਤਾਤ ਵਾਲੀਆਂ ਚੀਜਾਂ ਖਾਂਦੇ ਹਨ, ਉਹਨਾਂ ਦੇ ਪਖਾਨੇ ਵਾਲੀ ਜਗਾ 'ਤੇ ਖਾਜ ਦੇ ਚਲੂਣੇ ਲੜਦੇ ਹਨ । ਕੰਨਾ ਨੂੰ ਨੇਮ ਨਾਲ ਸਾਫ ਨਾ ਕਰਨ ਨਾਲ ਕੰਨਾ ਵਿਚ ਖਾਜ ਹੁੰਦੀ ਹੈ ਜੋ ਬਾਅਦ ਵਿਚ ਕੰਨਾ ਦਾ ਇਨਫੈਕਸ਼ਨ ਬਣ ਜਾਂਦੀ ਹੈ ਇਸੇ ਤਰਾਂ ਜੇਕਰ ਇਹ ਹੱਥਾਂ ਤੇ ਪੈਰਾਂ ਦੀਆਂ ਉਂਗਲਾਂ ਦੇ ਵਿਚਕਾਰ ਹੋਵੇ ਤਾਂ ਜਲਦੀ ਹੀ ਇਨਫੈਕਸਨ ਦਾ ਰੂਪ ਧਾਰ ਕਰ ਜਾਂਦੀ ਹੈ ।

ਮੁਕਦੀ ਗੱਲ ਇਹ ਕਿ ਚੰਗੀ ਸਿਹਤ ਵਾਸਤੇ ਖਾਜ ਦੀ ਬਿਮਾਰੀ ਤੋਂ ਬਚਕੇ ਰਹਿਣਾ ਬਹੁਤ ਜਰੂਰੀ ਹੈ । ਅਜਿਹਾ ਕਰਨ ਵਾਸਤੇ ਨੇਮ ਨਾਲ ਆਪਣੇ ਸਰੀਰ ਦੀ ਸਫਾਈ ਕੀਤੀ ਜਾਵੇ, ਸੰਤੁਲਿਤ ਭੋਜਨ ਖਾਧਾ ਜਾਵੇ, ਕੋਈ ਦਵਾਈ ਖਾਂਦੇ ਹੋ ਤਾਂ ਉਸ ਦੇ ਸਾਇਡ ਇਫੈਕਟਾਂ ਤੋਂ ਜਾਣੂ ਹੋਣਾ ਬਹੁਤ ਹੀ ਜਰੂਰੀ ਹੈ ਤਾਂ ਕਿ ਸਿਹਤ ਹੋਰ ਵਿਗੜਨ ਤੋਂ ਪਹਿਲਾਂ ਡਾਕਟਰ ਨਾਲ ਰਾਬਤਾ ਕਾਇਮ ਕੀਤਾ ਜਾ ਸਕੇ । ਬਿਛੂ ਬੂਟੀ ਤੋਂ ਬਚਣਾ ਚਾਹੀਦਾ ਹੈ। ਜੇਕਰ ਖਾਜ ਛੂਆ ਛੂਤ ਦੀ ਬਿਮਾਰੀ ਹੈ ਤਾਂ ਜਿਸ ਨੂੰ ਇਹ ਲੱਗੀ ਹੋਈ ਹੈ, ਉਸ ਤੋਂ ਦੂਰ ਰਹੋ, ਉਸ ਦੇ ਕੱਪੜੇ ਵੱਖਰੇ ਕਰਕੇ ਧੋਵੋਂ। ਇਲਾਜ ਨਾਲੋਂ ਪਰਹੇਜ ਦੀ ਜੁਗਤੀ ਵਰਤੋ ਅਤੇ ਤੰਦਰੁਸਤ ਰਹੋ, ਜੇਕਰ ਫਿਰ ਵੀ ਇਸ ਤਰਾਂ ਦੀ ਬਿਮਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਕਿਸੇ ਬਹੁਤ ਹੀ ਸੁਲਝੇ ਹੋਏ ਸਿਹਤ ਮਾਹਿਰ ਤੋਂ ਫੌਰਨ ਆਪਣੀ ਇਸ ਚਮੜੀ ਦੀ ਬਿਮਾਰੀ ਦਾ ਇਲਾਜ ਕਰਵਾਓ।

—— ਚਲਦਾ

* * * * *

# ਸੈਕਰਾਮੈਂਟੋ 'ਚ ਹੋਈਆਂ ਸੀਨੀਅਰ ਖੇਡਾਂ ਵਿੱਚ ਲਿਆ ਪੰਜਾਬੀ ਚੋਬਰਾਂ ਨੇ ਹਿੱਸਾ



ਸੈਕਰਾਮੈਂਟੋ-(ਹੁਸਨ ਲੜੋਆ ਬੰਗਾ)-ਯੂਐਸਏ ਟ੍ਰੈਕ ਐਂਡ ਫੀਲਡ ਆਊਟਡੋਰ ਚੈਂਪੀਅਨਸ਼ਿਪ ਅਮਰੀਕਨ ਰਿਵਰ ਕਾਲਜ ਸਟੇਡੀਅਮ ਸੈਕਰਾਮੈਂਟੋ ਵਿੱਚ ਹੋਈ, ਜਿਸ ਵਿੱਚ ਦੁਨੀਆ ਭਰ ਦੇ ਲਗਭਗ 3000 ਪੁਰਸ਼ ਅਤੇ ਮਹਿਲਾ ਅਥਲੀਟਾਂ ਨੇ ਹਿੱਸਾ ਲਿਆ। ਆਸਟ੍ਰੇਲੀਆ, ਯੂਨਾਈਟਿਡ ਕਿੰਗਡਮ, ਆਇਰਲੈਂਡ, ਮੈਕਸੀਕੋ, ਪੇਰੂ ਅਤੇ ਭਾਰਤ ਤੋਂ ਇਲਾਵਾ ਹੋਰ ਦੇਸ਼ਾਂ ਦੇ ਐਥਲੀਟ ਵੀ ਇਸ ਮੀਟ ਦਾ ਹਿੱਸਾ ਬਣੇ।

ਇਹਨਾਂ ਖੇਡਾਂ ਵਿੱਚ ਪੰਜ ਪੰਜਾਬੀ ਚੋਬਰਾਂ ਨੇ ਵੀ ਹਿੱਸਾ ਲਿਆ। ਫਰਿਜ਼ਨੋ ਦੇ ਗੁਰਬਖਸ਼ ਸਿੰਘ ਸਿੱਧੂ ਨੇ ਹੈਮਰ ਥਰੋਅ ਵਿੱਚ ਕਾਂਸੀ ਦਾ ਤਗਮਾ ਅਤੇ ਵੇਟ ਥਰੋਅ ਵਿੱਚ ਚੌਥਾ ਸਥਾਨ ਹਾਸਲ ਕੀਤਾ। ਲਾਸ ਏਂਜਲਸ ਇਲਾਕੇ ਦੇ ਬਲਵਿੰਦਰ ਸਿੰਘ ਖਟੜਾ ਨੇ ਜੈਵਲਿਨ ਥਰੋਅ ਵਿੱਚ ਚਾਂਦੀ ਦਾ ਤਗਮਾ ਜਿੱਤਿਆ। ਫਰਿਜ਼ਨੋ ਦੇ ਸੁਖਨੈਨ ਸਿੰਘ ਨੇ ਟ੍ਰਿਪਲ ਜੰਪ ਵਿੱਚ 5ਵਾਂ ਅਤੇ ਲੰਬੀ ਛਾਲ ਵਿੱਚ 8ਵਾਂ ਸਥਾਨ ਪ੍ਰਾਪਤ ਕੀਤਾ।ਸੈਲਮਾ ਦੇ ਕੁਲਵੰਤ ਸਿੰਘ ਲੰਬਰ ਜੋ ਕਿ ਪੰਜਾਬ ਤੋਂ ਸੇਵਾਮੁਕਤ ਪੁਲਿਸ ਅਧਿਕਾਰੀ ਵੀ ਹਨ, ਨੇ ਡਿਸਕਸ ਥਰੋਅ ਵਿੱਚ ਹਿੱਸਾ ਲਿਆ ਅਤੇ ਜੈਵਲਿਨ ਥਰੋਅ ਵਿੱਚ 8ਵਾਂ ਅਤੇ 5ਵਾਂ ਸਥਾਨ ਪ੍ਰਾਪਤ ਕੀਤਾ। ਇਸ ਟਰੈਕ ਐਂਡ ਫੀਲਡ ਮੁਕਾਬਲੇ ਵਿੱਚ ਭਾਰਤ ਤੋਂ ਪੰਜਾਬ ਪੁਲੀਸ ਦੇ ਅਧਿਕਾਰੀ ਜਸਪਿੰਦਰ ਸਿੰਘ ਨੇ 100 ਮੀਟਰ ਹਰਡਲਜ਼ ਵਿੱਚ ਕਾਂਸੀ ਦਾ ਤਗਮਾ ਜਿੱਤਿਆ।।

# ਅਮਰੀਕਾ ਵਿਚ ਇਕ ਛੋਟਾ ਜਹਾਜ਼ ਤਬਾਹ ਹੋ ਕੇ ਜਮੀਨ 'ਤੇ ਡਿੱਗ,ਪਾਇਲਟ ਦੀ ਮੌਤ



ਤਬਾਹ ਹੋਏ ਜਹਾਜ਼ ਦਾ ਨਜਰ ਆ ਰਿਹਾ ਮਲਬਾ

**ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੀ ਨਿਆਗਰਾ ਕਾਊਂਟੀ ਵਿਚ ਇਕ ਛੋਟਾ ਜਹਾਜ਼ ਤਬਾਹ ਹੋ ਕੇ ਜਮੀਨ ਉਪਰ ਡਿੱਗ ਜਾਣ ਦੀ ਖਬਰ ਹੈ। ਡਿੱਗਣ ਉਪਰੰਤ ਜਹਾਜ਼ ਨੂੰ ਅੱਗ ਲੱਗ ਗਈ ਤੇ ਉਸ ਵਿਚ ਸਵਾਰ ਇਕੋ ਇਕ ਪਾਇਲਟ ਦੀ ਮੌਤ ਹੋ ਗਈ। ਸੰਘੀ ਹਵਾਬਾਜ਼ੀ ਪ੍ਰਸ਼ਾਸਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਤਬਾਹ ਹੋਏ ਇਕ ਇੰਜਣ ਵਾਲੇ ਸੇਸਨਾ 208 ਬੀ ਜਹਾਜ਼ ਨੂੰ ਸਕਾਈ ਡਾਈਵਿੰਗ ਲਈ ਵਰਤਿਆ ਜਾਂਦਾ ਸੀ।ਬਿਆਨ ਅਨੁਸਾਰ ਇਹ ਘਟਨਾ ਯੰਗਸਟਾਊਨ ਨੇੜੇ ਲੇਕ ਰੋਡ ਵਿਖੇ ਦੁਪਹਿਰ ਇਕ ਵਜੇ ਤੋਂ ਪਹਿਲਾਂ ਵਾਪਰੀ ਹੈ। ਨਿਆਗਰਾ ਕਾਊਂਟੀ ਸ਼ੈਰਿਫ ਦਫਤਰ ਅਨੁਸਾਰ ਜਹਾਜ਼ ਉਸ ਵੇਲੇ ਤਬਾਹ ਹੋਇਆ ਜਦੋਂ ਉਸ ਵਿਚੋਂ ਸਾਰੇ ਅਸਮਾਨੀ ਗੋਤਾਖੋਰ ਛਾਲ ਮਾਰ ਚੁੱਕੇ ਸਨ ਤੇ ਜਹਾਜ਼ ਵਾਪਿਸ ਜਮੀਨ 'ਤੇ ਉਤਰਨ ਦੀ ਤਿਆਰੀ ਵਿਚ ਸੀ। ਸ਼ੈਰਿਫ ਮਾਈਕਲ ਫਿਲੀਸੈਟੀ ਨੇ ਘਟਨਾ ਨੂੰ ਅਫਸੋਸਨਾਕ ਕਰਾਰ ਦਿੰਦਿਆਂ ਕਿਹਾ ਹੈ ਕਿ ਸਥਾਨਕ ਤੇ ਸੰਘੀ ਲਾਅ ਇਨਫੋਰਸਮੈਂਟ ਅਧਿਕਾਰੀ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ।**

# ਭੱਟ ਸਾਹਿਬਾਨ ਦੀ ਦ੍ਰਿਸ਼ਟੀ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ

ਕਿਸ਼ਤ ਤੀਜੀ

- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



**ਗੁਆਲੀਅਰ ਕਿਲ੍ਹੇ ਦੀ ਕੈਦ ਬੜੀ ਸਖ਼ਤ ਹੁੰਦੀ ਸੀ ਜਿਥੋਂ ਬਚ ਨਿਕਲਣਾ ਅਸੰਭਵ ਹੀ ਸੀ। ਇਥੇ ਹੋਰਨਾਂ ਤੋਂ ਇਲਾਵਾ ਅਨੇਕਾਂ ਰਾਜਸੀ ਕੈਦੀ ਵੀ ਛੋਟੀਆਂ ਜਾਂ ਲੰਮੀਆਂ ਕੈਦਾਂ ਭੁਗਤ ਰਹੇ ਸਨ ਜੋ ਹੌਲੀ ਹੌਲੀ ਗੁਰੂ ਸਾਹਿਬ ਦੀ ਸੰਗਤ ਮਾਨਣ ਲਗ ਪਏ। ਇਥੇ ਗੁਰੂ ਸਾਹਿਬ ਨੂੰ ਕਿੰਨਾ ਸਮਾਂ ਰਖਿਆ ਗਿਆ? ਬਾਰੇ ਸਾਡੇ ਇਤਿਹਾਸਕਾਰਾਂ ਦੇ ਵੱਖ ਵੱਖ ਵਿਚਾਰ ਹਨ। ਮੁਹਸਿਨ ਫ਼ਾਨੀ ਜੋ ੧੭੦੦ ਬਿਕਰਮੀ/੧੬੪੩ ਈਸਵੀ ਵਿਚ ਕੀਰਤਪੁਰ ਆ ਕੇ ਛੇਵੇਂ ਪਾਤਸ਼ਾਹ ਜੀ ਕੋਲ ਕੁਝ ਸਮਾਂ ਠਹਿਰਿਆ, ਨੇ ਆਪਣੀ ਲਿਖਤ ਦਬਿਸਤਾਨ-ਇ ਮਜ਼ਾਹਿਬ (ਧਰਮਗ੍ਰੰਥਾਂ ਦੀ ਸੰਥਾ ਗ੍ਰੰਥ) ਜੋ ਕਿ ਬਹੁਤ ਨੇੜੇ ਦੀ ਗਵਾਹੀ ਮੰਨੀ ਜਾਂਦੀ ਹੈ**

ਗੁਰੂ ਅਰਜਨ ਸਾਹਿਬ ਜੀ ਬਾਬਤ 'ਸਖ਼ਤ ਤਸੀਹਿਆਂ ਨਾਲ ਮੌਤ ਦਾ ਹੁਕਮ' ਸੁਣਾ ਕੇ ਬਾਦਸ਼ਾਹ ਜਹਾਂਗੀਰ ਕਸ਼ਮੀਰ ਦੇ ਰਸਤੇ ਕਾਬੁਲ ਜਾ ਚੁੱਕਾ ਸੀ, ਹੁਣ ਛੇਵੇਂ ਪਾਤਸ਼ਾਹ ਜੀ 'ਤੇ ਨਿਗਰਾਨੀ ਸ਼ੇਖ਼ ਫ਼ਰੀਦ ਬੁਖ਼ਾਰੀ ਦੀ ਸੀ। ਗੁਰੂ ਸਾਹਿਬ ਜੀ ਪਹਿਲੇ ਛੇ ਮਹੀਨੇ ਡਰੌਲੀ ਵਿਚ ਹੀ, ਫਿਰ ਗੋਇੰਦਵਾਲ ਅਤੇ ਲਾਹੌਰ ਲਗਪਗ ਇਕ ਸਾਲ ਰਹੇ ਪਰ ਇਸ ਸਮੇਂ ਦੌਰਾਨ ਪਰਵਾਰ ਡਰੌਲੀ ਹੀ ਰਿਹਾ।

**ਗੁਰਦਿੱਤਾ ਜੀ ਦਾ ਜਨਮ**

ਭਾਈ ਕੀ ਡਰੌਲੀ ਨਿਵਾਸ ਸਮੇਂ ਫੱਗਣ ਦੀ ਪੂਰਨਮਾਸ਼ੀ ੧੬੬੩ ਬਿਕਰਮੀ/ ੧੬੦੭ ਈਸਵੀ ਨੂੰ ਦਮੋਦਰੀ ਜੀ ਦੇ ਉਦਰ ਤੋਂ (ਬਾਬਾ) **ਗੁਰਦਿੱਤਾ ਜੀ ਨੇ ਜਨਮ ਲਿਆ:**

ਸੰਬਤ ਸੋਲਾ ਸੈ ਤ੍ਰੈਸਠ ਫਲਗੁਨ ਮਾਸ ਕੀ ਪੂਰਨਮਾਸੀ ਕੇ ਦਿਹੁ ਮਾਤਾ ਦਮੋਦਰੀ ਜੀ ਕੇ ਉਦਰ ਥੀਂ ਸੁਭ ਪਲ ਜਨਮ ਹੂਆ। ਗਾਮ ਡਰੌਲੀ ਕੇ ਮਲਹਾਨ ਜੰਗਲ ਦੇ ਸਮੇਂ ਭੱਟ ਬਿਹਾਰੀ ਕੋ ਮਾਨਾ ਗੁਰੂ ਕੀ ਕੜਾਹੀ ਕੀ। (ਭੱਟ ਵਹੀ ਤਲੌਂਡਾ ਅਤੇ ਭੱਟ ਵਹੀ ਪੂਰਬੀ ਦਖਣੀ )

**ਗੁਰੂ ਸਾਹਿਬ ਜੀ ਦੀ ਨਜ਼ਰਬੰਦੀ**

ਪੰਜਵੇਂ ਪਾਤਸ਼ਾਹ ਜੀ ਨੂੰ ਦਰਦਨਾਕ ਮੌਤ ਦੀ ਸਜ਼ਾ ਦੇਣ ਦੇ ਹੁਕਮ ਦੀ ਤਾਮੀਲ ਵਾਸਤੇ ਸ਼ੇਖ਼ ਫ਼ਰੀਦ ਬੁਖ਼ਾਰੀ ਨੂੰ ਨਿਯੁਕਤ ਕਰ ਕੇ ਬਾਦਸ਼ਾਹ ਆਪ ਭਾਰੀ ਗਰਮੀ ਵਿਚ ਕਸ਼ਮੀਰ ਨੂੰ ਰਵਾਨਾ ਹੋ ਗਿਆ ਸੀ। ਓਥੋਂ ਓਹ ਕਾਬੁਲ ਚਲਾ ਗਿਆ ਜਿਥੋਂ ੨੩ ਮੱਘਰ ੧੬੬੪ ਬਿਕਰਮੀ/੧੬੦੭ ਈਸਵੀ ਨੂੰ ਵਾਪਸ ਲਾਹੌਰ ਪਹੁੰਚਿਆ। ਇਸ ਇਕ ਸਾਲ ਪੰਜ ਮਹੀਨਿਆਂ ਦੌਰਾਨ ਗੁਰੂ ਸਾਹਿਬ ਡਰੌਲੀ ਅਤੇ ਗੋਇੰਦਵਾਲ ਵਿਚ ਕੁਝ ਸਮਾਂ ਬਿਤਾਉਣ ਉਪਰੰਤ ਸ਼ੇਖ਼ ਫ਼ਰੀਦ ਬੁਖ਼ਾਰੀ (ਮੁਰਤਜ਼ਾ ਖ਼ਾਨ) ਦੀ ਨਜ਼ਰਬੰਦੀ ਵਿਚ ਲਾਹੌਰ ਰਹੇ। ਬਾਦਸ਼ਾਹ ਕਾਬੁਲ ਵਾਪਸੀ 'ਤੇ ਲਾਹੌਰ ਇਕ ਮਹੀਨਾ ਇਕੀ ਦਿਨ ਠਹਿਰ ਕੇ ੧੩ ਮਾਘ ੧੬੬੪ ਬਿਕਰਮੀ/ ੧੬੦੭ ਈਸਵੀ ਨੂੰ ਦਿੱਲੀ ਰਵਾਨਾ ਹੋਇਆ। ਰਵਾਨਗੀ ਸਮੇਂ ਅਹਿਲਕਾਰਾਂ ਦੀ ਸਲਾਹ 'ਤੇ ਗੁਰੂ ਸਾਹਿਬ 'ਤੇ ਚੌਂਕੀ (ਪਹਿਰਾ) ਲਾ ਕੇ ਨਾਲ ਲੈ ਗਿਆ ਅਰ ਦਿੱਲੀ ਪਹੁੰਚ ਕੇ ਗੁਰੂ ਸਾਹਿਬ ਨੂੰ ਗੁਆਲੀਅਰ ਕਿਲ੍ਹੇ ਵਿਚ ਭੇਜ ਦਿੱਤਾ:

ਤਾਂ ਤੇ ਇਨ ਪਰ ਚੌਂਕੀ ਕੀਜੈ।
ਇਨ ਕੋ ਆਪਨੇ ਸੰਗ ਰਖੀਜੈ।
ਸੁਨ ਬਾਦਸ਼ਾਹ ਮਸਲਤ ਮਾਨੀ।
ਕਰ ਚੌਕੀ ਤਾਗੀਦ ਬਖਾਨੀ॥੩॥
ਕਰਾ ਕੂਚ ਦਿੱਲੀ ਮਹਿ ਗਏ..॥੪॥
ਕਰੇ ਪਾਤਸ਼ਾਹ ਦਾਖਲ ਗੜ ਮਾਹਿ।
ਸਤਿਗੁਰ ਜੀ ਕੀਨਾ ਡੇਰਾ ਤਾਹਿ।
ਗੁਰੂ ਰਹੇ ਗੁਆਲੀਅਰ ਗੜ੍ਹ ਮਾਂਹਿ।
ਯਹਾਂ ਪੈਠ ਨਿਕਸ ਕਾਹੂੰ ਕੀ ਨਾਹਿ॥੨੪॥
ਬਡੇ ਲੋਕ ਬੰਦ ਤਹ ਰਹੈ।
ਸਤਿਗੁਰ ਪਾਸ ਆਨ ਸਭ ਬਹੈ..॥੨੬॥

(ਕਵੀ ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਸੰਪਾਦਕ ਡਾ. ਗੋਬਿੰਦ ਸਿੰਘ ਲਾਂਬਾ, ਸਾਖੀ ਤੀਜੀ, ੧੯੩੩ ਬਿਕਰਮੀ/੧੭੭੬ ਈਸਵੀ, ਭਾਸ਼ਾ ਵਿਭਾਗ ਪਟਿਆਲਾ)

ਗੁਆਲੀਅਰ ਕਿਲ੍ਹੇ ਦੀ ਕੈਦ ਬੜੀ ਸਖ਼ਤ ਹੁੰਦੀ ਸੀ ਜਿਥੋਂ ਬਚ ਨਿਕਲਣਾ ਅਸੰਭਵ ਹੀ ਸੀ। ਇਥੇ ਹੋਰਨਾਂ ਤੋਂ ਇਲਾਵਾ ਅਨੇਕਾਂ ਰਾਜਸੀ ਕੈਦੀ ਵੀ ਛੋਟੀਆਂ ਜਾਂ ਲੰਮੀਆਂ ਕੈਦਾਂ ਭੁਗਤ ਰਹੇ ਸਨ ਜੋ ਹੌਲੀ ਹੌਲੀ ਗੁਰੂ ਸਾਹਿਬ ਦੀ ਸੰਗਤ ਮਾਨਣ ਲਗ ਪਏ। ਇਥੇ ਗੁਰੂ ਸਾਹਿਬ ਨੂੰ ਕਿੰਨਾ ਸਮਾਂ ਰਖਿਆ ਗਿਆ? ਬਾਰੇ ਸਾਡੇ ਇਤਿਹਾਸਕਾਰਾਂ ਦੇ ਵੱਖ ਵੱਖ ਵਿਚਾਰ ਹਨ। ਮੁਹਸਿਨ ਫ਼ਾਨੀ ਜੋ ੧੭੦੦ ਬਿਕਰਮੀ/੧੬੪੩ ਈਸਵੀ ਵਿਚ ਕੀਰਤਪੁਰ ਆ ਕੇ ਛੇਵੇਂ ਪਾਤਸ਼ਾਹ ਜੀ ਕੋਲ ਕੁਝ ਸਮਾਂ ਠਹਿਰਿਆ, ਨੇ ਆਪਣੀ ਲਿਖਤ ਦਬਿਸਤਾਨ-ਇ ਮਜ਼ਾਹਿਬ (ਧਰਮਗ੍ਰੰਥਾਂ ਦੀ ਸੰਥਾ ਗ੍ਰੰਥ) ਜੋ ਕਿ ਬਹੁਤ ਨੇੜੇ ਦੀ ਗਵਾਹੀ ਮੰਨੀ ਜਾਂਦੀ ਹੈ, ਇਉਂ ਲਿਖਿਆ ਹੈ:

ਹਜ਼ਰਤ ਜੰਨਤ ਮਕਾਨੀ ਬਿਨ ਬਰ ਤਲਬ ਬਾਕੀ ਮਤਾਲਬਾ ਕਿ ਬਰਾਇ ਜੁਰੀਮਾਂ ਬਰ ਅਰਜਨ ਮੱਲ ਮੁਕਰਰ ਫ਼ਰਮੂਦਾ ਬੂਦੰਦ। ਹਰਿਗੋਬਿੰਦ ਰਾ ਦਰ ਗੁਆਲੀਅਰ ਫ਼ਿਰਸਤਾਦ ਦੁਆਜਦਾ ਸਾਲ ਵਰਾਂ ਮਕਾਮ ਮਾਂਦਵ ਨਮੀ ਗੁਜਾਸਤਨ-ਕਿ ਤੁਆਮ ਨਮ ਕੀਨੈ ਖੁਰਦ। ਭਾਵ ਜਿਹੜਾ ਜੁਰਮਾਨਾ ਗੁਰੂ ਅਰਜਨ ਦੇਵ ਜੀ ਨੂੰ ਜਹਾਂਗੀਰ ਬਾਦਸ਼ਾਹ ਨੇ ਕੀਤਾ ਸੀ, ਉਸ ਵਿਚ ਬਾਰਾਂ ਸਾਲ ਇਨ੍ਹਾਂ ਦੇ ਸਾਹਿਬਜ਼ਾਦੇ ਗੁਰੂ ਹਰਗੋਬਿੰਦ ਜੀ ਨੂੰ ਗੜ੍ਹ ਗੁਆਲੀਅਰ ਵਿਚ ਰਹਿਣਾ ਪਿਆ। ਇਨ੍ਹਾਂ ਨੂੰ ਨਮਕੀਨ ਖਾਣਾ ਨਹੀਂ ਸੀ ਦਿਤਾ ਜਾਂਦਾ ਭਾਵ ਦਾਲ ਸਬਜ਼ੀ ਵਿਚ ਲੂਣ ਨਹੀਂ ਸੀ ਪਾਇਆ ਜਾਂਦਾ'।

ਉਪਰੋਕਤ ਅਨੁਸਾਰ ਗੁਰੂ ਸਾਹਿਬ ੧੨ ਸਾਲ ਗੁਆਲੀਅਰ ਕਿਲ੍ਹੇ ਵਿਚ ਰਹੇ ਜਿਥੋਂ ਕੱਤਕ ਵਦੀ ਚੌਦਸ ੧੬੭੬ ਬਿਕਰਮੀ/੧੬੧੯ ਈਸਵੀ ਨੂੰ ਰਾਜਾ ਕਲਿਆਨ ਚੰਦ ਕਹਿਲੂਰੀਆ ਆਦਿ ਰਾਜਿਆਂ ਸਹਿਤ ਰਿਹਾ ਹੋਏ। ਗੁਆਲੀਅਰ ਨਿਵਾਸੀ ਨਾਇਕ ਹਰੀ ਰਾਮ (ਕਨਾਵਤ/ਕਨੌਤ ਵਣਜਾਰਾ) ਜੋ ਕਿਲ੍ਹੇ ਦਾ ਦਰੋਗਾ ਹੋਣ ਦੇ ਨਾਲ ਗੁਰੂ-ਘਰ ਦਾ ਸ਼ਰਧਾਲੂ ਵੀ ਸੀ, ਗੁਰੂ ਸਾਹਿਬ ਨੂੰ ਆਪਣੇ ਪਾਸ ਲੈ ਆਇਆ ਅਰ ਆਮਦ ਦੀ ਖ਼ੁਸ਼ੀ ਹਵੇਲੀ ਵਿਚ ਰਾਤ ਨੂੰ ਦੀਪਮਾਲਾ ਕੀਤੀ। ਗੁਰੂ ਸਾਹਿਬ ਇਕ ਰਾਤ ਇਥੇ ਰਹਿ ਕੇ ਆਗਰਾ ਰਵਾਨਾ ਹੋਏ:

ੳ. ਗੁਰੂ ਹਰਗਬਿੰਦ ਜੀ ਮਹਲ ਛਟਾ ਬੇਟਾ ਗੁਰੂ ਅਰਜਨ ਜੀ ਕਾ, ਸੋਢੀ ਖੱਤਰੀ ਚੱਕ ਗੁਰੂ ਕਾ, ਪਰਗਣਾ ਨਿਝਰਆਲਾ, ਸੰਮਤ ਸੋਲਾਂ ਸੈ ਛਿਹੱਤਰਾ ਕੱਤਕ ਮਾਸੇ, ਕ੍ਰਿਸ਼ਨਾ (ਹਨੇਰੇ) ਪੱਖੇ ਚੌਦਸ ਕੇ ਦਿਂਹੁ ਗੁਰੂ ਜੀ ਬਾਵਨ ਰਾਜਿਓਂ ਕੇ ਗੈਲ ਗੜ੍ਹ ਗੁਆਲੀਅਰ ਸੇ ਬੰਧਨ ਮੁਕਤ ਹੂਏ।

ਅ. ਨਾਇਕ ਹਰੀ ਰਾਮ ਬੇਟਾ ਨਾਇਕ ਹਰਿਬੰਸ ਲਾਲ ਕਾ ਪੋਤਾ ਠਾਕੁਰ ਦਾਸ ਕਾ ਪੜਪੋਤਾ ਧਰਮ ਚੰਦ ਕਾ ਬੰਸ ਰਾਧਾ ਕ੍ਰਿਸ਼ਨ ਕੀ ਚੰਦ੍ਰ ਬੰਸੀ ਜਾਦਵ ਬੜਤੀਆ ਕਨਾਵਤ ਨੇ ਸੰਮਤ ੧੬੭੬ ਕਤਿਕ ਬਦੀ ਚੌਦਸ ਕੇ ਦਿਹੁ ਬੰਦੀਛੋੜ ਗੁਰੂ ਹਰਿ ਗੋਬਿੰਦ ਜੀ ਕੇ ਬਾਵਨ ਰਾਜਯੋਂ ਕੇ ਸਾਥ ਬੰਧਨ ਮੁਕਤ ਹੋਇ ਕੇ ਗ੍ਰਿਹਿ ਮੇਂ ਨਿਵਾਸ ਕਰ ਕੇ ਬਿਦਾਇਗੀ ਲੀ, ਰਾਸਤੇ ਕਾ ਪੰਧ ਮੁਕ-ਾਇ ਆਗਰੇ ਬਾਦਸ਼ਾਹ ਜਹਾਂਗੀਰ ਪਾਸ ਜਾਇ ਨਿਵਾਸ ਕੀਆ। (ਭੱਟ ਵਹੀ ਜਾਦੋ ਬੰਸੀ ਬੜਤੀਆਂ ਕੀ)

ਬਾਦਸ਼ਾਹ ਨੂੰ ਕਸ਼ਮੀਰ ਹੋ ਕੇ ਆਇਆਂ ੧੨ ਸਾਲ ਦਾ ਸਮਾਂ ਹੋ ਗਿਆ ਸੀ ਜਿਸ ਕਰ ਕੇ ਹੁਣ ਫਿਰ ਜਾਣ ਲਈ ਤਿਆਰ ਹੋ ਗਿਆ ਅਰ ਉਸ ਨੇ ਗੁਰੂ ਸਾਹਿਬ ਨੂੰ ਵੀ ਆਪਣੇ ਨਾਲ ਲੈ ਲਿਆ। ਸ੍ਰ. ਰਣਧੀਰ ਸਿੰਘ ਰੀਸਰਚ ਸਕਾਲਰ ਅਨੁਸਾਰ ਆਗਰੇ ਤੋਂ ਚੱਲ ਕੇ ਰਸਤੇ ਵਿਚ ਕੁਝ ਥਾਵਾਂ 'ਤੇ ਠਹਿਰਦੇ ਪੋਹ ਮਹੀਨੇ ਦੇ ਸ਼ੁਰੂ ਵਿਚ ੧੬੭੬ ਬਿਕਰਮੀ/੧੬੧੯ ਈਸਵੀ ਨੂੰ ਕਲਾਨੌਰ ਬਟਾਲਾ ਵਿਚ ਆ ਮੁਕਾਮ ਕੀਤਾ। ਪਤਾ ਲੱਗਣ 'ਤੇ ਬਾਬਾ ਬੁੱਢਾ, ਭਾਈ ਗੁਰਦਾਸ, ਭਾਈ ਬੱਲੂ ਅਤੇ ਹੋਰ ਸਿਖ ਗੁਰੂ ਸਾਹਿਬ ਨੂੰ ਆ ਮਿਲੇ:

ੳ. ਗੁਰੂ ਹਰਿਗੋਬਿੰਦ ਜੀ ਮਹਿਲ ਛੱਟਮਾ... ਗਢ ਗੁਆਲੀਅਰ ਸੇ ਮੁਕਤ ਹੋਇ ਬਾਦਸ਼ਾਹ ਜਹਾਂਗੀਰ ਕੇ ਗੈਲ ਗਾਮ ਕਲਾਨੌਰ ਪ੍ਰਗਨਾ ਬਟਾਲਾ ਮੇਂ ਆਇ। ਸੰਮਤ ਸੋਲਾਂ ਸੈ ਛਿਹਤ੍ਰਾ ਪੋਖ ਮਾਸ ਕੀ ਸੰਗਰਾਂਦ ਕੇ ਦਿਹੁ। ਗੁਰੂ ਜੀ ਕਾ ਆਨਾ ਸੁਨ ਬਾਬਾ ਬੁਢਾ ਬੇਟਾ ਸੁਘੇ ਰੰਧਾਵੇ ਕਾ, ਗੁਰਦਾਸ ਬੇਟਾ ਈਸਰ ਦਾਸ ਭਲੇ ਕਾ, ਬਲੂ ਰਾਇ ਬੇਟਾ ਮੂਲ ਚੰਦ ਜਲਹਾਨੇ ਪ੍ਰਮਾਰ ਕਾ, ਕੌਲ ਜੀ ਦਾਸ ਬੇਟਾ ਅੰਬੀਏ ਹਜਾਬਤ ਚਾਹਿਮਾਨ (ਚੁਹਾਨ) ਕਾ ਹੋਰ ਸਿਖ ਫਕੀਰ ਦਰਸ਼ਨ ਪਾਨੇ ਆਏ। (ਭੱਟ ਵਹੀ ਤਲਉਂਡਾ ਜੀਂਦ)

ਅ. ਗੁਰੂ ਹਰਿਗੋਬਿੰਦ ਸਾਹਿਬ ਜੀ ਕਿਲਾ ਗਵਾਲੀਅਰ ਸੇ ਰਿਹਾਈ ਪਾਇ ਬਾਦਸ਼ਾਹ ਜਹਾਂਗੀਰ ਕੇ ਸਾਥ ਕਸ਼ਮੀਰ ਦੇਸ ਆਇ। ਸੰਮਤ ਸੋਲਾਂ ਸੈ ਛਿਹਤ੍ਰਾ ਪੋਖ ਮਾਸ ਕੀ ਪਹਿਲੀ ਕੇ ਦਿਬਸ ਗਾਮ ਕਲਾਨੌਰ ਮੇਂ ਆਇ ਡੇਰਾ ਕੀਆ। ਚਮਾਂ ਦਿਸਾ ਕੀਆਂ ਸੰਗਤਾਂ ਗੁਰੂ ਜੀ ਕਾ ਆਨਾ ਸੁਨ ਦਰਸ਼ਨ ਪਾਨੇ ਆਈਆਂ। ਰਾਮਦਾਸ ਪੁਰੇ ਤੇ ਬਾਬਾ ਬੁਢਾ ਜੀ ਆਇ। ਸਾਥ ਇਨ ਕੇ ਭਾਈ ਗੁਰਦਾਸ, ਬਲੂ ਰਾਇ ਤੇ ਕੌਲ ਜੀ ਆਇਆ। ਸਭਨਾਂ ਛਟਮ ਗੁਰੂ ਜੀ ਕਾ ਦਰਸ਼ਨ ਪਾਇਆ। (ਭਾਈ ਸੀਤਲ ਸਿੰਘ ਹਜ਼ੂਰੀਆ, ਅਰਦਾਸ ਛੇਵੀਂ)



ਬਾਦਸ਼ਾਹ ਕਲਾਨੌਰ ਤੋਂ ਗੁਰੂ ਸਾਹਿਬ ਨੂੰ ਨਾਲ ਲੈ ਕੇ ਸਰਦੀਆਂ ਵਿਚ ਹੀ ਕਸ਼ਮੀਰ ਚਲਾ ਗਿਆ। ਇਸ ਵੇਲੇ ਇਸ ਦਾ ਵਤੀਰਾ ਹੁਣ ਦੁਸ਼ਮਣ ਦੀ ਥਾਂ ਸ਼ਰਧਾਲੂ ਦੋਸਤ ਵਾਲਾ ਬਣ ਚੁਕਿਆ ਸੀ। ਕਸ਼ਮੀਰ ਵਿਚ ਗੁਰੂ ਸਾਹਿਬ ਬਾਦਸ਼ਾਹ ਨਾਲੋਂ ਵੱਖ ਹੋ ਕੇ ਵੀ ਕਈ ਥਾਵਾਂ 'ਤੇ ਪਹੁੰਚ ਕੇ ਸਿੱਖਾਂ ਨੂੰ ਮਿਲੇ ਜਿਵੇਂ ਕਿ ਇਤਿਹਾਸ ਵਿਚ ਮਿਲਦਾ ਹੈ। ਕਸ਼ਮੀਰ ਤੋਂ ਵਾਪਸ ਆਪ ਜੀ ਬਾਦਸ਼ਾਹ ਨਾਲ ਕੱਤਕ ਮਹੀਨੇ ੧੬੭੭ ਬਿਕਰਮੀ/ ੧੬੨੦ ਈਸਵੀ ਨੂੰ ਲਾਹੌਰ ਪਹੁੰਚੇ। ਲਾਹੌਰ ਪਹੁੰਚਣ 'ਤੇ ਗੁਰੂ ਸਾਹਿਬ ਨੇ ਬਾਦਸ਼ਾਹ ਪਾਸੋਂ ਵਿਦਾਇਗੀ ਲਈ ਅਰ ਗੋਇੰਦਵਾਲ ਆ ਗਏ। ਇਥੇ ਪਹੁੰਚਿਆਂ ਪਤਾ ਲੱਗਾ ਕਿ ਤਾਇਆ ਪ੍ਰਿਥੀ ਚੰਦ ਹੇਹਰਾਂ ਨਗਰ,ਪੱਟੀ ਵਿਚ ਪ੍ਰਲੋਕ ਗਮਨ ਕਰ ਗਏ ਹਨ:

ਸੰਮਤ ਸੈ ਛਿਹਤ੍ਰਾ ਬੈਸਾਖ ਸੁਦੀ ਇਕਾਦਸ਼ੀ ਮੰਗਲਵਾਰ ਕੇ ਦਿਬਸ ਗਾਮ ਹੇਹਰ ਪ੍ਰਗਨਾ ਪਟੀ ਵਿਖੇ ਬੇਟੇ ਮਿਹਰਬਾਨ ਕੋ ਗੱਦੀ ਦੇ ਕੇ ਅਗਲੇ ਦਿਬਸ ਬੈਸਾਖ ਸੁਦੀ ਦੁਆਦਸੀ ਬੁਧਵਾਰ ਕੋ ਪ੍ਰਲੋਕ ਪਿਆਨਾ ਕਰ ਗਏ। (ਬਾਬਾ ਹਰਿ ਜੀ, ਗੋਸ਼ਟਿ ਗੁਰੂ ਮਿਹਰਵਾਨ, ਤੇ ਬਾਬਾ ਦਰਬਾਰੀ (ਚੇਲਾ ਬਾਬਾ ਅਭੈ ਰਾਮ ਜੀ ਕਾ ਜਿਨ੍ਹਾਂ ਦਸ਼ਮੇਸ਼ ਜੀ ਤੋਂ ਖੰਡਾ ਪਾਹੁਲ ਲਈ) ਗੁਰੂ ਪ੍ਰਿਥੀ ਚੰਦ ਗੁਰ ਬੰਸਾਵਲੀ, ੧੭੫੫ ਬਿਕਰਮੀ/੧੬੯੮ ਈਸਵੀ)


ਗੁਰੂ ਸਾਹਿਬ ਨੇ ਕੁਝ ਗੁਰਸਿਖਾਂ ਨਾਲ ਮਸ਼ਵਰਾ ਕਰਨ ਉਪਰੰਤ ਤਾਏ ਦੇ ਪੁੱਤਰ ਮਿਹਰਵਾਨ ਨੂੰ ਹਮਦਰਦੀ ਪਰਗਟ ਕਰਨ ਜਾਣਾ ਮੁਨਾਸਬ ਸਮਝ ਕੇ ਬਾਬਾ ਮੋਹਰੀ ਜੀ ਦੇ ਸਪੁੱਤਰ ਬਾਬਾ ਅਰਜਾਨੀ, ਬਾਬਾ ਬੁੱਢਾ, ਭਾਈ ਗੁਰਦਾਸ ਅਤੇ ਭਾਈ ਬੱਲੂ ਆਦਿ ਨਾਲ ਹੇਹਰੀਂ ਗਏ:

ਗੁਰੂ ਹਰਿਗੋਬਿੰਦ ਜੀ ਮਹਲ ਛਟਮਾ... ਤਾਊ ਗੁਰੂ ਪ੍ਰਿਥੀ ਚੰਦ ਕੀ ਮਕਾਣ ਦੇਨ ਗਾਮ ਗੋਇੰਦਵਾਲ ਸੇ ਚਲ ਹੇਹਰੀ ਪ੍ਰਗਨਾ ਪਟੀ ਮੇਂ ਗੁਰੂ ਮਿਹਰਬਾਨ ਕੇ ਘਰ ਆਏ। ਸਾਲ ਸੋਲਾਂ ਸੈ ਸਤੱਤ੍ਰਾ ਪੋਖ ਪ੍ਰਬਿਸ਼ਟੇ ਆਠਾਈ ਦਿਹੁ ਸੁਕਰਬ-ਾਰ ਕੋ। ਗੈਲੋ ਅਰਜਾਨੀ ਸਾਹਿਬ ਬੇਟਾ ਗੁਰੂ ਮੋਹਰੀ ਜੀ ਕਾ, ਬਾਵਾ ਬੁਢਾ 'ਰਾਮਦਾਸ' ਬੇਟਾ ਸੁੱਘੇ ਰੰਧਾਵੇ ਕਾ, ਗੁਰਦਾਸ ਬੇਟਾ ਈਸਰ ਦਾਸ ਭਲੇ ਕਾ, ਬਲੂ ਰਾਇ ਬੇਟਾ ਮੂਲ ਚੰਦ ਜਲਹਾਨੇ ਪ੍ਰਮਾਰ ਕਾ, ਕੌਲ ਜੀ ਦਾਸ ਬੇਟਾ ਅੰਬੀਏ ਹਜਾਬਤ ਚਾਹਿਮਾਨ ਕਾ ਹੋਰ ਸਿਖ ਫ਼ਕੀਰ ਆਏ। (ਭਟ ਵਹੀ ਮੁਲਤਾਨੀ ਸਿੰਧੀ, ਖਾਤਾ ਹਜਾਬਤ ਚੁਹਾਨੋਂ ਕਾ, ਲਿਖਤ ਭੱਟ ਕੀਰਤ ਕੀ ਬੇਟਾ ਬਾਬਾ ਭਿੱਖਾ ਜੀ ਕਾ)

ਚਲਦਾ...

ਗੁਰਮੀਤ ਸਿੰਘ ਪਲਾਹੀ
-9815802070

# ਪੰਜਾਬ 'ਚ ਵਾਤਾਵਰਣ ਦਾ ਨਿਘਾਰ



**ਪੰਜਾਬ ਦੇ ਖੇਤਾਂ ਦੀ 75ਫੀਸਦੀ ਸਿੰਚਾਈ ਦਰਿਆਵਾਂ ਜਾਂ ਨਹਿਰਾਂ ਦੀ ਬਜਾਇ ਧਰਤੀ ਹੇਠਲੇ ਪਾਣੀ ਜਾਂ ਟਿਊਬਵੈਲਾਂ ਰਾਹੀਂ ਹੋ ਰਹੀ ਹੈ। ਬੇਕਾਬੂ ਘਰੇਲੂ ਖਪਤ ਤੇ ਅੰਨੇਵਾਹ ਪਾਣੀ ਦੀ ਸਨਅਤੀ ਵਰਤੋਂ ਵੀ ਨਿਘਾਰ ਦਾ ਕਾਰਨ ਹੈ, ਉਪਰੋਂ ਆਲਮੀ ਤਪਸ਼ ਤੇ ਜੰਗਲਾਂ ਦੀ ਕਟਾਈ ਨੇ ਮੀਹਾਂ ਦੀ ਕਿੱਲਤ ਪੈਦਾ ਕੀਤੀ ਹੈ। ਹਾਲਾਤ ਇਹ ਹਨ ਕਿ 23 ਜ਼ਿਲਿਆਂ ਵਿਚੋਂ 18 ਜ਼ਿਲਿਆਂ ਵਿਚ ਧਰਤੀ ਹੇਠਲੇ ਪੀਣਯੋਗ ਪਾਣੀ ਦਾ ਪੱਧਰ ਹਰ ਸਾਲ ਇਕ ਮੀਟਰ ਦੇ ਕਰੀਬ ਘੱਟ ਰਿਹਾ ਹੈ।**



ਪੰਜਾਬ 'ਚ ਵਾਤਾਵਰਣ ਦਾ ਨਿਘਾਰ ਲਗਾਤਾਰ ਜਾਰੀ ਹੈ। ਜੰਗਲਾਂ ਦੀ ਅੰਨੇਵਾਹ ਕਟਾਈ ਇਸਦਾ ਵੱਡਾ ਕਾਰਣ ਹੈ। ਦੇਸ਼ ਦੀ ਵੰਡ ਵੇਲੇ ਪੰਜਾਬ 'ਚ ਜੰਗਲਾਤ ਤਹਿਤ ਰਕਬਾ 40ਫੀਸਦੀ ਸੀ, ਜੋ ਹੁਣ ਘੱਟ ਕੇ 3.7 ਫੀਸਦੀ ਰਹਿ ਗਿਆ ਹੈ। ਮਾਹਿਰਾਂ ਦੀ ਰਾਇ ਅਨੁਸਾਰ ਵਸੋਂ ਲਈ ਵਧੀਆ ਵਾਤਾਵਰਣ ਵਾਸਤੇ ਧਰਤੀ ਦੇ 33ਫੀਸਦੀ ਹਿੱਸੇ ਉੱਪਰ ਜੰਗਲ ਹੋਣਾ ਜ਼ਰੂਰੀ ਹੈ। ਫ਼ਿਕਰ ਵਾਲੀ ਗੱਲ ਤਾਂ ਇਹ ਹੈ ਕਿ ਪੰਜਾਬ ਦਾ ਜੋ ਜੰਗਲੀ ਰਕਬਾ ਬਚਿਆ-ਖੁਚਿਆ ਹੈ, ਉਹ ਮਕਾਨ ਉਸਾਰੀ ਅਤੇ ਉਦਯੋਗਿਕ ਪਸਾਰੇ ਦੀ ਮਾਰ ਹੇਠ ਹੈ।

ਪੰਜਾਬ ਦੀ ਆਬੋ-ਹਵਾ ਪਲੀਤ ਹੋ ਰਹੀ ਹੈ। ਸੂਬੇ 'ਚ ਪੀਣ ਵਾਲੇ ਪਾਣੀ ਦੀ ਘਾਟ ਹੋ ਗਈ ਹੈ। ਗੰਦੇ ਪਾਣੀ ਨੇ ਸਾਡੇ ਸਾਫ਼-ਸੁਥਰੇ ਦਰਿਆਵਾਂ ਦਾ ਪਾਣੀ ਤੱਕ ਗਲੀਜ਼ ਕਰ ਦਿੱਤਾ ਹੈ। ਇਹ ਪਾਣੀ ਕੈਂਸਰ ਆਦਿ ਭਿਆਨਕ ਬਿਮਾਰੀਆਂ ਨੂੰ ਜਨਮ ਦੇ ਰਿਹਾ ਹੈ। ਕੋਇਲੇ ਨਾਲ ਚੱਲਣ ਵਾਲੇ ਬਿਜਲੀ ਕਾਰਖਾਨਿਆਂ 'ਚੋਂ ਨਿਕਲਦੇ ਰਸਾਇਣ, ਵਿਕੀਰਨ ਕਿਰਨਾਂ ਤੇ ਬਦਬੂਦਾਰ ਹਵਾ ਨੇ ਨਵਜੰਮੇ ਬੱਚਿਆਂ ਦੇ ਦਿਮਾਗ਼ ਤੇ ਜਿਸਮਾਂ ਵਿੱਚ ਨਿਰਯੋਗਤਾ ਲੈ ਆਂਦੀ ਹੈ। ਪੰਜਾਬ ਦੀ ਹਵਾ ਦੂਸ਼ਿਤ ਹੈ, ਪੰਜਾਬ ਦਾ ਪਾਣੀ ਗੰਦਲਾ ਹੈ, ਪਾਣੀ ਦੀ ਥੁੜ ਪੰਜਾਬ ਨੂੰ ਚਿਤਾਵਨੀ ਦੇ ਰਹੀ ਹੈ। ਕੀ ਪੰਜਾਬ, ਹਵਾ, ਪਾਣੀ ਤੇ ਅੰਨ ਤੋਂ ਬਿਨਾਂ ਆਪਣੀ ਹੋਂਦ ਦੀ ਕਲਪਨਾ ਵੀ ਕਰ ਸਕਦਾ ਹੈ ?

ਵੀਹਵੀ ਸਦੀ ਦੇ ਸ਼ੁਰੂ ਵਿਚ ਵਧਦੀ ਹੋਈ ਵਸੋਂ ਕਾਰਨ ਜਦੋਂ ਦੇਸ਼ ਭੁੱਖਮਰੀ ਦੇ ਕਿਨਾਰੇ ਸੀ, ਅੰਗਰੇਜ਼ੀ ਸਾਸ਼ਨ ਦੌਰਾਨ ਪੰਜਾਬ ਦੇ ਮਿਹਨਤਕਸ਼ ਕਿਸਾਨਾਂ-ਮਜ਼ਦੂਰਾਂ ਨੇ ਪਾਣੀ ਦੇ ਬਲਬੂਤੇ ਪੰਜਾਬ 'ਚ ਅੰਨ ਉਗਾ ਕੇ ਦੇਸ਼ ਦੀ ਬਾਂਹ ਫੜੀ ਸੀ। ਅਜ਼ਾਦੀ ਤੋਂ ਬਾਅਦ ਫਿਰ ਇਕ ਵੇਰ ਹਰੇ ਇਨਕਲਾਬ ਦੌਰਾਨ ਪੰਜਾਬੀ ਕਿਸਾਨਾਂ ਨੇ ਧਰਤੀ ਦਾ ਸੀਨਾ ਪਾੜ ਕੇ ਤੇ ਪੰਜਾਬ ਦੀ ਧਰਤੀ ਹੇਠਲੇ ਪਾਣੀਆਂ ਦੀ ਇੰਤਹਾ ਵਰਤੋਂ ਕਰਕੇ ਦੇਸ਼ ਵਿਚ ਭੁੱਖੇ ਲੋਕਾਂ ਦੇ ਮੂੰਹ ਅਨਾਜ ਪਾਇਆ ਸੀ। ਪਰ ਪੰਜਾਬ ਨੂੰ ਇਸ ਦੀ ਕੀਮਤ ਹੁਣ ਚੁਕਾਉਣੀ ਪੈ ਰਹੀ ਹੈ। ਧਰਤੀ ਹੇਠਲਾ ਪਾਣੀ ਇਸ ਕਦਰ ਮੁਕਦਾ ਜਾ ਰਿਹਾ ਹੈ ਤੇ ਚਿਤਾਵਨੀ ਮਿਲ ਰਹੀ ਹੈ ਮਾਹਿਰਾਂ ਵੱਲੋਂ ਕਿ ਜੇਕਰ ਪੰਜਾਬ ਦੇ ਪੰਜ ਦਰਿਆਵਾਂ (ਢਾਈ ਦਰਿਆਵਾਂ) ਦੀ ਧਰਤੀ ਪੰਜਾਬ ਦੇ ਪਾਣੀ ਦੀ ਇੰਜ ਹੀ ਵਰਤੋਂ ਹੁੰਦੀ ਰਹੀ ਤਾਂ 21ਵੀਂ ਸਦੀ ਦੇ ਅੱਧ ਜਿਹੇ ਵਿਚ ਯਾਨਿ ਅਗਲੇ 20 ਵਰਿਆਂ ਵਿਚ ਹੀ ਪੰਜਾਬ ਦੀ ਧਰਤੀ ਮਾਰੂਥਲ ਬਣ ਜਾਏਗੀ।

ਉਂਵ ਪੰਜਾਬ ਹੀ ਨਹੀਂ ਪੂਰਾ ਦੇਸ਼ ਧਰਤੀ ਹੇਠਲੇ ਪਾਣੀ ਦੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਸੰਨ 2021 ਦੀ ਇਕ ਸਰਕਾਰੀ ਰਿਪੋਰਟ ਅਨੁਸਾਰ 2004 ਤੋਂ 2017 ਦੇ ਵਿਚਕਾਰ ਭਾਰਤ ਵਿਚ ਧਰਤੀ ਹੇਠਲੇ ਪਾਣੀ ਦੀ ਵਰਤੋਂ 58 ਤੋਂ 63 ਫੀਸਦੀ ਵਧੀ ਹੈ। ਜੇਕਰ ਧਰਤੀ ਹੇਠਲੇ ਪਾਣੀ ਦੀ ਸਥਿਤੀ ਇਹੋ ਜਿਹੀ ਹੀ ਰਹੀ ਤਾਂ ਪੀਣ ਵਾਲੇ ਪਾਣੀ ਦੀਆਂ ਪ੍ਰੇਸ਼ਾਨੀਆਂ 80 ਫੀਸਦੀ ਤੱਕ ਵਧ ਜਾਣਗੀਆਂ। ਗਰਮੀਆਂ ਦੇ ਦਿਨਾਂ 'ਚ ਦੇਸ਼ ਦੇ ਕਈ ਹਿੱਸਿਆਂ 'ਚ ਪਾਣੀ ਦੀ ਕਿੱਲਤ ਆ ਜਾਂਦੀ ਹੈ। ਪਾਣੀ ਲਈ ਹਿੰਸਕ ਝਗੜੇ ਹੁੰਦੇ ਹਨ। ਅਜਮੇਰ/ਰਾਜਸਥਾਨ ਦੇ ਇਕ ਵਕੀਲ ਨੇ ਇਸ ਕਰਕੇ ਖੁਦਕੁਸ਼ੀ ਕਰ ਲਈ ਕਿ ਸਾਧਨ ਹੋਣ ਦੇ ਬਾਵਜੂਦ ਵੀ ਉਹ ਆਪਣੇ ਪਰਿਵਾਰ ਲਈ ਪਾਣੀ ਦਾ ਵਾਜਬ ਪ੍ਰਬੰਧ ਨਹੀਂ ਕਰ ਸਕਿਆ।

ਹਾਲਾਤ ਪੰਜਾਬ 'ਚ ਵੀ ਚਿੰਤਾਜਨਕ ਹਨ। ਪੰਜਾਬ 'ਚ ਸਿੰਚਾਈ ਦੇ ਸਾਧਨਾ ਦਾ ਮੁੱਖ ਸਰੋਤ ਧਰਤੀ ਹੇਠਲਾ ਪਾਣੀ ਹੈ। ਨਹਿਰੀ ਪਾਣੀ ਦੀ ਵਰਤੋਂ ਪੂਰੀ ਤਰ੍ਹਾਂ ਨਹੀਂ ਹੋ ਰਹੀ। ਬਰਸਾਤੀ ਪਾਣੀ ਨੂੰ ਸੰਭਾਲਿਆ ਨਹੀਂ ਜਾ ਰਿਹਾ। ਪੰਜਾਬ ਦੀਆਂ ਝੀਲਾਂ ਤੇ ਜਲਗਾਹ ਦਿਨ-ਬ-ਦਿਨ ਘਟ ਰਹੇ ਹਨ। ਵੰਡ ਤੋਂ ਬਾਅਦ ਇਹਨਾਂ ਦਾ ਰਕਬਾ ਅੱਧ ਫੀਸਦੀ ਤੋਂ ਵੀ ਘੱਟ ਹੈ। ਹਰੀਕੇ, ਰੋਪੜ, ਕਾਂਜਲੀ, ਰਣਜੀਤ ਸਾਗਰ ਅਤੇ ਨੰਗਲ ਦੀਆਂ ਝੀਲਾਂ ਵੱਲ ਤਾਂ ਥੋੜਾ ਧਿਆਨ ਦਿੱਤਾ ਜਾਂਦਾ ਹੈ ਪਰ ਕਾਹਨੂੰਵਾਨ ਛੰਭ, ਬਰੋਟਾ, ਲਹਿਲ ਕਲਾਂ ਵਰਗੀਆਂ ਝੀਲਾਂ ਨਜ਼ਰਅੰਦਾਜ਼ ਹਨ। ਪਿੰਡਾਂ ਵਿਚ ਛੱਪੜ, ਸ਼ਹਿਰਾਂ 'ਚ ਤਲਾਅ ਲਗਭਗ ਪੱਧਰੇ ਕਰ ਦਿੱਤੇ ਗਏ ਹਨ।

ਅਜੋਕੇ ਪੰਜਾਬ ਦੇ ਹਾਲਾਤ ਇਹ ਹਨ ਕਿ ਅਸੀਂ ਜਿੰਨਾ ਪਾਣੀ ਧਰਤੀ 'ਚੋਂ ਕੱਢਦੇ ਹਾਂ ਉਹਦਾ ਅੱਧਾ-ਕੁ ਹੀ ਧਰਤੀ ਨੂੰ ਵਾਪਿਸ ਕਰਦੇ ਹਾਂ। ਰੀ-ਚਾਰਜਿੰਗ ਕਰਨਾ ਤਾਂ ਅਸੀਂ ਭੁੱਲ ਹੀ ਗਏ ਹਾਂ। ਰੀ-ਚਾਰਜਿੰਗ ਤਾਂ ਮੀਂਹ ਜਾਂ ਦਰਿਆਵਾਂ ਦੇ ਪਾਣੀ ਦੇ ਜੀਰਣ ਨਾਲ ਹੁੰਦੀ ਹੈ, ਜਦੋਂ ਇਹ ਪਾਣੀ ਧਰਤੀ ਦੀਆਂ ਪਰਤਾਂ ਵਿਚ ਦੀ ਛਣਕੇ ਐਕੂਈਫਰਜ਼ ਨੂੰ ਫਿਰ ਤੋਂ ਲਬਰੇਜ ਕਰਦਾ ਹੈ, ਪਰ ਅਸੀਂ ਧਰਤੀ ਹੇਠਲੇ ਪਾਣੀ ਦੇ ਪੱਤਣਾਂ ਦੀ ਪ੍ਰਵਾਹ ਕਰਨੀ ਹੀ ਛੱਡ ਦਿੱਤੀ ਹੈ। ਸਿੱਟਾ ਖੂਹਾਂ ਦਾ ਮਿੱਠਾ ਪਾਣੀ ਜੋ ਤਿੰਨ-ਚਾਰ ਮੀਟਰ ਤੇ ਹੀ ਸਾਨੂੰ ਮਿਲ ਜਾਂਦਾ ਸੀ, ਹੁਣ ਉਸ ਲਈ ਤਾਂ ਅਸੀਂ ਜਿਵੇਂ ਤਰਸ ਹੀ ਗਏ ਹਾਂ।

ਪੰਜਾਬ ਦੇ ਖੇਤਾਂ ਦੀ 75ਫੀਸਦੀ ਸਿੰਚਾਈ ਦਰਿਆਵਾਂ ਜਾਂ ਨਹਿਰਾਂ ਦੀ ਬਜਾਇ ਧਰਤੀ ਹੇਠਲੇ ਪਾਣੀ ਜਾਂ ਟਿਊਬਵੈਲਾਂ ਰਾਹੀਂ ਹੋ ਰਹੀ ਹੈ। ਬੇਕਾਬੂ ਘਰੇਲੂ ਖਪਤ ਤੇ ਅੰਨੇਵਾਹ ਪਾਣੀ ਦੀ ਸਨਅਤੀ ਵਰਤੋਂ ਵੀ ਨਿਘਾਰ ਦਾ ਕਾਰਨ ਹੈ, ਉਪਰੋਂ ਆਲਮੀ ਤਪਸ਼ ਤੇ ਜੰਗਲਾਂ ਦੀ ਕਟਾਈ ਨੇ ਮੀਹਾਂ ਦੀ ਕਿੱਲਤ ਪੈਦਾ ਕੀਤੀ ਹੈ। ਹਾਲਾਤ ਇਹ ਹਨ ਕਿ 23 ਜ਼ਿਲਿਆਂ ਵਿਚੋਂ 18 ਜ਼ਿਲਿਆਂ ਵਿਚ ਧਰਤੀ ਹੇਠਲੇ ਪੀਣਯੋਗ ਪਾਣੀ ਦਾ ਪੱਧਰ ਹਰ ਸਾਲ ਇਕ ਮੀਟਰ ਦੇ ਕਰੀਬ ਘੱਟ ਰਿਹਾ ਹੈ।

ਜਿਥੇ ਜੰਗਲਾਂ ਦੀ ਕਟਾਈ ਨੇ ਪੰਜਾਬ ਪਲੀਤ ਕੀਤਾ ਹੈ, ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਤੇ ਗੰਦੇ ਪਾਣੀ ਨੇ ਪੰਜਾਬ ਲਈ ਚੈਲਿੰਜ ਖੜੇ ਕੀਤੇ ਹੋਏ ਹਨ, ਉਥੇ ਮਸ਼ੀਨੀ ਖੇਤੀ ਤੋਂ ਪੈਦਾ ਹੋਣ ਵਾਲਾ ਪ੍ਰਦੂਸ਼ਣ ਪੰਜਾਬ ਨੂੰ ਤਬਾਹੀ ਦੇ ਕੰਢੇ ਲੈ ਜਾ ਰਿਹਾ ਹੈ।

ਦੇਸ਼ ਵਿਚ ਕਣਕ ਦੀ ਪੈਦਾਵਾਰ ਦਾ 60ਫੀਸਦੀ ਤੇ ਚੋਲਾਂ ਦਾ 40ਫੀਸਦੀ ਪੰਜਾਬ ਵਿਚ ਰਿਸਾਇਣਾਂ ਦੀ ਖੁਰਾਕ ਨਾਲ ਪੈਦਾ ਹੁੰਦਾ ਹੈ। ਰਿਸਾਇਣਕ ਖਾਦਾਂ, ਨਦੀਨ ਨਾਸ਼ਕਾਂ ਤੇ ਕੀਟਨਾਸ਼ਕਾਂ ਦੀ ਹੱਦੋਂ ਵੱਧ ਵਰਤੋਂ ਨੇ ਮਿੱਟੀ ਤੇ ਪਾਣੀ ਦੋਵਾਂ ਨੂੰ ਜ਼ਹਿਰੀਲਾ ਬਨਾਉਣ ਦੇ ਨਾਲ-ਨਾਲ ਖੇਤੀ ਨੂੰ ਜੈਵਿਕ ਤੌਰ ਤੇ ਮਾਲਾ-ਮਾਲ ਕਰਨ ਵਾਲੇ ਜ਼ਰੂਰੀ ਤੱਤਾਂ ਤੋਂ ਮਹਿਰੂਮ ਕਰ ਦਿੱਤਾ ਹੈ। ਹੁਣ ਮਿੱਟੀ ਦੀ ਤਾਸੀਰ ਪੌਸ਼ਟਿਕਤਾ ਤੋਂ ਇਸ ਕਦਰ ਵਾਂਝੀ ਹੋ ਗਈ ਹੈ ਕਿ ਬਿਨਾਂ ਰਸਾਇਣਾਂ ਦੇ ਸਹਾਰੇ ਤੋਂ ਹੁਣ ਇਹ ਆਪਣੇ ਬਲਬੂਤੇ ਕੁਝ ਵੀ ਉਪਜਾਉਣ ਜੋਗੀ ਨਹੀਂ ਰਹੀ। ਫਸਲਾਂ ਦੀਆਂ ਬੀਮਾਰੀਆਂ 'ਤੇ ਵੀ ਹੁਣ ਰਸਾਇਣ ਅਸਰ ਕਰਨੋਂ ਹੱਟ ਗਏ ਹਨ, ਜਿਸ ਕਰਕੇ ਹੋਰ ਵੀ ਮਹਿੰਗੇ ਨਵੇਂ ਕਿਸਮ ਦੇ ਰਸਾਇਣਾਂ ਦੀ ਵਰਤੋਂ ਕਰਨੀ ਪੈਂਦੀ ਹੈ। ਇਹਨਾਂ ਰਸਾਇਣਾਂ ਨੇ ਕਈ ਥਾਈਂ ਭੂਮੀਗਤ ਪਾਣੀ ਸਾਲੂਣਾ ਤੇ ਜ਼ਹਿਰੀਲਾ ਕਰ ਦਿੱਤਾ ਹੈ। ਸਿੱਟਾ ਇਹ ਹੈ ਕਿ ਰਸਾਇਣਕ ਖੇਤੀ ਨੇ ਪਾਣੀ ਤੇ ਹਵਾ-ਦੋਵਾਂ ਦੇ ਪ੍ਰਦੂਸ਼ਣ ਕਾਰਨ ਕੈਂਸਰ ਦੀ ਬਿਮਾਰੀ ਭਿਆਨਕ ਰੂਪ 'ਚ ਪੰਜਾਬ 'ਚ ਧਾਰਨ ਕਰ ਗਈ ਹੈ

ਪੰਜਾਬ 'ਚ ਲੋਕਾਂ ਦੀ ਜੀਵਨ ਸ਼ੈਲੀ ਬਦਲੀ ਹੈ। ਗੱਡੀਆਂ ਦੀ ਗਿਣਤੀ ਵਧੀ ਹੈ, ਟਰੈਫਿਕ ਵਧੀ ਹੈ, ਹਾਦਸੇ ਵਧੇ ਹਨ, ਏਅਰ ਕੰਡੀਸ਼ਨਰ ਵਧੇ ਹਨ। ਪਲਾਸਟਿਕ ਦੇ ਲਫ਼ਾਫ਼ੇ, ਬੋਤਲਾਂ, ਥੈਲੈ ਦੀ ਵਰਤੋਂ ਖ਼ਤਰਨਾਕ ਹੱਦ ਤੱਕ ਹੋਈ ਹੈ। ਪੱਛਮੀ ਤਰਜ਼ ਦੀਆਂ ਪੁਸ਼ਾਕਾਂ, ਡੱਬਾਬੰਦ ਭੋਜਨ, ਵਾਸ਼ਿੰਗ ਮਸ਼ੀਨਾਂ, ਡਰਾਇਰ ਆਦਿ ਨੇ ਸਾਡਾ ਰਹਿਣ ਸਹਿਣ ਬਦਲ ਦਿੱਤਾ ਹੈ। ਕੋਠੀਆਂ 'ਚ ਪੱਥਰ ਦੀ ਵਰਤੋਂ ਨੇ ਹਰੇ-ਭਰੇ ਪੰਜਾਬ ਨੂੰ ਰੇਗਿਸਤਾਨ ਬਨਾਉਣ ਦੇ ਰਾਹੇ ਤੋਰ ਦਿੱਤਾ ਹੈ।

ਕਦੇ ਅਸੀਂ ਖੁਰਾਕੀ ਤੌਰ 'ਤੇ ਸਵੈ-ਨਿਰਭਰ ਸਾਂ। ਸਬਜ਼ੀਆਂ ਖੇਤਾਂ 'ਚ ਉਗਾਉਂਦੇ ਸਾਂ। ਫਲ ਸਾਡੀ ਚੰਗੀ ਪੈਦਾਵਾਰ ਸੀ। ਅੰਬਾਂ ਦੇ ਬਾਗ ਸਾਡੀ ਵਿਰਾਸਤ ਦਾ ਹਿੱਸਾ ਸਨ। ਮੱਕੀ, ਜੌਂ, ਜਵਾਰ, ਬਾਜਰਾ, ਗੰਨਾ, ਨਰਮਾ, ਦਾਲਾਂ, ਛੋਲੇ, ਅਸੀਂ ਆਪ ਉਗਾਉਂਦੇ ਸਾਂ। ਅੱਜ ਅਸੀਂ ਮਹਿੰਗੇ ਭਾਅ ਇਹਨਾਂ ਦੀ ਖਰੀਦ ਕਰਦੇ ਹਾਂ। ਕਿਉਂਕਿ ਅਸੀਂ ਫਸਲਾਂ 'ਤੇ ਬੀਜਾਂ ਲਈ ਦੂਸਰਿਆਂ ਤੇ ਨਿਰਭਰ ਹੋ ਗਏ ਹਾਂ।

ਆਧੁਨਿਕ ਜੀਵਨ ਸ਼ੈਲੀ ਨੇ ਭਾਵੇਂ ਸਾਨੂੰ ਸਹੂਲਤਾਂ ਦਿੱਤੀਆਂ ਹਨ ਪਰ ਸਾਡੇ ਲਈ ਕਈ ਹੋਰ ਮੁਸੀਬਤਾਂ ਖੜੀਆਂ ਕੀਤੀਆਂ ਹਨ। ਹਵਾ ਦੀ ਪਲੀਤਗੀ ਉਹਨਾਂ 'ਚੋਂ ਇਕ ਹੈ। ਕਾਰਖਾਨਿਆਂ, ਭੱਠਿਆਂ ਅਤੇ ਬਿਜਲੀ ਇਕਾਈਆਂ 'ਚੋਂ ਨਿਕਲਦਾ ਕਾਲਾ ਧੂੰਆਂ ਹਵਾ ਪ੍ਰਦੂਸ਼ਣ 'ਚ ਜ਼ਿਆਦਾ ਯੋਗਦਾਨ ਪਾਉਂਦਾ ਹੈ। ਇਥੇ ਹੀ ਬੱਸ ਨਹੀਂ ਪੰਜਾਬ ਦੇ ਸ਼ਹਿਰ ਇੰਨਾ ਕੂੜਾ-ਕਚਰਾ ਪੈਦਾ ਕਰਦੇ ਹਨ ਕਿ ਸਾਂਭਿਆ ਨਹੀਂ ਜਾ ਰਿਹਾ। ਮੱਖੀਆਂ-ਮੱਛਰਾਂ, ਕੀੜਿਆਂ-ਮਕੌੜਿਆਂ, ਚੂਹਿਆਂ ਦੀ ਭਰਮਾਰ ਹੋ ਗਈ ਹੈ। ਪਲਾਸਟਿਕ ਦੇ ਲਿਫ਼ਾਫ਼ੇ ਤੇ ਬੋਤਲਾਂ ਉੱਤੇ ਭਾਵੇਂ ਪਾਬੰਦੀ ਹੈ, ਪਰ ਇਹਨਾਂ ਦੀ ਵਰਤੋਂ ਸ਼ਰੇਆਮ ਹੈ।

ਸਾਡੇ ਪੁਰਖੇ ਸਾਡੇ ਲਈ ਖ਼ੂਬਸੂਰਤ ਜ਼ਮੀਨ ਤੇ ਪਾਣੀ ਦੀ ਵਿਰਾਸਤ ਛੱਡ ਕੇ ਗਏ ਪਰ ਅਸੀਂ ਆਪਣੀ ਅਗਲੀ ਪੀੜੀ ਪੱਲੇ ਬਦਬੂਦਾਰ ਵਿਗੜਿਆ ਵਾਤਾਵਰਣ ਪਾ ਰਹੇ ਹਾਂ। ਸਾਡੇ ਵੱਲੋਂ ਕੀਤੀ ਜਾ ਰਹੀ ਅਜੀਬ ਜਿਹੀ ਅਲਗਰਜ਼ੀ ਸਾਡੀ ਜ਼ਿੰਦਗੀ, ਰੋਜ਼ੀ-ਰੋਟੀ ਤੇ ਮਾਂ-ਭੋਇੰ ਨੂੰ ਬਹੁਤ ਭਾਰੀ ਪੈ ਰਹੀ ਹੈ। ਇਸ ਸਭ ਕੁਝ ਦਾ ਦੋਸ਼ ਸਾਡਾ ਸਭਨਾਂ ਦਾ ਸਾਂਝਾ ਹੈ। ਸਰਕਾਰ ਤੇ ਲੋਕਾਂ ਦਾ ਗ਼ੈਰ-ਜ਼ਿੰਮੇਵਾਰਾਨਾ ਰਵੱਈਆ ਪੰਜਾਬ ਦੇ ਵਾਤਾਵਰਣ ਦੇ ਵਿਗਾੜ ਦਾ ਵੱਡਾ ਕਾਰਨ ਹੈ। ਅਸੀਂ ਸਭ ਕੁਝ ਸਮਝ ਕੇ ਵੀ ਅੱਖਾਂ ਮੀਟੀ ਬੈਠੇ ਹਾਂ। ਵਿਅਕਤੀ ਅਤੇ ਸਮੂਹਿਕ ਪੱਧਰ ਦੇ ਵਾਤਾਵਰਨ ਸੁਧਾਰ ਦੇ ਯਤਨਾਂ ਦੀ ਘਾਟ ਸਾਨੂੰ ਅੱਖਰਦੀ ਹੈ।

ਸਰਕਾਰੀ ਨੀਤੀਆਂ ਤੇ ਕਾਨੂੰਨ ਸਭ ਕਾਗਜ਼ੀ ਦਿਸ ਰਹੇ ਹਨ। ਇਕੱਲੇ ਇਕਹਿਰੇ ਯਤਨ ਪੰਜਾਬਦੇ ਵਿਗੜ ਰਹੇ ਵਾਤਾਵਰਣ ਨੂੰ ਸੁਆਰ ਨਹੀਂ ਸਕਦੇ। ਕਿਸੇ ਨੇ ਸੋਚਿਆ ਹੀ ਨਹੀਂ ਹੋਏਗਾ ਕਿ ਕਦੇ ਆਪਣੀ ਚੰਗੀ ਰਹਿਤਲ ਤੇ ਪਾਣੀਆਂ ਦੇ ਨਾਂ 'ਤੇ ਜਾਣੇ ਜਾਂਦੇ ਪੰਜਾਬ ਨੂੰ ਆਹ ਦਿਨ ਵੀ ਦੇਖਣੇ ਪੈਣਗੇ। ਪਤਾ ਨਹੀਂ ਅਸੀਂ ਇਹ ਸਮਝ ਕਿਉਂ ਨਹੀਂ ਰਹੇ ਕਿ ਪੰਜਾਬ ਕੋਲ ਪਾਣੀ ਨੂੰ ਛੱਡ ਕੇ ਹੋਰ ਕੋਈ ਕੁਦਰਤੀ ਵਸੀਲਾ ਹੈ ਵੀ ਨਹੀਂ। ਪਾਣੀ ਜਾਂ ਤਾਂ ਮੁੱਕ ਰਿਹਾ ਹੈ ਜਾਂ ਜ਼ਹਿਰੀਲਾ ਹੋ ਰਿਹਾ ਹੈ ਤੇ ਜਾਂ ਇਸ 'ਤੇ ਸਿਆਸੀ ਸੰਨ ਲਾਈ ਜਾ ਰਹੀ ਹੈ। ਹਵਾ ਇਸ ਧਰਤੀ ਦੀ ਪ੍ਰਦੂਸ਼ਣੀ ਤੱਤਾਂ ਨਾਲ ਭਰੀ ਪਈ ਹੈ। ਹਰ ਸਾਲ ਪੰਜਾਬ ਦਾ ਤਾਪਮਾਨ ਵਧਦਾ ਜਾ ਰਿਹਾ ਹੈ। ਪਤਾ ਨਹੀਂ ਕਿਉਂ ਫਿਰ ਵੀ ਅਸੀਂ ਇਸ ਸਥਿਤੀ ਤੋਂ ਭੈ-ਭੀਤ ਕਿਉਂ ਨਹੀਂ ਹੋ ਰਹੇ ?

ਸਰਕਾਰਾਂ, ਸੰਸਥਾਵਾਂ, ਹਰ ਵਰੇ ਲੱਖਾਂ ਪੌਦੇ ਲਾਉਣ ਦਾ ਦਾਅਵਾ ਕਰਦੀਆਂ ਹਨ, ਪਰ ਇਹਨਾਂ 'ਚੋਂ ਬਚਦੇ ਕਿੰਨੇ ਹਨ ? ਜਿਸ ਢੰਗ ਨਾਲ ਪੰਜਾਬ ਤਬਾਹ ਹੋ ਰਿਹਾ ਹੈ, ਇਸ ਦਾ ਵਾਤਾਵਰਣ ਪਲੀਤ ਹੋ ਰਿਹਾ ਹੈ, ਉਹ ਵੱਡੀ ਚਿੰਤਾ ਦਾ ਵਿਸ਼ਾ ਹੈ। ਕਿੰਨੇ ਕੁ ਯਤਨ ਪੰਜਾਬ ਨੂੰ ਹਰਿਆ-ਭਰਿਆ ਰੱਖਣ ਲਈ ਸਾਡੀਆਂ ਧਾਰਮਿਕ, ਸਮਾਜਿਕ ਸੰਸਥਾਵਾਂ ਕਰਦੀਆਂ ਹਨ ? ਬਿਨਾਂ ਸ਼ੱਕ ਪਾਣੀ, ਹਵਾ, ਅਵਾਜ਼ ਪ੍ਰਦੂਸ਼ਣ ਵਰਗੇ ਪ੍ਰਦੂਸ਼ਣ ਦੇ ਨਾਲ-ਨਾਲ ਮਨਾਂ ਦੇ ਪ੍ਰਦੂਸ਼ਣ ਨੂੰ ਡੱਕਾ ਲਾਉਣ ਦੀ ਲੋੜ ਹੈ। ਨਰੋਇਆ ਅਤੇ ਖੁਸ਼ਹਾਲ ਪੰਜਾਬ ਬਨਾਉਣ ਦੇ ਨਾਹਰੇ ਪੰਜਾਬ ਦਾ ਕੁਝ ਸੁਆਰ ਨਹੀਂ ਸਕਦੇ, ਸਿਆਸੀ ਇੱਛਾ ਸ਼ਕਤੀ ਨਾਲ ਨਿੱਠ ਕੇ ਕੀਤੇ ਸਮੂਹਿਕ ਯਤਨ ਉਜੜ ਰਹੇ ਪੰਜਾਬ ਦੇ ਮੁੜ ਵਸੇਬੇ ਲਈ ਸਾਰਥਿਕ ਹੋ ਸਕਦੇ ਹਨ।

* * * * *

ਬਾਲੀਵੁੱਡ ਦੇ ਮਸ਼ਹੂਰ ਫ਼ਿਲਮ ਸਮੀਖਿਕ, ਫ਼ਿਲਮ ਪ੍ਰੋਡਿਊਸਰ, ਫ਼ਿਲਮ ਨਿਰਦੇਸ਼ਕ, ਫ਼ਿਲਮ ਲੇਖਕ ਅਤੇ ਮੇਰੇ ਜਿਗਰੀ ਯਾਰ ਇਕਬਾਲ ਸਿੰਘ ਚਾਨਾ ਨੂੰ ਸਮਰਪਣ

ਲੜੀਵਾਰ ਨਾਵਲ

ਸ਼ਿਵਚਰਨ ਜੱਗੀ (ਕੁੱਸਾ)

ਫੋਨ : 07853 317 891

Email: jaggikussa@yahoo.de




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ-61

# ਕੋਸੀ ਧੁੱਪ ਦਾ ਨਿੱਘ

**ਹੁਣ ਜਦ ਅਮਰੋ ਨੂੰ ਚਾਰੇ ਪਾਸੇ ਹਨ੍ਹੇਰ ਗੁਬਾਰ ਨਜ਼ਰ ਆਉਣ ਲੱਗ ਪਿਆ ਸੀ, ਤਾਂ ਉਹ ਕੌਰੇ ਨੂੰ ਅਹਿਮੀਅਤ ਦੇਣ ਅਤੇ ਕੌਰੇ ਦੇ ਨਜ਼ਦੀਕ ਹੋਣ ਲੱਗ ਪਈ ਸੀ। ਪਿੰਡ ਜਾਂ ਰਿਸ਼ਤੇਦਾਰਾਂ ਵਿੱਚੋਂ ਹੋਰ ਤਾਂ ਉਸ ਨੂੰ ਕੋਈ ਸਿੱਧੇ ਮੂੰਹ ਨਾਲ ਬੁਲਾਉਂਦਾ ਨਹੀਂ ਸੀ। ਹੁਣ ਉਸ ਨੂੰ ਮਹਿਸੂਸ ਹੋਣ ਲੱਗ ਪਿਆ ਸੀ ਕਿ ਕੌਰੇ ਬਿਨਾ ਉਸ ਦਾ ਕੋਈ ਸਹਾਰਾ ਨਹੀਂ ਸੀ ਹੋ ਸਕਦਾ। ਹੀਰੇ ਵਾਲ਼ੇ ਕਾਂਡ ਨੇ ਉਸ ਨੂੰ ਲੱਕੋਂ ਤੋੜ ਕੇ ਰੱਖ ਦਿੱਤਾ ਸੀ। ਅਮਰੋ ਨੂੰ ਹੁਣ ਇਹ ਵੀ ਮਹਿਸੂਸ ਹੋਣ ਲੱਗ ਪਿਆ ਸੀ ਕਿ ਉਹ ਆਪਣੀਆਂ ਕੀਤੀਆਂ ਵਧੀਕੀਆਂ ਦਾ ਫ਼ਲ਼ ਹੀ ਭੁਗਤ ਰਹੀ ਸੀ। ਜੇ ਆਦਤ ਅਨੁਸਾਰ ਕੌਰਾ ਉਸ ਨੂੰ ਨਾ ਬੁਲਾਉਂਦਾ ਤਾਂ ਉਹ ਆਪ ਹੀ ਪੁੱਛ ਲੈਂਦੀ, "ਚਾਹ ਬਣਾ ਕੇ ਦੇਵਾਂ...?" ਪਰ ਕੌਰਾ ਸਿਰਫ਼ "ਹਾਂ" ਜਾਂ "ਨਾਂਹ" ਵਿੱਚ ਸੰਖੇਪ ਜਿਹਾ ਉੱਤਰ ਦਿੰਦਾ।**




## ਕਾਂਡ 25

-"ਸਰਦਾਰ ਜੀ, ਇਹਨਾਂ ਮੁੰਡਿਆਂ ਦੀ ਜਾਨ ਬਚਾਉਣਾ ਹੁਣ ਕੋਈ ਆਸਾਨ ਕੰਮ ਨਹੀਂ...! ਜਾਂ ਤਾਂ ਇਹਨਾਂ ਦੇ ਮੁੜ ਗੁਰਦੇ ਪਾਏ ਜਾਣ..! ਤਾਂ ਇਹਨਾਂ ਦੀ ਜਾਨ ਬਚ ਸਕਦੀ ਐ, ਤੇ ਨਹੀਂ ਹਰ ਤੀਜੇ ਚੌਥੇ ਦਿਨ ਇਹਨਾਂ ਦਾ ਖ਼ੂਨ ਬਦਲਾਉਣਾ ਪਊਗਾ..!"

-"ਠੀਕ ਜੀ...।"

-"ਕਹਿੰਦੇ ਕੋਹੜ ਕਿਰਲਾ ਓਦੋਂ ਖੱਡ ਪੱਟਣ ਲੱਗਦੈ, ਜਦੋਂ ਮੋਹਲ਼ੇਧਾਰ ਮੀਂਹ ਆ ਜਾਂਦੈ...! ਓਹੀ ਹਾਲਤ ਸਾਡੀ ਗੌਰਮਿੰਟ ਤੇ ਪ੍ਰਸ਼ਾਸਨ ਦੀ ਐ...! ਜੇ ਨਸ਼ਾ ਛੁਡਾਊ ਕੇਂਦਰ ਆਪਣੀ ਦੇਖ ਰੇਖ ਹੇਠ ਖੋਲ੍ਹੇ ਹੁੰਦੇ, ਤੇ ਉਪਰ ਜ਼ਿੰਮੇਵਾਰੀ ਤੇ ਡੰਡੇ ਵਾਲ਼ੇ ਅਫ਼ਸਰ ਬਿਠਾਏ ਹੁੰਦੇ, ਆਹ ਕੰਮ ਕਦੇ ਨਾ ਹੁੰਦੇ..! ਹੁਣ ਦੋਸ਼ੀਆਂ ਨੂੰ ਮਾੜੀਆਂ ਮੋਟੀਆਂ ਸਜ਼ਾਵਾਂ ਕਰ ਕੇ ਲੋਕਾਂ ਦੀਆਂ ਅੱਖਾਂ ਠੰਢੀਆਂ ਕਰ ਦੇਣਗੇ, ਓਸ ਤੋਂ ਬਾਅਦ ਓਹੀ ਬੈਹਾਂ ਤੇ ਓਹੀ ਕੁਹਾੜੀ..!"

-"ਇੱਥੇ ਕਿਸੇ ਨੂੰ ਕਿਸੇ ਦਾ ਫ਼ਿਕਰ ਐ ਜੀ...? ਅੰਨ੍ਹੀਂ ਪੀਂਹਦੀ ਤੇ ਕੁੱਤਾ ਚੱਟਦੈ...! ਔਹ ਜਿਹੜੇ ਕੰਜਰ ਐੱਮ. ਐੱਲ. ਏ. ਦੀ ਖ਼ਾਤਰ ਅਸੀਂ ਜੁੱਤੀਆਂ ਘਸਾ ਦਿੱਤੀਆਂ, ਓਹੀ ਇਨਸਾਨਾਂ ਦਾ ਕਾਤਲ ਐ...!" ਜੰਟੇ ਨੇ ਪਛਤਾਵੇ ਵਿਚ ਸਿਰ ਫ਼ੇਰਿਆ।

ਹਫ਼ਤੇ ਬਾਅਦ ਹੀਰੇ ਨੂੰ ਘਰ ਲਿਆਂਦਾ।

ਪੁੱਤ ਦੀ ਖ਼ਸਤਾ ਹਾਲਤ ਦੇਖ ਕੇ ਅਮਰੋ ਨੂੰ ਗਸ਼ ਪੈਣ ਵਾਲ਼ੀ ਹੋ ਗਈ। ਜੁਆਨ ਪੁੱਤ ਸੁੱਬੀ ਵਿੱਚ ਬੰਨ੍ਹਣ ਵਾਲਾ ਹੋਇਆ ਪਿਆ ਸੀ। ਹੀਰੇ ਦੇ ਪਿਸ਼ਾਬ ਵਾਲੀ ਬੋਤਲ ਲੱਗੀ ਹੋਈ ਸੀ। ਢਿੱਡ ਤੋਂ ਉਹ ਪਾੜਿਆ ਪਿਆ ਸੀ। ਪੱਟੀਆਂ ਚਾਹੇ ਲਹਿ ਗਈਆਂ ਸਨ, ਪਰ ਤਾਜ਼ੇ ਜ਼ਖ਼ਮ ਅਜੇ ਵੀ ਮੂੰਹੋਂ ਬੋਲਦੇ ਸਨ।

-"ਦੇਖ ਕੀ ਹਾਲ ਕੀਤੈ ਮੇਰੇ ਪਿਉ ਦਿਆਂ ਸਾਲਿਆਂ ਨੇ...! ਮੈਂ ਕਿਹਾ ਸੀ ਕਰੀ ਜਾਣ ਦਿਓ ਨਸ਼ੇ, ਕੋਈ ਨੀ ਲੱਤ ਟੁੱਟਦੀ, ਆਹ ਹਾਲਤ ਕਰਵਾ ਕੇ ਧਰ-ਤੀ ਜੁਆਕ ਦੀ...!" ਅਮਰੋ ਆਦਤ ਅਨੁਸਾਰ ਸ਼ੁਰੂ ਹੋ ਗਈ।

-"ਬੀਬੀ ਬੋਲ ਨਾ...! ਮੈਥੋਂ ਸੁਣਿਆਂ ਨੀ ਜਾਂਦਾ...!" ਹੀਰੇ ਨੇ ਮਰੀ ਜਿਹੀ ਅਵਾਜ਼ ਵਿੱਚ ਤਰਲਾ ਜਿਹਾ ਲਿਆ। ਅਮਰੋ ਨੇ ਮਹਿਸੂਸ ਕੀਤਾ ਕਿ ਪੁੱਤ ਵਿੱਚ ਹੁਣ ਓਕਾ ਹੀ ਤੰਤ ਨਹੀਂ ਰਹਿ ਗਿਆ ਸੀ। ਦੁਨੀਆਂ ਹੀਰੇ ਦਾ ਪਤਾ ਲੈਣ ਆਉਂਦੀ। ਪਰ ਹੀਰਾ ਹੋਰ ਦੁਖੀ ਹੋ ਜਾਂਦਾ। ਇੱਕ ਤਾਂ ਉਹ "ਕਿਰਿਆ" ਵੀ ਮੰਜੇ 'ਤੇ ਹੀ "ਸੋਧਦਾ" ਸੀ, ਪਿਸ਼ਾਬ ਵਾਲੀ ਬੋਤਲ ਵੀ ਵਾਰ-ਵਾਰ ਡੋਲ੍ਹਣੀ ਪੈਂਦੀ ਸੀ। ਦੂਜਾ ਪਤਾ ਲੈਣ ਆਈਆਂ ਬੁੜ੍ਹੀਆਂ, "ਬੂਹ ਮੈਂ ਮਰਜਾਂ, ਕੁੜ੍ਹੇ ਦੇਖ ਕਿਵੇਂ ਬੀਤਿਆ ਪਿਐ...!" ਤੇ ਦੂਜੀ ਕਸਰ ਪੂਰੀ ਕਰ ਦਿੰਦੀ, "ਤੇ ਹੋਰ...! ਜਮ੍ਹਾਂ ਈ ਦੀਵੇ ਮਾਂਗੂੰ ਬੁਝ ਗਿਆ ਜੁਆਕ..!" ਆਖ ਉਸ ਦੀ ਰਹਿੰਦੀ ਖੂੰਹਦੀ ਆਸ ਦੀ ਵੀ ਜੱਖਣਾ ਪੱਟ ਧਰਦੀਆਂ।

-"ਬੀਬੀ, ਤੂੰ ਪਤਾ ਲੈਣ ਆਈਆਂ ਬੁੜ੍ਹੀਆਂ ਨੂੰ ਅੰਦਰ ਨਾ ਵੜਨ ਦਿਆ ਕਰ, ਮੈਨੂੰ ਚੰਗੀਆਂ ਨੀ ਲੱਗਦੀਆਂ...!" ਹੀਰਾ ਬੜਾ ਧੀਮੀਂ ਬੋਲਦਾ ਸੀ। ਉਸ ਦੇ ਮੂੰਹ ਕੋਲ਼ ਕੰਨ ਕਰ ਕੇ ਸਮਝ ਲੱਗਦੀ ਸੀ ਕਿ ਉਹ ਕੀ ਬੋਲ ਰਿਹਾ ਸੀ।

-"ਨਹੀਂ ਵੜਨ ਦਿੰਦੀ ਪੁੱਤ...!"

-"ਮੈਥੋਂ ਉਚਾ ਬੋਲਦੀਆਂ ਸਹਾਰੀਆਂ ਨੀ ਜਾਂਦੀਆਂ...!" ਸੁਣ ਕੇ ਅਮਰੋ ਦਾ ਮਨ ਭਰ ਆਇਆ। ਅੱਜ ਉਸ ਨੂੰ ਆਪਣੀ ਵੱਡੀ ਭੈਣ ਸੱਦੋ ਅਤੇ ਭਾਬੀ ਨਸੀਬ ਕੌਰ ਬੜਾ ਯਾਦ ਆਈਆਂ। ਸੱਦੋ ਦੇ ਕਤਲ ਤੋਂ ਬਾਅਦ ਭਰਾ ਇੰਦਰ ਅਤੇ ਭਰਜਾਈ ਨਸੀਬ ਕੌਰ ਨੇ ਅਮਰੋ ਨਾਲ਼ ਕਦੇ ਜ਼ੁਬਾਨ ਵੀ ਸਾਂਝੀ ਨਹੀਂ ਕੀਤੀ ਸੀ। ਅੱਜ ਅਮਰੋ ਦਾ ਕੰਧ 'ਚ ਟੱਕਰ ਮਾਰਨ ਨੂੰ ਜੀਅ ਕਰਦਾ ਸੀ। ਪਰ ਚੋਰ ਦੀ ਮਾਂ ਤੇ ਕੋਠੀ 'ਚ ਮੂੰਹ ਵਾਲ਼ੀ ਕਹਾਵਤ ਵਾਂਗ ਉਹ ਕਿਸੇ ਨਾਲ਼ ਆਪਣਾ ਦੁੱਖ ਵੀ ਸਾਂਝਾ ਨਹੀਂ ਸੀ ਕਰ ਸਕਦੀ। ਹੀਰੇ ਨਾਲ਼ ਹੋਏ ਹਾਦਸੇ ਤੋਂ ਬਾਅਦ ਅਮਰੋ ਅੰਦਰੋਂ ਅੰਦਰੀ ਖੋਖਲੀ ਹੁੰਦੀ ਜਾ ਰਹੀ ਸੀ। ਸੱਦੋ ਦੇ ਕਤਲ ਤੋਂ ਬਾਅਦ ਹਰ ਕੋਈ ਉਸ ਦਾ ਪੱਲਾ ਛੱਡ ਗਿਆ ਸੀ। ਹੋਰ ਤਾਂ ਹੋਰ, ਚਾਚੇ ਕੇਹਰੇ ਦੀ ਪਤਨੀ ਕਰਤਾਰੋ ਨੇ ਵੀ ਮਰਨ ਤੱਕ ਅਮਰੋ ਨਾਲ਼ ਜ਼ੁਬਾਨ ਸਾਂਝੀ ਨਹੀਂ ਕੀਤੀ ਸੀ। ਉਸ ਦੇ ਜੇਲ੍ਹ ਤੋਂ ਵਾਪਸ ਆਉਣ ਤੋਂ ਬਾਅਦ ਸਾਰੇ ਪਿੰਡ ਨੇ ਉਹਨਾਂ ਦੇ ਘਰ ਆਉਣਾ ਬੰਦ ਕਰ ਦਿੱਤਾ ਸੀ। ਜੇ ਕੋਈ ਟਾਂਵਾਂ ਟੱਲਾ ਆਉਂਦਾ ਸੀ, ਤਾਂ ਸਿਰਫ਼ ਸਾਧੂ ਸੁਭਾਅ ਕੌਰੇ ਦੇ ਮੂੰਹ ਨੂੰ ਹੀ ਆਉਂਦਾ ਸੀ, ਨਹੀਂ ਤਾਂ ਇੱਕ ਤਰ੍ਹਾਂ ਨਾਲ ਸਾਰੇ ਪਿੰਡ ਨੇ ਇਸ ਘਰ ਦਾ "ਬਾਈਕਾਟ" ਕੀਤਾ ਹੋਇਆ ਸੀ।

-"ਬੰਦਾ ਜੁਆਨੀ 'ਚ ਨੱਕ 'ਤੇ ਮੱਖੀ ਨਹੀਂ ਬੈਠਣ ਦਿੰਦਾ ਤੇ ਪਤਾ ਨਹੀਂ ਹੰਕਾਰ 'ਚ, ਜਾਂ ਬੇਸਮਝੀ ਵਿੱਚ ਕੀ ਕੁਛ ਕਰ ਜਾਂਦੈ, ਪਰ ਸੋਝੀ ਉਸ ਨੂੰ ਢਲੀ ਉਮਰ 'ਚ ਜਾ ਕੇ ਆਉਂਦੀ ਐ, ਜਦੋਂ ਪਛਤਾਵਾ ਕਰਨ ਦਾ ਵੀ ਕੋਈ ਫ਼ਾਇਦਾ ਨਹੀਂ ਹੁੰਦਾ...!" ਅਮਰੋ ਸੋਚਦੀ ਰਹਿੰਦੀ। ਉਹ ਅੰਦਰੋ ਅੰਦਰੀ ਲੂਣ ਵਾਂਗ ਖੁਰਦੀ ਜਾ ਰਹੀ ਸੀ। ਹਾਰ ਕੇ ਇੱਕ ਦਿਨ ਉਸ ਨੇ ਆਪਣੇ ਭਰਾ ਇੰਦਰ ਅਤੇ ਭਰਜਾਈ ਨਸੀਬ ਕੌਰ ਨੂੰ ਸੁਨੇਹਾਂ ਭੇਜ ਦਿੱਤਾ। ਉਸ ਦਾ ਦਿਲ ਕਰਦਾ ਸੀ ਕਿ ਉਸ ਨੂੰ ਕੋਈ ਹਮਦਰਦੀ ਨਾਲ਼ ਜੱਫ਼ੀ ਪਾਵੇ ਅਤੇ ਉਸ ਦੀ ਰੂਹ ਦੀ ਸਾਰੀ ਪੀੜ ਚੂਸ ਲਵੇ।

ਹਫ਼ਤਾ ਉਡੀਕ ਕਰਨ 'ਤੇ ਵੀ ਕੋਈ ਨਾ ਬਹੁੜਿਆ। ਸੱਦੋ ਦੇ ਕਤਲ ਤੋਂ ਬਾਅਦ ਉਸ ਦਾ ਭਰਾ ਇੰਦਰ ਅਮਰੋ ਨੂੰ ਚਿਮਟੇ ਨਾਲ਼ ਚੁੱਕਣ ਲਈ ਵੀ ਤਿਆਰ ਨਹੀਂ ਸੀ। ਸੱਦੋ ਬੜੀ ਦੇਵਤਾ ਔਰਤ ਸੀ, ਜਿਸ ਨੂੰ ਸਕੀ ਭੈਣ ਅਮਰੋ ਨੇ ਬਿਨਾ ਗੱਲੋਂ ਭੰਗ ਦੇ ਭਾੜੇ ਮਾਰ ਮੁਕਾਇਆ ਸੀ। ਨਾ ਹੀ ਨਸੀਬ ਕੌਰ ਅਤੇ ਨਾ ਹੀ ਇੰਦਰ ਦਾ ਗੁੱਸਾ ਠੰਢਾ ਹੋਇਆ ਸੀ। ਸੱਦੋ ਦੀ ਮੌਤ ਤੋਂ ਬਾਅਦ ਨਸੀਬ ਕੌਰ ਹੇਰਵੇ ਵਿੱਚ ਬਹੁਤ ਦੇਰ ਬਿਮਾਰ ਰਹੀ ਸੀ। ਸੱਦੋ ਨਾਲ਼ ਭਰਜਾਈ ਦਾ ਰੂਹ ਦਾ ਪ੍ਰੇਮ ਸੀ।

ਹੀਰੇ ਨੂੰ ਹਰ ਤੀਜੇ ਦਿਨ ਖ਼ੂਨ ਬਦਲਣ ਲਈ ਹਸਪਤਾਲ਼ ਲਿਜਾਇਆ ਜਾਂਦਾ।

ਉਸ ਦੀ ਹਾਲਤ ਕਾਫ਼ੀ ਨਿੱਘਰਦੀ ਜਾਂਦੀ ਸੀ। ਅਮਰੋ ਦਿਨੋਂ ਦਿਨ ਅੱਧੀ ਹੁੰਦੀ ਜਾ ਰਹੀ ਸੀ। ਦੁੱਖ ਉਸ ਨੂੰ ਬਹੁਤੇ ਸਨ। ਪਰ ਉਸ ਦਾ ਦੁੱਖ ਦਰਦ ਵੰਡਾਉਣ ਵਾਲ਼ਾ ਕੋਈ ਦਰਦੀ ਨਹੀਂ ਸੀ। ਹੁਣ ਉਸ ਨੂੰ ਵੱਡਾ ਦੁੱਖ ਹੀਰੇ ਦਾ ਆ ਲੱਗਿਆ ਸੀ। ....ਸਵਰਗ ਨਰਕ ਸਭ ਐਥੇ ਈ ਨੇ ਭਾਈ...! ਜਿਹੋ ਜਿਹਾ ਕਰਮ ਕੋਈ ਕਰਦੈ, ਐਸੇ ਦੁਨੀਆਂ 'ਚ ਈ ਭੁਗਤ ਜਾਂਦੈ...! ਉਸ ਨੂੰ ਗੁਰਦੁਆਰਾ ਸਾਹਿਬ ਵਾਲ਼ੇ ਭਾਈ ਜੀ ਦੇ ਕਹੇ ਬੋਲ ਅਕਸਰ ਯਾਦ ਆ ਜਾਂਦੇ ਅਤੇ ਉਹ ਰੋਣ ਲੱਗ ਜਾਂਦੀ। ....ਜੇ ਸੱਦੋ ਜਿਉਂਦੀ ਹੋ ਕੇ ਪੰਜ ਮਿੰਟ ਮੇਰੇ ਸਾਹਮਣੇ ਆਜੇ, ਮੈਂ ਰੋ ਰੋ ਕੇ ਉਹਦੇ ਪੈਰ ਧੋ ਦਿਆਂ...! ਅਮਰੋ ਸੋਚਦੀ ਰਹਿੰਦੀ।

ਦੂਜਾ ਅਸਲ ਦੁੱਖ ਉਸ ਨੂੰ ਛੋਟੇ ਮੁੰਡੇ ਬੱਗੇ ਦਾ ਸੀ। ਜਿਹੜਾ ਦਾਰੂ, ਸੁੱਖਾ ਅਤੇ ਹੋਰ ਪਤਾ ਨਹੀਂ ਕੀ-ਕੀ ਪੀਣ-ਖਾਣ ਲੱਗ ਪਿਆ ਸੀ। ਉਹ ਕਾਲਜ ਗਿਆ ਕਈ-ਕਈ ਦਿਨ ਘਰੇ ਨਾ ਆਉਂਦਾ। ਜੇ ਅਮਰੋ ਪੁੱਛਦੀ ਤਾਂ ਹਲਕਿਆਂ ਵਾਂਗ ਗਲ਼ ਨੂੰ ਪੈਂਦਾ। ਅਮਰੋ ਨੇ ਘਰ ਵਿੱਚ ਕੌਰੇ ਦੀ ਬੁੱਕਤ ਤਾਂ ਪਹਿਲਾਂ ਤੋਂ ਹੀ ਨਹੀਂ ਸੀ ਰਹਿਣ ਦਿੱਤੀ। ਆਪਣੇ ਬਲਬੂਤੇ 'ਤੇ ਜੁਆਕ ਉਸ ਨੇ ਪਹਿਲਾਂ ਚੰਭਲ਼ਾ ਲਏ ਸਨ। ਚਾਂਭਲ਼ੇ ਜੁਆਕ ਵਿਗੜ ਗਏ ਸਨ। ਅਮਰੋ ਨੇ ਸ਼ੁਰੂ ਤੋਂ ਹੀ ਜੁਆਕਾਂ ਨੂੰ ਕੌਰੇ ਨਾਲ਼ੋਂ ਅਣਭਿੱਜ ਰੱਖਿਆ ਸੀ, ਜਿਸ ਕਾਰਨ ਕੌਰਾ ਚੁੱਪ ਹੀ ਰਹਿਣ ਲੱਗ ਪਿਆ ਸੀ ਅਤੇ ਮੁੜ ਉਸ ਨੂੰ ਚੁੱਪ ਰਹਿਣ ਦੀ ਇੱਕ ਤਰ੍ਹਾਂ ਨਾਲ਼ ਆਦਤ ਜਿਹੀ ਪੈ ਗਈ ਸੀ। ਕੌਰਾ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ ਅਤੇ "ਕੱਲੀ ਹੋਵੇ ਨਾ ਵਣਾਂ ਦੇ ਵਿੱਚ ਲੱਕੜੀ, 'ਕੱਲਾ ਨਾ ਹੋਵੇ ਪੁੱਤ ਜੱਟ ਦਾ" ਵਾਲ਼ਾ ਗਾਉਣ ਯਾਦ ਕਰ ਕੇ ਦੁਖੀ ਹੁੰਦਾ ਰਹਿੰਦਾ। ਬਖ਼ਤੌਰ ਦੇ ਵਲਾਇਤ ਜਾਣ ਤੋਂ ਬਾਅਦ ਉਹ ਇਕੱਲਾ ਹੀ ਤਾਂ ਰਹਿ ਗਿਆ ਸੀ!

ਪਰ ਹੁਣ ਜਦ ਅਮਰੋ ਨੂੰ ਚਾਰੇ ਪਾਸੇ ਹਨ੍ਹੇਰ ਗੁਬਾਰ ਨਜ਼ਰ ਆਉਣ ਲੱਗ ਪਿਆ ਸੀ, ਤਾਂ ਉਹ ਕੌਰੇ ਨੂੰ ਅਹਿਮੀਅਤ ਦੇਣ ਅਤੇ ਕੌਰੇ ਦੇ ਨਜ਼ਦੀਕ ਹੋਣ ਲੱਗ ਪਈ ਸੀ। ਪਿੰਡ ਜਾਂ ਰਿਸ਼ਤੇਦਾਰਾਂ ਵਿੱਚੋਂ ਹੋਰ ਤਾਂ ਉਸ ਨੂੰ ਕੋਈ ਸਿੱਧੇ ਮੂੰਹ ਨਾਲ਼ ਬੁਲਾਉਂਦਾ ਨਹੀਂ ਸੀ। ਹੁਣ ਉਸ ਨੂੰ ਮਹਿਸੂਸ ਹੋਣ ਲੱਗ ਪਿਆ ਸੀ ਕਿ ਕੌਰੇ ਬਿਨਾ ਉਸ ਦਾ ਕੋਈ ਸਹਾਰਾ ਨਹੀਂ ਸੀ ਹੋ ਸਕਦਾ। ਹੀਰੇ ਵਾਲ਼ੇ ਕਾਂਡ ਨੇ ਉਸ ਨੂੰ ਲੱਕੋਂ ਤੋੜ ਕੇ ਰੱਖ ਦਿੱਤਾ ਸੀ। ਅਮਰੋ ਨੂੰ ਹੁਣ ਇਹ ਵੀ ਮਹਿਸੂਸ ਹੋਣ ਲੱਗ ਪਿਆ ਸੀ ਕਿ ਉਹ ਆਪਣੀਆਂ ਕੀਤੀਆਂ ਵਧੀਕੀਆਂ ਦਾ ਫ਼ਲ਼ ਹੀ ਭੁਗਤ ਰਹੀ ਸੀ। ਜੇ ਆਦਤ ਅਨੁਸਾਰ ਕੌਰਾ ਉਸ ਨੂੰ ਨਾ ਬੁਲਾਉਂਦਾ ਤਾਂ ਉਹ ਆਪ ਹੀ ਪੁੱਛ ਲੈਂਦੀ, "ਚਾਹ ਬਣਾ ਕੇ ਦੇਵਾਂ...?" ਪਰ ਕੌਰਾ ਸਿਰਫ਼ "ਹਾਂ" ਜਾਂ "ਨਾਂਹ" ਵਿੱਚ ਸੰਖੇਪ ਜਿਹਾ ਉੱਤਰ ਦਿੰਦਾ। ਅਮਰੋ ਨੂੰ ਭਲੀ-ਭਾਂਤ ਹੀ ਤਾਂ ਪਤਾ ਸੀ ਕਿ ਉਸ ਨੇ ਕੌਰੇ ਨੂੰ ਕਿੰਨਾਂ ਦੁਖੀ ਕੀਤਾ ਸੀ ਅਤੇ ਆਪਦੇ ਮੁੰਡਿਆਂ ਤੋਂ ਕਰਵਾਇਆ ਸੀ। ਉਸ ਨੂੰ ਇਹ ਨਹੀਂ ਸੀ ਪਤਾ ਕਿ ਕੌਰੇ ਉਪਰ ਰੋਅਬ ਰੱਖਦੀ-ਰੱਖਦੀ ਉਹ ਜੁਆਕ ਹੀ ਵਿਗਾੜ ਲਵੇਗੀ? ਉਸ ਨੂੰ ਇਹ ਨਹੀਂ ਪਤਾ ਸੀ ਕਿ ਕੌਰੇ 'ਤੇ ਕਾਠੀ ਪਾਉਂਦੀ-ਪਾਉਂਦੀ ਉਹ ਆਪਣੀ ਨਸਲ ਹੀ ਖ਼ਰਾਬ ਕਰ ਲਵੇਗੀ?? ਪਰ ਹੁਣ ਬਹੁਤ ਦੇਰ ਹੋ ਚੁੱਕੀ ਸੀ, ਕਿਉਂਕਿ ਕੌਰਾ ਉਸ 'ਤੇ ਵਿਸ਼ਵਾਸ ਹੀ ਨਹੀਂ ਕਰਦਾ ਸੀ। ਅਮਰੋ ਨੇ ਕੌਰੇ ਦੀ ਰੂਹ 'ਤੇ ਪੱਛ ਹੀ ਇਤਨੇ ਲਾ ਦਿੱਤੇ ਸਨ ਕਿ ਉਸ ਦੀ ਰੂਹ ਛਲਣੀਂ ਅਤੇ ਲਹੂ-ਲੁਹਾਣ ਹੋਈ ਪਈ ਸੀ, ਜਿਸ ਨੂੰ ਲੱਖ ਇਲਾਜ਼ ਕਰਨ ਦੇ ਬਾਵਜੂਦ ਵੀ ਰਾਜ਼ੀ ਨਹੀਂ ਸੀ ਕੀਤਾ ਜਾ ਸਕਦਾ। ਇਹ ਰੂਹ ਦੇ ਜ਼ਖ਼ਮ ਸਨ, ਜੋ ਰਾਤੋ ਰਾਤ ਠੀਕ ਹੋਣ ਵਾਲ਼ੇ ਨਹੀਂ ਸਨ।

ਜਦੋਂ ਅਮਰੋ ਦੇ ਭਰਾ ਇੰਦਰ ਅਤੇ ਭਰਜਾਈ ਨਸੀਬ ਕੌਰ ਨੂੰ ਹੀਰੇ ਬਾਰੇ ਪਤਾ ਲੱਗਿਆ ਤਾਂ ਉਹ ਸਵੇਰੇ ਪਤਾ ਲੈਣ ਆ ਗਏ।

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ

# ਉਦਾਸੀ ਨੂੰ ਬੰਦਗੀ ਦੇ ਰੰਗ ਵਿੱਚ ਰੰਗਣ ਵਾਲੀ ਕਿਰਤ "ਕੁਦਰਤ ਕਾਰੀਗਰ ਹੈ।"

**ਸ਼ਿਵਚਰਨ ਜੱਗੀ ਕੁੱਸਾ**



ਜ਼ਰੂਰੀ ਨਹੀਂ ਕਿ ਲਿਆਕਤ ਬੰਦੇ ਨੂੰ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਧੱਕੇ ਖਾ ਕੇ ਹੀ ਆਵੇ। ਕਈ ਵਾਰ ਇਹ ਰੱਬ ਦੀ ਦਾਤ ਅਤੇ ਕੁਦਰਤ ਦੀ ਬਖ਼ਸ਼ਿਸ਼ ਵੀ ਹੁੰਦੀ ਹੈ। ਕਿਰਨ ਕੌਰ ਵਰਗੀਆਂ ਕਾਰਜਸ਼ੀਲ ਕਵਿੱਤਰੀਆਂ ਨੂੰ ਰੱਬ ਵੱਲੋਂ ਅਦੁਤੀ ਤੋਹਫ਼ਾ ਵੀ ਮਿਲ ਜਾਂਦਾ ਹੈ। ਦੁਨਿਆਵੀ ਇਖ਼ਲਾਕ ਅਤੇ ਪੰਜਾਬੀਅਤ ਪ੍ਰਤੀ ਸੁਹਿਰਦ ਸੰਸਕਾਰਾਂ ਦੇ ਅਥਾਹ ਜਜ਼ਬੇ ਦੇ ਨਾਲ-ਨਾਲ ਕਿਰਨ ਕੌਰ ਕੋਲ ਅਨਹਦ ਨਾਦ, ਅਨਾਹਤ ਵਰਗਾ ਅੰਦਾਜ਼ ਹੈ! ਕਵਿਤਾ ਦੀਆਂ ਬਰੀਕੀਆਂ ਦੀ ਸੂਝ ਹੈ। ਕਵਿਤਾ ਸਿਰਜਣ ਦਾ ਵੱਲ ਅਤੇ ਪੰਜਾਬੀ ਮਾਂ-ਬੋਲੀ ਦੇ ਪ੍ਰਸਾਰ ਦਾ 'ਝੱਲ' ਹੈ। ਕਈ ਵਾਰ ਉਸ ਦੀ ਗਰਜਦੀ-ਵੰਗਾਰਦੀ ਕਵਿਤਾ ਮੈਨੂੰ ਹਰੀ ਸਿੰਘ ਨਲੂਆ ਦੀ 'ਗੜ੍ਹਕ'ਦਾ ਚੇਤਾ ਕਰਵਾ ਦਿੰਦੀ ਹੈ ਅਤੇ ਕਈ ਵਾਰ ਹੀਰ ਦੀ ਪ੍ਰੀਤ ਵਿੱਚ ਵੱਜਦੀ ਰਾਂਝੇ ਦੀ ਵੰਝਲੀ ਦੀ ਹੂਕ ਦੀ ਯਾਦ ਦਿਵਾਉਂਦੀ ਹੈ! ਕਵਿਤਾ ਸਿਰਜਣ ਦੀ ਮੁਹਾਰਤ ਕਿਰਨ ਨੂੰ ਬਾਖ਼ੂਬੀ ਹਾਸਲ ਹੈ!


ਕਿਰਨ ਜੰਡ 'ਤੇ ਸੰਧੂਰ ਭੁੱਕਣ ਦੀ ਅਭਿਲਾਸ਼ੀ ਨਹੀਂ ਅਤੇ ਨਾ ਹੀ ਪਿੱਪਲਾਂ ਨੂੰ ਪਾਣੀ ਪਾਉਣ ਦੀ ਆਸਥਾ ਰੱਖਦੀ ਹੈ। ਨਾ ਹੀ ਉਸ ਨੂੰ ਸੱਪ ਦੀ ਖੁੱਡ ਵਿੱਚ ਦੁੱਧ ਪਾਉਣ ਦਾ ਚਾਅ ਹੈ ਅਤੇ ਨਾ ਹੀ ਦਰੱਖ਼ਤਾਂ ਨੂੰ ਖੰਮ੍ਹਣੀਆਂ (ਮੌਲ਼ੀਆਂ) ਬੰਨ੍ਹਣ ਦੀ ਰੀਝ। ਉਹ ਤਾਂ ਕੁਦਰਤ ਨਾਲ ਇੱਕ-ਮਿੱਕ ਹੋ ਕੇ, ਮਸਤ ਹੋ ਕੇ ਤੁਰਦੀ ਹੈ। ਉਸ ਦੀ ਹੀ ਰਚਨਾ ਅਨੁਸਾਰ:

ਜਦੋਂ ਮੇਰੇ ਮਨ ਅੰਦਰ
ਘੋਰ ਹਨ੍ਹੇਰਾ ਛਾਅ ਗਿਆ
ਆਸ ਦੇ ਦੀਪਕ ਬੁਝਣ ਲੱਗ ਪਏ,
ਓਦੋਂ ਮੈਂ 'ਸ਼ਿਵ' ਨੂੰ
ਕੁਝ ਇਸ ਤਰ੍ਹਾਂ ਗਾਇਆ
ਕਿ 'ਉਦਾਸੀ'
'ਬੰਦਗੀ' ਬਣ ਗਈ...

ਕਿਰਨ ਕੌਰ ਦੀ ਸਿਰਜਣਾਂ ਵਿੱਚ ਪੰਜਾਬ ਦਾ ਦਿਲ ਧੜਕਦਾ ਹੈ ਅਤੇ ਪੰਜਾਬਣ ਮੁਟਿਆਰ ਦੀ ਝਾਂਜਰ ਛਣਕਦੀ ਹੈ। ਉਸ ਦੀ ਕਲਪਨਾ ਦੀ ਪ੍ਰਵਾਜ਼ ਵਿੱਚ ਅੱਲ੍ਹੜ ਕੁੜੀ ਵੱਲੋਂ ਕਸੀਦੇ ਕੱਢੀਦੇ ਹਨ ਅਤੇ ਸੰਧੂਰੀ ਰੰਗ ਵਿੱਚ ਰੰਗੀ ਮੁਟਿਆਰ ਵੱਲੋਂ ਫੁਲਕਾਰੀ 'ਤੇ ਹਾਣੀ ਪ੍ਰਤੀ ਮੋਹ ਦੇ ਫੁੱਲ ਪੈਂਦੇ ਹਨ। ਉਸ ਦੇ ਜ਼ਿਹਨ ਵਿੱਚ ਬੇਬੇ ਦੀ ਮਧਾਣੀ ਗਾਇਨ ਕਰਦੀ ਹੈ ਅਤੇ ਹਰੇ-ਭਰੇ ਬਾਗਾਂ ਵੱਲੋਂ ਰੁਮਕਦੀ ਪੌਣ ਲੋਰੀਆਂ ਦਿੰਦੀ ਹੈ। ਉਸ ਦੀ ਸੋਚ ਵਿੱਚ ਝਰਨੇ ਰਾਗ ਛੇੜਦੇ ਨੇ ਅਤੇ ਮੰਤਰ-ਮੁਗਧ ਹੋਈਆਂ ਇੰਦਰ ਦੀਆਂ ਪਰੀਆਂ ਨਿਰਤ ਕਰਦੀਆਂ ਨੇ! ਉਸ ਦੀਆਂ ਕਵਿਤਾਵਾਂ ਵਿੱਚ ਪੰਜਾਬ ਦੀਆਂ ਲਹਿ-ਲਹਾਉਂਦੀਆਂ ਫ਼ਸਲਾਂ ਜਿਹੀ ਤਾਜ਼ਗੀ ਅਤੇ ਸਰ੍ਹੋਂ ਦੇ ਫੁੱਲਾਂ ਵਰਗੀ ਰਸਭਿੰਨੀ ਖ਼ੁਸ਼ਬੂ ਹੈ। ਉਸ ਦੀ ਕਵਿਤਾ ਦੇ ਬੋਲਾਂ ਵਿੱਚ ਘੁਲਾੜ੍ਹੀ 'ਤੇ ਬਣਦੇ ਤੱਤੇ ਗੁੜ ਜਿਹੀ ਮਹਿਕ ਹੈ ਅਤੇ ਪੋਨੇ ਗੰਨੇ ਦੇ ਰਸ ਵਰਗਾ ਸੁਆਦ! ਉਹ ਨੀਲੇ ਅਸਮਾਨ ਦੀ ਹਿੱਕ ਉਤੇ ਸੱਚ ਦੀ ਮੋਹਰ ਲਾਉਣਾ ਜਾਣਦੀ ਹੈ ਅਤੇ ਕਦੇ-ਕਦੇ ਨਾ ਹਜ਼ਮ ਹੋਣ ਵਾਲਾ ਸੱਚ ਬਿਆਨਦੀ ਹੈ:

ਸਾਇੰਸ ਆਖਦੀ ਹੈ;
ਡਾਇਨਾਸੋਰ ਹੁੰਦੇ ਸੀ, ਹੁਣ ਨਹੀਂ ਰਹੇ।
ਮੈਂ ਆਖਦੀ ਹਾਂ;
ਇਨਸਾਨ ਹੁੰਦੇ ਸੀ, ਹੁਣ ਨਹੀਂ ਰਹੇ...

ਜ਼ਿਲ੍ਹਾ ਕਪੂਰਥਲਾ ਦੇ ਪਿੰਡ ਭਾਣੋ ਲੰਗਾ ਵਿੱਚ ਸਰਦਾਰ ਬਲਵੀਰ ਸਿੰਘ ਅਤੇ ਮਾਤਾ ਰਜਵੰਤ ਕੌਰ ਦੀ ਕੁੱਖੋਂ ਜਨਮੀ ਕਿਰਨ, 2017 ਤੋਂ ਯੂਰਪ ਦੇ ਬੇਹੱਦ ਖੂਬਸੂਰਤ ਦੇਸ਼ 'ਆਸਟਰੀਆ' ਵਿੱਚ ਰਹਿ ਰਹੀ ਹੈ। ਉਸ ਨੇ 2018 ਵਿੱਚ ਤਹੱਈਆ ਕਰ ਲਿਖਣਾ ਸ਼ੁਰੂ ਕੀਤਾ। ਆਪਣੇ ਦੇਸ਼ ਅਤੇ ਵਿਦੇਸ਼ ਦੇ ਸਮਾਜਿਕ ਢਾਂਚੇ ਨੇ ਉਸ ਦੀ ਬੌਧਿਕਤਾ ਨੂੰ ਝੰਜੋੜਾ ਮਾਰਿਆ ਤਾਂ ਉਸ ਨੇ ਵਿਅੰਗਮਈ 'ਲਘੂ ਕਹਾਣੀਆਂ' ਲਿਖੀਆਂ ਅਤੇ ਉਹ ਪੰਜਾਬ ਦੇ ਕਈ ਪ੍ਰਮੁੱਖ ਅਖ਼ਬਾਰਾਂ ਵਿੱਚ ਛਪਣ ਲੱਗੀ। ਹੌਲੀ-ਹੌਲੀ ਇਹ ਸਫ਼ਰ ਅੱਗੇ ਵਧਦਾ ਗਿਆ ਅਤੇ ਉਹ ਵਾਰਤਿਕ ਦੇ ਨਾਲ-ਨਾਲ ਕਵਿਤਾਵਾਂ ਵੀ ਸਿਰਜਣ ਲੱਗੀ। ਲਿਖਣ ਦਾ ਸ਼ੌਕ ਉਸ ਨੂੰ ਕੁਦਰਤ ਵੱਲੋਂ ਹੀ ਪਿਆ ਅਤੇ ਆਸ-ਪਾਸ ਦੀਆਂ ਘਟਨਾਵਾਂ ਤੋਂ ਉਪਜੇ ਵਿਚਾਰਾਂ ਉਪਰ ਲਿਖਣਾ ਸ਼ੁਰੂ ਕੀਤਾ, ਜੋ ਅੱਜ ਤੱਕ ਨਿਰੰਤਰ ਜਾਰੀ ਹੈ।




ਜਦ ਉਹ ਬਗ਼ਾਵਤ 'ਤੇ ਉੱਤਰ ਵਿਦਰੋਹੀ ਰਚਨਾ ਸਿਰਜਦੀ ਹੈ ਤਾਂ ਉਹ ਕੋਈ ਬਾਗ਼ੀ ਜਾਂ ਗੁਰੀਲਾ ਜਾਪਦੀ ਹੈ। ਉਸ ਕੋਲ਼ ਕਲਾ ਦੇ ਸੂਖ਼ਮ ਤਜ਼ਰਬਿਆਂ ਦੇ ਗਹਿਣੇ ਵੀ ਨੇ ਅਤੇ ਕਿਸੇ ਦੇ ਵਿੰਗ-ਵਲ਼ ਕੱਢਣ ਲਈ ਸ਼ਬਦਾਂ ਦੇ ਤੇਜ਼ਧਾਰ ਨਸ਼ਤਰ ਵੀ ! ਕਿਰਨ ਕੌਰ ਦੀਆਂ ਰਚਨਾਵਾਂ ਅਨੁਸਾਰ ਪ੍ਰੇਮ ਅਤੇ ਇਸ਼ਕ ਇੱਕ ਸਾਧਨਾਂ ਹੈ, ਠਰਕ ਭੋਰਨ ਦਾ ਜ਼ਰੀਆ ਨਹੀਂ! ਕਿਤੇ-ਕਿਤੇ ਉਸ ਦੀਆਂ ਰਚਨਾਵਾਂ ਇਸੇ ਸਾਧਨਾਂ ਦੀ ਬਾਤ ਪਾਉਂਦੀਆਂ ਹਨ। ਉਸ ਦੀਆਂ ਕਵਿਤਾਵਾਂ ਵਿੱਚ ਖੂਹ 'ਤੇ ਗਿੜਦੀਆਂ ਟਿੰਡਾਂ ਦੀ ਇੱਕ-ਸੁਰ ਅਤੇ ਇੱਕ-ਸਾਰ ਲੈਅ ਹੈ। ਉਸ ਦੀ ਸਿਰਜਣਾਂ ਸ਼ਕਤੀ ਵਿੱਚ ਮਾਘੀ ਮੌਕੇ ਕੜਾਕੇ ਦੀ ਸਰਦੀ ਵਿੱਚ ਖੇਤੀਂ ਲੱਗਦੇ ਕੱਸੀ ਦੇ ਪਾਣੀ ਵਰਗਾ ਹੁਲਾਸ ਅਤੇ ਨਿੱਘ ਹੈ। ਅੱਸੂ ਕੱਤੇ ਦੇ ਮਹੀਨੇ ਖੇਤਾਂ ਵਿੱਚ ਹਲ਼ ਖਿੱਚਦੇ ਬਲ਼ਦਾਂ ਦੀਆਂ ਟੱਲੀਆਂ ਖੜਕਣ ਦੀ ਅਦੁਤੀ ਧੁਨ ਹੈ। ਉਸ ਦੀ ਸ਼ਬਦ-ਬੁਣਤੀ ਵਿਚ ਨਾਰੀਅਲ ਦੇ ਪਾਣੀ ਵਰਗਾ ਕੁਦਰਤੀ ਰਸ ਹੈ ਅਤੇ ਇਹ ਬੁਣਤਰ-ਰਸ ਜਣੇਂ-ਖਣੇਂ ਨੂੰ ਨਸੀਬ ਨਹੀਂ ਹੋ ਜਾਂਦਾ।

ਕਿਰਨ ਹਾਥੀ ਦੇ ਦੰਦਾਂ ਵਾਂਗ, ਖਾਣ ਲਈ ਹੋਰ ਅਤੇ ਦਿਖਾਉਣ ਲਈ ਹੋਰ ਵਾਲ਼ੀਆਂ ਗੱਲਾਂ ਵੀ ਨਹੀਂ ਕਰਦੀ। ਸੱਚੀ ਗੱਲ ਮੂੰਹ 'ਤੇ ਕਹਿਣ ਦੀ ਆਦੀ ਹੈ। ਉਸ ਅਨੁਸਾਰ ਆਲੋਚਕ ਅਤੇ ਨਿੰਦਕ ਵਿੱਚ ਦੋ ਕਿਨਾਰਿਆਂ ਵਾਂਗ ਫ਼ਰਕ ਹੈ। ਆਲੋਚਕ ਤੁਹਾਨੂੰ ਸੇਧ ਪ੍ਰਦਾਨ ਕਰਦੇ ਨੇ ਅਤੇ ਨਿੰਦਕ ਦਾ ਕੰਮ ਬਿਨਾ ਗੱਲੋਂ 'ਤਰਕ' ਮਾਰਨੀ ਹੁੰਦੀ ਹੈ! ਮੇਰਾ ਇਹ ਗੱਲਾਂ ਕਰਨ ਦਾ ਭਾਵ ਹੈ ਕਿ ਕਿਰਨ ਜ਼ਿਆਦਾਤਰ ਚੁੱਪ ਰਹਿ ਕੇ ਹੀ ਦੁਆਵਾਂ ਦੇਣ ਵਾਲ਼ੀ ਫ਼ੌਲਾਦੀ ਦਿਲ ਵਾਲ਼ੀ ਕੁੜੀ ਹੈ ਅਤੇ ਉਹ ਬਦਖੋਹੀ ਕਰਨ ਵਾਲ਼ਿਆਂ ਦੀ ਵੀ ਚਿੰਤਾ ਨਹੀਂ ਕਰਦੀ। ਜੇ ਉਸ ਵਿੱਚ ਕਹਿਣ ਦਾ ਜਿਗਰਾ ਹੈ ਤਾਂ ਉਸ ਵਿੱਚ ਸਹਿਣ ਦਾ ਸਾਹਸ ਵੀ ਹੈ। ਉਹ ਵਿਹਲੜ ਬੰਦੇ ਵਾਂਗ ਸਿੰਗ ਮਿੱਟੀ ਵੀ ਨਹੀਂ ਚੁੱਕਦੀ ਅਤੇ ਨਾ ਹੀ ਸ਼ਬਦਾਂ ਦੀ ਖੁਰ-ਵੱਢ ਕਰਦੀ ਹੈ। ਉਹ ਤਾਂ ਨਿਯਮਬੱਧ ਸੈਨਿਕ ਵਾਂਗ ਸਮਾਜ ਦੇ 'ਵੈਰੀ' 'ਤੇ ਸ਼ਿਸ਼ਤ ਬੰਨ੍ਹ ਨਿਸ਼ਾਨਾ ਲਾਉਂਦੀ ਹੈ। ਮੈਂ ਉਸ ਦੀ ਪਲੇਠੀ ਪੁਸਤਕ "ਕੁਦਰਤ ਕਾਰੀਗਰ ਹੈ" ਨੂੰ ਬਾਹਾਂ ਫ਼ੈਲਾ ਕੇ "ਜੀ ਆਇਆਂ" ਆਖਦਾ ਹੋਇਆ, ਉਸ ਤੋਂ ਅਜਿਹੀਆਂ ਹੋਰ ਕਿਤਾਬਾਂ ਦੀ ਆਸ ਰੱਖਾਂਗਾ।

# ਅਮਰੀਕਾ ਕਮਜ਼ੋਰ ਹੋਇਆ ਹੈ, ਅਸੀਂ ਇਸ ਨੂੰ ਹੋਰ ਡਿੱਗਣ ਨਹੀਂ ਦੇ ਸਕਦੇ-ਡੋਨਲਡ ਟਰੰਪ
## ਪਿਛਲੇ ਹਫਤੇ ਹਮਲੇ ਤੋਂ ਬਾਅਦ ਮਿਸ਼ੀਗਨ ਵਿਚ ਕੀਤੀ ਪਹਿਲੀ ਜਨਤਿਕ ਰੈਲੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇਕ ਹਫਤਾ ਪਹਿਲਾਂ ਪੈਨਸਿਲਵਾਨੀਆ ਵਿਚ ਜਾਨ ਲੈਣ ਦੀ ਹੋਈ ਅਸਫਲ ਕੋਸ਼ਿਸ਼ ਉਪਰੰਤ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਗ੍ਰੈਂਡ ਰੈਪਿਡਸ ਵਿਚ ਵੈਨ ਅਨਡੇਲ ਅਰੇਨਾ ਵਿਖੇ ਕੀਤੀ ਪਹਿਲੀ ਜਨਤਿਕ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਮਰੀਕਾ ਕਮਜ਼ੋਰ ਹੋ ਰਿਹਾ ਹੈ, ਅਸੀਂ ਇਸ ਨੂੰ ਹੋਰ ਡਿੱਗਣ ਨਹੀਂ ਦੇ ਸਕਦੇ ਤੇ ਅਸੀਂ ਲੋਕਾਂ ਨਾਲ ਧੋਖਾ ਹੁੰਦਾ ਨਹੀਂ ਵੇਖ ਸਕਦੇ। ਟਰੰਪ ਨੇ ਆਪਣੇ ਜੋਸ਼ੀਲੇ ਸਮਰਥਕਾਂ ਨੂੰ ਕਿਹਾ ਕਿ ਰਿਪਬਲੀਕਨ ਇਸ ਸਾਲ ਮਿਸ਼ੀਗਨ ਜਿੱਤਣਗੇ ਕਿਉਂਕ ਅਸੀਂ ਆਪਣੇ ਆਪ ਨੂੰ ਲੋਕਾਂ ਦੀ ਪਾਰਟੀ ਬਣਾਇਆ ਹੈ। ਆਪਣੇ ਸੰਬੋਧਨ ਦੌਰਾਨ ਉਨਾਂ ਨੇ ਗਵਰਨਰ ਗਰੇਚਨ ਵਿਟਮਰ ਉਪਰ ਸ਼ਬਦੀ ਹਮਲਾ ਕਰਦਿਆਂ ਉਸ ਨੂੰ "ਬੇਕਾਰ" ਕਰਾਰ ਦਿੱਤਾ ਤੇ ਕਿਹਾ ਕਿ ਉਹ ਅਸਲ ਵਿਚ ਉਸ ਵਿਰੁੱਧ ਚੋਣ ਲੜਨਾ ਚਹੁੰਣਗੇ ਕਿਉਂਕਿ ਰਾਸ਼ਟਰਪਤੀ ਜੋ ਬਾਈਡਨ ਦੀ ਆਪਣੀ ਪਾਰਟੀ ਉਨਾਂ 'ਤੇ ਚੋਣ ਮੈਦਾਨ ਵਿਚੋਂ ਹਟਣ ਲਈ ਦਬਾਅ ਪਾ ਰਹੀ ਹੈ ਤੇ ਵਿਟਮਰ ਨੂੰ ਕੁਝ ਲੋਕਾਂ ਵੱਲੋਂ ਉਨਾਂ ਦੀ ਜਗਾ 'ਤੇ ਉਮੀਦਵਾਰ ਬਣਾਉਣ ਦੀ ਗੱਲ ਕੀਤੀ ਜਾ ਰਹੀ ਹੈ। ਟਰੰਪ ਨੇ ਡੈਮੋਕਰੈਟਾਂ ਦਾ ਇਹ ਪ੍ਰਚਾਰ ਰੱਦ ਕਰ ਦਿੱਤਾ ਕਿ ਉਹ ਲੋਕਤੰਤਰ ਲਈ ਖਤਰਾ ਹਨ। ਟਰੰਪ ਜਿਸ ਨੇ ਪਿਛਲੇ ਹਫਤੇ ਗੋਲੀ ਕਾਰਨ ਜ਼ਖਮੀ ਹੋਏ ਆਪਣੇ ਸੱਜੇ ਕੰਨ ਉਪਰ ਚਮੜੀ ਦੇ ਰੰਗ ਦੀ ਬੈਂਡੇਜ ਬੰਨੀ ਹੋਈ ਸੀ, ਨੇ ਕਿਹਾ ਕਿ ਪਿਛਲੇ ਹਫਤੇ ਮੈਨੂੰ ਲੋਕਤੰਤਰ ਕਾਰਨ ਗੋਲੀ ਖਾਣੀ ਪਈ ਹੈ। ਉਨਾਂ ਸਵਾਲ ਕੀਤਾ ਕਿ ਮੈ ਲੋਕਤੰਤਰ ਖਿਲਾਫ ਕੀ ਕੀਤਾ ਹੈ? ਸਖਤ ਸੁਰੱਖਿਆ ਪ੍ਰਬੰਧਾਂ ਤਹਿਤ ਹੋਈ ਰੈਲੀ ਵਿਚ ਟਰੰਪ ਨੇ ਕਿਹਾ ਕਿ ਜਦੋਂ ਉਹ ਰਾਸ਼ਟਰਪਤੀ ਸਨ ਤਾਂ ਉਨਾਂ ਨੇ ਮਿਸ਼ੀਗਨ ਵਿਚ ਆਟੋ ਖੇਤਰ ਵਿੱਚ ਨੌਕਰੀਆਂ ਪੈਦਾ ਕੀਤੀਆਂ ਸਨ ਤੇ ਉਨਾਂ ਨੂੰ ਬਹੁਤ ਸਾਲ ਪਹਿਲਾਂ ਮਿਸ਼ੀਗਨ ਵਿਚ " ਮੈਨ ਆਫ ਦੀ ਯੀਅਰ" ਪੁਰਸਕਾਰ ਦਿੱਤਾ ਗਿਆ ਸੀ। ਉਨਾਂ ਨੇ ਦੋਸ਼ ਲਾਇਆ ਕਿ ਇਮੀਗ੍ਰੇਸ਼ਨ ਨੀਤੀਆਂ ਕਾਰਨ ਅਮਰੀਕਾ ਵਿਚ ਅਪਰਾਧ ਵਧਿਆ ਹੈ। ਮੈ ਸੱਤਾ 'ਤੇ ਆਇਆ ਤਾਂ ਇਸ ਖੇਤਰ ਵਿਚ ਸੁਧਾਰ ਕੀਤੇ ਜਾਣਗੇ।




**ਸਾਬਕਾ ਰਾਸ਼ਟਰਪਤੀ ਟਰੰਪ ਮਿਸ਼ੀਗਨ ਵਿਚ ਰੈਲੀ ਨੂੰ ਸੰਬੋਧਨ ਕਰਦੇ ਹੋਏ।**

# ਹਾਸੇ ਦੀ ਪਟਾਰੀ

**ਪਤਨੀ** ਨੇ ਸਵੇਰੇ-ਸਵੇਰੇ ਪਤੀ ਨੂੰ ਕਿਹਾ, ਅੱਧਾ ਸਿਰ ਦੁੱਖ ਰਿਹਾ ਹੈ।

ਪਤੀ ਦੇ ਮੂੰਹੋਂ ਨਿਕਲ ਗਿਆ, ਜਿੰਨਾ ਹੈ, ਉਨਾ ਹੀ ਦੁਖੇਗਾ।

ਉਦੋਂ ਤੋਂ ਪਤੀ ਦਾ ਪੂਰਾ ਸਿਰ ਤੇ ਸਾਰਾ ਸਰੀਰ ਦੁੱਖ ਰਿਹਾ ਹੈ।

*---*---*

**ਪਤੀ** (ਪਤਨੀ ਨੂੰ), ਤੂੰ ਕਿੰਨੀ ਫਜ਼ੂਲਖਰਚੀ ਕਰਦੀ ਏਂ।

ਪਤਨੀ ਤੁਰੰਤ ਬੋਲੀ, ਅਤੇ ਜੋ ਤੁਸੀਂ ਕਰਦੇ ਹੋ ਉਹ?

ਪਤੀ, ਮੈਂ ਕਿਹੜੀ ਫਜ਼ੂਲਖਰਚੀ ਕਰਦਾ ਹਾਂ?

ਪਤਨੀ, ਕਦੋਂ ਤੋਂ ਆਪਣੀ ਐਲ. ਆਈ. ਸੀ. ਦੀਆਂ ਕਿਸ਼ਤਾਂ ਭਰ ਰਹੇ ਹੋ, ਅੱਜ ਤੱਕ ਕੋਈ ਕੰਮ ਆਈ?

*---*---*

**ਇਕ** ਵਿਅਕਤੀ ਬੈਂਕ ਵਿੱਚ ਜਾ ਕੇ ਮੈਨੇਜਰ ਨੂੰ ਬੋਲਿਆ, ਸਾਂਝਾ ਖਾਤਾ ਖੁੱਲ੍ਹਵਾਉਣਾ ਹੈ।

ਮੈਨੇਜਰ, ਕਿਸ ਦੇ ਨਾਲ?

ਵਿਅਕਤੀ, ਜਿਸ ਦੇ ਖਾਤੇ ਵਿੱਚ ਜ਼ਿਆਦਾ ਬੈਲੇਂਸ ਹੋਵੇ।

*---*---*

## ਹਾਸ ਵਿਅੰਗ

ਕੇ. ਐਲ. ਗਰਗ

# ਇਮਾਨਦਾਰੀ ਹਾਲੇ ਜਿਊਂਦੀ ਐ

ਸਾਡੇ ਘਸੀਟੂ ਮੱਲ ਨੂੰ ਜਦ ਵੀ ਵੱਡਾ ਸਾਰਾ ਡਕਾਰ ਆਏ ਤਾਂ ਉਹ ਝੱਟ ਹੀ ਹੱਥ ਦੀ ਮੁੱਕੀ ਦਾ ਪਿੰਨਾ ਬਣਾ ਕੇ ਜੈ ਘੋਸ਼ ਕਰਦਿਆਂ, ਬੁਲੰਦ ਆਵਾਜ਼ ਵਿਚ (ਨਾਅਰਾ ਮਾਰਨ ਵਾਂਗ) ਆਖਦੇ ਹਨ, 'ਹੇ ਬੇਈਮਾਨੀ ਤੇਰਾ ਈ ਆਸਰਾ।'

ਬੁਲੰਦੀ ਭਰੀ ਆਵਾਜ਼ 'ਚ ਇਹੋ ਜਿਹਾ ਨਾਅਰਾ ਲਾਉਂਦਿਆਂ, ਉਹ ਆਲੇ-ਦੁਆਲੇ ਝਾਤੀ ਮਾਰਨੀ ਕਦੀ ਨਹੀਂ ਭੁੱਲਦੇ। ਉਨ੍ਹਾਂ ਨੂੰ ਬਾਕਮਾਲ ਸ਼ਾਇਰ ਭੁਜੰਗੀ ਮੱਲ ਦਾ ਕਿਹਾ ਸ਼ੇਅਰ ਹਮੇਸ਼ਾ ਯਾਦ ਰਹਿੰਦਾ ਹੈ :

ਬਾਤ ਨਿਕਲੀ ਹੈ ਤੋ<br>
ਦੂਰ ਤਲਕ ਜਾਏਗੀ,<br>
ਕਿਸੀ ਨਾ ਕਿਸੇ ਕੇ ਮਨ ਕੋ ਭਾਏਗੀ।'

ਉਨ੍ਹਾਂ ਦਾ ਇਹ ਜੈ-ਘੋਸ਼ ਸੁਣਦਿਆਂ ਹੀ ਸਾਡੀ ਬਿਰਤੀ ਝੱਟ ਘਸੀਟੂ ਮੱਲ ਨਾਲ ਜਾ ਜੁੜਦੀ ਹੈ। ਅਸੀਂ ਬਹੁਤ ਹਲੀਮੀ ਨਾਲ ਪੁੱਛਦੇ ਹਾਂ, 'ਘਸੀਟੂ ਮੱਲ, ਬੇਈਮਾਨੀ ਨਾਲ ਨਹੀਂ, ਸਗੋਂ ਇਮਾਨਦਾਰੀ ਨਾਲ ਵੀ ਚੰਗੀ ਜ਼ਿੰਦਗੀ ਨਿਕਲ ਸਕਦੀ ਹੈ। ਇਮਾਨਦਾਰੀ ਦਾ ਹਾਲੇ ਨਮੂਦ ਨੀ ਮੁੱਕਿਆ। ਹੈਗੀ ਮਾੜੀ-ਮੋਟੀ ਇਮਾਨਦਾਰੀ ਹਾਲੇ ਵੀ। ਤਾਂ ਹੀ ਤਾਂ ਇਹ ਦੁਨੀਆ ਦੀ ਗੱਡੀ, ਧੀਮੀ ਗਤੀ ਨਾਲ ਹੀ ਸਹੀ, ਰਿੜ੍ਹੀ ਜਾਂਦੀ ਹੈ।'

ਸਾਡੀਆਂ ਸਿਖਤਾਂ ਦੇ ਘਸੀਟੂ ਮੱਲ ਕੋਲ ਸੈਂਕੜੇ ਤਰਕ ਨੇ। ਨਟ ਬੱਲੋ ਬੁੜ੍ਹੀ ਵਾਂਗ ਗਿੱਧਾ ਜਿਹਾ ਪਾ ਕੇ ਆਖਦੇ ਹਨ, 'ਭ੍ਰਿਸ਼ਟਾਚਾਰ 'ਚ ਤਾਂ ਅਸੀਂ, ਬੰਧੂ, ਗਲ-ਗਲ ਤੀਕ ਡੁੱਬੇ ਪਏ ਆਂ। ਮੌਕਾ ਮਿਲੇ ਸਹੀ, ਅਸੀਂ ਕਾਰਸਤਾਨੀ ਕਰਨੋਂ ਬਾਜ਼ ਨੀ ਆਉਂਦੇ। ਲੋਕ ਤਾਂ ਅੱਡੀ ਤੋਂ ਲੈ ਕੇ ਸਿਰ ਦੀ ਬੋਦੀ ਤੱਕ ਬੇਈਮਾਨੀ 'ਚ ਫਸੇ ਪਏ ਆ। ਇਮਾਨਦਾਰੀ ਨੂੰ ਤਾਂ ਕੋਈ ਦੁੱਕੀ ਵੱਟੇ ਨੀ ਪੁੱਛਦਾ। ਕਹਾਵਤ ਵੀ ਤਾਂ ਬਣ 'ਗੀ ਐ ਕਿ ਜੇ ਕਿਸੇ ਨੇ ਟੱਬਰ ਭੁੱਖਾ ਮਾਰਨਾ ਹੋਵੇ, ਪੰਜੀ-ਪੰਜੀ ਨੂੰ ਤਰਸਾਉਣੇ ਹੋਣ ਨਿੱਕੇ ਨਿਆਣੇ ਤਾਂ ਇਮਾਨਦਾਰ ਬਣ ਜਾਵੇ।'

'ਪਰ ਘਸੀਟੂ ਮੱਲਾ ਕਦੀ ਨਮੂਦ ਵੀ ਮੁੱਕਿਆ ਕਿਸੇ ਚੀਜ਼ ਦਾ। ਹੈਗੀ, ਹੈਗੀ ਐ ਇਮਾਨਦਾਰੀ ਹਾਲੇ ਵੀ। ਕੋਈ ਕੋਈ ਹਰੀਸ਼ ਚੰਦਰ ਹੈਗਾ ਹਾਲੇ ਵੀ ਜਿਊਂਦਾ।'

ਪਰ ਘਸੀਟੂ ਮੱਲ ਤਾਂ ਮਦਾਰੀ ਦੇ ਡਮਰੂ ਵਾਂਗ ਸਿਰ ਈ ਮਾਰੀ ਜਾਂਦੈ ਇਹੋ ਜਿਹੀ ਗੱਲ 'ਤੇ।

ਅਸੀਂ ਵੀ ਆਪਣੀ ਗੱਲ 'ਤੇ ਅੜੇ ਹੋਏ ਸਾਂ। ਲਓ ਜੀ, ਤੁਸੀਂ ਵੀ ਤੱਤੇ ਘਾਅ ਸਾਡੀ ਗੱਲ ਸੁਣ ਲਓ। ਇਮਾਨਦਾਰੀ ਹਾਲੇ ਵੀ ਜਿਊਂਦੀ ਐ ਇਸ ਜਗਤ ਵਿਚ।

ਹੋਇਆ ਇਉਂ ਕਿ ਸਾਡਾ ਜ਼ੁਕਾਮ ਵਿਗੜਿਆ ਹੋਇਆ ਸੀ। ਨਿੱਛਾਂ ਵੀ ਮਾਰੀ ਜਾ ਰਹੇ ਸਾਂ। ਅਸੀਂ ਰੁਮਾਲ ਲੈ ਕੇ ਪਾਰਕ 'ਚ ਸੈਰ ਲਈ ਨਿਕਲ ਗਏ। ਉਥੇ ਬੈਂਚ 'ਤੇ ਬੈਠੇ ਨਿੱਛਾਂ ਮਾਰਦੇ ਰਹੇ, ਨੱਕ ਪੂੰਝਦੇ ਰਹੇ ਤੇ ਸੈਰ ਲਈ ਆਏ ਲੋਕਾਂ (ਮਰਦ-ਔਰਤਾਂ) ਨੂੰ ਤਾੜਦੇ ਰਹੇ। ਰੁਮਾਲ ਪੂਰੀ ਤਰ੍ਹਾਂ ਹਾਲੋਂ-ਬੇਹਾਲ ਹੋਇਆ ਪਿਆ ਸੀ। ਅਸੀਂ ਭੁਲੇਖੇ ਨਾਲ ਉਸ ਨੂੰ ਬੈਂਚ 'ਤੇ ਰੱਖ ਕੇ ਭੁੱਲ ਗਏ। ਪੈੱਨ ਅਤੇ ਰੁਮਾਲ ਦੋ ਚੀਜ਼ਾਂ ਇਹੋ ਜਿਹੀਆਂ ਨੇ, ਜੋ ਅਕਸਰ ਹੀ ਘਰ ਲਿਆਉਣੀਆਂ ਭੁੱਲ ਜਾਂਦੇ ਨੇ ਲੋਕ। ਅਸੀਂ



ਕਿਹੜਾ ਕਿੱਸੇ ਹੋਰ ਮਿੱਟੀ ਦੇ ਬਣੇ ਹੋਏ ਸਾਂ। ਬੈਂਚ 'ਤੇ ਰੱਖਿਆ ਰੁਮਾਲ ਉਥੇ ਈ ਭੁੱਲ ਆਏ। ਘਰ ਵਾਲੀ ਨੇ ਅਗਲੇ ਦਿਨ ਕੱਪੜੇ ਧੋਣ ਵੇਲੇ ਯਾਦ ਕਰਵਾਇਆ ਤਾਂ ਸਾਨੂੰ ਪਿਆਰੇ ਰੁਮਾਲ ਦਾ ਚੇਤਾ ਆਇਆ। ਰੁਮਾਲ ਦੇ ਤਾਂ ਪੈ ਗੇ ਫੁੱਲ ਗੰਗਾਂ 'ਚ, ਸਾਥੋਂ ਕਹਿ ਹੋ ਗਿਆ ਸੀ। ਅਗਲੇ ਦਿਨ ਅਸੀਂ ਉਚੇਚਾ ਰੁਮਾਲ ਦੀ ਭਾਲ 'ਚ ਪਾਰਕ 'ਚ ਗਏ ਸਾਂ। ਸਾਨੂੰ ਰੁਮਾਲ ਮਿਲਣ ਦੀ ਕੋਈ ਉਮੀਦ ਵੀ ਨਹੀਂ ਸੀ, ਉਮੀਦ ਹੋਣੀ ਵੀ ਨਹੀਂ ਸੀ ਚਾਹੀਦੀ। ਘਸੀਟੂ ਮੱਲ ਦੇ ਕਹਿਣ ਮੂਜਬ ਲੋਕ ਤਾਂ ਨਹੁੰ-ਨਹੁੰ ਬੇਈਮਾਨੀ ਦੇ ਚਿੱਕੜ 'ਚ ਧੱਸੇ ਪਏ ਨੇ, ਫਿਰ ਰੁਮਾਲ ਕੀਹਨੇ ਛੱਡਣਾ ਸੀ। ਪਰ ਸਾਡੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਉਥੇ ਬੈਂਚ 'ਤੇ ਉਸੇ ਥਾਂ ਸਾਡਾ ਰੁਮਾਲ ਡਟਿਆ ਪਿਆ ਸੀ। ਸਾਨੂੰ ਦੇਖ ਕੇ ਮੇਲੇ 'ਚ ਗੁਆਚੇ ਜੁਆਕ ਵਾਂਗ, ਦੁਬਾਰਾ ਮਿਲ ਗਿਆ। ਆ 'ਗੇ ਤੁਸੀਂ... ਮੈਂ ਤਾਂ... ਮੈਂ... ਤਾਂ...। ਸਾਨੂੰ ਕੋਈ ਓਪਰੀ ਜਿਹੀ ਆਵਾਜ਼ ਵੀ ਸੁਣਾਈ ਦਿੱਤੀ। ਲਓ ਜੀ, ਹੁਣ ਤੁਸੀਂ ਖ਼ੁਦ ਹੀ ਮੰਨ ਜਾਣੈਂ ਕਿ ਇਮਾਨਦਾਰੀ ਹਾਲੇ ਜ਼ਿੰਦਾ ਹੈਗੀ ਆ। ਕਿਸੇ ਬੇਈਮਾਨ ਨੇ ਸਾਡੇ ਰੁਮਾਲ ਵੱਲ ਦੇਖਿਆ ਤੱਕ ਨਹੀਂ। ਹਾਲਾਂ ਕਿ ਸਾਡੀ ਪਤਨੀ ਨੇ ਕਰੋਸ਼ੀਏ ਨਾਲ ਉਸ 'ਤੇ 'ਆਈ ਲਵ ਯੂ' ਦੀ ਕਢਾਈ ਵੀ ਕੀਤੀ ਹੋਈ ਸੀ। ਪਤਨੀ ਦਾ 'ਆਈ ਲਵ ਯੂ' ਵੀ ਕਿਸੇ ਬੇਈਮਾਨ ਨੂੰ ਉਤਸ਼ਾਹਿਤ ਨਹੀਂ ਕਰ ਸਕਿਆ।

ਹਾਲੇ ਤਾਂ ਅਸੀਂ ਇਕ ਹੋਰ ਦ੍ਰਿਸ਼ਟਾਂਤ ਵੀ ਸੁਣਾਉਣੈ। ਸੁਣੋ ਪ੍ਰਭੂ ਚਿੱਤ ਲਾ ਕੇ। ਅਸੀਂ ਇਕ ਦਿਨ ਬਾਜ਼ਾਰ ਗਏ। ਐਵੇਂ ਈ ਸਾਡਾ ਮੂੰਹ ਮਾਰਨ ਨੂੰ ਚਿੱਤ ਕਰ ਆਇਆ। ਅਸੀਂ ਭੁਜੀਏ ਦਾ ਇਕ ਪੈਕਟ ਲੈ ਕੇ, ਦੁਕਾਨ ਦੇ ਬਾਹਰ ਡੱਠੇ ਬੈਂਚ 'ਤੇ ਬਹਿ ਭੁਜੀਏ ਦੇ ਫੱਕੇ ਮਾਰਨੇ ਸ਼ੁਰੂ ਕਰ ਦਿੱਤੇ, ਏਨੇ ਨੂੰ ਭੂਸਰੇ ਹੋਏ ਢੱਠੇ ਆ ਕੇ ਸਿੰਙ ਫਸਾਉਣ ਲੱਗ ਪਏ। ਢੱਠਿਆਂ ਦੇ ਭੇੜ 'ਚ ਜਿਊਂਦਾ ਬਚੇ ਨਾ ਕੋਈ। ਇਹ ਮੁਹਾਵਰਾ ਅਸੀਂ ਬਚਪਨ 'ਚ ਹੀ ਸੁਣਿਆ ਹੋਇਆ ਸੀ। ਭੁਜੀਏ ਵਾਲਾ ਪੈਕਟ ਕੀਹਨੂੰ ਯਾਦ ਰਹਿਣਾ ਸੀ ਭਲਾ? ਅਸੀਂ ਉਹ ਪੈਕਟ ਉਸੇ ਬੈਂਚ 'ਤੇ ਹੀ ਸੁੱਟ ਕੇ, ਜਾਨ ਬਚਾਉਣ 'ਚ ਹੀ ਬਿਹਤਰੀ ਸਮਝੀ। ਘਰ ਆ ਕੇ ਹੀ ਲੰਮਾ ਸਾਹ ਖਿੱਚਿਆ। 'ਜਾਨ ਬਚੀ ਤੋ ਲਾਖੋਂ ਪਾਏ, ਲੌਟ ਕੇ ਬੁੱਧੂ ਘਰ ਕੋ ਆਏ।' ਅਗਲੇ ਦਿਨ ਅਸੀਂ ਫਿਰ ਉਸ ਦੁਕਾਨ ਮੂਹਰਿਓਂ ਲੰਘੇ ਤਾਂ ਕੀ ਦੇਖਦੇ ਹਾਂ ਕਿ ਸਾਡਾ ਭੁਜੀਏ ਵਾਲਾ ਪੈਕਟ ਜਿਉਂ ਦਾ ਤਿਉਂ ਬੈਂਚ 'ਤੇ ਸੁੱਤਾ ਹੋਇਆ ਸੀ। ਕਿਸੇ ਬੇਈਮਾਨ, ਲਾਲਚੀ, ਭੁੱਖੜ ਦੀ ਹਿੰਮਤ ਨਹੀਂ ਪਈ ਕਿ ਉਹ ਸਾਡੇ ਭੁਜੀਏ ਨੂੰ ਅਗਵਾਹ ਕਰ ਸਕੇ। ਹੋਰ ਤਾਂ ਹੋਰ ਕਿਸੇ ਨਿਆਣੇ ਨੇ ਵੀ ਉਸ ਪੈਕਟ ਵੱਲ ਦੇਖਣ ਦੀ ਜੁਰਅਤ ਨਹੀਂ ਕੀਤੀ। ਲੋਕ ਲੱਖ ਕਹੀ ਜਾਣ ਕਿ ਸਾਡੀ ਨਵੀਂ ਪੀੜ੍ਹੀ ਵਿਗੜ ਰਹੀ ਹੈ, ਕੁਰਾਹੇ ਪੈ ਰਹੀ ਹੈ ਪਰ ਅਸੀਂ ਨੀ ਮੰਨਦੇ, ਉਨ੍ਹਾਂ ਦੀ ਇਹ ਗੱਲ। ਇਹੋ ਜਿਹੀ ਹੋਣਹਾਰ ਪੌਦ ਨੂੰ ਤਾਂ ਘੁੱਟ ਕੇ ਛਾਤੀ ਨਾਲ ਲਾ ਕੇ ਪਿਆਰ ਅਤੇ ਸ਼ਾਬਾਸ਼ ਦੇਣੀ ਬਣਦੀ ਹੈ ਜੋ ਭੁਜੀਏ ਦੇ ਸ਼ਰੇਆਮ ਬੈਂਚ 'ਤੇ ਪਏ ਪੈਕਟ ਵੱਲ ਝਾਕੇ ਤੱਕ ਨਾ।

ਇਹ ਵਰਤਾਰਾ ਦੇਖ ਕੇ ਅਸੀਂ ਕਹਿ ਸਕਦੇ ਹਾਂ ਕਿ ਸਾਡੇ ਦੇਸ਼ ਦਾ ਭਵਿੱਖ ਉੱਜਲ ਹੈ, ਜਿਥੇ ਇਹੋ ਜਿਹੇ ਹੋਣਹਾਰ ਤੇ ਸਾਊ ਬੱਚੇ ਹੋਣ ਜੋ ਬੈਂਚ 'ਤੇ ਪਏ ਆਪਣੇ ਮਨਪਸੰਦ ਭੁਜੀਏ ਦੇ ਪੈਕਟ ਨੂੰ ਵੀ ਨਾ ਚੁੱਕਣ। ਹੈਗੀ ਇਮਾਨਦਾਰੀ ਹਾਲੇ। ਵੱਡਿਆਂ ਨੂੰ ਤਾਂ ਛੱਡੋ, ਇਹ ਤਾਂ ਨਿਆਣਿਆਂ ਵਿਚ ਵੀ ਬਿਮਾਰੀ ਵਾਂਗ ਫੈਲੀ ਜਾਂਦੀ ਹੈ। ਧੰਨ ਨੇ ਉਹ ਬਾਲਕੇ, ਜੋ ਸ਼ਰੇਆਮ ਬਾਜ਼ਾਰ 'ਚ ਪਏ ਭੁਜੀਏ ਦੇ ਪੈਕਟ ਤੱਕ ਨੂੰ ਹੱਥ ਨੀ ਲਾਉਂਦੇ।

ਹੁਣ ਗੱਲ ਜਾਨਵਰਾਂ ਦੀ ਕਰੀਏ। ਮੁਹੱਲੇ 'ਚ ਪਿਆ ਇਕ ਫਟਿਆ ਪੁਰਾਣਾ ਕਛਹਿਰਾ ਕੁੱਤਿਆਂ ਦੇ ਅੜਿੱਕੇ ਆ ਗਿਆ। ਇਹ ਤਾਂ ਕੁੱਤਿਆਂ ਦੀ ਮਨਪਸੰਦ ਖੇਡ ਹੈ। ਉਹ ਇਸ ਨਾਲ ਖੇਡਦੇ ਰਹੇ, ਖੇਡਦੇ ਰਹੇ, ਇਕ ਦੂਸਰੇ ਤੋਂ ਖੋਹ-ਖੁਆਈ ਕਰਦੇ ਰਹੇ। ਜਦੋਂ ਥੱਕ ਗਏ, ਉਸ ਨੂੰ ਉਥੇ ਹੀ ਸੁੱਟ ਆਪਣੇ-ਆਪਣੇ ਖੁੱਡਿਆਂ 'ਚ ਜਾ ਵੜੇ। ਦੇਖੋ ਸਾਡੇ ਕੁੱਤੇ ਵੀ ਏਨੇ ਇਮਾਨਦਾਰ ਹੋ ਗਏ ਨੇ ਕਿ ਬੇਗਾਨੀ ਚੀਜ਼ ਨੂੰ ਆਪਣੇ ਖੁੱਡੇ 'ਚ ਲਿਜਾਣਾ ਪਸੰਦ ਨਹੀਂ ਕਰਦੇ, ਘਸੀਟੂ ਮੱਲ ਤਾਂ ਬੰਦਿਆਂ ਦੀ ਗੱਲ ਕਰਦਾ ਸੀ। ਸਾਡੇ ਮੁਹੱਲੇ ਦੇ ਤਾਂ ਕੁੱਤੇ ਤੱਕ ਏਨੇ ਇਮਾਨਦਾਰ ਨੇ ਕਿ ਫਟਿਆ ਪੁਰਾਣ ਕਛਹਿਰਾ ਤੱਕ ਆਪਣੇ ਨਾਲ, ਆਪਣੇ ਖੁੱਡੇ ਵਿਚ ਨਹੀਂ ਲਿਜਾਂਦੇ। ਜੇ ਜਾਨਵਰ ਵੀ ਬੇ.ਗਾਨੀ ਚੀਜ਼ ਵੱਲ ਦੇਖਣਾ ਗਵਾਰਾ ਨਹੀਂ ਕਰਦੇ ਤਾਂ ਬੰਦੇ ਤਾਂ ਉੱਤਮ ਜੂਨੀ ਭੋਗ ਰਹੇ ਜੀਵ ਨੇ।

ਏਨੇ ਦ੍ਰਿਸ਼ਟਾਂਤ ਸੁਣ ਕੇ ਤਾਂ ਹੁਣ ਘਸੀਟੂ ਮੱਲ ਨੂੰ ਡਕਾਰ (ਵੱਡਾ ਸਾਰਾ) ਮਾਰ ਕੇ ਜੈ ਘੋਸ਼ ਕਰ ਹੀ ਦੇਣਾ ਚਾਹੀਦਾ ਹੈ:

'ਹੇ ਇਮਾਨਦਾਰੀ ਤੇਰਾ ਈ ਆਸਰਾ'

ਤੁਸੀਂ ਇਹ ਸਤਰਾਂ ਤਾਂ ਸੁਣੀਆਂ ਹੀ ਹੋਣਗੀਆਂ :

'ਕਰਤ ਕਰਤ ਅਭਿਆਸ ਕੇ<br>
ਜੜ੍ਹਮਤੀ ਹੋਤ ਸੁਜਾਨ,<br>
ਰਸਰੀ ਆਵਤ ਜਾਤ 'ਤੇ<br>
ਸਿਲ ਪਰ ਪੜਤ ਨਿਸ਼ਾਨ'

ਘਸੀਟੂ ਮੱਲ ਨੂੰ ਇਨ੍ਹਾਂ ਸਤਰਾਂ ਵੱਲ ਜ਼ਰੂਰ ਤਵੱਜੋਂ ਦੇਣੀ ਚਾਹੀਦੀ ਹੈ।

## ★ ਖਿੜ ਖਿੜ ਹੱਸੋ ★

ਅੰਮ੍ਰਿਤਸਰ ਦੇ ਰਾਜਾਸਾਂਸੀ ਹਵਾਈ ਅੱਡੇ ਦੇ ਬਾਹਰ ਇੱਕ ਸ਼ਰਾਬੀ ਨਸ਼ੇ 'ਚ ਟੱਲੀ ਖੜ੍ਹਾ ਸੀ। ਉੱਧਰੋਂ ਇੱਕ ਵਰਦੀ ਵਾਲਾ ਮੁੰਡਾ ਲੰਘਿਆ ਤਾਂ ਸ਼ਰਾਬੀ ਉਸ ਨੂੰ ਕਹਿਣ ਲੱਗਾ, "ਓ ਭਰਾ, ਟੈਕਸੀ ਲੈ ਆ।"

ਮੁੰਡਾ ਗੁੱਸੇ ਨਾਲ ਬੋਲਿਆ, "ਮੈਂ ਟੈਕਸੀ ਡਰਾਈਵਰ ਨਹੀਂ ਪਾਇਲਟ ਹਾਂ।"

ਸ਼ਰਾਬੀ ਉਸ ਦੇ ਮੋਢੇ 'ਤੇ ਹੱਥ ਰੱਖ ਕੇ ਬੋਲਿਆ, "ਤਾਂ ਇਸ ਵਿੱਚ ਇੰਨਾ ਗਰਮ ਹੋਣ ਵਾਲੀ ਕੀ ਗੱਲ ਹੈ? ਇਕ ਜੰਬੋ ਜ਼ੈੱਟ ਲੈ ਆ।"

* * *

ਗਰਾਮਰ ਦੇ ਅਧਿਆਪਕ ਪੜ੍ਹਾਉਂਦੇ ਹੋਏ ਬੋਲੇ, "ਬੱਚਿਓ! ਇੱਕ ਅਜਿਹਾ ਵਾਕ ਬਣਾਓ, ਜਿਸ ਵਿੱਚ ਵਰਤਮਾਨ ਕਾਲ, ਭੂਤ ਕਾਲ ਤੇ ਭਵਿੱਖ ਕਾਲ ਤਿੰਨੇ ਇਕੱਠੇ ਆ ਜਾਣ।"

ਮਨੂ, "ਸਰ, ਸੌ ਸਾਲ ਪਹਿਲੇ ਮੁਝੇ ਤੁਮਸੇ ਪਿਆਰ ਥਾ, ਆਜ ਭੀ ਹੈ ਔਰ ਕੱਲ ਵੀ ਰਹੇਗਾ।"

* * *

ਰਿਆਲਟੋ ਸਿਨੇਮਾ 'ਚ ਇੱਕ ਪੇਂਡੂ ਵਿਅਕਤੀ ਲਗਾਤਾਰ 3 ਦਿਨਾਂ ਤੋਂ ਇੱਕ ਅੰਗਰੇਜ਼ੀ ਫ਼ਿਲਮ ਦੇ 3-3 ਸ਼ੋਅ ਦੇਖ ਰਿਹਾ ਸੀ। ਆਖ਼ਰ ਗੇਟਕੀਪਰ ਨੇ ਪੁੱਛ ਹੀ ਲਿਆ, "ਇਸ ਫ਼ਿਲਮ 'ਚ ਅਜਿਹੀ ਕਿਹੜੀ ਖ਼ਾਸ ਚੀਜ਼ ਹੈ ਕਿ ਤੁਸੀਂ ਵਾਰ-ਵਾਰ ਇਹ ਫ਼ਿਲਮ ਦੇਖਣ ਲਈ ਆ ਰਹੇ ਹੋ?"

ਪੇਂਡੂ ਵਿਅਕਤੀ ਬੋਲਿਆ, "ਇਸ ਵਿੱਚ ਇੱਕ ਸੀਨ ਹੈ, ਜਿਸ ਵਿੱਚ ਅੰਗਰੇਜ਼ ਔਰਤ ਜਿਉਂ ਹੀ ਰੇਲ ਦੀ ਪਟੜੀ ਦੇ ਕੰਢੇ 'ਤੇ ਨਹਾਉਣ ਲੱਗਦੀ ਹੈ ਤਾਂ ਰੇਲ ਗੱਡੀ ਆ ਜਾਂਦੀ ਹੈ। ਮੈਂ ਸੋਚਦਾ ਹਾਂ ਕਿ ਸ਼ਾਇਦ ਕਿਸੇ ਦਿਨ ਗੱਡੀ ਲੇਟ ਹੋ ਜਾਵੇ।"

# ਨਵੇਂ ਅਪਰਾਧਿਕ ਕਨੂੰਨ ਮਨੁੱਖੀ ਅਧਿਕਾਰਾਂ ਲਈ ਕਿੰਨੇ ਖਤਰਨਾਕ ?

ਬਘੇਲ ਸਿੰਘ ਧਾਲੀਵਾਲ
99142-58142



ਕੇਂਦਰ ਦੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ ਲੋਕ ਸਭਾ ਚੋਣਾਂ 2024 ਤੋਂ ਕੁੱਝ ਸਮਾਂ ਪਹਿਲਾਂ ਕੁੱਝ ਬਹੁਤ ਹੀ ਅਹਿਮ ਫੈਸਲੇ ਲਏ ਹਨ ਫ਼ੈਸਲੇ ਹੀ ਨਹੀਂ ਬਲਕਿ ਬਹੁਤ ਮਹੱਤਵਪੂਰਨ ਕਾਰਜ ਕੀਤੇ ਹਨ,ਜਿਸ ਨਾਲ ਮੌਜੂਦਾ ਕੇਂਦਰ ਸਰਕਾਰ ਪਿਛਲੀਆਂ ਸਰਕਾਰਾਂ ਤੋਂ ਇੱਕ ਕਦਮ ਅੱਗੇ ਨਿਕਲ ਗਈ ਹੈ। ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਕੁੱਝ ਪੁਰਾਣੇ ਕਨੂੰਨਾਂ ਨੂੰ ਰੱਦ ਕਰਕੇ ਨਵੇਂ ਕਨੂੰਨ ਬਣਾਏ ਗਏ ਹਨ। ਹਕੂਮਤ ਪੱਖੀ ਲੋਕਾਂ ਦੇ ਸਬਦਾਂ ਵਿੱਚ "ਭਾਰਤ ਦੀ ਅਪਰਾਧਿਕ ਨਿਆਂ ਪ੍ਰਣਾਲੀ ਨੂੰ ਮਹੱਤਵਪੂਰਨ ਰੂਪ ਵਿੱਚ ਬਦਲਦੇ ਹੋਏ ਇਹ ਕਨੂੰਨ ਬਸਤੀਵਾਦੀ ਯੁੱਗ ਦੇ ਕਾਨੂੰਨਾਂ ਦੀ ਥਾਂ ਲੈਣਗੇ"।

ਇਹ ਨਵੇਂ ਕਨੂੰਨ 20 ਦਸੰਬਰ 2023 ਨੂੰ ਦੇਸ ਦੀ ਸਰਕਾਰ ਵੱਲੋਂ 150 ਦੇ ਕਰੀਬ ਵਿਰੋਧੀ ਮੈਂਬਰਾਂ ਨੂੰ ਮੁਅੱਤਲ ਕਰਕੇ ਬਗੈਰ ਕਿਸੇ ਬਹਿਸ,ਬਗੈਰ ਕਿਸੇ ਰੌਲੇ ਰੱਪੇ ਦੇ ਅਰਥਾਤ ਪੂਰਨ ਸਰਬ ਸੰਮਤੀ ਨਾਲ ਪਾਸ ਕੀਤੇ ਗਏ ਸਨ, ਜਿਹੜੇ ਇੱਕ ਜੁਲਾਈ 2024 ਤੋਂ ਲਾਗੂ ਵੀ ਹੋ ਗਏ ਹਨ। ਨਵੇਂ ਕਨੂੰਨ ਇੰਡੀਅਨ ਜੁਡੀਸ਼ੀਅਲ ਕੋਡ, ਇੰਡੀਅਨ ਸਿਵਲ ਡਿਫੈਂਸ ਕੋਡ ਅਤੇ ਇੰਡੀਅਨ ਐਵੀਡੈਂਸ ਐਕਟ ਕ੍ਰਮਵਾਰ ਬ੍ਰਿਟਿਸ਼ ਯੁੱਗ ਦੇ ਇੰਡੀਅਨ ਪੀਨਲ ਕੋਡ, ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰ ਅਤੇ ਇੰਡੀਅਨ ਐਵੀਡੈਂਸ ਐਕਟ ਦਾ ਬਦਲ ਹੋਣਗੇ, ਹੁਣ ਆਈ ਪੀ.ਸੀ. (ਇੰਡੀਅਨ ਪੀਨਲ ਕੋਡ)1860' ਦੀ ਥਾਂ 'ਭਾਰਤੀਆ ਨਿਆਂ ਸੰਹਿਤਾ' ਲਵੇਗੀ ਇਸੇ ਤਰ੍ਹਾਂ ਸੀ.ਆਰ.ਪੀ.ਸੀ. (ਕ੍ਰਿਮੀਨਲ ਪ੍ਰੋਸੀਜਰ ਕੋਡ 1898) 1973' ਦੀ ਥਾਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਲਵੇਗੀ ਤੇ 'ਇੰਡੀਅਨ ਐਵੀਡੈਂਸ ਐਕਟ 1872' ਦੀ ਥਾਂ 'ਭਾਰਤੀ ਸਾਕਸ਼ਿਆ ਅਧਿਨਿਯਮ' ਲਵੇਗਾ। ਇਹ ਤਿੰਨੋ ਕਨੂੰਨ ਪੂਰੀ ਅਪਰਾਧਿਕ ਪ੍ਰਕਿਰਿਆ ਨੂੰ ਮੁਢ ਤੋ ਮੁਕੰਮਲ ਕਰਨ ਤੱਕ ਕਾਰਜ ਕਰਦੇ ਹਨ। ਭਾਵੇਂ ਇਹ ਕਨੂੰਨ ਪਿਛਲੇ ਕਨੂੰਨਾਂ ਦਾ ਹੀ ਸੋਧਿਆ ਹੋਇਆ ਰੂਪ ਹਨ,ਪਰ ਜੋ ਇਹਨਾਂ ਵਿੱਚ ਬਦਲਾਅ ਕੀਤੇ ਗਏ ਹਨ, ਉਹ ਆਮ ਨਾਗਰਿਕ ਲਈ ਖਤਰਨਾਕ ਸਾਬਤ ਹੋਣਗੇ।

ਇਸ ਕਾਰਜ ਦੇ ਸਬੰਧ ਵਿੱਚ ਵਿਰੋਧੀਆਂ ਵੱਲੋਂ ਕਿਹਾ ਇਹ ਜਾ ਰਿਹਾ ਹੈ ਕਿ ਨਰੇਂਦਰ ਮੋਦੀ ਸਰਕਾਰ ਨੇ ਲੋਕ ਸਭਾ ਚੋਣਾਂ ਦੇ ਰੌਲੇ ਰੱਪੇ ਵਿੱਚ ਪੁਰਾਣੇ ਕਨੂੰਨ ਰੱਦ ਕਰਕੇ ਨਵੇਂ ਤਿੰਨ ਕਨੂੰਨ ਬਣਾ ਦਿੱਤੇ ਹਨ, ਪਰ ਨਹੀਂ ਅਜਿਹਾ ਕੁੱਝ ਵੀ ਨਹੀਂ ਹੈ, ਇਹਨੂੰ ਵਿਰੋਧੀਆਂ ਦੀ ਬੇਬਸੀ ਵਿਚੋਂ ਪੈਦਾ ਹੋਈ ਬੌਖਲਾਹਟ ਕਿਹਾ ਜਾ ਸਕਦਾ ਹੈ। ਭਾਜਪਾ ਸਰਕਾਰ ਇਸ ਤੋਂ ਪਹਿਲਾਂ ਜੋ ਕਹਿੰਦੀ ਰਹੀ ਹੈ, ਉਹ ਡੰਕੇ ਦੀ ਚੋਟ ਤੇ ਕਰਦੀ ਰਹੀ ਹੈ ਅਤੇ ਹੁਣ ਭਵਿੱਖ ਵਿੱਚ ਵੀ ਉਹਦੀ ਕੋਸ਼ਿਸ਼ ਇਹ ਹੀ ਰਹੇਗੀ ਕਿ ਆਪਣੇ ਕਾਰਜਾਂ ਨੂੰ ਨੇਪਰੇ ਚੜ੍ਹਾਉਣ ਲਈ ਉਹ ਪੂਰੀ

## ਨਿਸ਼ਾਨੇ ਉਪਰ ਹੋਣਗੇ ਸਿਖ ਅਤੇ ਮੁਸਲਮਾਨ



ਤਰ੍ਹਾਂ ਸਮਰੱਥ ਹੋ ਸਕੇ। ਭਾਜਪਾ ਆਪਣੇ ਏਜੰਡੇ ਪ੍ਰਤੀ ਬੇਹੱਦ ਗੰਭੀਰ ਵੀ ਹੈ। ਆਪਣੇ ਏਜੰਡੇ ਨੂੰ ਲਾਗੂ ਕਰਨ ਲਈ ਉਨ੍ਹਾਂ ਨੂੰ ਜੋ ਕੁੱਝ ਵੀ ਕਰਨਾ ਪਿਆ ਉਹ ਕਰ ਰਹੇ ਹਨ ਅਤੇ ਕਰਨਗੇ। ਕਨੂੰਨ ਬਦਲਣਾ ਤਾਂ ਬਹੁਤ ਛੋਟੀ ਗੱਲ ਹੈ। ਉਨ੍ਹਾਂ ਦਾ ਏਜੰਡਾ ਵੀ ਕਿਸੇ ਤੋਂ ਲੁਕਿਆ ਛੁਪਿਆ ਨਹੀ ਹੈ। ਉਨ੍ਹਾਂ ਦਾ ਨਿਸ਼ਾਨਾ ਦੇਸ਼ ਨੂੰ ਹਿੰਦੂ ਰਾਸ਼ਟਰ ਬਨਾਉਣਾ ਹੈ ਅਤੇ ਉਹਦੇ, ਲਈ ਉਹ ਬੜੇ ਲੰਮੇ ਸਮੇ ਤੋਂ ਕੰਮ ਕਰ ਰਹੇ ਹਨ। ਉਨ੍ਹਾਂ ਦਾ ਦਹਾਕਿਆਂ ਤੱਕ ਰਾਜ ਕਰਨ ਦਾ ਦ੍ਰਿੜ ਸੰਕਲਪ ਵੀ ਹੈ, ਜਿਸਨੂੰ ਪੂਰਾ ਕਰਨ ਲਈ ਅਜਿਹੇ ਕਨੂੰਨੀ ਬਦਲਾਅ ਉਨ੍ਹਾਂ ਦੀ ਨੀਤੀ ਦਾ ਹਿੱਸਾ ਹੋ ਸਕਦੇ ਹਨ। ਇੱਕ ਹੋਰ ਮਹੱਤਵਪੂਰਨ ਨੁਕਤਾ ਇਹ ਵੀ ਹੈ ਕਿ ਅਜਿਹਾ ਕਰਨ ਦੇ ਪਿੱਛੇ ਭਾਜਪਾ ਦੀ ਲੰਮਾ ਸਮਾਂ ਰਾਜ ਕਰਨ ਦੀ ਲਾਲਸਾ ਹੋ ਸਕਦੀ ਹੈ, ਪਰ ਹਿੰਦੂ ਰਾਸ਼ਟਰ ਬਣਾਉਣ ਦੇ ਪਿੱਛੇ ਬਾਕਾਇਦਾ ਇੱਕ ਸੁਹਿਰਦ ਸੋਚ ਕੰਮ ਕਰਦੀ ਹੈ, ਜਿਹੜੀ ਆਪਣੇ ਕੌਮੀ ਜਜ਼ਬੇ ਨਾਲ ਲਬਰੇਜ ਹੈ। ਉਹ ਸੋਚ ਨੂੰ ਸੁਚਾਰੂ ਢੰਗ ਨਾਲ ਚਲਾ ਰਹੀ ਸੰਸਥਾ ਬੇਹੱਦ ਅਨੁਸ਼ਾਸਿਤ ਅਤੇ ਤਾਕਤਵਰ ਹੈ। ਉਨ੍ਹਾਂ ਕੋਲ ਬੌਧਿਕਤਾ ਦਾ ਵਿਸ਼ਾਲ ਭੰਡਾਰ ਹੈ, ਜਿਸ ਦੇ ਸਦਕਾ ਉਹ ਆਪਣੇ ਸੰਕਲਪ ਨੂੰ ਪੂਰਾ ਕਰਨ ਦੇ ਆਸਵੰਦ ਹਨ। ਉਨ੍ਹਾਂ ਦੇ ਬੁੱਧੀਜੀਵੀ ਭਾਰਤ ਅੰਦਰਲੇ ਗੈਰ ਹਿੰਦੂ ਮਤਾਂ ਦਾ ਗਹਿਰਾਈ ਨਾਲ ਅਧਿਐਨ ਕਰਦੇ ਹਨ, ਉਨ੍ਹਾਂ ਨੂੰ ਆਪਣੇ ਅੰਦਰ ਕਿਸਤਰ੍ਹਾਂ ਜਜ਼ਬ ਕਰਨਾ ਹੈ,ਉਹ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ। ਉਨ੍ਹਾਂ ਦੇ ਬੌਧਿਕ ਭੰਡਾਰ ਵਿੱਚ ਮਹਿਜ਼ ਕਿਤਾਬੀ ਕੀੜੇ ਹੀ ਨਹੀ, ਬਲਕਿ ਹਰ ਖੇਤਰ ਵਿੱਚ ਭਾਵੇਂ ਉਹ ਅਫਸਰਸ਼ਾਹੀ ਹੋਵੇ, ਗਾਇਕ ਗੀਤਕਾਰ, ਸੰਗੀਤਕਾਰ ਅਤੇ ਫਿਲਮੀ ਕਲਾਕਾਰ ਹੋਣ ਹਰ ਪਾਸੇ ਉਨ੍ਹਾਂ ਦਾ ਬੋਲਬਾਲਾ ਹੈ। ਇਤਿਹਾਸ ਨੂੰ ਦੁਬਾਰਾ ਨਵੇਂ ਰੂਪ ਵਿਚ ਲਿਖਣ ਤੋਂ ਲੈ ਕੇ ਪ੍ਰਚਾਰਨ ਤੱਕ ਸਭ ਕੁੱਝ ਨੀਤੀਬੱਧ ਹੈ। ਜਿਸ ਤਰ੍ਹਾਂ ਜੈਨ ਮੱਤ ਅਤੇ ਬੁੱਧ ਮੱਤ ਨੂੰ ਪਹਿਲਾਂ ਹੀ ਹਿੰਦੂ ਧਰਮ ਦਾ ਹਿੱਸਾ ਬਣਾ ਲਿਆ ਗਿਆ ਹੈ,ਇਸੇਤਰ੍ਹਾਂ ਹੀ ਸਿੱਖ ਮੱਤ ਨੂੰ ਵੀ ਮੁੜ ਤੋਂ ਹਿੰਦੂ ਧਰਮ ਵਿੱਚ ਰਲ਼ ਗਡ ਕਰਨ ਦੀਆਂ ਕੋਸ਼ਿਸ਼ਾਂ ਬੜੀ ਸੁਹਿਰਦਤਾ ਅਤੇ ਸੂਖਮ ਤਰੀਕੇ ਦੇ ਨਾਲ ਕੀਤੀਆਂ ਜਾ ਰਹੀਆਂ ਹਨ।

ਮੁਸਲਮਾਨਾਂ ਨਾਲ ਕਿਵੇਂ ਨਜਿੱਠਣਾ ਹੈ ਅਤੇ ਈਸਾਈਆਂ ਨੂੰ ਕਿਸ ਰੂਪ ਵਿਚ ਪਰਚਾਰ ਕਰਨ ਦੀ ਆਗਿਆ ਦੇਣੀ ਹੈ, ਇਹ ਉਨ੍ਹਾਂ ਦੇ ਵਿਸ਼ਾਲ ਬੌਧਿਕ ਵਰਗ ਨੇ ਤੈਅ ਕਰਨਾ ਹੈ। ਕੇਂਦਰ ਵਿੱਚ ਕਿਹੜੀ ਸਰਕਾਰ ਹੈ, ਇਹਦੇ ਨਾਲ ਉਨ੍ਹਾਂ ਨੂੰ ਕੋਈ ਫਰਕ ਨਹੀ ਪੈਂਦਾ, ਬਲਕਿ ਉਹ ਆਪਣੇ ਨਿਸ਼ਾਨੇ ਨੂੰ ਮਿਥੇ ਸਮੇਂ ਅਨੁਸਾਰ ਪੂਰਾ ਕਰਨ ਲਈ ਵਚਨਬਧ ਹਨ। ਪਹਿਲਾਂ ਕਾਂਗਰਸ ਨੇ ਅਜਿਹੇ ਖਤਰਨਾਕ ਕਨੂੰਨ ਪਾਸ ਕੀਤੇ, ਜਿੰਨ੍ਹਾਂ ਵਿੱਚ ਯੂਏਪੀਏ, ਟਾਡਾ, ਪੋਟਾ, ਐਨਐਸਏ ਅਤੇ ਅਫਸਫ਼ਾ ਵਰਗੇ ਕਾਲ਼ੇ ਕਨੂੰਨ ਸਾਮਲ ਹਨ, ਜਿਹੜੇ ਪੁਲਿਸ ਨੂੰ ਬੇਤਹਾਸਾ ਤਾਕਤਾਂ ਦਿੰਦੇ ਹਨ।

ਹੁਣ ਉਹੀ ਪ੍ਰਕਿਰਿਆ ਨੂੰ ਹੋਰ ਵਿਕਰਾਲ ਰੂਪ ਵਿੱਚ ਭਾਜਪਾ ਸਰਕਾਰ ਲੈ ਕੇ ਆਈ ਹੈ। ਆਪਣੇ ਨਿਸ਼ਾਨੇ ਦੀ ਪੂਰਤੀ ਲਈ ਜੇਕਰ ਤਿੰਨ ਅਪਰਾਧਿਕ ਕਨੂੰਨ ਬਦਲ ਕੇ ਦੇਸ਼ ਦੀ ਪੁਲਿਸ ਨੂੰ ਤਾਕਤਵਰ ਬਨਾਉਣ ਵੱਲ ਕਦਮ ਪੁੱਟਿਆ ਗਿਆ ਹੈ,ਤਾਂ ਇਹਦੇ ਵਿੱਚ ਕੋਈ ਹੈਰਾਨ ਹੋਣ ਵਾਲੀ ਗੱਲ ਨਹੀਂ ਹੈ,ਬਲਕਿ ਭਾਜਪਾ ਨੇ ਇਹ ਟੀਚਾ ਪੂਰਾ ਕਰਕੇ ਆਪਣੀ ਕੌਮ ਦੇ ਗੌਰਵ ਨੂੰ ਦੁਨੀਆਂ ਸਾਹਮਣੇ ਉੱਚਾ ਰਖਣਾ। ਪਰ ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਇਹ ਨਵੇਂ ਕਨੂੰਨ ਆਮ ਲੋਕਾਂ ਲਈ ਕੀ ਮਾਅਨੇ ਰੱਖਦੇ ਹਨ। ਖਾਸ ਕਰਕੇ ਇਨਸਾਫ ਪਸੰਦ, ਜਮਹੂਰੀਅਤ ਪਸੰਦ ਅਤੇ ਘੱਟ ਗਿਣਤੀਆਂ ਨੂੰ ਇਹ ਕਨੂੰਨ ਕਿਸ ਕਦਰ ਪ੍ਰਭਾਵਿਤ ਕਰਨਗੇ, ਇਹ ਮਹੱਤਵਪੂਰਨ ਅਤੇ ਫਿਕਰਮੰਦੀ ਵਾਲੀ ਗੱਲ ਹੈ। ਸੂਬਿਆਂ ਦੀਆਂ ਸਰਕਾਰਾਂ ਇਸ ਸਮੱਸਿਆ ਤੋ ਕਿਵੇਂ ਨਿਜਾਤ ਪਾਉਂਦੀਆਂ ਹਨ। ਕਿਉਂਕਿ ਜਿੱਥੇ ਉਪਰੋਕਤ ਨਵੇਂ ਕਨੂੰਨ ਪੁਲਿਸ ਨੂੰ ਬੇਹੱਦ ਤਾਕਤਵਰ ਬਣਾ ਕੇ ਆਮ ਲੋਕਾਂ ਦੇ ਘਾਣ ਕਰਨ ਦਾ ਰਾਹ ਪੱਧਰਾ ਕਰਨਗੇ, ਉਥੇ ਪੁਲਿਸ ਜੋ ਕਿ ਪਹਿਲਾਂ ਹੀ ਮਿਲੇ ਅਧਿਕਾਰਾਂ ਦੀ ਦੁਰਵਰਤੋਂ ਕਰਨ ਲਈ ਅਕਸਰ ਹੀ ਜਾਣੀ ਜਾਂਦੀ ਹੈ, ਉਹ ਵਾਧੂ ਮਿਲੀ ਤਾਕਤ ਦੇ ਜੋਰ ਨਾਲ ਲੋਕਾਂ ਦਾ ਕੀ ਹਾਲ ਕਰੇਗੀ,ਇਹ ਕਹਿਣ ਦੀ ਗੱਲ ਨਹੀ ਹੈ। 70 ਅਤੇ 90 ਦੇ ਦਹਾਕੇ ਵਿੱਚ ਜਿਸ ਤਰ੍ਹਾਂ ਪੰਜਾਬ ਪੁਲਿਸ ਨੇ ਨਕਸਲੀ ਤੇ ਸਿੱਖ ਜਵਾਨੀ ਦਾ ਘਾਣ ਕੀਤਾ ਉਹ ਸਦੀਆਂ ਤੱਕ ਭੁੱਲਣਯੋਗ ਨਹੀਂ ਹੈ। ਇਹ ਕਨੂੰਨ ਪੁਲਿਸ ਅਤੇ ਜਨਤਾ ਦਰਮਿਆਨ ਹੋਰ ਖਿੱਚੋਤਾਣ ਪੈਦਾ ਕਰਨਗੇ, ਲਿਹਾਜ਼ਾ ਦੇਸ ਅੰਦਰ ਖਾਨਾਜੰਗੀ ਵਰਗੇ ਹਾਲਾਤ ਬਨਣ ਦੀ ਸੰਭਾਵਨਾ ਵਧ ਜਾਵੇਗੀ। ਜੇਕਰ ਪੁਰਾਣੇ ਕਨੂੰਨਾਂ ਦੇ ਪਰਿਪੇਖ ਵਿੱਚ ਨਵੇਂ ਕਨੂੰਨਾਂ ਦੀ ਸੰਖੇਪਵਿਚ ਗੱਲ ਕੀਤੀ ਜਾਵੇ, ਪਹਿਲਾਂ ਯੂ ਏ ਪੀ ਏ ਵਰਗੇ ਕਨੂੰਨ ਤਹਿਤ ਕਾਰਵਾਈ ਲਈ ਐਸ ਪੀ ਰੈਂਕ ਦਾ ਅਧਿਕਾਰੀ ਜਾਂਚ ਪੜਤਾਲ ਕਰਦਾ ਸੀ, ਅਤੇ ਮਾਹਿਰਾਂ ਦੀ ਇੱਕ ਕਮੇਟੀ ਬਣਾਈ ਜਾਂਦੀ ਸੀ,ਪਰ ਹੁਣ ਇਹ ਸ਼ਰਤਾਂ ਖਤਮ ਕਰ ਦਿੱਤੀਆਂ ਗਈਆਂ ਹਨ। ਹੁਣ ਇੱਕ ਥਾਣੇਦਾਰ ਕੇਸ ਦਰਜ ਕਰ ਸਕੇਗਾ।15 ਦਿਨਾਂ ਦੀ ਪੁਲਿਸ ਹਿਰਾਸਤ ਨੂੰ ਵਧਾ ਕੇ 90 ਦਿਨ ਤੱਕ ਕਰ ਦਿੱਤਾ ਗਿਆ ਹੈ। ਨਵੇਂ ਕਨੂੰਨਾਂ ਤਹਿਤ ਹਰ ਕੋਈ ਵਿਅਕਤੀ ਪੁਲਸ ਦੇ ਹੁਕਮਾਂ ਨੂੰ ਮੰਨਣ ਲਈ ਪਾਬੰਦ ਹੋਵੇਗਾ, ਉਲੰਘਣਾ ਕਰਨ ਵਾਲੇ ਨੂੰ ਗ੍ਰਿਫਤਾਰ ਕਰਕੇ ਚੌਵੀ ਘੰਟਿਆਂ ਲਈ ਠਾਣੇ ਰੱਖਿਆ ਜਾ ਸਕੇਗਾ ਅਤੇ ਕਨੂੰਨੀ ਕਾਰਵਾਈ ਹੋ ਸਕੇਗੀ। ਕਿਸੇ ਮਾਰ ਕੁੱਟ ਦੇ ਮਾਮਲੇ ਵਿੱਚ ਪੁਲਿਸ ਜਾਂਚ ਤੋਂ ਬਾਅਦ ਹੀ ਕੋਈ ਕਾਰਵਾਈ ਕਰੇਗੀ। ਇਸੇਤਰ੍ਹਾਂ ਪਹਿਲਾਂ ਵਾਲੇ ਰਾਜ ਧਰੋਹ ਦੇ ਕੇਸ ਨੂੰ ਜਿਸ ਵਿੱਚ ਉਮਰ ਕੈਦ ਤੱਕ ਸਜ਼ਾ ਹੋ ਸਕਦੀ ਸੀ,ਹੁਣ ਦੇਸ਼ ਧਰੋਹ ਬਣਾ ਕੇ ਹੋਰ ਸਖਤ ਕਰ ਦਿੱਤਾ ਗਿਆ ਹੈ, ਜਿਸ ਵਿੱਚ ਉਮਰ ਕੈਦ ਤੋ ਲੈ ਕੇ ਮੌਤ ਤੱਕ ਦੀ ਸਜ਼ਾ ਸ਼ਾਮਲ ਕੀਤੀ ਗਈ ਹੈ। ਇਸ ਤਰ੍ਹਾਂ ਹੋਰ ਵੀ ਬਹੁਤ ਬਦਲਾਅ ਉਪਰੋਕਤ ਕਨੂੰਨਾਂ ਵਿੱਚ ਕੀਤੇ ਗਏ ਹਨ, ਜਿਹੜੇ ਜਮਹੂਰੀਅਤ ਦਾ ਲਗਭਗ ਕਤਲ ਕਰਨ ਵਰਗੇ ਹਨ। ਇਸ ਲਈ ਚੰਗਾ ਹੋਵੇ ਜੇਕਰ ਸੂਬਾ ਸਰਕਾਰਾਂ ਲੋਕ ਹਿਤ ਵਿੱਚ ਉਪਰੋਕਤ ਕਨੂੰਨਾਂ ਨੂੰ ਰੱਦ ਕਰਨ ਲਈ ਵਿਧਾਨ ਸਭਾਵਾਂ ਵਿੱਚ ਮਤੇ ਪਾਸ ਕਰਨ,ਲੋਕਾਂ ਨੂੰ ਉਪਰੋਕਤ ਕਨੂੰਨਾਂ ਦੀ ਵਿਆਖਿਆ ਸਮਝਾਈ ਜਾਵੇ। ਭਾਵੇਂ ਦੱਖਣੀ ਸੂਬਿਆਂ ਵਿੱਚ ਉਪਰੋਕਤ ਕਨੂੰਨਾਂ ਨੂੰ ਲੈ ਕੇ ਕੁੱਝ ਨਾ ਕੁੱਝ ਜਾਗਰੂਕਤਾ ਹੈ ਪਰ ਉੱਤਰੀ ਭਾਰਤ ਅੰਦਰ ਅਜਿਹੀ ਕੋਈ ਜਾਗਰੂਕਤਾ ਲਹਿਰ ਸਪੱਸ਼ਟ ਰੂਪ ਵਿਚ ਸਾਹਮਣੇ ਨਹੀ ਆਈ, ਜਿਹੜੀ ਲੋਕ ਹਿਤਾਂ ਲਈ ਬੇਹੱਦ ਖਤਰਨਾਕ ਹੈ। ਬਿਨਾਂ ਸ਼ੱਕ ਇਹ ਕਨੂੰਨ ਇਨਸਾਫ ਪਸੰਦ, ਜਮਹੂਰੀਅਤ ਪਸੰਦ, ਲੋਕਪੱਖੀ ਬੁੱਧੀਜੀਵੀਆਂ, ਜਨਤਕ ਆਗੂਆਂ ਅਤੇ ਸਮਾਜਿਕ ਕਾਰਕੁਨਾਂ ਸਮੇਤ ਘੱਟ ਗਿਣਤੀਆਂ ਨੂੰ ਸਭ ਤੋਂ ਵੱਧ ਪ੍ਰਭਾਵਤ ਕਰਨਗੇ, ਜਿਸ ਦੀ ਮਾਰ ਹੇਠ ਸਭ ਤੋਂ ਵੱਧ ਸਿੱਖ ਅਤੇ ਮੁਸਲਮਾਨ ਹੋਣਗੇ। ਇਸ ਲਈ ਪੰਜਾਬ ਸਰਕਾਰ ਨੂੰ ਇਸ ਪਾਸੇ ਗੰਭੀਰਤਾ ਅਤੇ ਸੰਜੀਦਗੀ ਨਾਲ ਸੋਚਣਾ ਬਣਦਾ ਹੈ। ਨਵੀਂ ਲੋਕ ਸਭਾ ਦੀ ਵਿਰੋਧੀ ਧਿਰ ਨੂੰ ਵੀ ਲੋਕ ਹਿਤ ਵਿੱਚ ਸਰਕਾਰ ਤੇ ਦਬਾਅ ਬਣਾ ਕੇ ਕਨੂੰਨ ਵਾਪਸ ਕਰਵਾਉਣ ਦੀ ਚਾਰਾਜੋਈ ਕਰਨੀ ਚਾਹੀਦੀ ਹੈ।

**ਮੀਡੀਆ ਦੇ ਮਾਲਕ ਲੋਕਾਂ ਵਿੱਚ ਅੰਧ-ਵਿਸ਼ਵਾਸ ਫੈਲਾਉਣ ਵਾਲੇ ਅਖੌਤੀ ਨਜ਼ੂਮੀਆਂ ਤੇ ਬਾਬਿਆਂ ਦੇ ਇਸ਼ਤਿਹਾਰ ਨਾ ਲਾਉਣ। ਅੱਜਕਲ੍ਹ ਬਹੁਤੇ ਯੂ ਟਿਊਬ ਚੈਨਲ ਤੇ ਬਾਬਿਆਂ ਨੂੰ ਪ੍ਰਮੋਟ ਕਰਕੇ ਅੰਧ ਵਿਸ਼ਵਾਸ ਫੈਲਾ ਰਹੇ ਹਨ। ਇਨ੍ਹਾਂ ਚੈਨਲਾਂ ਨੂੰ ਸਬਸਕ੍ਰਾਈਬ ਨਾ ਕਰੋ ਅਤੇ ਨਾ ਹੀ ਇਹਨਾਂ ਦੀਆਂ ਖ਼ਬਰਾਂ ਦੂਜਿਆਂ ਨਾਲ ਸਾਂਝੀਆਂ ਕਰੋ।**

# ਗੁਰੂ ਹਰਿ ਕ੍ਰਿਸ਼ਨ ਜੀ ਦੇ ਪ੍ਰਕਾਸ਼ ਦਿਵਸ ’ਤੇ ਵਿਸ਼ੇਸ਼

ਜਸਵਿੰਦਰ ਸਿੰਘ ਰੁਪਾਲ



ਸਿੱਖਾਂ ਦੇ ਅੱਠਵੇਂ ਗੁਰੂ, ਗੁਰੂ ਹਰਿ ਕ੍ਰਿਸ਼ਨ ਜੀ ਜਿਨ੍ਹਾਂ ਨੂੰ ਛੋਟੀ ਉਮਰ ਹੋਣ ਕਰਕੇ ਬਾਲ ਗੁਰੂ ਵੀ ਕਿਹਾ ਜਾਂਦਾ ਹੈ, ਆਪਣੀ ਛੋਟੀ ਉਮਰ ਵਿੱਚ ਹੀ ਵੱਡੀਆਂ ਪੈੜਾਂ ਪਾ ਗਏ। ਉਹਨਾਂ ਦੇ ਪ੍ਰਕਾਸ਼ ਦਿਵਸ ਤੇ ਉਹਨਾਂ ਨੂੰ ਯਾਦ ਕਰਦੇ ਹਾਂ-

ਹਰਿ ਕ੍ਰਿਸ਼ਨ ਜੀ ਦਾ ਜਨਮ 7 ਜੁਲਾਈ 1656 ਈਸਵੀ ਨੂੰ ਪਿਤਾ ਗੁਰੂ ਹਰਿ ਰਾਇ ਜੀ ਦੇ ਘਰ, ਮਾਤਾ ਕ੍ਰਿਸ਼ਨ ਕੌਰ ਜੀਂ , ਜਿਨਾਂ ਨੂੰ ਸੁਲੱਖਣੀ ਕਰ ਕੇ ਵੀ ਲਿਖਿਆ ਮਿਲਦਾ ਹੈ, ਦੀ ਕੁੱਖੋਂ ਕੀਰਤਪੁਰ ਸਾਹਿਬ ਵਿਖੇ ਹੋਇਆ। ਪ੍ਰਸਿੱਧ ਸਿੱਖ ਇਤਿਹਾਸਕਾਰ ਡਾ ਹਰਜਿੰਦਰ ਸਿੰਘ ਦਿਲਗੀਰ ਜੀ ਆਪ ਜੀ ਦਾ ਜਨਮ 1652 ਈਸਵੀ ਵਿਚੁ ਹੋਇਆ ਮੰਨਦੇ ਹਨ। ਆਪ ਜੀਂ ਦੇ ਇੱਕ ਭਰਾ ਰਾਮ ਰਾਇ ਅਤੇ ਇੱਕ ਭੈਣ ਰੂਪ ਕੌਰ ਸਨ। ਆਪ ਜੀ ਸਭ ਤੋਂ ਛੋਟੇ ਸਨ। ਆਪ ਜੀ ਬਚਪਨ ਤੋਂ ਹੀ ਕੋਮਲ ਸੁਭਾਅ ਦੇ ਗੁਣਵਾਨ ਅਤੇ ਹੁਨਰਮੰਦ ਸਨ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਆਪਣੀ ਪੁਸਤਕ ਅਸ਼ਟਮ ਬਲਵੀਰਾ ਵਿੱਚ ਲਿਖਦੇ ਹਨ ਕਿ ਗੁਰੂ ਜੀ ਬਚਪਨ ਵਿਚ ਹੀ ਚੌਂਕੜਾ ਲਗਾ ਕੇ ਸਿਮਰਨ ਕਰਦੇ ਸਨ ਅਤੇ ਬਾਣੀ ਦਾ ਉਚਾਰਨ ਇੰਨਾ ਮਿੱਠਾ ਅਤੇ ਸੁਰੀਲੀ ਆਵਾਜ ਵਿਚ ਕਰਦੇ ਸੀ ਕਿ ਅਕਾਸ਼ ਤੋਂ ਪੰਛੀ ਵੀ ਪਾਠ ਸੁਣਨ ਆ ਬੈਠਦੇ। ਗੁਰੂ ਹਰਿ ਰਾਇ ਜੀ ਨੇ ਆਪਣੇ ਤਿੰਨੇ ਬੱਚਿਆਂ ਦੀ ਸਿੱਖਿਆ ਦਾ ਪ੍ਰਬੰਧ ਦੀਵਾਨ ਦਰਗਾਹ ਮੱਲ ਦੀ ਦੇਖ ਰੇਖ ਵਿੱਚ ਕਰਵਾਇਆ। ਗੁਰੂ ਹਰਿ ਰਾਇ ਜੀ ਨੇ ਆਪ ਜੀ ਨੂੰ ਜਲਦੀ ਹੀ ਗੁਰ ਗੱਦੀ ਦੇ ਕਾਬਲ ਮਹਿਸੂਸ ਕੀਤਾ।

ਗੁਰੂ ਘਰ ਵਿਰੁੱਧ ਸ਼ਿਕਾਇਤ ਹੋਣ ਅਤੇ ਦਿੱਲੀ ਦਰਬਾਰ ਵਲੋਂ ਸੱਦਾ ਆਉਣ ਤੇ ਗੁਰੂ ਹਰਿ ਰਾਇ ਜੀ ਨੇ ਆਪਣੇ ਵੱਡੇ ਪੁੱਤਰ ਰਾਮ ਰਾਇ ਨੂੰ ਔਰੰਗਜੇਬ ਦੇ ਦਰਬਾਰ ਵਿੱਚ ਜਾ ਕੇ ਗੁਰੂ ਸਿਧਾਂਤ ਸਮਝਾਉਣ ਲਈ ਭੇਜਿਆ। ਰਾਮ ਰਾਏ ਜੀ ਨੇ ਔਰੰਗਜੇਬ ਨੂੰ ਪ੍ਰਭਾਵਿਤ ਕਰਨ ਲਈ ਕਈ ਤਰਾਂ ਦੀਆਂ ਕਰਾਮਾਤਾਂ ਦਿਖਾ ਦਿੱਤੀਆਂ। ਨਾਨਕ ਸਿਧਾਂਤ ਕਰਾਮਾਤ ਨੂੰ ਕਹਿਰ ਮੰਨਦਾ ਹੈ। ਔਰੰਗਜੇਬ ਨੇ ਜਦੋਂ ਇਹ ਪੁੱਛਿਆ ਕਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ “ਮਿੱਟੀ ਮੁਸਲਮਾਨ ਕੀ ਪੇੜ੍ਹੇ ਪਈ ਕੁਮਿਆਰ।” ਲਿਖ ਕੇ ਇਸਲਾਮ ਧਰਮ ਦੇ ਵਿਰੁੱਧ ਲਿਖਿਆ ਗਿਆ ਹੈ ਤਾਂ ਰਾਮ ਰਾਏ ਜੀ ਨੇ ਉਪਰੋਕਤ ਤੁਕ ਦੀ ਠੀਕ ਵਿਆਖਿਆ ਕਰਨ ਦੀ ਥਾਂ ਤੇ ਰਾਜੇ ਨੂੰ ਖੁਸ਼ ਕਰਨ ਲਈ ਕਿਹਾ ਕਿ ਅਸਲ ਪੰਕਤੀ ਤਾਂ “ਮਿੱਟੀ ਬੇਈਮਾਨ ਕੀ...” ਹੈ, ਲਿਖਣ ਵਾਲੇ ਤੋਂ ਹੀ ਗਲਤ ਲਿਖ ਹੋ ਗਿਆ ਹੈ। ਰਾਜੇ ਨੇ ਖੁਸ਼ ਹੋ ਕੇ ਰਾਮ ਰਾਏ ਨੂੰ ਕਾਫੀ ਜਾਗੀਰ ਵੀ ਦਿੱਤੀ ਅਤੇ ਤੋਹਫੇ ਵੀ। ਪਰ ਜਦੋਂ ਗੁਰੂ ਹਰਿ ਰਾਏ ਜੀ ਨੂੰ ਇਸ ਦਾ ਪਤਾ ਚੱਲਿਆ ਤਾਂ ਉਨ੍ਹਾਂ ਨੇ ਰਾਮ ਰਾਏ ਨੂੰ ਸਾਰੀ ਉਮਰ ਮੱਥੇ ਨਾ ਲੱਗਣ ਦਾ ਫ਼ੈਸਲਾ ਕੀਤਾ। ਇਸੇ ਕਾਰਨ ਉਨ੍ਹਾਂ ਰਾਮ ਰਾਏ ਨੂੰ ਗੁਰਗੱਦੀ ਨਹੀਂ ਦਿੱਤੀ। ਕਿਉਂਕਿ ਗੁਰੂ ਹਰਿ ਰਾਏ ਜੀ ਬਾਣੀ ਦੀ ਤੁਕ ਬਦਲੇ ਜਾਣ ਤੋਂ ਵੱਡਾ ਕੋਈ ਅਪਰਾਧ ਨਹੀਂ ਸੀ ਮੰਨਦੇ। ਉਨ੍ਹਾਂ ਦਾ ਫੁਰਮਾਨ ਸੀ-

ਜਿਨ ਭੈ ਅਦਬ ਨਾ ਬਾਣੀ ਧਾਰਾ॥<br>
ਸੋ ਜਾਣੋ ਨਹੀਂ ਸਿੱਖ ਹਮਾਰਾ॥

ਇਸੇ ਲਈ ਅਕਤੂਬਰ 1661 ਵਿੱਚ ਜਦੋਂ ਹਰਿ ਕ੍ਰਿਸ਼ਨ ਜੀ ਦੀ ਉਮਰ ਅਜੇ ਮਸਾਂ 5 ਸਾਲ ਦੀ ਸੀ, ਗੁਰੂ ਹਰਿ ਰਾਏ ਜੀ ਨੇ ਹਰਿ ਕ੍ਰਿਸ਼ਨ ਨੂੰ ਗੁਰੂ ਦੀ ਵੱਡੀ ਜਿੰਮੇਵਾਰੀ ਸੌਂਪ ਦਿੱਤੀ। ਗੁਰਗੱਦੀ ਦੇਣ ਦੀ ਰਸਮ ਬਾਬਾ ਬੁੱਢਾ ਜੀਂ ਦੇ ਪੋਤਰੇ ਬਾਬਾ ਗੁਰਦਿੱਤਾ ਜੀਂ ਨੇ ਨਿਭਾਈ। ਗੁਰੂ ਹਰਿ ਰਾਏ ਜੀ ਜੋਤੀ ਜੋਤ ਸਮਾ ਗਏ। ਆਪ ਜੀ ਨੇ ਇੰਨੀ ਛੋਟੀ ਉਮਰ ਵਿੱਚ ਹੀ ਏਨੀ ਵੱਡੀ ਜਿੰਮੇਵਾਰੀ ਨੂੰ ਜਿਸ ਢੰਗ ਨਾਲ ਨਿਭਾਇਆ, ਉਹ ਆਪਣੀ ਮਿਸਾਲ ਆਪ ਹੈ। ਕੁਝ ਘਟਨਾਵਾਂ ਜੋ ਆਪ ਜੀ ਦੇ ਗੁਰੂ ਕਾਲ ਸਮੇਂ ਵਾਪਰੀਆਂ, ਦਾ ਜਿਕਰ ਕਰਦੇ ਹਾਂ।

* ਗੁਰੂ ਹਰਿ ਕ੍ਰਿਸ਼ਨ ਜੀ ਨੇ ਪਹਿਲਾਂ ਵਾਂਗ ਹੁੰਦੀਆਂ ਸਾਰੀਆਂ ਗਤੀਵਿਧੀਆਂ ਸੰਗਤ ਦਾ ਜੁੜਨਾ, ਸ਼ਬਦ ਕੀਰਤਨ ਅਤੇ ਵਿਚਾਰਾਂ ਹੋਣੀਆਂ, ਲੰਗਰ ਚੱਲਣਾ ਅਤੇ ਲੋੜਵੰਦਾਂ ਦੀ ਮੱਦਦ ਸਭ ਆਪ ਅੱਗੇ ਹੋ ਕੇ ਉਸੇ ਤਰਾਂ ਜਾਰੀ ਰੱਖੀਆਂ। ਗੁਰੂ ਘਰ ਵਿਰੋਧੀ ਜਿਨ੍ਹਾਂ ਨੂੰ ਲੱਗਦਾ ਸੀ ਕਿ ਇੰਨੀ ਛੋਟੀ ਉਮਰ ਵਿਚ ਉਹ ਗੱਦੀ ਦਾ ਕਾਰਜਭਾਰ ਨਹੀਂ ਸੰਭਾਲ ਸਕਣਗੇ, ਹੈਰਾਨ ਵੀ ਰਹਿ ਗਏ ਅਤੇ ਚਾਲਾਂ ਵੀ ਚੱਲਣ ਲੱਗੇ।

* ਰਾਜਾ ਰਾਮ ਇੱਕ ਰੋਪੜ ਦਾ ਧਨੀ ਆਦਮੀ ਸੀ, ਜਿਹੜਾ ਜਨਮ ਸਮੇਂ ਹੀ ਕੁੜੀਆਂ ਨੂੰ ਮਾਰ ਦਿੰਦਾ ਸੀ। ਗੁਰੂ ਹਰਿ ਕ੍ਰਿਸ਼ਨ ਜੀ ਨੂੰ ਮਿਲਣ ਦੀ ਇੱਛਾ ਬਾਰੇ ਪਤਾ ਲੱਗਣ ਤੇ ਗੁਰੂ ਸਾਹਿਬ ਨੇ ਸਾਫ ਇਨਕਾਰ ਕਰ ਦਿੱਤਾ ਅਤੇ ਉਸਨੂੰ ਦਰਬਾਰ ਵਿੱਚ ਆਉਣ ਤੋਂ ਰੋਕ ਦਿੱਤਾ।ਉਸਦੇ ਆਪਣੀ ਗਲਤੀ ਦਾ ਅਹਿਸਾਸ ਕਰਨ ਤੇ ਮੁਆਫੀ ਮੰਗਣ ਅਤੇ ਭਵਿੱਖ ਵਿਚ ਅਜਿਹਾ ਨਾ ਕਰਨ ਦਾ ਭਰੋਸਾ ਦੁਆਉਣ ਤੇ ਗੁਰੂ ਜੀ ਨੇ ਉਸਨੂੰ ਬਖ਼ਸ਼ ਵੀ ਦਿੱਤਾ ।

* ਰਾਮ ਰਾਏ ਨੇ ਗੱਦੀ ਨਾ ਮਿਲਣ ਤੇ ਭਾਰੀ ਇਤਰਾਜ਼ ਕੀਤਾ ਕਿਉਂਕਿ ਵੱਡਾ ਪੁੱਤਰ ਹੋਣ ਕਰਕੇ ਉਹ ਗੁਰਗੱਦੀ ਤੇ ਆਪਣਾ ਹੱਕ ਸਮਝਦਾ ਸੀ। ਇਸ ਲਈ ਉਸਨੇ ਔਰੰਗਜੇਬ ਦੇ ਦਰਬਾਰ ਵਿਚ ਸ਼ਿਕਾਇਤ ਵੀ ਕੀਤੀ। ਉਸਨੇ ਰਾਜੇ ਨੂੰ ਉਕਸਾਇਆ ਕਿ ਹਰਿ ਕ੍ਰਿਸ਼ਨ ਗੁਰਗੱਦੀ ਦੇ ਕਾਬਲ ਨਹੀਂ ਹੈ, ਉਸਨੂੰ ਬੁਲਾ ਕੇ ਕਰਾਮਾਤਾਂ ਦਿਖਾਉਣ ਨੂੰ ਕਹੋ। ਪਰ ਰਾਜੇ ਨੇ ਬਹੁਤਾ ਧਿਆਨ ਨਹੀਂ ਦਿੱਤਾ। ਫੇਰ ਰਾਮ ਰਾਏ ਨੇ ਕਿਹਾ ਕਿ ਹਰਿ ਕ੍ਰਿਸ਼ਨ ਨਾਲ ਦੋਸਤੀ ਪਾਉਣ ਨਾਲ ਦਿੱਲੀ ਦਰਬਾਰ ਨੂੰ ਰਾਜ ਚਲਾਉਣ ਵਿੱਚ ਆਸਾਨੀ ਰਹੇਗੀ। ਔਰੰਗਜੇਬ ਨੂੰ ਇਹ ਗੱਲ ਜਚ ਗਈ।

ਸ ਖੁਸ਼ਵੰਤ ਸਿੰਘ ਦੇ ਲਿਖਣ ਅਨੁਸਾਰ ਉਸ ਸਮੇਂ ਮਸੰਦਾਂ ਨੇ ਵੀ ਔਰੰਗਜੇਬ ਨੂੰ ਭੜਕਾਉਣ ਵਿੱਚ ਆਪਣਾ ਹਿੱਸਾ ਪਾਇਆ ਸੀ। ਉਸਨੇ ਰਾਜਾ ਜੈ ਸਿੰਘ ਨੂੰ, ਜੋ ਗੁਰੂ ਘਰ ਦਾ ਸ਼ਰਧਾਲੂ ਸੀ, ਗੁਰੂ ਹਰਿ ਕ੍ਰਿਸ਼ਨ ਜੀ ਨੂੰ ਦਿੱਲੀ ਦਰਬਾਰ ਵਿੱਚ ਲਿਆਉਣ ਦੀ ਡਿਊਟੀ ਲਗਾਈ। ਰਾਜਾ ਜੈ ਸਿੰਘ ਨੇ ਦੀਵਾਨ ਪਰਸਰਾਮ ਨੂੰ ਭੇਜਿਆ ਕਿ ਉਹ ਹਰਿ ਕ੍ਰਿਸ਼ਨ ਜੀ ਨੂੰ ਦਿੱਲੀ ਲੈ ਆਵੇ। ਪਰ ਪਰਸਰਾਮ ਨੂੰ ਗੁਰੂ ਜੀ ਨੇ ਸਾਫ਼ ਸਾਫ਼ ਸ਼ਬਦਾਂ ਵਿੱਚ ਕਹਿ ਦਿੱਤਾ ਕਿ ਉਹ ਦਿੱਲੀ ਤਾਂ ਚੱਲ ਸਕਦੇ ਹਨ ਪਰ ਔਰੰਗਜੇਬ ਦੇ ਮੱਥੇ ਨਹੀਂ ਲੱਗਣਗੇ। ਕਿਉਂਕਿ ਰਾਜਾ ਜੈ ਸਿੰਘ ਗੁਰੂ ਘਰ ਦਾ



ਸਤਿਕਾਰ ਕਰਦਾ ਸੀ ਇਸ ਲਈ ਗੁਰੂ ਜੀ ਨੇ ਦਿੱਲੀ ਵੱਲ ਚਾਲੇ ਪਾ ਦਿੱਤੇ। ਕਾਫੀ ਸੰਗਤ ਵੀ ਆਪ ਜੀ ਦੇ ਨਾਲ ਹੋ ਗਈ।

ਰਸਤੇ ਵਿਚ ਅੰਬਾਲੇ ਦੇ ਨੇੜੇ ਪੰਜੋਖਰੇ ਦੇ ਸਥਾਨ ਤੇ ਰਾਤ ਰੁਕੇ, ਜਿੱਥੇ ਹੁਣ ਗੁਰਦਵਾਰਾ ਪੰਜੋਖਰਾ ਸਾਹਿਬ ਸੁਸ਼ੋਭਿਤ ਹੈ। ਇੱਥੇ ਇੱਕ ਹੰਕਾਰੀ ਪੰਡਿਤ ਲਾਲਚੰਦ ਜਿਸਨੂੰ ਆਪ ਜੀ ਦੀ ਛੋਟੀ ਉਮਰ ਵਿਚ ਆਪ ਜੀ ਨੂੰ ਗੁਰੂ ਬਣਨ ਅਤੇ ਵਡਿਆਈ ਮਿਲਣ ਤੇ ਈਰਖਾ ਸੀ, ਆਪ ਜੀ ਨੂੰ ਮਿਲਿਆ। ਇਹ ਆਪਣੇ ਕੋਲ ਗ੍ਰੰਥਾਂ ਦਾ ਭਾਰ ਚੁੱਕੀ ਫਿਰਦਾ ਸੀ ਅਤੇ ਹਰ ਮਿਲਣ ਵਾਲੇ ਨੂੰ ਬਹਿਸ ਵਿੱਚ ਹਰਾ ਕੇ ਆਪਣੇ ਵੱਡੇ ਵਿਦਵਾਨ ਹੋਣ ਦਾ ਭਰਮ ਪਾਲੀ ਬੈਠਾ ਸੀ।

ਉਹ ਗੁਰੂ ਹਰਿ ਕ੍ਰਿਸ਼ਨ ਜੀ ਦੇ ਤੰਬੂ ਵਿਚ ਆ ਕੇ ਕਹਿਣ ਲੱਗਾ ਤੁਸੀਂ ਆਪਣਾ ਨਾਮ ਕ੍ਰਿਸ਼ਨ ਰਖਵਾਇਆ ਹੈ। ਗੀਤਾ ਦੇ ਫਲਾਨੇ ਸਲੋਕ ਦੇਅਰਥ ਕਰ ਕੇ ਦਿਖਾਓ। ਹਰਿ ਕ੍ਰਿਸ਼ਨ ਜੀ ਨੇ ਕਿਹਾ ਕਿ ਸਾਡੇ ਅਰਥ ਕਰਨ ਨਾਲ ਤੁਸੀਂ ਗੁਰੂ ਘਰ ਵਿਚ ਕਰਾਮਾਤ ਹੋਣ ਦੀ ਗੱਲ ਆਖੋਗੇ ਇਸ ਲਈ ਸੰਗਤ ਵਿਚੋਂ ਕੋਈ ਵੀ ਸਿੱਖ ਨੂੰ ਬੁਲਾ ਲਵੋ। ਪੰਡਿਤ ਇੱਕ ਛਜੂ ਨਾਮ ਦੇ ਝੀਵਰ ਨੂੰ ਬੁਲਾ ਲਿਆਇਆ ਜਿਸ ਨੇ ਗੁਰੂ ਹਰਿ ਕ੍ਰਿਸ਼ਨ ਜੀ ਦੇ ਆਖਣ ਤੇ ਗੀਤਾ ਦੇ ਇੰਨੇ ਵਧੀਆ ਅਰਥ ਕੀਤੇ ਕਿ ਪੰਡਿਤ ਵੀ ਹੈਰਾਨ ਰਹਿ ਗਿਆ। ਅਸਲ ਵਿੱਚ ਗੁਰੂ ਜੀ ਗੁਰਮਤਿ ਦਾ ਸੰਦੇਸ਼ ਦ੍ਰਿੜ੍ਹ ਕਰਵਾਉਣਾ ਚਾਹੁੰਦੇ ਸਨ, ਕਿ ਸਿੱਖਿਆ ਕਿਸੇ ਇੱਕ ਜਾਤ ਲਈ ਰਾਖਵੀਂ ਨਹੀਂ ਹੈ। ਜਿਵੇਂ ਪੰਡਿਤ ਬ੍ਰਾਹਮਣ ਨੂੰ ਹੀ ਸਿੱਖਿਆ ਦੇ ਯੋਗ ਸਮਝਦੇ ਸਨ। ਗੁਰੂ ਜੀ ਦਾ ਭਾਵ ਸੀ ਕਿ ਨਾਨਕ ਦਰਬਾਰ ਦੇ ਸਿੱਖ, ਭਾਵੇ ਉਹ ਕਿਸੇ ਵੀ ਜਾਤ ਦੇ ਹੋਣ, ਧਾਰਮਿਕ ਗਿਆਨ ਵਿਚ ਕਾਬਲ ਹੁੰਦੇ ਹਨ। ਭਾਵੇ ਇਥੇ ਇਹ ਸਾਖੀ ਵੀ ਪ੍ਰਚੱਲਿਤ ਹੈ ਕਿ ਗੁਰੂ ਜੀ ਨੇ ਆਪਣੀ ਛੜੀ ਛਜੂ ਦੇ ਸਿਰ ਤੇ ਰੱਖੀ। ਪਰ ਅਸਲ ਵਿੱਚ ਇਹ ਜੋੜੀ ਗਈ ਕਰਾਮਾਤ ਹੈ।

ਇਹ ਸਿੱਖ ਕੌਮ ਦਾ ਵੀ ਦੁਖਾਂਤ ਹੈ ਕਿ ਇਸ ਵਿਚ ਵੀ ਕਰਾਮਾਤੀ ਸਾਖੀਆਂ ਜੋੜ ਦਿੱਤੀਆਂ ਗਈਆਂ ਹਨ। ਜੋ ਕਿ ਅਸਲ ਗੁਰਮਤਿ ਸਿਧਾਂਤਾਂ ਤੋਂ ਦੂਰ ਹਨ। ਗੁਰੂ ਹਰਿ ਕ੍ਰਿਸ਼ਨ ਜੀ ਦੇ ਨਾਮ ਨਾਲ ਇਹ ਵੀ ਸਾਖੀ ਜੁੜੀ ਹੈ ਕਿ ਉਹ ਨੌਕਰਾਣੀ ਦੇ ਕੱਪੜੇ ਪਹਿਨ ਕੇ ਗੋਲੀਆਂ ਵਿਚ ਬੈਠੀ ਹੋਈ ਪਟਰਾਣੀ ਨੂੰ ਪਛਾਣ ਕੇ ਉਸਦੀ ਗੋਦੀ ਵਿੱਚ ਜਾ ਬੈਠੇ ਸਨ। ਪਰ ਇਸ ਨੂੰ ਕਰਾਮਾਤ ਨਾਲ ਨਾ ਜੋੜ ਕੇ ਇਉਂ ਕਹਿਣਾ ਚਾਹੀਦਾ ਹੈ ਕਿ ਪਟਰਾਣੀ ਅਤੇ ਨੌਕਰਾਣੀ ਦੇ ਹਾਵ ਭਾਵ ,ਬੋਲੀ ਅਤੇ ਹੋਰ ਲੱਛਣਾਂ ਤੋਂ ਇਹ ਪਹਿਚਾਣ ਸਹਿਜੇ ਹੀ ਗੁਰੂ ਜੀ ਨੇ ਕਰ ਲਈ ਸੀ। ਇਸੇ ਤਰਾਂ ਇਕ ਕੋਹੜੀ ਦੇ ਕੋਹੜ ਦੂਰ ਕਰਨ ਬਾਰੇ ਵੀ ਜ਼ਿਕਰ ਹੈ ਕਿ ਗੁਰੂ ਸਾਹਿਬ ਜੀ ਨੇ ਆਪਣਾ ਰੁਮਾਲ ਉਸਨੂੰ ਸਰੀਰ ਤੇ ਫੇਰਨ ਲਈ ਕਿਹਾ ਅਤੇ ਉਸਦਾ ਕੋਹੜ ਦੂਰ ਹੋ ਗਿਆ। ਅਜਿਹੀਆਂ ਕਰਾਮਾਤੀ ਘਟਨਾਵਾਂ ਦੀ ਗੁਰਸਿੱਖੀ ਵਿਚ ਕੋਈ ਥਾਂ ਨਹੀਂ ਹੈ।

ਗੁਰੂ ਘਰ ਵਿਚ ਸੇਵਾ ਸਿਮਰਨ ਤੇ ਜੋਰ ਹੈ। ਗੁਣ ਇੱਕਠੇ ਕਰਨ ਦਾ ਹੁਕਮ ਹੈ। ਸੋਚਣ ਵਾਲੀ ਗੱਲ ਹੈ ਕਿ ਹਰਿ ਕ੍ਰਿਸ਼ਨ ਜੀ ਦੇ ਸਾਹਮਣੇ ਪਿਤਾ ਗੁਰੂ ਹਰਿ ਰਾਏ ਜੀ ਨੇ ਕਰਾਮਾਤਾਂ ਦਿਖਾਉਣ ਕਰਕੇ ਰਾਮ ਰਾਏ ਨਾਲ ਨਾਰਾਜ਼ ਹੋਏ ਸਨ, ਓਹੀ ਕਰਾਮਾਤਾਂ ਦੀ ਗੱਲ ਗੁਰੂ ਬਣੇ ਹਰਿ ਕ੍ਰਿਸ਼ਨ ਜੀ ਕਿਵੇਂ ਕਰ ਸਕਦੇ ਸਨ ? ਗੁਰੂ ਹਰਿ ਕ੍ਰਿਸ਼ਨ ਜੀ ਨੇ ਇਸ ਛੋਟੇ ਸਮੇਂ ਵਿੱਚ ਹੀ ਖੂਹ ਵੀ ਲਗਵਾਏ। ਸੰਗਤ ਪੰਗਤ ਦੀ ਪ੍ਰਥਾ ਵੀ ਜਾਰੀ ਰੱਖੀ। ਮਸੰਦ ਪ੍ਰਥਾ ਵਿਚ ਆਈ ਗਿਰਾਵਟ ਤੋਂ ਵੀ ਸੰਗਤਾਂ ਨੂੰ ਸੁਚੇਤ ਕੀਤਾ। ਗੁਰਸਿੱਖੀ ਦੇ ਪ੍ਰਚਾਰ ਲਈ ਆਪ ਜੀ ਵੱਲੋਂ ਵੱਖ ਵੱਖ ਸਮੇਂ ਸੰਗਤਾਂ ਦੇ ਨਾਮ ਭੇਜੇ ਹੋਏ ਹੁਕਮਨਾਮੇ ਵੀ ਮਿਲਦੇ ਹਨ ਜਿਨਾਂ ਵਿਚ ਬਾਣੀ ਪੜ੍ਹਨ, ਸੇਵਾ ਕਰਨ ਅਤੇ ਵਿਕਾਰਾਂ ਤੋਂ ਦੂਰ ਰਹਿਣ ਦੇ ਉਪਦੇਸ਼ ਮਿਲਦੇ ਹਨ। ਉਹਨਾਂ ਨੇ ਗੁਰੂ ਨਾਨਕ ਦੇ ਸਿੱਖੀ ਸਿਧਾਂਤਾਂ ਦੀ ਵਿਆਖਿਆ ਵੀ ਕੀਤੀ, ਆਪ ਉਸ ਅਨੁਸਾਰ ਜੀਵਨ ਵੀ ਬਤੀਤ ਕੀਤਾ।ਪਰ ਕਿਤੇ ਵੀ ਕਰਾਮਾਤ ਆਦਿ ਨਹੀਂ ਦਿਖਾਈ।

ਇਹ ਉਹਨਾਂ ਦੀ ਦ੍ਰਿੜ੍ਹਤਾ ਸੀ ਕਿ ਗੁਰੂ ਹਰਿ ਕ੍ਰਿਸ਼ਨ ਜੀ ਦਿੱਲੀ ਤਾਂ ਚਲੇ ਗਏ ਪਰ ਔਰੰਗਜੇਬ ਨੂੰ ਨਹੀਂ ਮਿਲੇ। ਕਿਉਂਕਿ ਗੁਰੂ ਹਰਿ ਰਾਏ ਜੀ ਨੇ ਹੀ ਔਰੰਗਜੇਬ ਦੇ ਮੱਥੇ ਨ੍ਹਾਂ ਲੱਗਣ ਦਾ ਆਦੇਸ਼ ਗੁਰੂਹਰਿ ਕ੍ਰਿਸ਼ਨ ਜੀ ਨੂੰ ਦਿੱਤਾ ਸੀ।

ਇਹਨੀ ਦਿਨੀਂ ਦਿੱਲੀ ਵਿਚ ਚੇਚਕ ਦੀ ਬਿਮਾਰੀ ਇਕ ਮਹਾਮਾਰੀ ਬਣ ਕੇ ਫੈਲ ਗਈ। ਦਿਨਾਂ ਵਿਚ ਹੀ ਲਾਸ਼ਾਂ ਦੇ ਢੇਰ ਲੱਗਣ ਲੱਗੇ। ਗੁਰੂ ਹਰਿ ਕ੍ਰਿਸ਼ਨ ਜੀ ਦਾ ਕੋਮਲ ਦਿਲ ਪਸੀਜ ਗਿਆ। ਉਨ੍ਹਾਂ ਨੇ ਆਪ ਅੱਗੇ ਹੋ ਕੇ ਦੁਖੀਆਂ ਦੀ ਸੇਵਾ ਕਰਨੀ ਆਰੰਭ ਕੀਤੀ ਜ਼ਲ, ਦਵਾਈ ਬੂਟੀ ਆਦਿ ਨਾਲ ਸੇਵਾ ਕਰਨੀ ਸ਼ੁਰੂ ਕਰ ਦਿਤੀ। ਨਾਲ ਬਾਣੀ ਦਾ ਉਪਦੇਸ਼ ਵੀ ਦਿੰਦੇ। ਆਪ ਜੀ ਦੀ ਛੋਟੀ ਉਮਰ ਹੋਣ ਕਰਕੇ ਸੇਵਾ ਕਰਦੇ ਹੋਣ ਕਰਕੇ ਆਪ ਜੀ ਨੂੰ ਵੀ ਚੇਚਕ ਹੋ ਗਈ। ਜਿਸ ਨਾਲ ਆਪ ਬੀਮਾਰ ਹੋ ਗਏ। ਸੰਗਤਾਂ ਆਪ ਜੀ ਦੇ ਕੋਲ ਬੈਠੀਆਂ ਸਨ, ਜਦੋ ਆਪ ਜੀ ਨੇ ਇਸ਼ਾਰੇ ਨਾਲ “ਬਾਬਾ ਬਕਾਲੇ” ਆਖ ਕੇ ਤੇਗ ਬਹਾਦਰ ਜੀ ਨੂੰ ਅਗਲੇ ਗੁਰੂ ਹੋਣ ਦਾ ਐਲਾਨ ਕਰ ਦਿੱਤਾ। 30 ਮਾਰਚ 1664 ਈਸਵੀ ਨੂੰ ਆਪ ਜੀ ਜੋਤੀ ਜੋਤ ਸਮਾ ਗਏ।

ਇਤਿਹਾਸ ਆਪ ਜੀ ਦੇ ਛੋਟੀ ਉਮਰ ਵਿੱਚ ਵੀ ਕੀਤੇ ਵੱਡੇ ਕੰਮ ਹਮੇਸ਼ਾ ਯਾਦ ਰੱਖੇਗਾ। ਉਹਨਾਂ ਦੇ ਜਨਮ ਸਥਾਨ ਤੇ ਉਹਨਾਂ ਦੀ ਯਾਦ ਕਰਵਾਉਂਦਾ ਬਹੁਤ ਖੂਬਸੂਰਤ ਗੁਰਦੁਆਰਾ ਸ਼ੀਸ਼ ਮਹੱਲ ਕੀਰਤਪੁਰ ਸਾਹਿਬ ਵਿਖੇ ਸੁਸ਼ੋਭਿਤ ਹੈ।

# ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਪੰਜਾਬੀ ਫ਼ਿਲਮਾਂ ਵਿਚ "ਜੱਟ ਐਂਡ ਜੂਲੀਅਟ 3" ਸ਼ਾਮਲ

ਪੰਜਾਬੀ ਮਨੋਰੰਜਨ ਇੰਡਸਟਰੀ ਨੇ ਪਿਛਲੇ ਸਾਲਾਂ ਦੌਰਾਨ ਕਾਫ਼ੀ ਤਰੱਕੀ ਦਾ ਅਨੁਭਵ ਕੀਤਾ ਹੈ, ਇਹ ਪ੍ਰਸ਼ੰਸਕਾਂ ਨੂੰ ਸ਼ਾਨਦਾਰ ਸਮੱਗਰੀ ਪ੍ਰਦਾਨ ਕਰਕੇ ਖਿੱਚ ਰਿਹਾ ਹੈ। ਹੁਣ ਇੱਥੇ ਅਸੀਂ ਪੰਜਾਬੀ ਸਿਨੇਮਾ ਦੀਆਂ ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਪੰਜਾਬੀ ਫ਼ਿਲਮਾਂ ਦਾ ਜ਼ਿਕਰ ਕਰਾਂਗੇ-

### ਕੈਰੀ ਆਨ ਜੱਟਾ 3

ਪਿਛਲੇ ਸਾਲ ਰਿਲੀਜ਼ ਹੋਈ ਸਮੀਪ ਕੰਗ ਦੁਆਰਾ ਨਿਰਦੇਸ਼ਤ ਅਤੇ ਗਿੱਪੀ ਗਰੇਵਾਲ-ਸੋਨਮ ਬਾਜਵਾ ਸਟਾਰਰ ਪੰਜਾਬੀ ਫ਼ਿਲਮ 'ਕੈਰੀ ਆਨ ਜੱਟਾ 3' ਨੇ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਸ ਫ਼ਿਲਮ ਨੇ ਕਈ ਤਰ੍ਹਾਂ ਦੇ ਰਿਕਾਰਡ ਤੋੜੇ ਸਨ। 'ਕੈਰੀ ਆਨ ਜੱਟਾ 3' ਪਾਲੀਵੁੱਡ ਦੀ ਪਹਿਲੀ ਅਜਿਹੀ ਫ਼ਿਲਮ ਹੈ, ਜਿਸ ਨੇ 100 ਕਰੋੜ ਦੀ ਕਮਾਈ ਕੀਤੀ ਹੈ। ਇਸ ਫ਼ਿਲਮ ਨੇ ਸਾਰੀ 103 ਕਰੋੜ ਦੀ ਕਮਾਈ ਕੀਤੀ ਸੀ, ਇਸ ਲਈ ਗਿੱਪੀ ਦੀ ਇਹ ਫ਼ਿਲਮ ਇਸ ਲਿਸਟ ਵਿਚ ਪਹਿਲੇ ਸਥਾਨ ਉਤੇ ਹੈ।

### ਮਸਤਾਨੇ

ਪੰਜਾਬੀ ਫ਼ਿਲਮ 'ਮਸਤਾਨੇ' ਪਿਛਲੇ ਸਾਲ 25 ਅਗਸਤ ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋਈ ਸੀ, 'ਮਸਤਾਨੇ' ਨੇ ਰਿਲੀਜ਼ ਤੋਂ ਪਹਿਲਾਂ ਹੀ ਲੋਕਾਂ ਨੂੰ ਆਪਣੇ ਵੱਲ ਖਿੱਚਿਆ ਲਿਆ ਸੀ। ਮਸਤਾਨੇ ਪੰਜਾਬੀ ਸਿਨੇਮਾ ਦੀ ਤੀਜੀ ਸਭ ਤੋਂ ਜ਼ਿਆਦਾ ਕਮਾਈ ਕਰਨ ਵਾਲੀ ਫ਼ਿਲਮ ਹੈ। ਤਰਸੇਮ ਜੱਸੜ ਸਟਾਰਰ ਇਸ ਫ਼ਿਲਮ ਨੇ 74 ਕਰੋੜ ਦਾ ਸ਼ਾਨਦਾਰ ਕਲੈਕਸ਼ਨ ਕੀਤਾ ਸੀ।

### ਕੈਰੀ ਆਨ ਜੱਟਾ

'ਕੈਰੀ ਆਨ ਜੱਟਾ 2' ਸਮੀਪ ਕੰਗ ਦੁਆਰਾ ਨਿਰਦੇਸ਼ਤ 2018 ਦੀ ਇੱਕ ਪੰਜਾਬੀ ਕਾਮੇਡੀ ਫ਼ਿਲਮ ਹੈ। ਫ਼ਿਲਮ ਵਿਚ ਗਿੱਪੀ ਗਰੇਵਾਲ ਅਤੇ ਸੋਨਮ ਬਾਜਵਾ ਦੇ ਨਾਲ ਗੁਰਪ੍ਰੀਤ ਘੁੱਗੀ, ਬੀਨੂੰ ਢਿੱਲੋਂ, ਜਸਵਿੰਦਰ ਭੱਲਾ, ਬੀ.ਐਨ. ਸ਼ਰਮਾ, ਕਰਮਜੀਤ ਅਨਮੋਲ ਅਤੇ ਉਪਾਸਨਾ ਸਿੰਘ ਅਤੇ ਜੋਤੀ ਸੇਠੀ ਸਹਾਇਕ ਭੂਮਿਕਾਵਾਂ 'ਚ ਸਨ। ਇਹ ਫ਼ਿਲਮ 1 ਜੂਨ 2018 ਨੂੰ ਰਿਲੀਜ਼ ਹੋਈ ਸੀ ਅਤੇ ਇਸ ਨੇ ਬਾਕਸ ਆਫਿਸ 'ਤੇ ਕਈ ਰਿਕਾਰਡ ਤੋੜੇ ਸਨ। ਫ਼ਿਲਮ ਨੇ ਦੁਨੀਆ ਭਰ ਵਿਚ 57.67 ਕਰੋੜ ਦੀ ਕਮਾਈ ਕੀਤੀ ਸੀ।




### ਚੱਲ ਮੇਰਾ ਪੁੱਤ 2

'ਚੱਲ ਮੇਰਾ ਪੁੱਤਰ 2' 2020 ਦੀ ਇੱਕ ਪੰਜਾਬੀ ਦੀ ਕਾਮੇਡੀ ਡਰਾਮਾ ਫ਼ਿਲਮ ਹੈ, ਜਿਸ ਦਾ ਨਿਰਦੇਸ਼ਨ ਜਨਜੋਤ ਸਿੰਘ ਨੇ ਕੀਤਾ ਹੈ। ਇਸ ਫ਼ਿਲਮ ਨੂੰ 'ਰਿਦਮ ਬੁਆਏਜ਼ ਐਂਟਰਟੇਨਮੈਂਟ' ਦੇ ਅਧੀਨ ਕਾਰਜ ਗਿੱਲ ਦੁਆਰਾ ਅਤੇ 'ਓਮਜੀ ਸਟਾਰ ਸਟੂਡੀਓਜ਼' ਦੇ ਅਧੀਨ ਆਸ਼ੂ ਮੁਨੀਸ਼ ਸਾਹਨੀ ਦੁਆਰਾ ਨਿਰਮਿਤ ਕੀਤਾ ਗਿਆ ਹੈ। ਇਸ ਵਿਚ ਅਮਰਿੰਦਰ ਗਿੱਲ, ਸਿੰਮੀ ਚਾਹਲ ਅਤੇ ਗੈਰੀ ਸੰਧੂ ਮੁੱਖ ਭੂਮਿਕਾਵਾਂ ਵਿੱਚ ਹਨ। ਫ਼ਿਲਮ ਨੇ ਪੂਰੀ ਦੁਨੀਆਂ ਵਿਚ 55.41 ਕਰੋੜ ਦੀ ਕਮਾਈ ਕੀਤੀ ਸੀ।

### ਹੌਂਸਲਾ ਰੱਖ


'ਹੌਂਸਲਾ ਰੱਖ' ਇੱਕ 2021 ਦੀ ਪੰਜਾਬੀ ਰੁਮਾਂਟਿਕ ਕਾਮੇਡੀ ਫ਼ਿਲਮ ਹੈ, ਜਿਸ ਦਾ ਨਿਰਦੇਸ਼ਨ ਅਮਰਜੀਤ ਸਿੰਘ ਸਰੋਂ ਦੁਆਰਾ ਕੀਤਾ ਗਿਆ ਹੈ, ਜਿਸ 'ਚ ਦਿਲਜੀਤ ਦੋਸਾਂਝ, ਸੋਨਮ ਬਾਜਵਾ, ਸ਼ਹਿਨਾਜ਼ ਗਿੱਲ ਅਦਾਕਾਰ ਹਨ, ਇਹ ਨਿਰਮਾਤਾ ਵਜੋਂ ਦਿਲਜੀਤ ਦੋਸਾਂਝ ਦੀ ਸ਼ੁਰੂਆਤ ਸੀ। ਇਸ ਫ਼ਿਲਮ ਨੇ 54 ਕਰੋੜ ਦੀ ਕਮਾਈ ਕੀਤੀ ਸੀ।

### ਸਰਦਾਰ ਜੀ

ਸਰਦਾਰ ਜੀ 2015 ਦੀ ਇੱਕ ਪੰਜਾਬੀ ਕਾਮੇਡੀ ਫ਼ਿਲਮ ਹੈ, ਜੋ ਰੋਹਿਤ ਜੁਗਰਾਜ ਦੁਆਰਾ ਨਿਰਦੇਸ਼ਤ ਹੈ ਅਤੇ ਇਸ 'ਚ ਦਿਲਜੀਤ ਦੋਸਾਂਝ, ਮੈਂਡੀ ਤੱਖਰ ਅਤੇ ਨੀਰੂ ਬਾਜਵਾ ਮੁੱਖ ਭੂਮਿਕਾਵਾਂ ਵਿਚ ਹਨ। 26 ਜੂਨ 2015 ਨੂੰ ਰਿਲੀਜ਼ ਹੋਈ ਇਸ ਫ਼ਿਲਮ ਨੇ 38.38 ਕਰੋੜ ਦੀ ਕਮਾਈ ਕੀਤੀ ਸੀ।

### ਛੜਾ

ਇੱਕ 2019 ਦੀ ਪੰਜਾਬੀ ਰੁਮਾਂਟਿਕ ਕਾਮੇਡੀ ਫ਼ਿਲਮ ਹੈ, ਜੋ ਜਗਦੀਪ ਸਿੱਧੂ ਦੁਆਰਾ ਲਿਖੀ ਅਤੇ ਨਿਰਦੇਸ਼ਿਤ ਕੀਤੀ ਗਈ ਹੈ। ਦਿਲਜੀਤ ਦੋਸਾਂਝ ਅਤੇ ਨੀਰੂ ਬਾਜਵਾ ਸਟਾਰਰ ਇਹ ਫ਼ਿਲਮ 21 ਜੂਨ 2019 ਨੂੰ ਦੁਨੀਆ ਭਰ ਵਿਚ ਰਿਲੀਜ਼ ਹੋਈ ਸੀ। ਫ਼ਿਲਮ ਨੂੰ ਆਲੋਚਕਾਂ ਦੁਆਰਾ ਸਕਾਰਾਤਮਕ ਪ੍ਰਤੀਕਿਰਿਆ ਮਿਲੀਆਂ ਸਨ। ਫ਼ਿਲਮ ਨੇ 52.75 ਕਰੋੜ ਦੀ ਕਮਾਈ ਕੀਤੀ ਸੀ।




### ਜੱਟ ਐਂਡ ਜੂਲੀਅਟ 3

ਹਾਲ ਹੀ ਵਿਚ ਰਿਲੀਜ਼ ਹੋਈ ਪੰਜਾਬੀ ਫ਼ਿਲਮ 'ਜੱਟ ਐਂਡ ਜੂਲੀਅਟ 3' ਪੰਜਾਬੀ ਸਿਨੇਮਾ ਦੀ ਦੂਜੀ ਸਭ ਤੋਂ ਜਿਆਦਾ ਕਮਾਈ ਕਰਨ ਵਾਲੀ ਫ਼ਿਲਮ ਬਣ ਗਈ ਹੈ। ਇਸ ਫ਼ਿਲਮ ਨੇ ਹੁਣ ਤੱਕ 100 ਕਰੋੜ ਦਾ ਅੰਕੜਾ ਪਾਰ ਕਰ ਲਿਆ ਹੈ। ਇਸ ਫ਼ਿਲਮ ਵਿਚ ਨੀਰੂ ਬਾਜਵਾ ਅਤੇ ਦਿਲਜੀਤ ਦੁਸਾਂਝ ਮੁੱਖ ਭੂਮਿਕਾ ਵਿਚ ਹਨ। ਇਸ ਦਾ ਲੇਖਨ ਅਤੇ ਨਿਰਦੇਸ਼ਨ ਜਗਦੀਪ ਸਿੱਧੂ ਨੇ ਕੀਤਾ ਹੈ।

### ਚਾਰ ਸਾਹਿਬਜ਼ਾਦੇ

ਚਾਰ ਸਾਹਿਬਜ਼ਾਦੇ 2014 ਦੀ ਪੰਜਾਬੀ-ਹਿੰਦੀ 3ਧ ਕੰਪਿਊਟਰ-ਐਨੀਮੇਟਡ ਇਤਿਹਾਸਕ ਡਰਾਮਾ ਫ਼ਿਲਮ ਹੈ, ਜੋ ਹੈਰੀ ਬਵੇਜਾ ਦੁਆਰਾ ਲਿਖੀ ਅਤੇ ਨਿਰਦੇਸ਼ਿਤ ਕੀਤੀ ਗਈ ਹੈ। ਇਹ 10ਵੇਂ ਸਿੱਖ ਗੁਰੂ ਗੁਰੂ ਗੋਬਿੰਦ ਸਿੰਘ ਦੇ ਪੁੱਤਰਾਂ-ਸਾਹਿਬਜ਼ਾਦਾ ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਦੀਆਂ ਕੁਰਬਾਨੀਆਂ 'ਤੇ ਆਧਾਰਿਤ ਹੈ। ਵੱਖ-ਵੱਖ ਕਿਰਦਾਰਾਂ ਲਈ ਆਵਾਜ਼ ਕਲਾਕਾਰਾਂ ਨੂੰ ਗੁੰਮਨਾਮ ਰੱਖਿਆ ਗਿਆ ਸੀ। ਜਦੋਂ ਇਹ ਰਿਲੀਜ਼ ਹੋਈ ਸੀ ਤਾਂ ਇਹ ਸਭ ਤੋਂ ਵੱਧ ਕਮਾਈ ਕਰਨ ਵਾਲੀ ਪੰਜਾਬੀ ਫ਼ਿਲਮ ਵੀ ਬਣ ਗਈ ਸੀ। ਫ਼ਿਲਮ ਨੇ 45.96 ਕਰੋੜ ਦੀ ਕਮਾਈ ਕੀਤੀ ਸੀ।

### ਸੌਂਕਣ ਸੌਂਕਣੇ

'ਸੌਂਕਣ ਸੌਂਕਣੇ' ਇੱਕ 2022 ਦੀ ਪੰਜਾਬੀ ਫ਼ਿਲਮ ਹੈ, ਇਹ ਅਮਰਜੀਤ ਸਿੰਘ ਸਰੋਂ ਦੁਆਰਾ ਨਿਰਦੇਸ਼ਿਤ ਰੁਮਾਂਟਿਕ ਕਾਮੇਡੀ ਫ਼ਿਲਮ ਹੈ। 'ਨਾਦ ਐਸਐਸ ਸਟੂਡੀਓਜ਼' ਦੇ ਬੈਨਰ ਹੇਠ ਬਣੀ ਇਸ ਫ਼ਿਲਮ 'ਚ ਐਮੀ ਵਿਰਕ, ਸਰਗੁਣ ਮਹਿਤਾ ਅਤੇ ਨਿਮਰਤ ਖਹਿਰਾ ਹਨ। ਇਹ 13 ਮਈ 2022 ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋਈ ਸੀ। ਇਸ ਫ਼ਿਲਮ ਨੇ 55 ਕਰੋੜ ਦੀ ਕਮਾਈ ਕੀਤੀ ਸੀ।









## ਈਰਥ ਵੂਲਿਚ ਕਬੱਡੀ ਟੂਰਨਾਮੈਂਟ

14 ਸਫੇ ਦੀ ਬਾਕੀ

ਸੁਰਿੰਦਰ ਮਾਣਕ, ਸੁਰਿੰਦਰ ਭਾਊ, ਬਲਜੀਤ ਗਿੱਲ, ਲਾਲਾ, ਪਾਲਾ ਸਾਊਥਾਲੀਆ, ਕੰਮਾ ਔਜਲਾ ਖਿਡਾਰੀਆਂ ਨੂੰ ਹੌਂਸਲਾ ਦੇਣ ਲੱਗੇ। ਸੁਖਦੇਵ ਸਿੰਘ ਔਜਲਾ ਵੀ ਅੱਜ ਉਚੇਚੇ ਤੌਰ ਤੇ ਮੇਲੇ 'ਚ ਸ਼ਾਮਿਲ ਸੀ। ਪ੍ਰਧਾਨਗੀ ਦੇ ਨਾਲ ਨਾਲ ਟੀਮ ਵੱਲ ਵੀ ਰਸ਼ਪਾਲ ਸਿੰਘ ਸ਼ੀਰਾ ਪੂਰੀ ਅੱਖ ਰੱਖੀ ਹੋਈ ਸੀ, ਕੁਲਵੰਤ ਚੱਠਾ, ਬਿੰਦਰ, ਪਾਲੀ ਚੀਮਾ, ਪਾਲੀ ਗਿੱਧਾ ਦੇ ਨਾਲ ਚੇਅਰਮੈਨ ਕੇਵਲ ਰਣਦੇਵਾ, ਹਰਜੀਤ ਢਿੱਲੋਂ, ਮੰਤਾ, ਤਾਰੀ ਆਪੋ ਆਪਣੀ ਟੀਮ ਦੀ ਹੌਂਸਲਾ ਅਫਜ਼ਾਈ ਕਰਦੇ ਜ਼ੋਰ ਲਾ ਰਹੇ ਸੀ। ਗੁਰਵਿੰਦਰ ਘਾਂਗੇਵਾਲੇ ਨੇ ਰਾਣੇ ਨੂੰ ਦੋ ਵਾਰ ਤੇ ਪਿੰਦੂ ਦੁਤਾਲ ਨੂੰ ਇੱਕ ਵਾਰ ਡੱਕਿਆ, ਧਾਕੜ ਵੀ ਦੋ ਪਿੰਦੂ ਦੁਤਾਲ ਅਤੇ ਇੱਕ ਯੋਧੇ ਘਣਸਾਂ ਵਾਲੇ ਨੂੰ ਜੱਫਾ ਲਾ ਗਿਆ। ਹੁਸ਼ਿਆਰਾ ਵੀ ਰਾਣਾ ਹੈਦਰ ਨੂੰ ਰੋਕ ਗਿਆ। ਦੂਜੇ ਪਾਸੇ ਫਰਿਆਦ ਲੋਪੋ ਕੇ ਨੇ ਗੱਗੂ ਤੰਗਵਾਲੀਆ, ਭੇਲੂ ਨੇ ਬਲਕਰਨ ਤੇ ਗਗਨ ਦੇ ਨਾਲ ਤੁੰਗਵਾਲੀਏ ਨੂੰ ਵੀ ਦੋ ਜੱਫੇ ਮਾਰ ਗਿਆ, ਅੰਮ੍ਰਿਤ ਬਰਸਾਲ ਨੇ ਬਲਕਰਨ ਰੋਕਿਆ। ਪਰ ਸ਼ਫੀ ਰਸ਼ੀਨ ਕੋਈ ਦਾਅ ਨਾ ਖੇਡ ਸਕਿਆ। ਚਿਸ਼ਤੀ ਨੇ ਪਾਈਆਂ 5 ਰੇਡਾਂ ਤੇ ਕੋਈ ਜਾਫੀ ਨੇੜੇ ਨਾ ਢੁਕਣ ਦਿੱਤਾ। ਆਖਿਰ ਸਲੋਹ ਇਕਨਹਮ ਨੇ 31.5/29 ਦੇ ਫਰਕ ਨਾਲ ਜਿੱਤ ਦਰਜ਼ ਕੀਤੀ।

ਕਵੈਂਟਰੀ ਬ੍ਰਮਿੰਘਮ ਦਾ ਅਗਲਾ ਮੈਚ ਬਾਰਕਿੰਗ ਗ੍ਰੇਵਜ਼ੈਂਡ ਨਾਲ ਪੂਰਾ ਗਹਿਗੱਚ ਹੋਇਆ। ਇਸ ਮੈਚ ਵਿੱਚ ਸੁੱਖਾ ਬਾਜਵਾ ਬਹੁਤ ਵਧੀਆ ਖੇਡਿਆ 9 ਕੌਢੀਆਂ ਪਾ ਕੇ 9 ਅੰਕ ਲਏ ਦੂਜੇ ਪਾਸੇ ਰੁਪਿੰਦਰ ਦੋਦੇਵਾਲ ਨੇ 14 ਕੌਢੀਆਂ ਪਾ ਕੇ ਸਿਰਫ ਲੱਭੂ ਅਤੇ ਵਿੱਕੀ ਦੇਦਣੇ ਵਾਲੇ ਤੋਂ ਸਿਰਫ ਦੋ ਵਾਰ ਹੀ ਰੁਕਿਆ। ਗ੍ਰੇਵਜ਼ੈਂਡ ਬਾਰਕਿੰਗ ਦੇ ਜਾਫੀ ਫੌਜੀ ਨੇ ਘੋੜਾ, ਗਗਨ ਸੁਰੇਵਾਲ ਅਤੇ ਸੁੱਖੀ ਗਾਖ਼ਲ ਨੇ ਦੁੱਲੇ ਨੂੰ ਜੱਫਾ ਲਾਇਆ। ਦੀਪਾ ਮੌਲੀ, ਸਤਨਾਮ ਗਿੱਲ, ਮੱਖਣ ਸ਼ੰਕਰੀਆ, ਭਜਨ ਸਮਰਾ, ਸ਼ਿੰਦਰ ਪਾਹਲ ਦੀ ਟੀਮ ਨੂੰ 34/36.5 ਦੇ ਫਰਕ ਨਾਲ ਸੱਤਾ ਮੁਠੱਡਾ, ਪਾਲਾ ਸਹੋਤਾ, ਕੁਲਵਿੰਦਰ ਸਹੋਤਾ, ਲਹਿੰਬਰ ਲੱਧੜ, ਰਾਣਾ ਪੱਡਾ, ਪਿੰਦਰ ਅਤੇ ਸਾਥੀਆਂ ਦੀ ਮਾਤ ਦੇ ਕੇ ਅੱਗੇ ਰਾਊਂਡ ਪਹੁੰਚੀ।

ਇਥੇ ਇਹ ਦੱਸਣਯੋਗ ਹੈ ਕਿ ਸੱਤਾ ਮੁਠੱਡਾ ਭਾਵੇਂ ਇੱਕ ਦੋ ਟੂਰਨਾਮੈਂਟਾਂ 'ਚ ਗੈਰਹਾਜ਼ਰ ਰਿਹਾ, ਪਰ ਇਸ ਵਾਰ ਸਨਮਾਨਾਂ ਦੀ ਝੜੀ ਲਾਈ ਜਾ ਰਿਹਾ। ਕਿਧਰੇ ਗੋਲਡ ਮੈਡਲ ਤੇ ਕਿਧਰੇ 11-11 ਸੌ ਪੌਂਡਾਂ ਦੇ ਇਨਾਮ ਵੰਡ ਰਿਹਾ। ਅੱਜ ਦੇ ਟੂਰਨਾਮੈਂਟ 'ਤੇ ਵੀ ਇੰਗਲੈਂਡ ਦੇ ਉਘੇ ਕੁਮੈਂਟੇਟਰ ਸੋਖਾ ਢੇਸੀ ਨੂੰ 1100 ਪੌਂਡ ਨਾਲ ਸਨਮਾਨਿਤ ਕੀਤਾ ਅਤੇ ਸੁੱਖਾ ਕੰਡਿਆਲ ਨੂੰ 500 ਪੌਂਡ ਨਾਲ ਨਿਵਾਜਿਆ। ਇਸ ਤੋਂ ਇਲਾਵਾ ਪੌਂਡਾਂ ਨਾਲ ਭਰੀ ਜੇਬ ਵਿੱਚੋਂ ਕਿੰਨੇ ਕਿਸ ਨੂੰ ਦੇ ਰਿਹਾ ਦਾ ਹਿਸਾਬ ਰੱਖਣਾ ਮੁਸ਼ਕਿਲ ਹੈ। ਦੀਪਾ ਮੌਲੀ ਕਵੈਂਟਰੀ ਮੇਲੇ ਤੇ ਨਿੱਜੀ ਪ੍ਰੀਵਾਰਿਕ ਸਮਾਗਮ ਵਿੱਚ ਜਾਣ ਕਰਕੇ ਫੈਡਰੇਸ਼ਨ ਦੇ ਨੁਮਾਇੰਦਿਆਂ ਦੇ ਸਨਮਾਨਾਂ ਨਾਲ ਲੈ ਕੇ ਆਇਆ ਅਤੇ ਅੱਜ ਵਿਸ਼ੇਸ਼ ਤੌਰ ਤੇ ਸਨਮਾਨ ਕੱਪ ਭੇਟ ਕੀਤੇ।

ਲੈਸਟਰ ਡਰਬੀ ਨੂੰ ਮਿਡਵੇ+ਸਿੱਖ ਟੈਂਪਲ ਵੁਲਵਰਹੈਂਪਟਨ ਦੀ ਟੀਮ ਨੇ 5ਵੇਂ ਮੈਚ ਵਿੱਚ ਇੱਕ ਜੱਫੇ ਦੇ ਫਰਕ ਨਾਲ ਹਰਾਇਆ। ਸਿੰਮੂ ਕੰਗ ਲੈਸਟਰ ਡਰਬੀ ਵੱਲੋਂ 12 ਕੌਢੀਆਂ ਪਾ ਕੇ 10 ਨੰਬਰ ਲਿਆਇਆ ਅਤੇ ਸੁੱਖੀ ਨੇ 12 ਪਾ ਕੇ 11 ਨੰਬਰ ਲਏ। ਪ੍ਰੀਤ ਵੀ ਕਮਾਲ ਦਾ ਖਿਡਾਰੀ ਹੈ ਜੋ ਹੈ ਤਾਂ ਜਾਫੀ ਪਰ ਰੇਡਾਂ ਕਮਾਲ ਦੀਆਂ ਪਾ ਰਿਹਾ 7 ਕੌਢੀਆਂ ਪਾ ਕੇ ਸਿਰਫ ਗੱਗੀ ਤੋਂ ਇੱਕ ਵਾਰ ਰੁਕਿਆ। ਰਾਜਾ ਪੱਧਰੀ ਤੇ ਏਕਮ ਨੇ ਦੁੱਲੇ ਨੂੰ ਅਤੇ ਮੱਛੋ ਨੇ ਕਲੀਮ ਜੱਟ ਨੂੰ ਰੋਕਿਆ। ਮਿਡਵੇ ਵੁਲਵਰਹੈਂਪਟਨ ਵੱਲੋਂ ਮਾਹਲੇ ਤੇ ਜਸ਼ਨ ਨੂੰ ਕੋਈ ਰੋਕ ਨਾ ਸਕਿਆ, ਪਰ ਛੋਟੇ ਸੋਹਣ ਤੇ ਪ੍ਰਤਾਪ ਨੇ ਸਿੰਮੂ ਕੰਗ ਨੂੰ, ਗੱਗੀ ਨੇ ਸੁੱਖੀ ਤੇ ਪ੍ਰੀਤ ਨੂੰ ਥੰਮ ਕੇ 32/31.5 ਦੇ ਫਰਕ ਨਾਲ ਜਿੱਤ ਦਰਜ਼ ਕੀਤੀ। ਪਿਆਰਾ ਰੰਧਾਵਾ, ਕੁਲਵੰਤ ਸੰਘਾ, ਕੁਲਬੀਰ ਖੱਖ, ਨਿਰਮਲ ਲੱਡੂ ਖਿਡਾਰੀਆਂ ਤੇ ਤਾਂ ਕਦੇ ਗਿਲਾ ਨਹੀਂ ਕਰਦੇ ਪਰ ਟੀਮ ਅਧੂਰੀ ਜਿਹੀ ਰਹਿਣ ਕਰਕੇ ਇਸ ਵਾਰ ਤਸੱਲੀ ਨਹੀਂ ਸਮਝ ਰਹੇ। ਕੁਲਵੰਤ ਸੰਘਾ ਤਾਂ ਕਈ ਵਾਰ ਵਿਉਂਤਾਂ ਲਾ ਰਿਹਾ ਕਿ ਜਿਹੜਾ ਕੁਝ ਐਤਕੀਂ ਹੋਇਆ ਅਗਲੀ ਵਾਰ ਨਹੀਂ ਹੋਣ ਦੇਣਾ। ਟੀਮ ਗੱਡਵੀਂ ਬਣਾਵਾਂਗੇ। ਡਰਬੀ ਵਾਲੇ ਹਰਜਿੰਦਰ ਬੋਈ ਟੀਮ ਦੇ ਨਾਲ ਨਾਲ 4 ਅਗਸਤ ਨੂੰ ਹੋਣ ਵਾਲੇ ਟੂਰਨਾਮੈਂਟ ਨੂੰ ਲੈ ਕੇ ਭੱਜ ਨੱਠ ਕਰ ਰਿਹਾ ਸੀ।

ਪਹਿਲੇ ਸੈਮੀਫਾਈਨਲ ਦੀ ਸ਼ੁਰੂਆਤ ਹੋਈ ਤਾਂ ਲੱਗਦਾ ਸੀ ਈਰਥ ਵੂਲਿਚ ਅਤੇ ਆਸ ਪਾਸ ਦੇ ਲੱਗਦੇ ਪਿੰਡਾਂ ਦੇ ਪੰਜਾਬੀ ਮੈਦਾਨ ਵਿੱਚ ਪਹੁੰਚ ਗਏ ਹਨ। ਸੂਰਜ ਦੀ ਧੁਪ ਦਾ ਸੇਕ ਅਤੇ ਕਬੱਡੀ ਦਾ ਸਿਖ਼ਰ ਵੱਲ ਨੂੰ ਵੱਧਣਾ ਹਰ ਇੱਕ ਖੁਸ਼ ਸੀ। ਟੈਲਫੋਰਡ ਅਤੇ ਗ੍ਰੇਵਜ਼ੈਂਡ ਬਾਰਕਿੰਗ ਵਿਚਕਾਰ ਖੇਡੇ ਗਏ ਇਸ ਮੈਚ ਵਿੱਚ ਰੁਪਿੰਦਰ ਦੋਦੇਵਾਲ ਨੇ ਵਧੀਆ ਖੇਡ ਦਾ ਪ੍ਰਦਰਸ਼ਨ ਕਰਦਿਆਂ ਸਿਰਫ ਇੱਕ ਵਾਰ ਹੀ ਜੱਫਾ ਖਾਧਾ, ਉਹ ਵੀ ਮੰਗੀ ਬੱਗਾ ਪਿੰਡ ਤੋਂ ਜਿਸ ਨੂੰ ਸਾਰੇ ਖਿਡਾਰੀ ਉਸਤਾਦ ਕਹਿੰਦੇ ਅਤੇ ਮੰਨਦੇ ਹਨ। ਮਲਕ ਭਾਵੇਂ 12 ਕੌਢੀਆਂ ਪਾ ਕੇ 4 ਜੱਫੇ ਖਾ ਗਿਆ, ਪਿੰਦਾ ਸੱਜਣਵਾਲੀਆ ਅੱਜ 5 ਜੱਫੇ ਖਾ ਬੈਠਾ। ਮਨਰਾਜ ਨੇ ਨੇ ਕੁਲਵਿੰਦਰ ਨੂੰ ਇੱਕ ਬਾਹਰ ਗਰਾਊਂਡ 'ਚੋਂ ਬਾਹਰ ਕੱਢ ਕੇ ਵਲੈਤ ਦੀਆਂ ਕਰੀਮਾਂ ਦੀ ਤਾਕਤ ਵਿਖਾਈ, ਪਰ ਵੈਸੇ ਕੁਲਵਿੰਦਰ ਹੋਰ ਕਿਸੇ ਤੋਂ ਰੋਕਿਆ ਨਹੀਂ। ਬੂਰੀਆ ਨੇ 11 ਕੌਢੀਆਂ ਪਾ ਕੇ ਫੌਜੀ ਤੋਂ ਦੋ ਵਾਰ ਅਤੇ ਗਗਨ ਸੁਰੇਵਾਲੀਆਂ ਤੋਂ ਇੱਕ ਵਾਰ ਰੁਕ ਗਿਆ। ਦੂਜੇ ਪਾਸੇ ਰਵੀ ਅਤੇ ਸ਼ੈਲੀ ਨੇ ਪਿੰਦੇ ਨੂੰ ਦੋ ਦੋ ਜੱਫੇ ਲਾਏ ਤੇ ਸਨੀ ਕਾਲੇ ਸੰਘਾ ਤਾਂ ਮਲਕ ਦੁਆਲੇ ਹੀ ਹੋਇਆ ਰਿਹਾ। ਮੰਗੀ ਬੱਗਾ ਪਿੰਡ ਨੇ ਪਿੰਦਾ ਸੱਜਣ ਵਾਲੀਆ ਵੀ ਰੋਕਿਆ। ਸ਼ਿੰਦੀ ਏ ਵੰਨ, ਮੰਗਾ ਢਿੱਲੋਂ, ਹੁੰਦਲ ਵੀ ਅੱਜ ਮੈਚ ਦੇ ਨਜ਼ਾਰ ਤੱਕ ਰਹੇ ਸੀ। ਪਰ ਅੱਜ ਦਿਨ ਟੈਲਫੋਰਡ ਦਾ ਸੀ ਜਿਸ ਨੇ ਗ੍ਰੇਵਜ਼ੈਂਡ ਬਾਰਕਿੰਗ ਤੋਂ 37/25.5 ਦੇ ਫਰਕ ਨਾਲ ਜਿੱਤ ਹਾਸਲ ਕਰਕੇ ਫਾਈਨਲ 'ਚ ਪ੍ਰਵੇਸ਼ ਕਰਦਿਆਂ ਬਲਵਿੰਦਰ ਚੱਠਾ, ਸੁੱਖੀ ਬੈਂਸ, ਗੁਰਜੀਤ ਸੰਧੂ ਨੂੰ ਕੱਪ ਦੇ ਨੇੜੇ ਹੋ ਕੇ ਬੈਠਣ ਨੂੰ ਸੰਕੇਤ ਦੇ ਦਿੱਤਾ।


ਦੂਜੇ ਸੈਮੀਫਾਈਨਲ ਮੈਚ ਵਿੱਚ ਸਿੱਖ ਟੈਂਪਲ ਵੁਲਵਰਹੈਂਪਟਨ ਅਤੇ ਸਲੋਹ ਇਕਨਹਮ ਆਹਮੋ ਸਾਹਮਣੇ ਸੀ। ਸੈਮੀਫਾਈਨਲ ਤੋਂ ਪਹਿਲਾਂ ਗੋਲਡੀ, ਸ਼ੀਰਾ ਔਲਖ, ਅੰਮ੍ਰਿਤ ਬਰਮੀ ਵੀ ਆਪਣੇ ਨਿੱਜੀ ਰੁਝੇਵਿਆਂ 'ਚੋਂ ਗਰਾਊਂਡ ਵਿੱਚ ਪਹੁੰਚ ਗਏ ਸੀ। ਇਸ ਮੈਚ ਵਿੱਚ ਮਾਹਲਾ ਗੋਬਿੰਦਪੁਰੀਆ ਉਡੂੰ ਉਡੂੰ ਕਰਦਾ ਕੌਢੀਆ ਪਾ ਰਿਹਾ ਸੀ, ਕਲੀਮ ਜੱਟ 5 ਵਿੱਚੋਂ ਇੱਕ, ਦੁੱਲਾ 9 'ਚੋਂ ਇੱਕ ਅਤੇ ਜਸ਼ਨ 7 ਵਿੱਚੋਂ 1 ਵਾਰ ਰੁਕਿਆ। ਸੋਹਣ ਚੱਕ ਨੇ ਰਾਣਾ ਤੇ ਪਿੰਦੂ ਨੂੰ 2-2, ਚਿਸ਼ਤੀ ਨੂੰ ਇੱਕ ਵਾਰ, ਪ੍ਰਤਾਪ ਕੰਡਿਆਣਾ ਨੇ ਯੋਧਾ ਤੇ ਰਾਣਾ ਹੈਦਰ ਨੂੰ, ਜੱਗੀ ਚੱਕ ਦੇਸ ਰਾਜ ਨੇ ਪਿੰਦੂ, ਚਿਸ਼ਤੀ, ਰਾਣਾ ਤੇ ਪੀਤੇ ਨੇ ਯੋਧੇ ਨੂੰ ਜੱਫਾ ਮਾਰਿਆ। ਸਲੋਹ ਇਕਨਹਮ ਵੱਲੋਂ ਫਰਿਆਦ ਨੇ ਜਸ਼ਨ, ਭੇਲੂ ਬਰਸਾਲ ਨੇ ਦੁੱਲਾ, ਪ੍ਰੀਤ ਰੋਕੇ ਤੇ ਸ਼ਫੀ ਰਸ਼ੀਨ ਨੇ ਕਲੀਮ ਨੂੰ ਧੱਕੜ ਜੱਫੇ ਲਾਏ। ਇਸ ਮੈਚ ਵਿੱਚ ਕਲੀਮ ਜੱਟ ਸੱਟ ਖਾ ਬੈਠਾ। ਸ਼ੀਰਾ ਸੰਮੀਪੁਰ, ਕੇਵਲ ਰਣਦੇਵਾ, ਸਤਿੰਦਰ ਗੋਲਡੀ, ਕੁਲਵੰਤ ਚੱਠਾ ਅਤੇ ਸਾਥੀਆਂ ਦੀ ਟੀਮ 27/41.5 ਦੇ ਫਰਕ ਨਾਲ ਪਛੜ ਗਈ। ਸ਼ਰਿਾ ਔਲਖ, ਸਾਬੀ, ਸ਼ੀਰਾ, ਹਰਜਿੰਦਰ ਦੁਸਾਂਝ ਅੱਜ ਵੀ ਫਾਈਨਲ ਪਹੁੰਚ ਕੇ ਬਾਗੋ ਬਾਗ ਸੀ।

ਯੂ ਕੇ ਦੇ ਬੱਚਿਆਂ ਦਾ ਅਗਲਾ ਮੈਚ ਸੁਲੱਖਣ ਨੇ ਖਿਡਾਇਆ, ਨਾਲ ਹੀ ਉਹਨਾਂ ਦੀ ਹੌਂਸਲਾ ਅਫਜ਼ਾਈ ਕੀਤੀ। ਸੁਰਿੰਦਰ ਮਾਣਕ ਨੇ ਛੋਟੇ ਬੱਚਿਆਂ ਨੂੰ ਵੀ ਪੌਂਡਾ ਨਾਲ ਨਿਵਾਜ਼ਿਆ। ਈਰਥ ਵੂਲਿਚ ਵਾਲਿਆਂ ਨੇ ਟੂਰਨਾਮੈਂਟ ਤੋਂ ਪਹਿਲਾਂ ਹੀ ਪੌਂਡਾਂ ਦੇ ਲਫਾਫੇ ਭਰ ਕੇ ਲਿਆਂਦੇ ਸੀ। ਸੁਰਿੰਦਰ ਮਾਣਕ ਸਵੇਰ ਤੋਂ ਹੀ ਕਹਿਣ ਲੱਗ ਗਿਆ ਸੀ ਰਾਜਬੀਰ ਸਹੋਤੇ ਨੂੰ ਮਿਲ ਲਿਓ। ਰਾਜਬੀਰ ਲਫਾਫਾ ਫੜਾ ਕੇ ਨਾਲ ਹੀ ਰਜਿਸਟਰ ਮੂਹਰੇ ਕਰ ਦੇਵੇ ਲੈ ਭਾਈ ਦਸਤਖ਼ਤ ਕਰਦੇ ਮੈਂ ਵੀ ਹਿਸਾਬ ਦੇਣਾ ਅੱਗੇ।

ਇਸ ਮੌਕੇ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ ਸਮੇਤ ਸਮੁੱਚੀ ਫੈਡਰੇਸ਼ਨ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਗੁਲਜ਼ਾਰੀ ਮੂਣਕਾਂ, ਅੰਗਰੇਜ਼ ਅਲੀ, ਸ: ਸੋਹੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਜਿਉਂ ਜਿਉਂ ਸੂਰਜ ਢਲ ਰਿਹਾ ਸੀ ਸੂਰਜ ਦੀ ਲਾਲੀ ਗੂਹੜੀ ਹੁੰਦੀ ਗਈ ਨਾਲ ਹੀ ਕਬੱਡੀ ਪ੍ਰੇਮੀਆਂ ਦੇ ਚਿਹਰੇ ਵੀ ਲਾਲ ਸੁਰਖ ਹੋਏ ਪਏ ਸੀ। ਫਾਈਨਲ ਮੈਚ ਵੇਲੇ ਕੋਈ ਵੀ ਦਰਸ਼ਕ ਇਧਰ ਉਧਰ ਨਹੀਂ ਸੀ, ਮੇਲੇ ਦੀ ਜਵਾਨੀ ਉਸ ਸਮੇਂ ਵੇਖਣ ਵਾਲੀ ਸੀ। ਟੈਲਫੋਰਡ ਅਤੇ ਮਿਡਵੇ ਸਿੱਖ ਟੈਂਪਲ ਵੁਲਵਰਹੈਂਪਟਨ ਦੀਆਂ ਟੀਮਾਂ ਭਾਰੀਆਂ ਨੇ ਇਸ ਵਾਰ ਪਤਾ ਨਹੀਂ ਕਿਹੜਾ ਭੋਰਾ ਪੱਟਿਆ ਹੋਇਆ ਇਹਨਾਂ ਨੇ ਇਸ ਵਾਰ ਕੱਪ ਸਾਂਭਣ ਨੂੰ। ਬਲਵਿੰਦਰ ਚੱਠਾ ਐਤਕੀਂ ਪੂਰੇ ਮੂਡ ਵਿੱਚ ਹੈ, ਟੀਮ ਜਦੋਂ ਕੱਪ ਜਿੱਤਦੀ ਹੋਵੇ ਤਾਂ ਖੁਸ਼ੀ ਆਪੇ ਚਿਹਰੇ ਤੋਂ ਝਲਕਦੀ ਹੈ, ਸ਼ੀਰਾ ਔਲਖ, ਸਾਬੀ ਵੀ ਭੁੰਝੇ ਪੈਰ ਨਹੀਂ ਲਾ ਰਹੇ। ਵਿਸਲ ਵੱਜੀ ਤਾਂ ਕੌਢੀ ਕੌਢੀ ਹੋਣ ਲੱਗੀ। ਮੰਗੀ ਅੱਜ ਪੂਰੇ ਜੋਸ਼ ਵਿੱਚ ਖੇਡ ਰਿਹਾ ਸੀ ਮਾਹਲੇ ਤੇ ਜਸ਼ਨ ਨੂੰ ਜੱਫਾ ਲਾ ਕੇ ਦੱਸਿਆ ਕਿ ਤਜ਼ਰਬਾ ਐਵੇਂ ਨਹੀਂ ਕਹਿੰਦੇ ਕੰਮ ਆਉਂਦਾ ਐ, ਸ਼ੈਲੀ ਨੇ ਮਾਹਲੇ ਨੂੰ ਤੇ ਸਨੀ ਕਾਲੇ ਸੰਘਾ ਨੇ ਤਿੰਨ ਵਾਲ ਜਸ਼ਨ ਆਲਮਗੀਰੀਆ ਅਤੇ ਇੱਕ ਵਾਰ ਦੁੱਲਾ ਰੋਕਿਆ ਤੇ ਸਰਬੋਤਮ ਜਾਫੀ ਵੀ ਬਣਿਆ। ਦੂਜੇ ਪਾਸੇ ਛੋਟੇ ਸੋਹਣ ਨੇ ਰਮਨ, ਬੂਰੀਆ, ਪ੍ਰਤਾਪ ਨੇ ਕੁਲਵਿੰਦਰ ਰੋਕਿਆ। ਦੁੱਲੇ ਨੇ 17 ਕੌਢੀਆਂ ਪਾ ਕੇ ਸਿਰਫ ਇੱਕ ਵਾਰ ਹੀ ਸਨੀ ਤੋਂ ਰੁਕਿਆ ਅਤੇ ਅੱਜ ਦੇ ਟੂਰਨਾਮੈਂਟ ਦਾ ਸਰਬੋਤਮ ਧਾਵੀ ਬਣਿਆ। ਜਸ਼ਨ ਆਲਮਗੀਰੀਆ ਨੂੰ ਸਨੀ ਕਾਲੇ ਸੰਘੇ ਵੱਲੋਂ ਰੋਕਣ ਦੀ ਕੀਤੀ ਕੋਸ਼ਿਸ਼ ਕਾਰਨ ਅਚਾਨਕ ਸੱਟ ਲੱਗ ਗਈ, ਜਿਸ ਤੋਂ ਬਾਅਦ ਮੈਚ ਵਿੱਚ ਅੰਕਾਂ ਦਾ ਵੱਡਾ ਫਰਕ ਹੋਣ ਕਰਕੇ ਅਤੇ ਸਿਰਫ ਕੁਝ ਮਿੰਟ ਬਾਕੀ ਰਹਿਣ ਕਰਕੇ ਟੂਰਨਾਮੈਂਟ ਦੀ ਸਮਾਪਤੀ ਕਰਦਿਆਂ ਜੇਤੂਆਂ ਨੂੰ ਈਰਥ ਵੂਲਿਚ ਦੇ ਪ੍ਰਬੰਧਕਾਂ ਨੇ ਲੱਕ ਜਿੱਡੇ ਲਿਆਂਦੇ ਕੱਪਾਂ ਨਾਲ ਸਨਮਾਨਿਤ ਕੀਤਾ। ਬਲਵਿੰਦਰ ਚੱਠਾ, ਸੁੱਖੀ ਬੈਂਸ, ਗੁਰਜੀਤ ਸੰਧੂ, ਸ਼ੀਰਾ ਔਲਖ, ਸਾਬੀ, ਦੁਸਾਂਝ, ਅੰਮ੍ਰਿਤ ਬਰਮੀ, ਸ਼ੀਰਾ, ਮਾਣਕ ਅਤੇ ਸਾਥੀ ਕੱਪ ਚੁੱਕ ਕੇ ਪੂਰੇ ਬਾਗੋ ਬਾਗ ਸੀ। ਰੱਜਾ ਬਿਲਡਰ ਅਤੇ ਨੌਜਵਾਨ ਸਭਾ ਵੱਲੋਂ ਲੰਗਰਾਂ ਦੀ ਸੇਵਾ ਕੀਤੀ ਗਈ। ਟੂਰਨਾਮੈਂਟ ਦੀ ਸਮਾਪਤੀ ਤੋਂ ਬਾਅਦ ਰਜਵੀਰ ਮਾਣਕ ਅਤੇ ਸੁਰਿੰਦਰ ਮਾਣਕ ਭਰਾਵਾਂ ਦੀ ਸਟੇਨਮੋਰ ਕੰਪਨੀ ਵਿਖੇ ਅੱਧੀ ਰਾਤ ਤੱਕ ਕਲੱਬਾਂ, ਖਿਡਾਰੀਆਂ ਅਤੇ ਫੈਡਰੇਸ਼ਨ ਦੇ ਮੈਂਬਰਾਂ ਦੀ ਖੂਬ ਖਾਤਰਦਾਰੀ ਕੀਤੀ ਅਤੇ ਮੇਲੇ ਦੀ ਕਾਮਯਾਬੀ ਦੇ ਜਸ਼ਨ ਮਨਾਏ।

* * * * * *



# ਫ਼ਿਲਮੀ ਦੁਨੀਆ



## • ਪੰਜਾਬੀ ਫ਼ਿਲਮ ਦਰਪਣ •

### ਗੁਗਲੀ ਗਿੱਲ- ਪਰੀ ਫਿਰ ਮੋਹ ਲਵੇਗੀ ਪਾਲੀਵੁੱਡ



ਅੱਖੀਆਂ ਦੇ ਡੋਰੇ ਦੇਖਣ ਵਾਲੇ ਨੂੰ ਖਿੱਚ ਲੈਂਦੇ ਨੇ ਤੇ ਲਮਕੜੇ ਜਿਹੇ ਉਸਦੇ ਮੂੰਹੋਂ ਇਹੀ ਬੋਲ ਸੁਣਨ ਨੂੰ ਮਿਲਦੇ ਨੇ ਕਿ ਰੱਬ ਦੀ ਬਣਾਈ ਧਰਤੀ ਏ ਤੇ ਗੱਲ ਗੁਗਲੀ ਗਿੱਲ ਦੀ ਹੀ ਹੋ ਰਹੀ ਹੈ। ਉੱਚੀ- ਲੰਮੀ ਗੁਗਲੀ ਗਿੱਲ 2024 'ਚ ਪਰਦੇ ਤੇ ਆ ਕਿ ਪਾਲੀਵੁੱਡ ਨੂੰ ਆਪਣਾ ਦਿਵਾਨਾ ਬਣਾਉਣ ਜਾ ਰਹੀ ਹੈ। ਦੇਵੀ ਸ਼ਰਮਾ ਦੀ ਪਾਰਖੂ ਅੱਖ ਨੇ ਗੁਗਲੀ ਗਿੱਲ ਨੂੰ "ਜੱਟੀ ਪੰਦਰਾਂ ਮੁਰੱਬਿਆਂ ਵਾਲੀ" ਦੀ ਨਾਇਕਾ ਬਣਾ ਕਿ ਜਲਦੀ ਦਰਸ਼ਕਾਂ ਨੂੰ ਦਿਖਾਉਣਾ ਹੈ। ਰੰਗ ਦੀ ਚਿੱਟੀ ਤੇ ਅਵਾਜ ਦੀ ਮਿੱਠੀ ਗੁਗਲੀ "ਜਗੀਰਾ", "ਰੱਬ ਦੀਆਂ ਰੱਖਾਂ" ਫ਼ਿਲਮਾਂ ਕਰ ਰਹੀ ਹੈ।

### ਸਰਬਜੀਤ ਫੁੱਲ- ਖੁਸ਼ਬੋ ਫ਼ਿਲਮੀ ਗਾਇਕੀ ਦੀ



ਜਿਸ ਗਾਇਕ ਨੇ ਸਾਬਰ ਕੋਟੀ ਦੀ ਸੰਗੀਤ ਸੰਗਤ ਕੀਤੀ ਹੋਏ ਤੇ ਘੰਟਿਆਂ ਬੱਧੀ ਸਾਬਰਕੋਟੀ ਨਾਲ ਵਿਆਜ ਤੇ ਸੰਗੀਤ ਦੇ ਗੁਰ ਜਾਣ ਲਏ ਹੋਣ ਉਹ ਗਾਇਕ ਸਰਬਜੀਤ ਫੁੱਲ ਗਾਇਕੀ 'ਚ ਨਵੇਂ ਮੁਕਾਮ ਪ੍ਰਾਪਤ ਕਰਸਾ ਹੈ। ਭੁਪਿੰਦਰ ਬਮਰਾਹ ਤੇ ਬੀ.ਐਮ.ਪੀ. ਫ਼ਿਲਮਜ ਨੇ ਸਰਬਜੀਤ ਫੁੱਲ ਦੀ ਅਵਾਜ ਫ਼ਿਲਮੀ ਅਵਾਜ ਬਣਾਈ ਹੈ। "ਜਿੰਦਰਾ", "ਸੌਂਹ ਮਿੱਟੀ ਦੀ", "ਜੱਟ ਡੋਲੀ ਨਾ", ਮਤਲਬ ਕਿ ਪੰਜਾਬੀ ਫ਼ਿਲਮਾਂ ਦਾ ਹਰਮਨ ਪਿਆਰਾ ਗਾਇਕ ਸਰਬਜੀਤ ਫੁੱਲ ਬਣਦਾ ਜਾ ਰਿਹਾ ਹੈ। ਭਵਿੱਖ ਲਈ ਸ਼ੁਭਨਾਵਾਂ।

### ਖ਼ੁਸ਼ਬੋ ਸ਼ਰਬਾ ਏ ਸਾਡੀ ਏਕਤਾ ਕਪੂਰ



ਚੁਸਤ, ਤੇਜ ਤਰਾਰ ਤੇ ਦਿਮਤਗ ਗਜਬ ਦਾ ਤਾਂ ਹੀ ਖ਼ੁਸ਼ਬੋ ਸ਼ਰਮਾ ਦੇਖਦੇ-ਦੇਖਦੇ ਹੀ ਕਾਮਯਾਬ ਫ਼ਿਲਮ ਲੇਖਿਕਾ ਬਣ ਉੱਤਰੀ ਹੈ ਤੇ ਹੁਣ ਤਾਂ ਨਿਰਦੇਸ਼ਕਾ ਬਣ ਵੀ ਆਪਣੀ ਪ੍ਰਤਿਭਾ ਨਿਖਾਰ ਰਹੀ ਹੈ। ਉਘੇ ਕੈਮਰਾਮੁਨ ਤੇ ਨਿਰਦੇਸ਼ਕ ਦੇਵੀ ਸ਼ਰਮਾ ਨੇ ਖ਼ੁਸ਼ਬੋ ਦੀ ਪ੍ਰਤਿਭਾ ਨੂੰ ਪਹਿਚਾਣ ਕਿ ਅਜਾਦ ਤੌਰ ਤੇ "ਦੁੱਲਾ ਵੈਲੀ" ਤੇ ਹੁਣ "ਜੱਟੀ ਪੰਦਰਾਂ ਮੁਰੱਬਿਆ ਵਾਲੀ" ਲਈ ਖ਼ੁਸ਼ਬੂ ਨੇ ਫੈਸਲੇ- ਮਸ਼ਵਰੇ ਤੇ ਸਲਾਹ ਲਾਗੂ ਕੀਤੀ ਹੈ। ਖ਼ੁਸ਼ਬੂ ਨੇ ਵੀ ਲਘੂ ਤੇ ਟੀਚਰ ਫ਼ਿਲਮਾਂ ਕਰ ਕਿ ਪਾਲੀਵੁੱਡ ਦੀ ਕਾਮਯਾਬ ਲੇਖਿਕਾ ਹੋਣ ਦਾ ਮਾਣ ਹਾਸਿਲ ਕਰ ਲਿਆ ਹੈ।

### ਸੁਸਾਨ ਹੇਵਾਰਡ ਖੇਤਰੀ ਸਿਨੇਮਾ ਦੀ ਹਕਦਾਰ ਸੀ


ਹਾਲੀਵੁੱਡ ਅਭਿਨੇਤਰੀ ਸੁਸਾਨ ਹੈਵਾਰਡ ਨਾਲ ਪੰਜਾਬੀ ਮੂਲ ਦੇ ਅਮਰੀਕਨ ਅਭਿਨੇਤਾ ਇੰਦਰ ਕੁਮਾਰ ਨੇ ਕੰਮ ਕੀਤਾ ਹੈ। "ਆਰੈਂਜ ਇਜ ਦਾ ਨਿਊ ਬਲੈਕ"ਵਾਲੀ ਸੁਸਾਨ ਕੇ



ਇੰਦਰ ਨੂੰ ਕਿਹਾ ਸੀ ਕਿ ਆਪਣੀ ਮਾਂ ਬੋਲੀ ਦੇ ਸਿਨੇਮਾ ਨਾਲ ਪਿਆਰ ਕਰੋ, " ਹੈਲੋ ਟੁਮਾਰੋ" ਸੁਸਾਨ ਦੀ ਸੀਰੀਜ ਇਸ ਸਮੇਂ ਆ ਰਹੀ ਹੈ। "ਪਾਵਰਜ" ਦੇ ਸੈੱਟ ਤੇ ਇੰਦਰ ਕੁਮਾਰ ਨੇ ਸੁਸਾਨ ਹੈਵਾਰਡ ਨੂੰ ਯਕੀਨ ਦਿਵਾਇਆ ਸੀ ਕਿ ਖੇਤਰੀ ਫ਼ਿਲਮਾਂ ਲਈ ਉਹ ਜਰੂਰ ਸਮਾਂ ਕੱਢੇਗਾ।

### ਜੋੜੀਆਂ ਜੱਗ ਥੋੜੀਆਂ

"ਸ਼ੰਗਰਸ਼", "ਨੇਕੀ ਵਾਂ", "ਜਾਗੋ



ਪੰਜਾਬ" ਟੈਲੀ ਫ਼ਿਲਮਾਂ ਦੇ ਲੇਖਕ ਤੇ ਨਿਰਮਾਤਾ ਮਲਕੀਤ ਸਿੰਘ ਨੇ ਹੁਣ ਵੈਬ ਸੀਰੀਜ "ਜੋੜੀਆਂ ਜੱਗ ਥੋੜੀਆਂ" ਬਨਤਉਣ ਦੀ ਯੋਜਨਾ ਬਣਾਈ ਹੈ। ਇਸ ਸਰਿਜ ਵਿਚ ਗਾਇਕ ਸੱਭਿਆਚਾਰਕ ਹਸਤੀਆਂ, ਕਲਾਕਰ ਤੇ ਡਾਕਟਰ ਆਦਿ ਜੋੜੀਆਂ ਦੀ ਕਾਮਯਾਬੀ ਦੀ ਕਹਾਣੀ ਹੋਇਆ ਕਰੇਗੀ। ਮਲਕੀਤ ਦਿਉਲ ਦੀ ਧਰਮਪਤੀ ਇਸ ਵੈਬ ਸੀਰੀਜ ਦੀ ਕਹਾਣੀ ਲਿਖੇਗੀ ਤੁ ਸੂਤਰਧਾਰ ਵੀ ਹੋਵੇਗੀ। ਮਲਕੀਤ ਦਿਉਲ ਦਾ ਮਕਸਦ ਇਸ ਵੈਬ ਸੀਰੀਜ ਨਾਲ ਸਮਾਜ ਦੇ ਟੁੱਟ ਰਹੇ ਰਿਸ਼ਤਿਆਂ ਨੂੰ ਜੋੜਨਾ ਹੈ।

### ਕਰਮ ਕੌਰ ਦੇ ਨਾਲ ਗਾਏ ਪੰਮਾ ਮੱਲ੍ਹੀ




ਇਸ ਸਮੇਂ ਦੋਗਾਣਾ ਗਾਇਕੀ ਦਾ ਰਾਜਾ ਹੈ ਗਾਇਕ ਪੰਮਾ ਮੱਲ੍ਹੀ ਜਿਸ ਨਾਲ ਗੁਰਲੇਜ ਅਖਤਰ ਤੋਂ ਨੂਰ ਤੱਕ ਗਾਇਕਾਵਾਂ ਗਾ ਕਿ ਖੁਸ਼ ਹਨ ਪਰ ਉਦਰ ਪੰਮਾ ਮੱਲ੍ਹੀ ਦੇ ਸੰਗੀਤ ਪ੍ਰਬੰਧਕ ਲੇਹਲ ਦੀ ਫੀਅਟ ਤੇ ਸਾਥ ਹੋਵੇ ਤਾਂ ਦੋਗਾਣਾ ਬਹੁਤ ਜਚੇਗਾ ਕਿਉਂਕਿ ਕਰਮ ਕੌਰ ਦੀ ਅਦਾਕਾਰੀ ਤੇ ਅੰਦਾਜ ਬਿਲਕੁਲ ਪੰਮਾ ਮੱਲ੍ਹੀ ਦੀ ਗਾਇਕੀ ਨਾਲ ਮੇਲ ਖਾਂਦੇ ਹਨ । ਪੰਮਾ ਮੱਲ੍ਹੀ ਦਾ ਫਿਲਹਾਲ ਨਵਾਂ "ਬਲਡ ਪ੍ਰੈਸ਼ਰ" ਆਉਣ ਨੂੰ ਤਿਆਰ ਹੈ।-ਅੰਮ੍ਰਿਤ ਪਵਾਰ

## * ਚੂੰਢਾਂ–ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਰਾਮਦੇਵ ਨੇ ਦੁਕਾਨਾਂ 'ਤੇ ਮਾਲਕਾਂ ਦੇ ਨਾਮ ਲਿਖਣ ਦੇ ਹੁਕਮ ਨੂੰ ਜਾਇਜ਼ ਠਹਿਰਾਇਆ- ਇਕ ਖ਼ਬਰ**

-ਅੱਜ ਕਲ ਬਾਬੇ ਦੇ ਆਪਣੇ ਸਿਤਾਰੇ ਗਰਦਿਸ਼ 'ਚ ਹਨ, ਮਾਲਕਾਂ ਨੂੰ ਖੁਸ਼ ਕਰਨ ਲਈ ਬਿਆਨ ਦਿਤੈ।



***ਦੇਸ਼ ਨੂੰ ਤੇਜ਼ੀ ਨਾਲ ਵਿਕਾਸ ਦੀਆਂ ਲੀਹਾਂ 'ਤੇ ਲਿਜਾਣ ਵਾਲਾ ਬਜਟ ਪੇਸ਼ ਕਰਾਂਗੇ-ਸੀਤਾਰਮਨ**

-ਬੀਬੀ ਰਹਿਣ ਦੇ ਵਿਕਾਸ ਨੂੰ, ਹੁਣ ਤਾਂ ਰੇਲਗੱਡੀਆਂ ਵੀ ਰੋਜ਼ ਹੀ ਲੀਹੋਂ ਲਹਿਣ ਲੱਗ ਪਈਆਂ ਹਨ।



***ਕੇਜਰੀਵਾਲ ਜੇਲ੍ਹ 'ਚ ਜਾਣ ਬੁੱਝ ਕੇ ਘੱਟ ਕੈਲੋਰੀ ਵਾਲ਼ੀ ਖੁਰਾਕ ਖਾ ਰਹੇ ਹਨ- ਉੱਪ ਰਾਜਪ-ਾਲ, ਦਿੱਲੀ**

-ਅੱਜ ਪਤਾ ਲੱਗਿਐ ਕਿ ਉੱਪ ਰਾਜਪਾਲ ਸਾਹਿਬ ਡਾਇਟੀਸ਼ੀਅਨ ਵੀ ਹਨ।



***ਲੋਕਾਂ ਨੂੰ ਚੰਗਾ ਇਲਾਜ ਦੇਣ 'ਚ ਪੰਜਾਬ ਸਰਕਾਰ ਹੋਈ ਫੇਲ੍ਹ- ਰਾਜਾ ਵੜਿੰਗ**

-ਵੜਿੰਗ ਸਾਬ, ਤੁਹਾਡੀ ਸਰਕਾਰ ਵੇਲੇ ਕਿਹੜਾ ਪਿੰਡ ਪਿੰਡ 'ਚ ਧਨੰਤਰ ਵੈਦ ਬੈਠੇ ਸੀ।




***ਹੜ੍ਹਾਂ ਨਾਲ਼ ਨਜਿੱਠਣ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਤਿਆਰ- ਕੁਲਦੀਪ ਸਿੰਘ ਧਾਲੀਵਾਲ**

-ਹਰ ਸਾਲ ਹੀ ਸਰਕਾਰ ਇੰਜ ਕਹਿੰਦੀ ਐ, ਇਹ ਤਾਂ ਹੜ੍ਹਾਂ ਆਇਆਂ 'ਤੇ ਹੀ ਪਤਾ ਲੱਗੂ।

***ਹਰਿਆਣਾ ਦੇ ਸਿੱਖਾਂ ਨੂੰ ਇਕਜੁੱਟ ਕਰਨ ਲਈ 'ਹਰਿਆਣਾ ਸਿੱਖ ਏਕਤਾ ਦਲ' ਬਣਾਇਆ- ਇਕ ਖ਼ਬਰ**

-ਥੋੜ੍ਹਾ ਚਿਰ ਠਹਿਰੋ, ਇਹ ਵੀ ਦਲਦਲ ਬਣਿਆ ਸਮਝੋ।



***ਸੌਦਾ ਸਾਧ ਨੂੰ ਮਾਫ਼ੀ ਦਿਵਾਉਣ 'ਚ ਗਿਆਨੀ ਗੁਰਬਚਨ ਸਿੰਘ ਦੇ ਮੋਹਰੀ ਰੋਲ ਵਿਰੁੱਧ ਹੋ ਰਿਹਾ ਤਿੱਖਾ ਪ੍ਰਤੀਕਰਮ- ਇਕ ਖ਼ਬਰ**

-ਸੱਪ ਲੰਘੇ 'ਤੇ ਲਕੀਰ ਕੁੱਟੀ ਦਾ ਕੀ ਫ਼ਾਇਦਾ, ਅਗਲਾ ਕਰੋੜਪਤੀ ਬਣਿਆ ਬੈਠੈ।



***ਦਿਲਜੀਤ ਦੁਸਾਂਝ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਟਰੂਡੋ ਨੂੰ ਵੀ ਕੀਲਿਆ- ਇਕ ਖ਼ਬਰ**

-ਜੱਗੇ ਜੱਟ ਦੇ ਕਬੂਤਰ ਚੀਨੇ, ਨਦੀਉਂ ਪਾਰ ਚੁਗਦੇ।



***ਮਰਹੂਮ ਸ਼ਿਵ ਸੈਨਾ ਨੇਤਾ ਸੁਧੀਰ ਸੂਰੀ ਦੇ ਦੋ ਬੇਟੇ ਰੰਗਦਾਰੀ ਵਸੂਲਣ ਦੇ ਦੋਸ਼ 'ਚ ਗ੍ਰਿਫ਼ਤਾਰ - ਇਕ ਖ਼ਬਰ**

-ਗੁਰੂ ਜਿਨ੍ਹਾਂ ਦੇ ਟੱਪਣੇ, ਚੇਲੇ ਜਾਣ ਛੜੱਪ।

***ਭੜਕਾਊ ਭਾਸ਼ਨ ਦੇਣ 'ਤੇ ਸ਼ਿਵ ਸੈਨਾ ਆਗੂ ਵਿਰੁੱਧ ਐਫ. ਆਈ. ਆਰ. ਦਰਜ- ਇਕ ਖ਼ਬਰ**

-ਦੇਰ ਆਇਦ, ਦਰੁਸਤ ਆਇਦ।

***ਕਾਂਗਰਸ ਨੇ ਲੋਕ ਸਭਾ 'ਚ ਡਿਪਟੀ ਸਪੀਕਰ ਦੇ ਅਹੁਦੇ ਦੀ ਮੰਗ ਕੀਤੀ- ਇਕ ਖ਼ਬਰ**

-ਨੰਗੇ ਮੂੰਹ ਦਾ ਮੁੱਲ ਪੁੱਛਦਾ, ਮੁੰਡਾ ਬਟੂਆ ਹੱਥਾਂ ਵਿਚ ਫੜ ਕੇ।



***ਭਗਵੰਤ ਮਾਨ ਨੇ ਵਾਪਸ ਕੀਤੇ ਬਿੱਲ ਨੂੰ ਲੈ ਕੇ ਰਾਜਪਾਲ 'ਤੇ ਮੁੜ ਨਿਸ਼ਾਨਾ ਸਾਧਿਆ- ਇਕ ਖ਼ਬਰ**

-ਅੱਗ ਭੜਕਦੀ ਭੜਕਦੀ ਭੜਕ ਜਾਂਦੀ, ਪੌਣ ਛੇੜਦੀ ਜਦ ਅੰਗਿਆਰਿਆਂ ਨੂੰ।



***ਰਾਹੁਲ ਗਾਂਧੀ ਇਕ ਸਿਆਸ਼ਤਦਾਨ ਦੇ ਤੌਰ 'ਤੇ ਕਾਫ਼ੀ ਪਰਿਪੱਕ ਹੋ ਗਏ ਹਨ- ਅਮਰਤਿਆ ਸੇਨ**

-ਉਸ ਬਲੀ ਸ਼ਹਿਜ਼ਾਦੇ ਦਾ ਤੇਜ਼ ਭਾਰੀ, ਜਿਸ ਕਿਲ੍ਹੇ ਨੂੰ ਮੋਰਚਾ ਲਾਇਆ ਈ।



***ਸ਼ੰਭੂ ਬਾਰਡਰ ਖੁਲ੍ਹਦਿਆਂ ਹੀ ਕਿਸਾਨ ਕਰਨਗੇ ਦਿੱਲੀ ਵਲ ਕੂਚ- ਡੱਲੇਵਾਲ**

-ਕਰ ਕੂਚ ਹਜ਼ਾਰਿਓਂ ਛੱਡ ਭਾਈਆਂ, ਟਿੱਲੇ ਬਾਲ ਗਦਾਈ ਦੇ ਚੱਲਿਆ ਈ।

***ਬਾਦਲਕਿਆਂ ਨੇ ਦਿੱਲੀ, ਨਾਗਪੁਰ ਨਾਲ਼ ਰਲ਼ ਕੇ ਗ਼ਲਤੀਆਂ ਨਹੀਂ ਸਗੋਂ ਮਹਾਂਪਾਪ ਕੀਤੇ ਹਨ-ਖਾਲੜਾ ਮਿਸ਼ਨ**


-ਲਿਖਿਆ ਵਿਚ ਕੁਰਾਨ ਕਿਤਾਬ ਦੇ ਜੀ, ਗੁਨਾਹਗਾਰ ਖੁਦਾ ਦਾ ਚੋਰ ਹੈ ਜੀ।

ਦੇਗ ਤੇਗ ਫਤਿਹ॥ ੧ਓ ਸਤਿਗੁਰੂ ਪ੍ਰਸਾਦਿ ॥ ਪੰਥ ਕੀ ਜੀਤ॥

ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ, ਵਤਨ ਪੇ ਮਰਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ ।


**ਸ਼ਹੀਦ ਸ. ਊਧਮ ਸਿੰਘ, ਸ਼ਹੀਦ ਸ. ਬੇਅੰਤ ਸਿੰਘ, ਸ਼ਹੀਦ ਸ. ਸਤਵੰਤ ਸਿੰਘ, ਸ਼ਹੀਦ ਸ. ਕੇਹਰ ਸਿੰਘ ਤੇ ਸ. ਹਰਦੇਵ ਸਿੰਘ ਬਾਪੂ ਅਤੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਜੀ. ਐਨ. ਜੀ. ਕਬੱਡੀ ਕਲੱਬ, ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੀ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 58ਵਾਂ ਸ਼ਹੀਦੀ ਟੂਰਨਾਮੈਂਟ**



ਸ਼ਹੀਦ ਊਧਮ ਸਿੰਘ


ਸ਼ਹੀਦ ਕੇਹਰ ਸਿੰਘ


ਸ਼ਹੀਦ ਬੇਅੰਤ ਸਿੰਘ

# ਬ੍ਰਮਿੰਘਮ ਗੋਲਡ ਕਬੱਡੀ ਕੱਪ
## 28 ਜੁਲਾਈ 2024 ਐਤਵਾਰ ਨੂੰ
### ਸੈਂਡਵੈਲ ਵੈਲੀ ਪਾਰਕ, ਸਾਲਟਰਜ਼ ਲੇਨ, ਵੈਸਟਬ੍ਰਾਮਵਿਚ ਵਿਖੇ ਵਿਖੇ ਹੋ ਰਿਹਾ ਹੈ


ਸ਼ਹੀਦ ਸਤਵੰਤ ਸਿੰਘ


ਸ਼ਹੀਦ ਹਰਦੇਵ ਸਿੰਘ ਬਾਪੂ

## 58th SHAHEEDI KABADDI TOURNAMENT AND SPORTS FESTIVAL on Sunday28th July 2024
AT SANDWELL VALLEY PARK, SALTERS LANE, WEST BROMWICH, B71 4BG

ਪਿਆਰੇ ਦਰਸ਼ਕੋ, ਖੇਡ-ਪ੍ਰੇਮੀਓ, ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਅਤੇ ਜੀ. ਐਨ. ਜੀ. ਕਬੱਡੀ ਕਲੱਬ ਬ੍ਰਮਿੰਘਮ ਵੱਲੋਂ ਹਰ ਸਾਲ ਦੀ ਤਰ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਕਬੱਡੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਜਿਸ ਦੌਰਾਨ ਕਬੱਡੀ ਅਤੇ ਰੱਸਾਕਸ਼ੀ ਦੇ ਭਰਵੇਂ ਮੁਕਾਬਲੇ ਹੋਣਗੇ। ਯੂ ਕੇ ਭਰ ਤੋਂ ਕਬੱਡੀ ਅਤੇ ਰੱਸਾਕਸ਼ੀ ਦੀਆਂ ਟੀਮਾਂ ਪਹੁੰਚ ਰਹੀਆਂ ਹਨ। ਮਿਡਲੈਂਡ ਦਾ ਇਹ ਟੂਰਨਾਮੈਂਟ ਬਰਤਾਨੀਆ ਵਿੱਚ ਸਭ ਤੋਂ ਮਸ਼ਹੂਰ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਦਰਸ਼ਕ ਟੂਰਨਾਮੈਂਟ ਦੇਖਣ ਲਈ ਯੂ ਕੇ ਦੇ ਕੋਨੇ ਕੋਨੇ ਵਿੱਚੋਂ ਪੁੱਜਦੇ ਹਨ। ਸਮੂਹ ਪੰਜਾਬੀਆਂ ਅਤੇ ਖੇਡ ਪ੍ਰੇਮੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹੁੰਮ-ਹੁੰਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰੋ ।


**ਦਾਖਲਾ ਟਿਕਟ:- ਗਰਾਊਂਡ ਵਿੱਚ ਜਾਣ ਦੀ ਦਾਖਲਾ ਫੀਸ £15 ਪੌਂਡ ਹੈ**

**ਨੋਟ:-** ਸ਼ਰਾਬ ਪੀਣਾ, ਸਮੋਕਿੰਗ, 'ਤੇ ਮੀਟ ਖਾਣ ਦੀ ਇਥੇ ਸਖ਼ਤ ਮਨਾਹੀ ਹੈ। ਇਸ ਨਿਯਮ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਸਕਿਉਰਟੀ ਵੱਲੋਂ ਖੇਡ ਮੈਦਾਨ ਵਿੱਚੋਂ ਬਾਹਰ ਕੱਢ ਦਿੱਤਾ ਜਾਵੇਗਾ।

## ਗੁਰਦੁਆਰਾ ਪ੍ਰਬੰਧਕ ਕਮੇਟੀ - ਗੁਰੂ ਨਾਨਕ ਗੁਰਦੁਆਰਾ ਸਮੈਦਿਕ

ਪ੍ਰਧਾਨ - ਸ: ਕੁਲਦੀਪ ਸਿੰਘ ਦਿਓਲ
ਜਨਰਲ ਸਕੱਤਰ - ਬਲਵਿੰਦਰ ਸਿੰਘ
ਖਜ਼ਾਨਚੀ - ਸਰਬਜੀਤ ਸਿੰਘ
ਖੇਡ ਮੈਨੇਜਰ - ਜਸਵਿੰਦਰ ਸਿੰਘ ਵੜਿੰਗ

## - ਕਬੱਡੀ ਮੈਚਾਂ ਦੀਆਂ ਟਾਈਆਂ -






# ਜਾਰੀ ਕਰਤਾ : ਜੀ. ਐਨ. ਜੀ. ਕਬੱਡੀ ਕਲੱਬ, ਬ੍ਰਮਿੰਘਮ

## ====== ਕਬੱਡੀ ਲਈ ਸੰਪਰਕ ======

ਹਰਨੇਕ ਸਿੰਘ ਨੇਕਾ ਮੈਰੀਪੁਰੀਆ
07506 712284
ਸੁਰਜੀਤ ਸਿੰਘ ਪੁਰੇਵਾਲ
07736 444909

ਬਲਵਿੰਦਰ ਸਿੰਘ ਦੂਲੇ - 7949 609699
ਸੁਖਦੇਵ ਸਿੰਘ ਸਿੱਧੂ - 07932 588400
ਅਤੇ ਪਿੰਦੂ ਜੌਹਲ - 07949 293939


ਸਰਪ੍ਰਸਤ ਸੁਰਜੀਤ ਸਿੰਘ ਪੁਰੇਵਾਲ


ਚੇਅਰਮੈਨ ਸੁਖਦੇਵ ਸਿੰਘ ਸਿੱਧੂ


ਪ੍ਰਧਾਨ ਹਰਨੇਕ ਸਿੰਘ ਨੇਕਾ ਮੈਰੀਪੁਰ


ਵਾਈਸ ਪ੍ਰਧਾਨ ਬਲਵਿੰਦਰ ਸਿੰਘ ਦੂਲੇ

ਸੀਨੀਅਰ ਚੇਅਰਮੈਨ ਤੀਰਥ ਸਿੰਘ ਉੱਪਲ, ਜਨਰਲ ਸਕੱਤਰ: ਮਨਜੀਤ ਸਿੰਘ ਹੈਪੀ, ਜਆਇੰਟ ਜਨਰਲ ਸੈਕਟਰੀ: ਰਾਣਾ ਗੋਰਾ, ਸਤਨਾਮ ਸਿੰਘ, ਮਿ: ਤੱਖਰ, ਸੀਨੀਅਰ ਟੀਮ ਮੈਨੇਜਰ ਚੁੰਨੀ ਪੱਤੜ, ਟੀਮ ਮੈਨੇਜਰ: ਪਿੰਦੂ ਜੌਹਲ, ਟੀਮ ਮੈਨੇਜਰ ਸੁੱਚਾ ਮੁਠੱਡਾ, ਕੋਚ: ਗੋਰਾ, ਕੋਚ ਪੰਮੀ ਮੁਠੱਡਾ, ਵਾਈਸ ਜਨਰਲ ਸੈਕਟਰੀ ਜੈਮਲ ਸਿੰਘ, ਮੈਂਬਰ ਸੁਖਦੇਵ ਸਿੰਘ ਸਿੱਧੂ, ਸਤਨਾਮ ਸਿੰਘ ਜੌਹਲ, ਰਵਿੰਦਰ ਸਿੰਘ ਸਿੱਧੂ, ਬਲਜੀਤ ਸਿੰਘ ਔਲਖ, ਕੁਲਵੰਤ ਸਿੰਘ ਗੋਰਾ, ਰਸ਼ਪਾਲ ਸਿੰਘ ਤੱਖਰ, ਰਵਿੰਦਰ ਸਿੰਘ ਸਿਆਨ, ਗੁਰਦਾਵਰ ਸਿੰਘ ਗਿੱਲ, ਕੁਲਦੀਪ ਸਿੰਘ ਦੁਸਾਂਝ, ਸੁੱਖੀ ਬਾਠ, ਗੁਰਮੇਜ ਸਿੰਘ ਖਹਿਰਾ, ਸੁਖਦੇਵ ਸਿੰਘ ਪੁਰੇਵਾਲ, ਬਿੱਲਾ ਪੁਰੇਵਾਲ, ਜੀਤ ਪੁਰੇਵਾਲ, ਬਾਘਾ ਸਪੇਨ, ਬਿੱਟੂ ਪੁਰੇਵਾਲ ਸਪੇਨ, ਜਸਪਾਲ ਸਿੰਘ, ਕੁਲਵੰਤ ਜੌਹਲ, ਬਹਾਦਰ ਸਿੰਘ ਸੰਘਾ, ਹਕੀਕਤ ਸਿੰਘ ਸੰਘਾ, ਸਤਨਾਮ ਸਿੰਘ ਭਾਣੋਕੀ, ਦਰਸ਼ਨ ਸਿੰਘ ਰਾਏ, ਬਲਜੀਤ ਸਿੰਘ ਐਸ ਕੇ ਵਾਈਨ ਸੋਹੋ ਰੋਡ, ਜਸਵੰਤ ਸਿੰਘ ਟਿੱਬਾ, ਬੂਟਾ ਸਿੰਘ ਮੇਵਾ ਸਿੰਘ ਵਾਲਾ, ਨਿਰਮਲ ਸਿੰਘ ਭੰਡਾਲ, ਬਿੱਲਾ ਭੰਡਾਲ, ਬਲਦੇਵ ਸਿੰਘ ਲੱਖਪੁਰ, ਤਜਿੰਦਰ ਸਿੰਘ ਚਾਹਲ (ਦਾਰਾਪੁਰ), ਤਰਲੋਚਨ ਰਾਣਾ, ਅਵਤਾਰ ਰਾਏ, ਸੋਨਾ ਦੰਸੀਵਾਲ, ਕੁਲਦੀਪ ਜੌਹਲ, ਹੈਰੀ ਲਿੱਧੜ, ਬਲਕਾਰ ਸਿੰਘ ਸੈਦੋਵਾਲ, ਸੁਰਜੀਤ ਸਿੰਘ ਸੈਦੋਵਾਲ।



# ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭਿ ਦੁਖ ਜਾਇ ॥

ਦਿਬ-ਦ੍ਰਿਸ਼ਟੀ ਵਿੱਚ ਅੱਠਵੇਂ ਗੁਰੂ ਨਾਨਕ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਅਜਿਹੀ ਆਤਮ-ਰਸੀ ਸ਼ਖ਼ਸੀਅਤ ਦੇ ਮਾਲਕ ਸਨ, ਕਿ ਉਨ੍ਹਾਂ ਦੇ ਦਰਸ਼ਨ-ਦੀਦਾਰੇ ਹਰ ਦਰਸ਼ਨ-ਅਭਿਲਾਸ਼ੀ ਦੇ ਦੁੱਖਾਂ-ਦਲਿਦਰਾਂ ਦਾ ਨਾਸ਼ ਕਰ ਦਿੰਦੇ ਹਨ। ਸਮਕਾਲੀ ਮਹਾਨ ਵਿਦਵਾਨ ਸਿੱਖ ਵਿਦਵਾਨ ਭਾਈ ਗੁਰਦਾਸ ਜੀ ਦੀ ਦ੍ਰਿਸ਼ਟੀ ਵਿੱਚ ਗੁਰੂ ਹਰਿਕ੍ਰਿਸ਼ਨ ਸਾਹਿਬ ਅਜਿਹੀ ਆਤਮਿਕ ਬੱਲ ਵਾਲੀ ਹਸਤੀ ਦੇ ਮਾਲਕ

**29 ਜੁਲਾਈ ਨੂੰ ਆਗਮਨ ਪੁਰਬ 'ਤੇ ਵਿਸ਼ੇਸ਼**




– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com


ਸਨ, ਡਰਨਾ ਤੇ ਡਰਾਉਣਾ ਉਨ੍ਹਾਂ ਦੇ ਸੁਭਾਅ ਵਿੱਚ ਹੀ ਨਹੀਂ ਸੀ। ਸੱਤਵੇਂ ਪਾਤਸ਼ਾਤ ਗੁਰੂ ਹਰਿ ਰਾਇ ਸਾਹਿਬ ਜੀ ਆਪਣੇ ਸਪੁੱਤਰ ਰਾਮਰਾਇ ਬਾਰੇ ਸਿੱਖ ਜਗਤ ਨੂੰ ਸੁਚੇਤ ਕਰਦਿਆਂ ਬਚਨ ਕੀਤੇ ਸਨ, ਇਸ ਦੋਖੀ ਦੇ ਦਰਸ਼ਨ ਨਾ ਕੀਤੇ ਜਾਣ, ਜਿਸ ਨੇ ਗੁਰੂ ਨਾਨਕ ਸਾਹਿਬ ਜੀ ਦੀ ਪਾਵਨ ਬਾਣੀ ਦਾ ਨਿਰਾਦਰ ਕੀਤਾ ਹੈ, ਪਰ ਆਪਣੇ ਛੋਟੇ ਸਪੁੱਤਰ ਸ੍ਰੀ ਹਰਿਕ੍ਰਿਸ਼ਨ ਦੀ ਬਾਲ-ਅਵਸਥਾ ਵਿੱਚ ਹੀ ਆਤਮ-ਬਲ ਅਤੇ ਉਚੇਰੀ ਸੋਚ ਨੂੰ ਦੇਖਦਿਆਂ ਐਲਾਨ ਕਰ ਦਿੱਤਾ, ਜਿਹੜਾ ਗੁਰੂ ਹਰਿਕ੍ਰਿਸ਼ਨ ਦੇ ਦਰਸ਼ਨ ਕਰੇਗਾ ਜਾਂ ਹਿਰਦੇ ਤੋਂ ਗੁਰੂ ਹਰਿਕ੍ਰਿਸ਼ਨ ਦਾ ਧਿਆਨ ਧਰੇਗਾ, ਉਸ ਦੇ ਜਨਮਾਂ-ਜਨਮਾਂਤਰਾਂ ਦੇ ਦੁੱਖ ਦੂਰ ਹੋਣਗੇ ਅਤੇ ਉਸ ਨੂੰ ਗੁਰੂ ਨਾਨਕ ਸਾਹਿਬ ਜੀ ਖ਼ੁਸ਼ੀ ਨਸੀਬ ਹੋਵੇਗੀ।

ਇਤਿਹਾਸਕ ਜ਼ਿਕਰ ਹੈ, ਜਦੋਂ 1661 ਈ: ਨੂੰ ਸੱਤਵੇਂ ਗੁਰੂ ਨਾਨਕ ਗੁਰੂ ਹਰਿ ਰਾਏ ਸਾਹਿਬ ਜੋਤੀ ਜੋਤ ਸਮਾਉਣ ਲੱਗੇ ਤਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਸਰੀਰਕ ਉਮਰ ਕੇਵਲ ਪੰਜ ਵਰ੍ਹਿਆਂ ਦੀ ਸੀ। ਸੱਤਵੇਂ ਪਾਤਸ਼ਾਹ ਨੇ ਸ੍ਰੀ ਹਰਿਕ੍ਰਿਸ਼ਨ ਜੀ ਦੇ ਸੁਭਾਅ ਭੈਅ ਅਤੇ ਭਰਮ ਤੋਂ ਮੁਕਤੀ ਵਾਲੇ ਗੁਣ ਦੇਖਦਿਆਂ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਦਾ ਅੱਠਵਾਂ ਵਾਰਿਸ ਨਿਯੁਕਤ ਕਰਦੇ ਸਮੇਂ ਆਪਣੀ ਜੋਤਿ ਤੇ ਜੁਗਤਿ ਟਿਕਾ ਦਿੱਤੀ। ਪਹਿਲਾਂ ਆਪ ਨੂੰ ਗੁਰੂ ਸਿੰਘਾਸਨ ਉਪਰ ਬਿਠਾਇਆ, ਉਪਰੰਤ ਮੱਥਾ ਟੇਕ ਕੇ ਗੁਰੂ ਰੂਪ ਵਿੱਚ ਪ੍ਰਗਟ ਕਰ ਦਿੱਤਾ। ਇਹ ਵੱਡਿਆਈ ਤੇ ਵਚਿੱਤਰ ਗੁਣ ਕੇਵਲ ਗੁਰੂ ਹਰਿਕ੍ਰਿਸ਼ਨ ਸਾਹਿਬ ਵਿੱਚ ਹੀ ਹੈ ਕਿ ਪੰਜ ਸਾਲ ਦੀ ਬਾਲ ਅਵਸਥਾ ਵਿੱਚ ਹੀ ਗੁਰੂ ਨਾਨਕ ਦੀ ਜੋਤਿ ਦੀ ਦਾਤ ਅਤੇ ਵਡਿਆਈ ਪ੍ਰਾਪਤ ਹੀ ਨਹੀਂ ਕੀਤੀ, ਸਗੋਂ ਗੁਰਤਾਗੱਦੀ 'ਤੇ ਬਿਰਾਜਦਿਆਂ ਸਿੱਖ ਸੋਚ, ਸਿੱਖ ਫਲਸਫ਼ਾ, ਸਿੱਖ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਸਿੱਖ ਸੰਗਤ ਤੇ ਸਿੱਖੀ ਪ੍ਰਚਾਰ ਦੀ ਲਹਿਰ ਨੂੰ ਗੁਰੂ ਵਜੋਂ ਅਗਵਾਈ ਦਿੰਦਿਆਂ, ਗੁਰੂ ਜੋਤਿ ਵਾਲੇ ਮਾਣ ਤੇ ਸਤਿਕਾਰ ਨੂੰ ਕਾਇਮ ਰੱਖਿਆ।

ਇਤਿਹਾਸ ਦੇ ਪੰਨਿਆਂ 'ਤੇ ਇਸ ਗੱਲ ਦਾ ਜ਼ਿਕਰ ਵੀ ਮਿਲਦਾ ਹੈ। ਸਮਕਾਲੀ ਸਮਾਜ ਦਾ ਵਿਚਾਰ ਸੀ, ਛੋਟੀ ਅਵਸਥਾ ਦਾ ਬਾਲ ਗੁਰੂ ਕਿਵੇਂ ਹੋ ਸਕਦਾ ਹੈ? ਅਜਿਹੀ ਸੋਚ ਸਮਕਾਲੀ ਲੋਕਾਂ ਦੀ ਸੋਚ ਸੀ ਕਿ ਪੰਜ ਸਾਲ ਦੀ ਉਮਰ ਤਾਂ ਕੇਵਲ ਬਾਲ-ਬੁੱਧੀ ਹੀ ਹੁੰਦੀ ਹੈ। ਅਨੁਭਵ ਜਾਂ ਤਜਰਬਾ ਤਾਂ ਵਡੇਰੀ ਉਮਰ ਦੇ ਲੋਕਾਂ ਕੋਲ ਹੀ ਹੁੰਦਾ ਹੈ। ਇਸ ਉਮਰ ਵਿੱਚ ਸਮਾਜਿਕ ਤੇ ਰਾਜਨੀਤਿਕ ਸਮੱਸਿਆਵਾਂ ਨੂੰ ਸਮਝਣਾ ਵੀ ਕਠਿਨ ਹੁੰਦਾ ਹੈ। ਬਾਲ ਉਮਰ ਵਿੱਚ ਤਾਂ ਕੇਵਲ ਸੁਰਤ, ਮਨ, ਬਲ ਦਾ ਵਿਕਾਸ ਹੁੰਦਾ ਹੈ। ਲੋਕ ਭਲਾਈ ਤੇ ਪਰਉਪਕਾਰੀ ਕਾਰਜਾਂ ਨੂੰ ਸਮਝਣਾ ਤੇ ਪਹਿਚਾਨਣਾ ਔਖਾ ਕਾਰਜ ਹੈ। ਪਰ ਜਦੋਂ ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਗੁਰਤਾ ਗੱਦੀ ਕਾਲ ਉੱਤੇ ਝਾਤ ਮਾਰਦੇ ਹਾਂ ਤਾਂ ਪੰਜ ਤੋਂ ਅੱਠ ਸਾਲ ਦੀ ਬਾਲ ਅਵਸਥਾ ਦੇ ਤਿੰਨ ਸਾਲਾਂ ਵਿੱਚ ਜਿਹੜੇ ਕਾਰਜ ਬਾਬਾ ਪ੍ਰੀਤਮ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਕੀਤੇ, ਉਹ ਕਿੰਨੇ ਵਿਲੱਖਣ ਅਤੇ ਵਿਸ਼ੇਸ਼ ਹਨ।



ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰਤਾ ਗੱਦੀ ਦੇ ਤਿੰਨ ਵਰ੍ਹਿਆਂ ਵਿੱਚ ਗੁਰੂ ਘਰ ਦੀ ਸੇਵਾ ਅਤੇ ਪਰੰਪਰਾਵਾਂ ਨੂੰ ਕਾਇਮ ਰੱਖਦਿਆਂ ਕੇਵਲ ਸਿੱਖ ਸੰਗਤ ਦੀ ਅਗਵਾਈ ਹੀ ਨਹੀਂ ਕੀਤੀ, ਸਗੋਂ ਗੁਰੂ ਨਾਨਕ ਸਾਹਿਬ ਦੇ ਧਰਮ-ਆਦਰਸ਼ਾਂ ਨੂੰ ਕਾਇਮ ਰੱਖਦਿਆਂ ਪ੍ਰਚਾਰ ਤੇ ਪ੍ਰਸਾਰ ਪੂਰੀ ਸਰਗਰਮੀ ਨਾਲ ਕੀਤਾ। ਸਮਾਜਿਕ ਤੇ ਰਾਜਨੀਤਿਕ ਤੌਰ 'ਤੇ ਸਿੱਖ ਸੰਗਤ ਨੂੰ ਆਪਣੇ ਪੂਰਵਜਾਂ ਵਾਂਗ ਹੀ ਜਾਗ੍ਰਿਤ ਕਰਦੇ ਰਹੇ। ਜਦੋਂ ਸਮਕਾਲੀ ਬਾਦਸ਼ਾਹ ਔਰੰਗਜ਼ੇਬ ਨੇ ਆਪਣੇ ਦਰਬਾਰ ਵਿੱਚ ਬੁਲਾਇਆ ਤਾਂ ਉਸ ਦੀ ਕੂਟਨੀਤੀ ਨੂੰ ਸਮਝਦਿਆਂ ਦਰਸ਼ਨ-ਦੀਦਾਰੇ ਦੇਣ ਤੋਂ ਨਾਂਹ ਕਰਦਿਆਂ ਉਸ ਨੂੰ ਅਤਿਆਚਾਰੀ ਤੇ ਜ਼ਾਲਮ ਕਹਿ ਕੇ ਮਿਲਣ ਤੋਂ ਇਨਕਾਰ ਕਰ ਦਿੱਤਾ।

ਆਪਣੀ ਬਿਬੇਕ ਬੁੱਧੀ ਅਤੇ ਜਾਗਤਿ-ਜੋਤ ਦਾ ਪ੍ਰਮਾਣ ਦਿੰਦਿਆਂ ਆਪਣੇ ਜੋਤਿ-ਜੋਤ ਸਮਾਉਣ ਸਮੇਂ ਬਾਬਾ-ਬੁਕਾਲੇ ਦਾ ਸੰਕੇਤ ਦੇ ਕੇ ਆਪਣੀ ਸਿਆਣਪ, ਤੀਖਣ ਬੁੱਧੀ ਅਤੇ ਦੂਰ ਦ੍ਰਿਸ਼ਟੀ ਨਾਲ ਗੁਰੂ ਨਾਨਕ ਦੀ ਨੌਵੀਂ ਜੋਤਿ ਦਾ ਐਲਾਨ ਕਰ ਦਿੱਤਾ। ਆਪ ਜੀ ਆਪਣੇ ਥੋੜ੍ਹੇ ਸਮੇਂ ਦੇ ਗੁਰੂ ਕਾਲ ਦੌਰਾਨ ਗੁਰੂ ਘਰ ਦੇ ਦੋਖੀਆਂ, ਦਾਅਵੇਦਾਰਾਂ, ਨਿੰਦਕਾਂ ਵਜੋਂ ਵਿਚਰ ਰਹੇ ਧੀਰਮੱਲੀਆਂ, ਸੋਢੀਆਂ, ਰਾਮਰਾਈਆਂ ਤੇ ਸ਼ਾਹੀ ਦਾਅਵੇਦਾਰਾਂ ਦੀਆਂ ਕੋਝੀਆਂ ਕੂਟਨੀਤਿਕ ਚਾਲਾਂ ਨੂੰ ਸਮਝ ਕੇ ਹਮੇਸ਼ਾ ਚੜ੍ਹਦੀ ਕਲਾ ਵਿੱਚ ਵਿਚਰੇ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਆਗਮਨ ਅੱਜ ਦੇ ਦਿਨ 1656 ਈ: ਵਿੱਚ ਹੋਇਆ। ਆਪ ਜੀ ਕੀਰਤਪੁਰ ਸਾਹਿਬ ਦੀ ਪਾਵਨ ਧਰਤੀ ਉੱਪਰ ਪਿਤਾ ਗੁਰੂ ਹਰਿ ਰਾਇ ਸਾਹਿਬ ਅਤੇ ਮਾਤਾ ਕ੍ਰਿਸ਼ਨ ਕੌਰ ਦੇ ਗ੍ਰਹਿ ਵਿਖੇ ਪ੍ਰਗਟ ਹੋਏ। ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਕੀਰਤਪੁਰ ਸਾਹਿਬ ਵਿੱਚ ਗੁਰੂ ਪਿਤਾ ਗੁਰੂ ਹਰਿ ਰਾਇ ਸਾਹਿਬ ਦੇ ਦਰਬਾਰ ਵਿੱਚ ਹਰ ਰੋਜ਼ ਅੰਮ੍ਰਿਤ ਵੇਲੇ ਤੇ ਸੰਧਿਆ ਸਮੇਂ ਹੋਣ ਵਾਲੇ ਗੁਰੂ-ਕੀਰਤੀ ਸਮਾਗਮਾਂ ਸਮੇਂ ਆਪ ਜੀ ਸੰਗਤੀ ਰੂਪ ਵਿੱਚ ਸ਼ਾਮਿਲ ਹੋ ਕੇ ਗੁਰੂ ਮਹਿਮਾਂ ਦੇ ਕਾਰਜ ਕਰਦੇ ਸਨ।

ਅਸਲ ਵਿੱਚ ਪ੍ਰਭੂ ਦਾ ਗਿਆਨ ਭਾਵ ਬ੍ਰਹਮ ਗਿਆਨ ਦੀ ਕੋਈ ਅਵਸਥਾ ਨਹੀਂ। ਵੱਡੀ ਉਮਰ ਜਾਂ ਬਾਲ ਅਵਸਥਾ ਨਾਲ ਇਸ ਗੱਲ ਦਾ ਕੋਈ ਸਬੰਧ ਨਹੀਂ। ਬਾਬਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਬਚਪਨ ਵਿੱਚ ਹੀ ਵਿਕਾਰਾਂ ਤੋਂ ਰਹਿਤ ਸਨ। ਲਾਲਚ, ਕ੍ਰੋਧ, ਧੋਖਾ, ਕਪਟ, ਦੁਬਿਧਾ ਵਰਗੇ ਔਗੁਣ ਉਨ੍ਹਾਂ ਦੇ ਨੇੜੇ-ਤੇੜੇ ਵੀ ਨਹੀਂ ਸਨ ਆਉਂਦੇ। ਬਾਲ ਅਵਸਥਾ ਵਿੱਚ ਹੀ ਉਨ੍ਹਾਂ ਦੇ ਅਨੁਭਵ ਅਤੇ ਬ੍ਰਹਮ-ਗਿਆਨ ਦੀ ਅਵਸਥਾ ਵੱਡੇ-ਵੱਡੇ ਜਪੀਆਂ, ਤਪੀਆਂ ਨੂੰ ਮਾਤ ਪਾਉਂਦੀ ਸੀ। ਹਿਰਦੇ ਦੀ ਕੋਮਲਤਾ, ਪਰਉਪਕਾਰ ਵਾਲੀ ਬਿਰਤੀ, ਨਿਮਰਤਾ, ਨਿਰਛਲਤਾ ਤੇ ਨਿਆਂ ਦੇਣ ਵਾਲੇ ਵੱਡੇ ਗੁਣ ਉਨ੍ਹਾਂ ਦੀ ਸ਼ਖ਼ਸੀਅਤ ਦੇ ਉੱਭਰਵੇਂ ਗੁਣ ਸਨ। ਦੋ ਵੱਡੇ ਗੁਣ ਕਿਸੇ ਰੱਬੀ-ਰੂਹ ਨੂੰ ਵੱਡਾ ਬਣਾਉਂਦੇ ਹਨ-ਪਹਿਲਾ ਗੁਣ ਬ੍ਰਹਮ-ਗਿਆਨ ਤੇ ਦੂਜਾ ਆਤਮਿਕ ਬਲ। ਇਹ ਦੋਵੇਂ ਗੁਣ ਬਾਬਾ ਪ੍ਰੀਤਮ ਦੀ ਬਾਲ-ਸ਼ਖ਼ਸੀਅਤ ਦੇ ਸ਼ਿੰਗਾਰ ਸਨ। ਗੁਰੂ ਪਰੰਪਰਾ ਮੁਤਾਬਿਕ ਹਰ ਸ਼ੰਕੇ ਦੀ ਨਵਿਰਤੀ ਗਿਆਨ ਨਾਲ ਹੋ ਸਕਦੀ ਹੈ। ਸਾਰੇ ਗੁਰੂ ਸਾਹਿਬਾਨ ਨੇ ਹਰ ਕਠਿਨ ਪ੍ਰਸ਼ਨ ਦਾ ਸਮਾਧਾਨ ਤਰਕ ਤੇ ਪਿਆਰ ਨਾਲ ਕੀਤਾ। ਪੰਜੋਖਰਾ ਸਾਹਿਬ ਦੀ ਸਾਖੀ ਮੁਤਾਬਿਕ ਹੰਕਾਰੀ ਪੰਡਿਤ ਲਾਲ ਚੰਦ ਦੇ ਸਵਾਲ ਦਾ ਸਮਾਧਾਨ ਅਨਪੜ੍ਹ ਅਤੇ ਗੂੰਗੇ ਛੱਜੂ ਦੇ ਸਿਰ ਉੱਤੇ ਸਮਰੱਥ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਹੱਥ ਰੱਖਦਿਆਂ ਆਪਣੇ ਆਤਮਿਕ ਬਲ ਦੇ ਪ੍ਰਗਟਾਵੇ ਨਾਲ ਕੀਤਾ। ਰਾਜਾ ਜੈ ਸਿੰਘ ਦੇ ਬੰਗਲੇ (ਬੰਗਲਾ ਸਾਹਿਬ) ਪਟਰਾਣੀ ਦੀ ਪਛਾਣ ਦਾ ਸੱਚ ਵੀ ਆਪਣੀ ਸਮਰੱਥਾ ਨਾਲ ਕੀਤਾ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਜਿਹੜਾ ਪ੍ਰਚਾਰ ਤੇ ਪ੍ਰਸਾਰ ਪੰਜ ਤੋਂ ਅੱਠ ਸਾਲ ਦੀ ਸਰੀਰਕ ਅਵਸਥਾ ਵਿੱਚ ਕੀਤਾ, ਅਜਿਹਾ ਹੀ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਤੇ ਪ੍ਰਸਾਰ ਗੁਰੂ ਨਾਨਕ ਸਾਹਿਬ ਦੀ ਜੋਤਿ ਸ੍ਰੀ ਗੁਰੂ ਅਮਰਦਾਸ ਜੀ (ਤੀਜੇ ਸਤਿਗੁਰੂ) ਨੇ 96 ਸਾਲ ਦੀ ਸਰੀਰਕ ਅਵਸਥਾ ਵਿੱਚ ਕੀਤਾ। ਕਿਉਂਕਿ ਦੋਵੇਂ ਗੁਰੂ ਸਾਹਿਬਾਨ ਦੀ ਜੋਤਿ ਅਤੇ ਜੁਗਤਿ ਇਕੋ ਜਿਹੀ ਸੀ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਆਪਣੇ ਤੋਂ ਪਹਿਲਾਂ ਸਾਰੀਆਂ ਗੁਰੂ ਜੋਤਾਂ ਵੱਲੋਂ ਪਾਏ ਪੂਰਨਿਆਂ 'ਤੇ ਚੱਲਦਿਆਂ, ਉਦੇਸ਼ਾਂ ਤੇ ਆਦਰਸ਼ਾਂ ਦੀ ਪੂਰਤੀ ਲਈ ਨਿਰਵੈਰਤਾ ਅਤੇ ਨਿਰਭੈਤਾ ਨਾਲ ਪਹਿਰਾ ਦਿੱਤਾ। ਛੋਟੀ ਅਵਸਥਾ ਵਿੱਚ ਸਿੱਖ ਫਲਸਫ਼ੇ ਤੇ ਸਿਧਾਂਤਾਂ ਦਾ ਪ੍ਰਚਾਰ ਕਰਦਿਆਂ ਬ੍ਰਹਮ-ਗਿਆਨ ਤੇ ਆਤਮਿਕ ਬਲ ਦਾ ਅਜਿਹਾ ਪ੍ਰਗਟਾਵਾ ਕੀਤਾ, ਜਿਸ ਤੋਂ ਪ੍ਰਭਾਵਿਤ ਹੋ ਕੇ ਰਾਜਾ ਜੈ ਸਿੰਘ ਨੇ ਸ਼ਰਧਾ ਤੇ ਪਿਆਰ ਦੀ ਮੂਰਤੀ ਬਣ ਕੇ ਆਪਣਾ ਰਿਹਾਇਸ਼ੀ ਅਸਥਾਨ ਵੀ ਸਤਿਗੁਰੂ ਨੂੰ ਸਮਰਪਿਤ ਕਰ ਦਿੱਤਾ। ਜਿਸ ਨੂੰ ਪਹਿਲਾਂ ਸਰਦਾਰ ਬਘੇਲ ਸਿੰਘ ਤੇ ਪਿੱਛੋਂ ਸਿੱਖ ਸੰਗਤਾਂ ਨੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਦੇ ਰੂਪ ਵਿੱਚ ਸੰਭਾਲਿਆ, ਗੁਰੂ ਹਰਿਕ੍ਰਿਸ਼ਨ ਸਾਹਿਬ 1664 ਈ: ਵਿੱਚ ਜੋਤੀ ਜੋਤਿ ਸਮਾ ਗਏ। ਦੁੱਖਾਂ ਤੇ ਰੋਗਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਅੱਜ ਲੱਖਾਂ ਸਿੱਖ ਸੰਗਤ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਨਤਮਸਤਕ ਹੁੰਦੀ ਹੈ।

ਫੋਨ: 98143-24040

## ਹਾਸਾ ਕਲੀਨਿਕ

**70** ਸਾਲ ਦੀ ਉਮਰ ਪੂਰੀ ਕਰਨ ਤੋਂ ਬਾਅਦ ਇਕ ਬੁੱਢਾ ਹਰ ਇਕ ਸਾਲ ਬੀਤਣ 'ਤੇ ਆਪਣੀ ਹੀ ਪਤਨੀ ਨਾਲ ਵਿਆਹ ਕਰਵਾ ਲੈਂਦਾ ਸੀ। ਪੂਰੇ ਪਿੰਡ ਵਿੱਚ ਇਹ ਹੈਰਾਨੀ ਦਾ ਵਿਸ਼ਾ ਬਣ ਗਿਆ। ਆਖਰ ਜਦੋਂ ਰਮੇਸ਼ ਤੋਂ ਰਿਹਾ ਨਾ ਗਿਆ ਤਾਂ ਉਸ ਨੇ ਪੁੱਛ ਹੀ ਲਿਆ, ਭਾਪਾ ਜੀ, ਇਹ ਕੀ ਗੱਲ ਹੋਈ ਕਿ ਤੁਸੀਂ ਹਰ ਸਾਲ ਵਿਆਹ ਕਰਵਾਉਂਦੇ ਹੋ, ਫੇਰੇ ਲੈਂਦੇ ਹੋ?

ਬੁੱਢਾ ਬੋਲਿਆ, ਬੱਸ ਇਕ ਸ਼ਬਦ ਸੁਣਨ ਖ਼ਾਤਰ?

ਰਮੇਸ਼, ਕਿਹੜਾ ਸ਼ਬਦ?

ਬੁੱਢਾ, ਉਹੀ ਜਦੋਂ ਪੰਡਿਤ ਜੀ ਕਹਿੰਦੇ ਹਨ ਕਿ ਮੁੰਡੇ ਨੂੰ ਬੁਲਾਓ, ਬੱਸ ਕਸਮ ਨਾਲ ਮਜ਼ਾ ਆ ਜਾਂਦਾ ਹੈ।

*---*---*

**ਪਤੀ** (ਗੁੱਸੇ ਵਿੱਚ), ਕੀ ਤੂੰ ਮੈਨੂੰ ਕੁੱਤਾ ਕਿਹਾ?

ਪਤਨੀ ਚੁੱਪ।

ਪਤੀ, ਕੀ ਤੂੰ ਮੈਨੂੰ ਕੁੱਤਾ ਕਿਹਾ?

ਪਤਨੀ ਫਿਰ ਚੁੱਪ।

ਪਤੀ, ਮੈਂ ਪੁੱਛਦਾ ਹਾਂ ਕੀ ਤੂੰ ਮੈਨੂੰ ਕੁੱਤਾ ਕਿਹਾ?

ਪਤਨੀ, ਨਹੀਂ ਕਿਹਾ, ਪਰ ਪਲੀਜ਼ ਹੁਣ ਭੌਂਕਣਾ ਬੰਦ ਕਰੋ।

*---*---*

# ਗਲੋਬ ਤੇ ਫੈਲੇ ਸਮੁੱਚੇ ਪੰਜਾਬੀਆਂ ਦੀ ਸਾਂਝੀ ਮੁਹੱਬਤ ਦਾ ਸਿਰਨਾਵਾਂ ਬਣਿਆ ਅੰਤਰਰਾਸ਼ਟਰੀ ਅਦਬੀ ਮੇਲਾ ਸਾਊਥਾਲ





ਅਦਬੀ ਮੇਲੇ ਵਿੱਚ ਸ਼ਮੂਲੀਅਤ ਕਰਨ ਵਾਲੇ ਦੇਸ਼ ਵਿਦੇਸ਼ ਤੋਂ ਪਹੁੰਚੇ ਪੰਜਾਬੀ ਸਾਹਿਤਕਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 15 ਮੁਲਕਾਂ ਦੇ 200 ਤੋਂ ਵੱਧ ਪੰਜਾਬੀਆਂ ਵਲੋਂ ਸਾਊਥਾਲ (ਯੂ ਕੇ) ਦੇ ਡੋਰਮਰ ਵੈਲ ਹਾਈ ਸਕੂਲ ਵਿੱਚ ਪੰਜਾਬੀ ਅਦਬ ਦੀਆਂ ਨਵੀਆਂ ਸੰਭਾਵਨਾਵਾਂ ਤਲਾਸ਼ਣ ਦੇ ਅਹਿਮ ਏਜੰਡੇ ਤੇ ਸੰਵਾਦ ਰਚਾਉਣ ਲਈ ਹੋਈ ਦੋ ਰੋਜ਼ਾ ਅਹਿਮ ਇਕੱਤਰਤਾ ਸਾਰਥਕ ਸੰਵਾਦ, ਗਹਿਨ ਚਿੰਤਨ, ਨਿੱਘੀਆਂ ਮਿਲਣੀਆਂ, ਸ਼ਾਨਦਾਰ ਮੁਲਾਕਾਤਾਂ ਅਤੇ ਸਾਹਿਤ-ਸਭਿਆਚਾਰ ਦੇ ਵੰਨ-ਸੁਵੰਨੇ ਰੰਗ ਬਿਖੇਰਦੀ ਸੰਪੰਨ ਹੋਈ।

ਮੇਲੇ ਦੇ ਸੂਤਰਧਾਰ ਅਜ਼ੀਮ ਸ਼ੇਖ਼ਰ, ਰਾਜਿੰਦਰਜੀਤ ਸਿੰਘ ਅਤੇ ਅਬੀਰ ਬੁੱਟਰ ਨੇ ਮੀਡੀਆ ਦੇ ਨਾਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਮੇਲਾ ਵਿਸ਼ਵੀ ਦੌਰ ਵਿਚ ਪੰਜਾਬੀ ਸਮਾਜ ਦੇ ਸਾਮ੍ਹਣੇ ਖੜੀਆਂ ਚੁਣੌਤੀਆਂ ਅਤੇ ਨਵੀਆਂ ਸੰਭਾਵਨਾਵਾਂ ਦੀ ਤਲਾਸ਼ ਵਿਚ ਸਾਰਥਕ ਚਿੰਤਨ ਦਾ ਪਲੇਟਫਾਰਮ ਬਣਿਆ ਹੈ। ਸਦੀ ਦੇ ਮਹਾਨ ਸ਼ਾਇਰ ਮਰਹੂਮ ਸੁਰਜੀਤ ਪਾਤਰ ਅਤੇ ਬਰਤਾਨੀਆ ਦੀ ਧਰਤੀ ਤੋਂ ਪਿਛਲੇ ਸਮੇਂ ਵਿੱਚ ਵਿਛੜੇ ਮਹਾਨ ਅਦੀਬਾਂ ਅੱਗੇ ਨਤਮਸਤਕ ਹੁੰਦੇ ਹੋਏ ਇਸ ਮੇਲੇ ਦੇ ਪਹਿਲੇ ਸ਼ੈਸ਼ਨ ਵਿਚ ਪ੍ਰਸਿੱਧ ਵਿਦਵਾਨ ਡਾ. ਜਸਵਿੰਦਰ ਸਿੰਘ ਨੇ ਕਿਹਾ ਕਿ ਸਮਕਾਲੀ ਯੁੱਗ ਦੇ ਡਿਜੀਟਲ ਤਕਨੀਕੀ ਖੇਤਰਾਂ, ਗਿਆਨ ਵਿਗਿਆਨ, ਰੁਜ਼ਗਾਰ ਦੇ ਨਾਲ-ਨਾਲ ਇਹ ਇਸਦੀ ਸਲਾਮਤੀ, ਨਿਰੰਤਰਤਾ ਤੇ ਪ੍ਰਫੁੱਲਤਾ ਲਈ ਵੱਡੀਆਂ ਵੰਗਾਰਾਂ ਹਨ, ਚਾਹੇ ਨਵੀਆਂ ਸੰਭਾਵਨਾਵਾਂ ਵੀ ਬਹੁਤ ਹਨ। ਸਰਕਾਰਾਂ ਦਾ ਵੋਟਾਂ ਮੁਤਾਬਕ ਸਿਆਸੀ ਸਭਿਆਚਾਰਕ ਦਖ਼ਲ ਬਹੁਤ ਵਧਿਆ ਹੈ ਅਤੇ ਬਣਦੇ ਉਪਰਾਲੇ ਬੇਹੱਦ ਥੋੜੇ ਤੇ ਅਣਮੰਨੇ ਜਿਹੇ ਹਨ।

ਪੰਜਾਬੀਆਂ ਨੂੰ ਸਿਆਸੀ, ਸੰਸਥਾਗਤ ਅਤੇ ਸਾਂਝੀ ਕਾਬਲੀਅਤ ਦੀ ਖੁੱਲ੍ਹਦਿਲੀ ਪਰ ਉਚੇਰੀ ਅਕਲਮੰਦੀ ਨਾਲ ਸੁਚੱਜੀ ਵਰਤੋਂ ਕਰਕੇ ਅਜੋਕੇ ਵਸੀਲਿਆਂ ਦਾ ਭਰਪੂਰ ਲਾਭ ਉਠਾਉਣ ਦੀ ਜ਼ਰੂਰਤ ਹੈ, ਤਾਂ ਹੀ ਅਸੀਂ ਵੱਡੀਆਂ ਪ੍ਰਾਪਤੀਆਂ ਤੇ ਉਚੇ ਮੁਕਾਮਾਂ ਦੇ ਯੋਗ ਹੋ ਸਕਾਂਗੇ।ਸਾਂਝੇ ਪੰਜਾਬ ਦੀ ਨੁਮਾਇੰਦਗੀ ਕਰਦੇ ਪੰਜਾਬੀ ਜ਼ੁਬਾਨ ਦੇ ਵੱਡੇ ਸ਼ਾਇਰ ਬਾਬਾ ਨਜਮੀ ਨੇ ਕਿਹਾ ਕਿ ਇਹ ਦੌਰ ਮਜ਼ਹਬਾਂ, ਸਿਆਸਤਾਂ ਅਤੇ ਹੱਦਾਂ ਸਰਹੱਦਾਂ ਤੋਂ ਉੱਪਰ ਉੱਠ ਕੇ ਪੰਜਾਬੀਅਤ ਦਾ ਮਜ਼ਬੂਤ ਪੁਲ ਉਸਾਰਨ ਦਾ ਦੌਰ ਹੈ ਅਤੇ ਇਹ ਮੇਲਾ ਇਸ ਪਾਸੇ ਵੱਲ ਵੱਡੀ ਪੁਲਾਂਘ ਹੈ।

ਦੂਜੇ ਸ਼ੈਸ਼ਨ ਵਿਚ ਪੰਜਾਬੀ ਬੋਲੀ ਦੇ ਗਲੋਬਲੀ ਸਰੋਕਾਰਾਂ ਬਾਰੇ ਬੋਲਦਿਆਂ ਪ੍ਰਸਿੱਧ ਚਿੰਤਕ ਡਾ. ਕੁਲਦੀਪ ਸਿੰਘ ਦੀਪ ਨੇ ਪ੍ਰਸਿੱਧ ਭਾਸ਼ਾ ਵਿਗਿਆਨੀ ਕੇ. ਡੇਵਿਡ ਹੈਰੀਸਨ ਅਤੇ ਗਣੇਸ਼ ਦੇਵੀ ਦੇ ਹਵਾਲੇ ਨਾਲ ਕਿਹਾ ਕਿ ਭਾਸ਼ਾਈ ਹੀਣਤਾ, ਬਸਤੀਵਾਦੀ ਮਾਨਸਿਕਤਾ ਅਤੇ ਭਾਸ਼ਾਵਾਂ ਵਿਚ ਵਪਾਰ, ਰੁਜ਼ਗਾਰ ਅਤੇ ਸੰਚਾਰ ਦੀਆਂ ਘਟ ਰਹੀਆਂ ਸੰਭਾਵਨਾਵਾਂ ਦੇ ਦੌਰ ਵਿੱਚ ਦੁਨੀਆ ਦੀਆਂ 7000 ਭਾਸ਼ਾਵਾਂ ਵਿੱਚੋਂ 2500 ਭਾਸ਼ਾਵਾਂ ਲਈ ਵੱਡੀਆਂ ਚੁਣੌਤੀਆਂ ਹਨ। ਪੰਜਾਬੀ ਭਾਸ਼ਾ ਵੀ ਇਹਨਾਂ ਚੁਣੌਤੀਆਂ ਦੇ ਰੂਬਰੂ ਹੈ। ਸਾਨੂੰ ਆਪਣੀ ਭਾਸ਼ਾ ਉੱਪਰ ਪੈ ਰਹੇ ਗਲੋਬਲੀ, ਫਿਰਕੂ, ਤਕਨੀਕੀ ਅਤੇ ਸਿਆਸੀ ਦਬਾਵਾਂ ਨੂੰ ਸਮਝਦੇ ਹੋਏ ਨਿੱਜੀ ਅਤੇ ਸਮੂਹਕ ਯਤਨ ਕਰਨੇ ਹੋਣਗੇ। ਪੂਰੀ ਦੁਨੀਆਂ ਵਿੱਚ ਵਸਦੇ 14 ਕਰੋੜ ਪੰਜਾਬੀਆਂ ਦਾ ਗਲੋਬਲੀ ਦੌਰ ਵਿਚ ਇੰਝ ਇਕ ਦੂਜੇ ਨਾਲ ਸੰਵਾਦ ਰਚਾਉਣਾ ਇਸ ਦਿਸ਼ਾ ਵੱਲ ਵੱਡਾ ਯਤਨ ਹੈ।

ਡਾ. ਧਨਵੰਤ ਕੌਰ ਨੇ ਕਿਹਾ ਕਿ ਇਕ ਪਾਸੇ ਸਾਮਰਾਜੀ ਤਾਕਤਾਂ ਨੇ ਆਪਣੇ ਵਿਸ਼ਵ ਅਮਨ ਵਿਰੋਧੀ ਮਨਸੂਬਿਆਂ ਦੇ ਤਹਿਤ ਸੰਸਾਰ ਨੂੰ ਜੰਗਾਂ ਦੀ ਭੱਠੀ ਵਿਚ ਝੋਕਣ ਲਈ ਪੂਰੀ ਤਾਕਤ ਲਗਾ ਰੱਖੀ ਹੈ, ਦੂਜੇ ਪਾਸੇ ਅਮਨ ਭਾਈਚਾਰੇ ਨੂੰ ਬਚਾਉਣ ਲਈ ਅਵਾਮੀ ਲੋਕ ਵੱਡੀ ਲੜਾਈ ਲੜ ਰਹੇ ਹਨ। ਪੰਜਾਬ ਅਦਬ ਕਵਿਤਾ, ਕਹਾਣੀ, ਨਾਵਲ ਅਤੇ ਨਾਟਕ ਦੇ ਹਵਾਲੇ ਨਾਲ ਪੂਰੀ ਸ਼ਿੱਦਤ ਨਾਲ ਲੋਕ ਮੁਕਤੀ ਦੀਆਂ ਇਹਨਾਂ ਲਹਿਰਾਂ ਵਿਚ ਆਪਣੀ ਭੂਮਿਕਾ ਨਿਭਾ ਰਿਹਾ ਹੈ।

ਤੀਜੇ ਸੈਸ਼ਨ ਵਿਚ ਪੰਜਾਬੀ ਦੇ ਵੱਡੇ ਮੈਗਜ਼ੀਨ ਤਾਸਮਨ ਦੇ ਪ੍ਰਵਾਸੀ ਅੰਕ ਨੂੰ ਲੋਕ ਅਰਪਿਤ ਕੀਤਾ ਗਿਆ। ਇਸ ਅੰਕ ਦੀ ਤਫ਼ਸੀਲ ਦਸਦਿਆਂ ਇਸਦੇ ਸੰਪਾਦਕ ਸਤਪਾਲ ਭੀਖੀ ਨੇ ਕਿਹਾ ਕਿ 424 ਪੰਨਿਆਂ ਦਾ ਇਹ ਅੰਕ ਪਰਵਾਸ ਦੇ ਮਸਲਿਆਂ, ਪਰਵਾਸ ਦੇ ਚਿੰਤਨ ਅਤੇ ਪ੍ਰਵਾਸ ਦੇ ਸਿਰਜਣਾਤਮਕ ਸਾਹਿਤ ਨੂੰ ਸਮਰਪਿਤ ਹੈ। ਇਹ ਅੰਕ ਜਿੱਥੇ ਸਮਕਾਲ ਵਿਚ ਪਰਵਾਸ ਦੇ ਬਦਲਦੇ ਸੰਦਰਭਾਂ ਨੂੰ ਪੇਸ਼ ਕਰਦਾ ਹੈ, ਉਥੇ ਪਰਵਾਸ ਵਿੱਚ ਵਸਦੀ ਦੂਜੀ ਅਤੇ ਤੀਜੀ ਪੀੜ੍ਹੀ ਦੀ ਮਾਨਸਿਕਤਾ ਨੂੰ ਸਮਝਣ ਦਾ ਅਹਿਮ ਯਤਨ ਹੈ।ਇਸ ਤੋਂ ਬਾਅਦ ਅੰਤਰਰਾਸ਼ਟਰੀ ਕਵੀ ਦਰਬਾਰ ਦਾ ਆਗਾਜ਼ ਹੋਇਆ। ਤਿੰਨ ਘੰਟੇ ਲਮੇ ਇਸ ਸ਼ਾਇਰਾਨਾ ਦੌਰ ਵਿਚ 40 ਦੇ ਕਰੀਬ ਕਵੀਆਂ ਨੇ ਆਪਣੀਆਂ ਗ਼ਜ਼ਲਾਂ, ਗੀਤਾਂ ਅਤੇ ਨਜ਼ਮਾਂ ਨਾਲ ਮਹਿਫ਼ਲ ਵਿਚ ਕਾਵਿਕ ਰੰਗ ਭਰੇ। ਆਸਟ੍ਰੇਲੀਆ ਤੋਂ ਆਏ ਨਵੇਂ ਸ਼ਾਇਰ ਜੱਗੀ ਜੌਹਲ ਦੀਆਂ ਬਹੁਤ ਹੀ ਖ਼ੂਬਸੂਰਤ ਗ਼ਜ਼ਲਾਂ ਨਾਲ ਸ਼ੁਰੂ ਹੋਏ ਇਸ ਕਵੀ ਦਰਬਾਰ ਦਾ ਅੰਜ਼ਾਮ ਬਾਬਾ ਨਜ਼ਮੀ ਦੇ ਇਸ ਕਲਾਮ ਨਾਲ ਹੋਇਆ ਕਿ ' ਮਸਜਿਦ ਮੇਰੀ ਤੂੰ ਕਿਉਂ ਢਾਹਵੇਂ, ਮੈਂ ਕਿਉਂ ਢਾਹਵਾਂ ਮੰਦਰ ਨੂੰ, ਆਜਾ ਬਹਿ ਕੇ ਦੋਵੇਂ ਪੜ੍ਹੀਏ,ਇਕ ਦੂਜੇ ਦੇ ਅੰਦਰ ਨੂੰ.. ਇਸ ਕਵੀ ਦਰਬਾਰ ਦਾ ਸੰਚਾਲਨ ਸ਼ਾਇਰ ਮਨਜੀਤ ਪੁਰੀ ਅਤੇ ਪਰਮਜੀਤ ਦਿਓਲ ਨੇ ਕੀਤਾ। ਇਸ ਮਹਿਫ਼ਲ ਵਿਚ ਚੜ੍ਹਦੇ ਪੰਜਾਬ ਤੋਂ ਗੁਰਪ੍ਰੀਤ, ਸੰਦੀਪ ਸ਼ਰਮਾ, ਸਤਪਾਲ ਭੀਖੀ, ਜਗਦੀਪ ਸਿੱਧੂ, ਕੁਮਾਰ ਜਗਦੇਵ ਸਿੰਘ, ਸਿਮਰਨ ਅਕਸ, ਤਰਸਪਾਲ ਕੌਰ, ਹਰਵਿੰਦਰ ਚੰਡੀਗੜ੍ਹ, ਕਨੇਡੀਅਨ ਸ਼ਾਇਰ ਗੁਰਦੇਵ ਚੌਹਾਨ, ਸੁਰਜੀਤ ਟੋਰਾਂਟੋ, ਮਹਿੰਦਰਪਾਲ ਸਿੰਘ ਪਾਲ, ਪ੍ਰੀਤ ਮਨਪ੍ਰੀਤ, ਮੋਹਨ ਗਿੱਲ, ਅਮਰੀਕਾ ਤੋਂ ਰਾਜ ਲਾਲੀ ਬਟਾਲਾ ਅਤੇ ਅਮਰਜੀਤ ਪੰਨੂ, ਲਹਿੰਦੇ ਪੰਜਾਬ ਤੋਂ ਸਾਬਰ ਅਲੀ ਸਾਬਰ, ਅਮੀਰ ਕੁੰਜਾਹੀ, ਸਪੇਨ ਤੋਂ ਦਾਦਰ ਪੰਡੋਰਵੀ ਅਤੇ ਬਰਤਾਨੀਆ ਵਿਚੋਂ ਬਰਤਾਨੀਆ ਵਿਚੋਂ ਰਾਜਿੰਦਰਜੀਤ, ਅਜ਼ੀਮ ਸ਼ੇਖ਼ਰ, ਅਬੀਰ ਬੁੱਟਰ, ਅਮਨਦੀਪ ਅਮਨ, ਭੂਪਿੰਦਰ ਸੱਗੂ, ਨੇ ਭਾਗ ਲਿਆ।

ਸ਼ਾਮ ਨੂੰ ਰੰਗਮੰਚ ਦੇ ਰੰਗ ਦੇ ਤਹਿਤ ਸੁਚੇਤਕ ਰੰਗਮੰਚ ਮੁਹਾਲੀ ਵੱਲੋਂ ਸ਼ਬਦੀਸ਼ ਦੁਆਰਾ ਲਿਖਿਆ ਅਤੇ ਅਨੀਤਾ ਸ਼ਬਦੀਸ਼ ਦੀ ਅਦਾਕਾਰੀ ਦੇ ਖ਼ੂਬਸੂਰਤ ਰੰਗਾਂ ਵਿਚ ਰੰਗਿਆ ਨਾਟਕ 'ਗੁੰਮਸ਼ੁਦਾ ਔਰਤ ' ਪੇਸ਼ ਕੀਤਾ ਗਿਆ ਜੋ 21ਵੀ ਸਦੀ ਵਿੱਚ ਆਪਣੇ ਅਸਤਿੱਤਵ ਦੀ ਤਲਾਸ਼ ਕਰਦੀ ਔਰਤ ਦੇ ਦਮਿਤ ਸਰੋਕਾਰਾਂ ਨੂੰ ਪੇਸ਼ ਕਰਦਾ ਹੋਇਆ ਦਰਸ਼ਕਾਂ ਤੇ ਗਹਿਰੀ ਛਾਪ ਛੱਡ ਗਿਆ।

ਦੂਜੇ ਦਿਨ 'ਸਮਕਾਲ ਅਤੇ ਸਾਹਿਤ ' ਦੇ ਸਿਰਲੇਖ ਤਹਿਤ ਪਹਿਲੇ ਸੈਸ਼ਨ ਵਿੱਚ ਕਵਿਤਾ ਦੇ ਸਮਕਾਲੀ ਸਰੋਕਾਰਾਂ ਦੀ ਤਲਾਸ਼ ਕਰਦਿਆਂ ਸਤਪਾਲ ਭੀਖੀ ਦੇ ਸੰਚਾਲਨ ਹੇਠ ਵਰਿੰਦਰ ਪਰਿਹਾਰ, ਗੁਰਪ੍ਰੀਤ, ਸਾਬਰ ਸਲੀ ਸਾਬਰ ਅਤੇ ਜਗਦੀਪ ਸਿੱਧੂ ਨੇ ਆਪਣੀਆਂ ਧਾਰਨਾਵਾਂ ਰਾਹੀਂ ਕਿਹਾ ਕਿ ਕਵਿਤਾ ਵਿਚ ਵਿਧਾਗਤ ਅਤੇ ਵਸਤੂਗਤ ਪ੍ਰਯੋਗ ਹੁੰਦੇ ਰਹਿਣੇ ਚਾਹੀਦੇ ਹਨ ਪਰ ਅੰਤਿਮ ਤੌਰ ਤੇ ਕਵਿਤਾ ਮਾਨਵੀ ਸਰੋਕਾਰਾਂ ਨਾਲ ਜੁੜਨੀ ਚਾਹੀਦੀ ਹੈ। ਕਵਿਤਾ ਵਿਚ ਸੰਚਾਰ, ਕਵਿਤਾ ਵਿਚ ਪਰਵਾਸ ਅਤੇ ਕਵਿਤਾ ਦੇ ਲੋਕਪੱਖੀ ਅਤੇ ਲੋਕ ਵਿਰੋਧੀ ਹੋਣ ਦੇ ਪਸਾਰ ਨੂੰ ਵੀ ਸਮਝਣ ਦੀ ਕੋਸ਼ਿਸ਼ ਕੀਤੀ ਗਈ। ਗਲਪ ਦੇ ਸੈਸ਼ਨ ਵਿੱਚ ਮਹਿੰਦਰਪਾਲ ਧਾਲੀਵਾਲ ਦੀ ਸੰਚਾਲਨਾ ਹੇਠ ਨਾਵਲਕਾਰ ਹਰਜੀਤ ਅਟਵਾਲ, ਗਲਪ ਆਲੋਚਕ ਡਾ. ਧਨਵੰਤ ਕੌਰ, ਪਰਵਾਸੀ ਕਹਾਣੀਕਾਰ ਗੁਰਮੀਤ ਪਨਾਗ ਅਤੇ ਨਵੇਂ ਨਾਵਲਕਾਰ ਜਸਵਿੰਦਰ ਰੱਤੀਆਂ ਨੇ ਗਲਪ ਦੇ ਵਿਭਿੰਨ ਪਾਸਾਰਾਂ ਤੇ ਚਰਚਾ ਕੀਤੀ। ਹਰਜੀਤ ਅਟਵਾਲ ਨੇ ਕਿਹਾ ਕਿ ਲਹਿਰਾਂ ਦਾ ਸਾਹਿਤ ਲਹਿਰਾਂ ਨਾਲ ਹੀ ਖਤਮ ਹੋ ਜਾਂਦਾ ਹੈ। ਧਨਵੰਤ ਕੌਰ ਨੇ ਕਿਹਾ ਕਿ ਬੇਸ਼ਕ ਸਾਹਿਤ ਸਾਹਿਤ ਹੀ ਹੁੰਦਾ ਹੈ, ਪਰ ਇਸ ਨੂੰ ਸਮਝਣ ਲਈ ਇਸ ਨੂੰ ਵੱਖ ਵੱਖ ਆਧਾਰਾਂ ਤੇ ਵੰਡਿਆ ਜਾਂਦਾ ਹੈ।

ਗੁਰਮੀਤ ਪਨਾਗ ਅਤੇ ਜਸਵਿੰਦਰ ਰੱਤੀਆਂ ਨੇ ਨਵੀਂ ਪੰਜਾਬੀ ਕਹਾਣੀ ਅਤੇ ਗਲਪ ਦੇ ਪ੍ਰਵਾਸੀ ਸਰੋਕਾਰਾਂ ਤੇ ਭਰਪੂਰ ਚਰਚਾ ਕੀਤੀ। ਨਾਟਕ, ਰੰਗਮੰਚ ਅਤੇ ਸਿਨੇਮਾ ਦੇ ਸਮਕਾਲੀ ਸਰੋਕਾਰਾਂ ਦੀ ਪਛਾਣ ਕਰਦਿਆਂ ਡਾ. ਕੁਲਦੀਪ ਸਿੰਘ ਦੀਪ ਦੀ ਸੰਚਾਲਨ ਹੇਠ ਕੁਮਾਰ ਜਗਦੇਵ ਸਿੰਘ, ਅਨੀਤਾ ਸ਼ਬਦੀਸ਼, ਡਾ. ਤਰਸਪਾਲ ਕੌਰ ਅਤੇ ਪਰਮਜੀਤ ਦਿਓਲ ਨੇ ਇਕ ਪਾਤਰੀ ਨਾਟਕ ਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ, ਬਾਲ ਰੰਗਮੰਚ ਦੀ ਅਣਹੋਂਦ, ਮੇਨ ਸਟਰੀਮ ਸਿਨੇਮਾ ਦਾ ਲੋਕ ਸਰੋਕਾਰਾਂ ਤੋਂ ਟੁੱਟੇ ਹੋਣਾ, ਔਰਤ ਨੂੰ ਰੰਗਮੰਚ ਤੇ ਆ ਰਹੀਆਂ ਚੁਣੌਤੀਆਂ ਅਤੇ ਗਲੋਬਲੀ ਦੌਰ ਵਿਚ ਨਾਟਕ ਅਤੇ ਰੰਗਮੰਚ ਦੇ ਸੰਕਟਾਂ ਤੇ ਭਰਪੂਰ ਚਰਚਾ ਕੀਤੀ।

ਸੰਵਾਦ ਦੇ ਆਖਰੀ ਸ਼ੈਸ਼ਨ ' ਵਾਹਗੇ ਦੇ ਆਰ ਪਾਰ ' ਦੇ ਤਹਿਤ ਨੁਜ਼ਹਤ ਅੱਬਾਸ ਦੀ ਸੰਚਾਲਨਾ ਹੇਠ ਪ੍ਰੋ. ਅਮਜਦ ਅਲੀ ਭਟੀ, ਸਵੀਡਨ ਤੋਂ ਪ੍ਰਸਿੱਧ ਚਿੰਤਕ ਸਾਈਂ ਸੁੱਚਾ ਅਤੇ ਹਰਵਿੰਦਰ ਸਿੰਘ ਚੰਡੀਗੜ੍ਹ ਨੇ ਦੋਵਾਂ ਪਾਸਿਓਂ ਦੇ ਪੰਜਾਬੀਆਂ ਦੀ ਡੂੰਘੀ ਸਾਂਝ ਅਤੇ ਅਹਿਸਾਸਾਂ ਨੂੰ ਸਾਹਮਣੇ ਰੱਖਦਿਆਂ ਅੱਜ ਦੇ ਦੌਰ ਸਾਂਝ ਦੀਆਂ ਨਵੀਆਂ ਸੰਭਾਵਨਾਵਾਂ ਤੇ ਚਰਚਾ ਕੀਤੀ। ਅਮਜਦ ਅਲੀ ਭੱਟੀ ਨੇ ਕਿਹਾ ਕਿ ਬੇਸ਼ਕ ਸਰਹੱਦਾਂ ਨਹੀਂ ਮਿਟਾਈਆਂ ਜਾ ਸਕਦੀਆਂ ਪਰ ਗਲੋਬਲੀ ਪ੍ਰਸੰਗ ਵਿਚ ਸਾਂਝ ਦੇ ਨਵੇਂ ਪੁਲ ਤਾਂ ਉਸਾਰੇ ਜਾ ਸਕਦੇ ਹਨ।

ਹਰਵਿੰਦਰ ਸਿੰਘ ਅਤੇ ਸਾਈਂ ਸੁੱਚਾ ਨੇ ਕਿਹਾ ਕਿ ਇਹ ਮੇਲਾ ਵੀ ਇਸ ਸਾਂਝ ਨੂੰ ਮਜ਼ਬੂਤ ਕਰਨ ਦੀ ਸਾਰਥਕ ਪਹਿਲ ਹੈ। ਸਮੁੱਚੇ ਮੇਲੇ ਦੇ ਆਖਰੀ ਸੈਸ਼ਨ ਵਿਚ ਪੰਜਾਬ ਦੇ ਪ੍ਰਸਿੱਧ ਸੂਫ਼ੀ ਫ਼ਨਕਾਰ ਮਾਣਕ ਅਲੀ ਨੇਸੰਜੀਦਾ ਗਾਇਕੀ ਪੇਸ਼ ਕਰਦਿਆਂ ਵੱਖ ਵੱਖ ਸ਼ਾਇਰਾਂ ਦੀਆਂ ਗ਼ਜ਼ਲਾਂ, ਗੀਤਾ, ਸ਼ਿਅਰਾਂ ਦੇ ਨਾਲ ਨਾਲ ਪੰਜਾਬ ਦਾ ਲੋਕ ਰੰਗ ਛੱਲਾ ਅਤੇ ਦਮਾਦਮ ਮਸਤ ਕਲੰਦਰ ਪੇਸ਼ ਕਰਕੇ ਸੰਗੀਤਕ ਛੂਹਾਂ ਨਾਲ ਮੇਲੇ ਨੂੰ ਸਿਖਰ ਤੇ ਪਹੁੰਚਾ ਦਿੱਤਾ। ਮੇਲੇ ਵਿੱਚ ਪ੍ਰਸਿੱਧ ਬੁੱਤ-ਘਾੜੇ ਯੂਰਪੀ ਪੰਜਾਬੀ ਸੱਥ ਤੇ ਸਿੱਖ ਮਿਸ਼ਨਰੀ ਸੁਸਾਇਟੀ ਦੀਆਂ ਪੁਸਤਕ ਪ੍ਰਦਰਸ਼ਨੀਆਂ 'ਚ ਵੀ ਲੋਕਾਂ ਨੇ ਭਰਪੂਰ ਦਿਲਚਸਪੀ ਦਿਖਾਈ। ਸਮਾਗਮ ਨੂੰ ਹੋਰਾਂ ਤੋਂ ਇਲਾਵਾ ਰਘਵੀਰ ਪਰਮਜੀਤ ਪ੍ਰੀਤ ਸੰਧਾਵਾਲੀਆ, ਦਰਸ਼ਨ ਢਿੱਲੋਂ, ਮਨਜੀਤ ਕੌਰ ਪੱਡਾ, ਗੁਰਨਾਮ ਗਰੇਵਾਲ, ਕੁਲਵੰਤ ਢਿੱਲੋਂ, ਮੋਤਾ ਸਿੰਘ ਸਰਾਏ, ਪ੍ਰਬੰਧਕ ਗੁਰਦੁਆਰਾ ਸਿੰਘ ਸਭਾ ਸਾਊਥਾਲ, ਗੁਰਦੁਆਰਾ ਗੁਰੂ ਅਮਰਦਾਸ, ਪ੍ਰਤਾਪ ਸਿੰਘ ਮੋਮੀ ਦਾ ਭਰਪੂਰ ਸਹਿਯੋਗ ਰਿਹਾ।


# ਕਾਵਿ-ਕਿਆਰੀ



## ਸਾਵਣ

ਜੋ ਸੀ ਪ੍ਰੀਤਾਂ ਦਾ ਸਰਮਾਇਆ
ਜੋ ਸੀ ਸਾਂਝਾਂ ਦਾ ਤਿਰਹਾਇਆ
ਸੱਜਣਾ ਉਹ ਸਾਵਣ ਨਾ ਆਇਆ
ਸੱਜਣਾ ਉਹ ਸਾਵਣ ਨਾ ਆਇਆ
ਰੁੱਖਾਂ ਬਿਨ ਹਰ ਪੀਂਘ ਉਦਾਸੀ
ਹਰ ਇਕ ਮਨ ਦੀ ਰੀਝ ਪਿਆਸੀ
ਉਡਦੀ ਰਹਿੰਦੀ ਧੂੜ ਪਹੇ 'ਚੋਂ
ਇਸ ਰੁੱਤ ਵੀ ਪਤਝੜ ਦੇ ਵਾਸੀ
ਚੜ੍ਹੀਆਂ ਤੱਕ ਘਨਘੋਰ ਘਟਾਵਾਂ
ਜਦ ਮੋਰਾਂ ਸੀ ਰੌਲ਼ਾ ਪਾਇਆ
ਸੱਜਣਾ ਉਹ ਸਾਵਣ ਨਾ ਆਇਆ
ਸੱਜਣਾ ਉਹ ਸਾਵਣ ਨਾ ਆਇਆ
ਮਹਿਕ ਵਿਹੂਣੀ ਰਾਤ ਦੀ ਰਾਣੀ
ਮਰ ਮਰ ਪੈਂਦੀ ਰਾਤ ਲੰਘਾਣੀ
ਬਾਦਲ ਬਾਦਲ ਗਾਉਂਦੇ ਹਾਰੇ
ਇਸ ਸਾਵਣ ਬਿਜਲੀ ਨਾ ਪਾਣੀ
ਪੌਣਾ ਦੇ ਗਲ਼ ਲੱਗ ਕੇ ਨੱਚ ਨੱਚ
ਜੋ ਸੀ ਤੇਰੇ ਨਾਲ ਬਿਤਾਇਆ
ਸੱਜਣਾ ਉਹ ਸਾਵਣ ਨਾ ਆਇਆ
ਸੱਜਣਾ ਉਹ ਸਾਵਣ ਨਾ ਆਇਆ
ਇਹ ਤਾਂ ਹੈ ਬੱਸ ਨਾਂ ਦਾ ਸਾਵਣ
ਬੱਸ ਨਿਰੀ ਚੁੱਪ-ਚਾਂ ਦਾ ਸਾਵਣ
ਜਿਸ ਨੇ ਸਾਡੇ ਜਜ਼ਬੇ ਭੁੰਨ ਤੇ
ਦੱਸ ਇਹ ਕਿਹੜੀ ਥਾਂ ਦਾ ਸਾਵਣ
ਜਦ ਤੇਰੀ ਬੁੱਕਲ ਵਿਚ ਭਿੱਜ ਭਿੱਜ
ਅੰਬੀ ਦਾ ਸੀ ਚੂਸਾ ਲਾਇਆ
ਸੱਜਣਾ ਉਹ ਸਾਵਣ ਨਾ ਆਇਆ
ਸੱਜਣਾ ਉਹ ਸਾਵਣ ਨਾ ਆਇਆ
ਰੁੱਖ ਹਨ ਤਾਂ ਸੰਸਾਰ ਹੈ ਸਾਵਣ
ਝਾਂਜਰ ਦੀ ਝਨਕਾਰ ਹੈ ਸਾਵਣ
ਕੋਇਲ ਦੇ ਹਨ ਗੀਤ ਵਣਾਂ ਮੰਗ
ਤੀਆਂ ਹਨ ਤਿਉਹਾਰ ਹੈ ਸਾਵਣ
'ਪਰਦੇਸੀ' ਨੂੰ ਫਿਰ ਕਿਸ ਕਿਹਣੈ
ਤੂੰ ਸਾਨੂੰ ਐਨਾ ਤੜਪਾਇਆ
ਸੱਜਣਾ ਉਹ ਸਾਵਣ ਨਾ ਆਇਆ
ਸੱਜਣਾ ਉਹ ਸਾਵਣ ਨਾ ਆਇਆ
ਜੋ ਸੀ ਪ੍ਰੀਤਾਂ ਦਾ ਸਰਮਾਇਆ
ਜੋ ਸੀ ਸਾਂਝਾਂ ਦਾ ਤਿਰਹਾਇਆ
ਸੱਜਣਾ ਉਹ ਸਾਵਣ ਨਾ ਆਇਆ
ਸੱਜਣਾ ਉਹ ਸਾਵਣ ਨਾ ਆਇਆ

**ਰਾਜਿੰਦਰ ਪਰਦੇਸੀ**
**ਈ-ਮੇਲ rajinder.pardesi7@gmail.com**



## ਦਿਲ ਲਗੀ

ਕੋਈ ਦਸਤਕ ਦੇ ਕੇ ਮੁੜ ਗਿਆ, ਦਿਲ ਦੇ ਦਰਵਾਜ਼ੇ,
ਦਿਲ ਰਹਿ ਗਿਆ ਕੁੱਛ ਲਾਂਵਦਾ, ਕਿਆਫ਼ੇ ਅੰਦਾਜ਼ੇ।

ਕੌਣ ਸੀ ਉਹ ਅਜਨਬੀ, ਅਤੇ ਕਿਉਂ ਸੀ ਆਇਆ,
ਸਵਾਲ ਜਵਾਬ ਕਈ ਉੱਭਰਦੇ, ਕੱਸਣ ਆਵਾਜ਼ੇ।

ਕੀ ਕਿਸੇ ਨੇ ਕੀਤੀਆਂ ਕੋਸ਼ਿਸ਼ਾਂ, ਦਿਲਬਰੀ ਦੀਆਂ?
ਜਾਂ ਕਰ ਰਿਹਾ ਸੀ ਦਿਲ ਲਗੀ, ਹੋ ਆਸੇ ਪਾਸੇ?

ਟੁੰਬੀਆਂ ਗਈਆਂ ਕਈ ਸੱਧਰਾਂ, ਪਣਪੀਆਂ ਉਮੀਦਾਂ,
ਸਵਾਦ ਸਵਾਦ ਮਨ ਹੋ ਗਿਆ, ਜਿਵੇਂ ਸ਼ਹਿਦ ਪਤਾਸੇ।

ਸ਼ਹਿ ਮਿਲੀ ਜਜ਼ਬਾਤਾਂ ਨੂੰ, ਫਿਰ ਪ੍ਰਬਲ ਹੋਣ ਦੀ,
ਮਿਲ਼ ਜਾਵਣ ਕਿਤੇ ਰੂਹ ਨੂੰ, ਮੁਸਕਰਾਹਟਾਂ ਹਾਸੇ।

ਹਾਏ! ਆਵੇ ਫੇਰ ਉਹ ਪਰਤ ਕੇ, ਕਿਤੇ ਭੁੱਲ ਭੁਲੇਖੇ,
ਮਿਲ਼ ਜਾਵਣ ਕਿਤੇ ਜਿੰਦ ਨੂੰ, ਤਸੱਲੀਆਂ ਤੇ ਦਿਲਾਸੇ।

ਹੁਣ ਯਾਦ ਹੀ ਬਾਕੀ ਰਹਿ ਗਈ, ਜਾਂ ਭਰਮ ਨੇ ਪੱਲੇ,
ਦਿੰਦਾ ਰਹਿ ਦਿਲਾ ਆਪ ਨੂੰ, ਹੁਣ ਝੂਠੇ ਧਰਵਾਸੇ।

ਜੰਗਲ਼ ਗਏ ਨਾ ਬਹੁੜਦੇ, ਜਾ ਇੱਛਰਾਂ ਨੂੰ ਪੁੱਛੋ,
ਯੋਗ ਸਨ ਜੋ ਦਿਲਾਂ ਦੇ, ਤੋੜ ਗਏ ਪਰਭਾਸੇ।



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ ਕੇ

## ਤੇਰੇ ਹਾਲਾਤ

ਦੁੱਖ ਨਾ ਦਿੱਤੇ ਆਉਣ ਨੇੜੇ, ਉੱਜੜ ਆਪ ਵਸਾਏ ਜਿਹੜੇ
ਖਲੋਏ ਜਦ ਪੈਰਾਂ ਉੱਤੇ, ਸਾਨੂੰ ਸਾਡੀ ਔਕਾਤ ਦੱਸਦੇ ਨੇ !

ਮਾਲਕ ਘਟੀਆ ਸੋਚ ਦੇ ਨੇ, ਸੱਭ ਦਾ ਮਾੜਾ ਲੋਚਦੇ ਨੇ
ਕਿਰਦਾਰ ਬੜੇ ਹੀ ਨੀਵੇਂ ਨੇ, ਉਂਝ ਉੱਚੀ ਜਾਤ ਦੱਸਦੇ ਨੇ !

ਸਮਾਂ ਜਦ ਮਾੜਾ ਆਉਂਦਾ ਏ, ਹਰ ਕੋਈ ਰੰਗ ਵਿਖਾਉਂਦਾ ਏ
ਗਲ ਗੈਰਾਂ ਦੀ ਛੱਡ ਸੱਜਣਾ, ਆਪਣੇ ਵੀ ਤਾਹਨੇ ਕੱਸਦੇ ਨੇ !

ਘਰੀਂ ਬੈਠੇ ਇਨਕਲਾਬ ਲਿਆਉਂਦੇ, ਲੋਕਾਂ ਦੇ ਪੁੱਤ ਮਰਾਉਂਦੇ
ਪੋਟਾ ਡੋਬ ਲਹੂ ਵਿੱਚ ਚੀਚੀ ਦਾ, ਵੱਡੀ ਗੱਲ-ਬਾਤ ਦੱਸਦੇ ਨੇ !

ਵਿੱਕਣ ਲੱਗੇ ਨਾ ਵੇਖਿਆ ਮੈਂ, ਸਭ ਕੁਝ ਆਪਣਾ ਵੇਚਿਆ ਮੈਂ
ਫਿਰ ਵੀ ਸੱਜਣ ਸਾਡੇ ਤੋਹਫ਼ੇ ਨੂੰ, ਕਿੱਡੀ ਏ ਸੌਗਾਤ ਦੱਸਦੇ ਨੇ !


ਦਿਮਾਗਾਂ ਵਾਲੇ ਵਰਤਣ ਤੈਨੂੰ, ਪੈਰ-ਪੈਰ ਤੇ ਪਰਖਣ ਤੈਨੂੰ
ਤੂੰ ਹਮੇਸ਼ਾ ਦਿਲ ਦੀ ਸੁਣਦਾ ਏ, ਤੇਰੇ ਜਜ਼ਬਾਤ ਦੱਸਦੇ ਨੇ !

ਮੋਹਰੇ ਹੋ ਹਿੱਕ ਤਾਣ ਲੜ੍ਹੇ ਆਂ, ਸਦਾ ਤੁਹਾਡੇ ਨਾਲ ਖੜ੍ਹੇ ਆਂ
ਆਪਣੇ ਬਾਰੇ ਕੀ ਸੋਚ ਲਿਆ, ਵਿਸ਼ਵਾਸ਼-ਘਾਤ ਦੱਸਦੇ ਨੇ !

ਪਾਪ ਤੇਰੇ ਹੁਣ ਆਗੇ ਅੱਗੇ, ਕਿਂਝ ਬੱਚਣਾ ਏ ਰਾਹ ਨਾ ਲੱਭੇ
ਪਰਮਿੰਦਰਾ ਰਹੀ ਕਦਰ ਨਾ ਕੋਡੀ, ਤੇਰੇ ਹਾਲਾਤ
ਦੱਸਦੇ ਨੇ !

ਪਰਮਿੰਦਰ ਸਿੱਧੂ

* * * * * *



## .ਗ਼ਜ਼ਲ

ਪਾਏ ਜੋ ਰਾਹੋਂ ਕੁਰਾਹੇ ਜਾਨੋਂ ਪਿਆਰੇ ਯਾਰ ਨੂੰ,
ਦੱਸੋ ਕੀ ਰਾਹ ਦੱਸੇਗਾ ਉਹ ਬਾਕੀ ਦੇ ਸੰਸਾਰ ਨੂੰ।

ਉਸ ਨੂੰ ਖ਼ੁਦ ਹੀ ਮਾਰਿਆ ਹੈ ਦਾਜ ਦੇ ਲਾਲਚੀਆਂ ਨੇ,
ਜ਼ਹਿਰ ਖਾ ਕੇ ਮਰਨ ਦੀ ਕੀ ਲੋੜ ਸੀ ਮੁਟਿਆਰ ਨੂੰ।

ਸਾਰੀਆਂ ਚੀਜ਼ਾਂ ਦੀ ਕੀਮਤ ਵਧ ਰਹੀ ਹੈ ਦਿਨ ਬ ਦਿਨ,
ਖਾਲੀ ਹੱਥੀਂ ਕਾਮੇ ਕੀ ਲੈਣਾ ਜਾ ਕੇ ਬਾਜ਼ਾਰ ਨੂੰ।

ਹੁੰਦਾ ਹੈ ਕਾਬਲ ਲੋਕਾਂ ਦੇ ਪਿਆਰ ਦਾ ਉਹ ਡਾਕਟਰ,
ਜੋ ਸਦਾ ਵਧੀਆ ਦਵਾ ਦਿੰਦਾ ਹੈ ਹਰ ਬੀਮਾਰ ਨੂੰ।

ਜਿਸ ਦੇ ਵਿੱਚ ਸੱਚ, ਝੂਠ ਦਾ ਕੀਤਾ ਨਿਤਾਰਾ ਹੁੰਦਾ ਹੈ,
ਲੋਕ ਪੜ੍ਹਦੇ ਨੇ ਬੜੇ ਚਾਅ ਨਾਲ ਉਸ ਅਖਬਾਰ ਨੂੰ।

ਤਾਂ ਕਿ ਮੇਰੇ ਕੋਲ ਨਾ ਫਿਕਰਾਂ ਦਾ ਰਾਖਸ਼ ਆ ਸਕੇ,
ਮੈਂ ਹਮੇਸ਼ਾ ਕੋਲ ਰੱਖਾਂ ਆਸ਼ਾ ਦੀ ਤਲਵਾਰ ਨੂੰ।

ਕੁਝ ਪਲਾਂ ਦੇ ਵਿੱਚ ਤੂੰ ਇਸ ਦੇ ਨਾਲ ਖੁਦ ਸੜ ਜਾਣਾ ਹੈ,
ਦਿਲ ਦੇ ਵਿੱਚੋਂ ਕੱਢ ਦੇ ਯਾਰਾ, ਘਿਰਣਾ ਦੇ ਅੰਗਾਰ ਨੂੰ।



ਮਹਿੰਦਰ ਸਿੰਘ ਮਾਨ

* * * * * * *

## ਢਹਿਣ ਲੱਗੀ ਲੰਕਾ ?

ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268



ਸੁਣਦੇ ਆਏ ਸਾਂ ਵਰ੍ਹਿਆਂ ਤੋਂ ਗੱਲ ਏਹੋ
ਆਗੂ ਕਈ ਦਮਗਜੇ ਇਹ ਮਾਰਦੇ ਰਹੇ।
'ਦਲ' ਮੁਕਤ ਕਰਾਉਣਾ ਐਂ ਬਾਦਲਾਂ ਤੋਂ
ਗੱਲੀਂ ਬਾਤੀਂ 'ਗੁਲਾਮੀ' ਉਤਾਰਦੇ ਰਹੇ।
ਸਰਬ ਹਿੰਦ-ਸੰਯੁਕਤ ਦਲ ਸਾਜ ਕੇ ਜੀ
ਸਿੱਖ ਭਾਈਆਂ ਤਾਈਂ ਪੁਚਕਾਰਦੇ ਰਹੇ।
ਏਧਰ ਓਧਰ ਘੁਮਾਇ ਕੇ 'ਖੋਤੀਆਂ' ਨੂੰ
ਉਸੇ ਬੋਹੜ ਥੱਲੇ ਆ ਖਲਿਹਾਰਦੇ ਰਹੇ।
ਅਰਸ਼ੋਂ ਫਰਸ਼ 'ਤੇ ਆ ਡਿਗੀ ਪਾਰਟੀ ਏ
ਡੂੰਘੀ ਹੋਰ ਪਤਾਲ਼ ਵਿਚ ਲਹਿਣ ਲੱਗੀ।
'ਲੰਕਾ' ਢੱਠੀ ਨਾ ਕਿਸੇ ਤੋਂ ਬਾਦਲਾਂ ਦੀ
ਘਰ ਦੇ ਭੇਤੀਆਂ ਹੱਥੋਂ ਹੁਣ ਢਹਿਣ ਲੱਗੀ!

* * * * * * * * *

ਲੇਖਿਕਾ
ਬਲਵਿੰਦਰ ਕੌਰ ਚਾਹਲ (ਸਾਊਥਾਲ)



# ਜਾ ਤੂੰ ਮੇਰੇ ਵੱਲ ਹੈਂ

ਕੀ ਅਸੀਂ ਉਹਦੇ ਵੱਲ ਹਾਂ, ਮੈਂ ਆਪਣੀ ਗੱਲ ਕਰ ਸਕਦੀ ਹਾਂ, ਅਸੀਂ ਤਮਾਂ, ਲੋਭ, ਲਾਲਚ ਵਿੱਚ ਇੰਨੇ ਗ੍ਰਸੇ ਹਾਂ ਕਿ ਹਰ ਜਰਿਆਸੂ ਜੀਵ ਇਸੇ ਪੰਧ 'ਤੇ ਹਨ, ਧਰਮ ਧੁਰਾ ਹੁੰਦਾ ਸੀ ਵੱਸਰ ਲਈ, ਹੁਣ ਤਾਂ ਸਭ ਉੱਥਲ ਪੁੱਥਲ ਹੈ, ਸਮਾਜੀ ਸੁਰਾਂ ਹੀ ਬਦਲਗੀਆਂ, ਇਕ ਕਹਾਵਤ ਕਿ ਮਾਈ ਕਹਿੰਦੀ ਉੱਠ ਪੁੱਤ ਸ਼ਾਮ ਕੁਰੇ ਰਾਮ ਭਜਨ ਦਾ ਵੇਲਾ, ਉੱਤਰ ਬੇਬੇ ਮੇਰਾ ਮੱਝੀਆਂ ਨੂੰ ਦਾਣਾ ਪਉਣ ਦਾ ਵੇਲਾ, ਯਾਨੀ ਕਿਰਤ, ਦਯਾ, ਕਿਸੇ ਦੇ ਕੰਮ ਆਉਣਾ ਤੇ ਸਹਾਰਾ ਬਨਣਾ ਰਾਮ ਭਜਨ ਹੀ ਹੁੰਦਾ ਹੈ, ਬੈਠ ਕੇ ਨਾਮ ਜਪੋ ਤਾਂ ਕੋਈ ਉਮਰ ਜਾਂ ਬੀਮਾਰ ਠਮਾਰ ਲਈ ਹੈ, ਕੰਮ ਕਾਰਾਂ ਵਾਲੇ ਲਈ ਉਹੀ ਰਾਮ ਹੈ! ਕਿਰਤ ਕਰੋ ਤਾਂ ਨਾਮ ਜਪੋ ਫੇਰ ਕਮਾਈ ਵਿੱਚੋਂ ਵੰਡ ਕੇ ਛਕਣਾ ਨਾ ਕਿ ਵਿਹਲੇ ਫਿਰੋ ਤੇ ਨਾਮ ਭਜੋ, ਜੋ ਅੱਜ ਤਾਂ ਸਿੱਖਾਂ ਵਿੱਚ ਇਹੀ ਧਰਮ ਹੈ! ਸੱਚ ਜਾਣਿਓ ਜਦੋਂ ਸਿੱਖ ਆਖਣ ਹੋਇ ਇਕੱਤਰ ਮਿਲੋ ਮੇਰੇ ਭਾਈ, ਪਰ ਇਕੱਤਰਤਾ ਵਿੱਚ ਬੈਠੇ ਇਕ ਦੂਜੇ 'ਤੇ ਗੋਲ੍ਹੇ ਦਾਗਦੇ ਨੇ ਤਾਂ ਮਨ ਦੁਬਿਧਾ ਵਿੱਚ ਆ ਜਾਂਦਾ ਕਿ ਅਸੀਂ ਗੁਰੂ ਗ੍ਰੰਥ ਜੀ ਜਾਗਤ ਗੁਰੂ ਜੀ ਹਾਜ਼ਰ ਨਾਜ਼ਰ ਤਾਂ ਫੇਰ ਸਾਹਮਣੇ ਝੂਠ ਤੇ ਮੱਕਾਰੀ, ਧਰਮ ਹੈ? ਮੈਨੂੰ ਨਹੀਂ ਪਤਾ ਹੋਰ ਧਰਮਾਂ ਵਿੱਚ ਭੀ ਐਸਾ ਹੈ ਪਰ ਸਾਡੇ ਤਾਂ ਹੁਣ ਇਹ ਇਕ ਆਮ ਜਿਹੀ ਪ੍ਰਥਾ ਬਣ ਚੁੱਕੀ ਹੈ ਕੀ ਇਹ ਕੋਈ ਵਿਦ-ਵਾਨ ਪ੍ਰਚਾਰਕ ਹੈ ਜੋ ਵਿਚਾਰੇ ਤੇ ਉਪਦੇਸ਼ ਦੇਵੇ ਕਿ ਇਹ ਧਰਮ ਧੁਰਾ ਨਹੀਂ ਹੈ ਪਰ ਸਭ ਏਕ ਹੀ ਬਣ ਗਏ ਕਾਰਨ ਸੋਧਾ ਲਉਣੇ ਟਿੱਡੀ ਦਲ ਬਣ ਬੈਠੇ ਹਨ ਤਾਂ ਡਰਦਾ ਕੌਣ ਅੱਗੇ ਆਵੇ ਪਰ ਜਦੋਂ ਵਡੇਰੀ ਅਵਸਥਾ ਹੋ ਜਾਵੇ ਤਾਂ ਮੇਰੀ ਤਰ੍ਹਾਂ ਮਰਨ ਦਾ ਡਰ ਨਹੀਂ ਸਗੋਂ ਜੀਵਨ ਪ੍ਰਣਾਲੀ ਵਿੱਚ ਕੀਤੇ ਕਈ ਕਰਮ ਚੇਤੇ ਕਰ ਖਿਮਾਂ ਜਾਚਨਾ ਹੈ। ਸੋਧ ਭੀ ਦੇਣ ਤਾਂ ਆਪ ਭੁਗਤਣਗੇ ਆਪਾਂ ਤਾਂ ਜਾਣਾ ਹੀ ਹੈ ਅਗੇਤਾ ਪਛੇਤਾ ਮੇਰਾ ਮੰਨਣਾ ਹੈ ਕਿ ਜਿਹੜੇ ਭੀ ਸਿੱਖ ਜਾਂ ਅਦਾਰੇ ਮਾਨਵ ਹੱਤਿਆਰਿਆਂ ਨੂੰ ਸਨਮਾਨਦੇ ਹਨ ਸਭ ਭਰਨਗੇ, ਧਰਮ ਇਹ ਨਹੀਂ ਸਿਖਾਉਂਦਾ ਇਹ ਅਸਲ ਵਿੱਚ ਧਰਮੀ ਹਨ ਹੀ ਨਹੀਂ ਸਗੋਂ ਅਧਰਮੀ ਸੀ, ਹੁਣ 84 ਦੀ ਲਹਿਰ ਦਾ ਮਖੌਟਾ ਪਾ ਸਿੱਖ ਨੇਤਾ ਬਣ ਗਏ ਤਾਂ ਮੈਂ ਉਸ ਲਹਿਰ ਦੀ ਦਿਲੋਂ ਵਿਰੋਧੀ ਹਾਂ ਕੋਈ ਪ੍ਰਾਪਤੀ ਨਹੀਂ ਸਗੋਂ ਆਪੱਤੀਆਂ ਅੰਤਾਂ ਦੀਆਂ, ਹਾਂ ਰੋਟੀ ਪਾਣੀ ਜਰੂਰ ਵਿਦੇਸ਼ੀ ਚੋਖਾ ਮਿਲ ਗਿਆ ਤੇ ਨਾਲ ਇਹ ਚਤੁਰਾਈ ਬਹੁਤੀ ਸਿੱਖ ਲੀ, ਸਥਿਤੀ ਇਹ ਹੈ ਕਿ ਸਾਧਾਰਨ ਇਨ੍ਹਾਂ ਦਾ ਹਾਮੀ ਨਹੀਂ ਕੇਵਲ ਇਸ ਲਹਿਰ ਵਿੱਚ ਬਾਹਰ ਆਏ ਗੁਰੂ ਘਰਾਂ 'ਤੇ ਕਾਬਜ਼ ਹੋ ਗਏ ਉਹੀ ਹਨ ਤੇ ਅੱਜ ਧਰਮ ਦਾ ਹਾਲ ਦੇਖ ਲਵੋ, ਲੋਕੀ ਸਾਰੇ ਹੀ ਬੇਦਿਲ ਹੋਏ ਪਏ ਨੇ।

**ਗਰੇਵਜ਼ੈਡ ਗੁਰੂ ਘਰ ਦਾ ਕਾਂਡ**: ਦੁਹਾਈ ਚੈਨਲਾਂ 'ਤੇ ਜੀ ਮੰਦਭਾਗੀ ਘਟਨਾ ਵਲੂੰਧਰੇ ਗਏ ਪਰ ਕੋਈ ਭੀ ਦਿਲ ਫੇਲ੍ਹ ਹੋਣ ਦੀ ਖ਼ਬਰ ਤਾਂ ਸੁਣੀ ਨੀ, ਪੰਜਾਬ ਤੋਂ ਸੁਣ ਸੁਣ ਸੋਸ਼ਲ ਮੀਡੀਏ ਨੇ ਵਿਦੇਸ਼ੀ ਲੈ ਆਏ, ਬੁਰਾ ਨਾ ਮਨਾਇਉ ਇਹ ਤਾਂ ਵਿਰੋਧੀ ਪ੍ਰਸਿੱਧੀ ਹਾਸਲ ਕਰਨ ਲਈ ਘੜਦੇ ਨੇ ਹੁਣ ਪਤਾ ਤਾਂ ਕਿਸੇ ਨੂੰ ਹੈ ਨਹੀਂ ਕਿ ਉਹ ਮੁੰਡਾ ਕੌਣ ਹੈ ਕਿਉਂ ਤੇ ਕਿਵੇਂ ਅੰਦਰ ਗਿਆ, ਕੀ ਭੇਜਿਆ ਜਾਂ ਆਪੇ, ਕੀ ਨੰਗ ਸਿਰ ਕਰਕੇ ਫੜ ਕੇ ਕੁੱਟਣ ਲੱਗ ਪਏ? ਕੀ ਉਹਨੇ ਕੁੱਟਣ ਤੋਂ ਪਹਿਲਾਂ ਕੋਈ ਅਵੱਗਿਆ ਕੀਤੀ, ਹਾਂ ਕੁੱਟਣ ਕਰਕੇ ਕਿਰਪਾਨ ਬਚਾਅ ਲਈ ਭੀ ਚੁੱਕੀ ਹੋ ਸਕਦੀ ਹੈ, ਬਾਹਰ ਨੂੰ ਕਿਉਂ ਭੱਜਿਆ, ਕੁੜੀਆਂ ਦੇ ਕਿਰਪਾਨ ਭੱਜੇ ਜਾਂਦੇ ਤੋਂ ਆਪਣੇ ਵੱਲ ਨੂੰ ਕਿਧਰੇ ਕੋਈ ਹਮਲੇ ਦੇ ਡਰ ਤੋਂ ਨਹੀਂ ਸੀ, ਸਾਰੇ ਪ੍ਰਸ਼ਨ ਹਨ ਜੋ ਮੁਕੱਦਮੇ ਵਿੱਚ ਬਾਹਰ ਆਉਣਗੇ, ਹਾਲੇ ਤਾਂ ਪੁਲਸ ਨੇ ਕੇਵਲ ਇਕ ਪਾਸੜ ਤੇ ਨਾਲੇ ਸ਼ਸ਼ਤਰ ਨਾਲ ਫੜੇ ਕਰਕੇ ਕੇਸ ਦਰਜ ਹੈ, ਮੁੰਡਾ ਨਾਬਾਲਗ ਹੈ, ਜਾਣਕਾਰੀ ਨਸ਼ਰ ਨਹੀਂ ਹੋ ਸਕਦੀ, ਇਕ ਇੰਕਸ਼ਾਫ ਕਰ ਦੇਵਾਂ ਮੈਂ ਮੁੰਡੇ ਨੂੰ ਜਾਣਦੀ ਨਹੀਂ, ਇਹ ਕੇਸ ਦਾ ਦੂਜਾ ਪਾਸਾ ਲਿਖ ਰਹੀ ਹਾਂ ਮੈਂ ਡਿਫੈਂਸ ਕਾਨੂੰਨ ਦੀ, ਮੇਰੇ ਪਤੀ ਭੀ ਅਸੀਂ ਕ੍ਰਿਮੀਨਲ ਤੇ ਡਿਫੈਂਸ ਕਾਨੂੰਨ ਦੇ ਹੀ ਸ਼ਿਸ਼ ਸੀ, ਤਾਂ ਮਨ ਉਸ ਧਾਰਾ ਦਾ ਬਣ ਜਾਂਦਾ ਹੈ। ਜੇਕਰ ਮੈਂ ਵਕੀਲ ਹੋਵਾਂ ਤਾਂ ਇਹ ਪੱਖ ਨਾਲ ਲੜਾਂ ਸੋ ਮੇਰੀ ਲਿਖਤ ਨੂੰ ਇਸ ਵਿਚਾਰਧਾਰਾ ਨਾਲ ਪੜ੍ਹਿਆ ਜਾਵੇ ਪਰ ਇਹ ਭੀ ਸ਼ੱਕ ਨਹੀ ਕਿ ਮੈਂ ਗੁਰੂ ਘਰਾਂ ਦੇ ਪ੍ਰਬੰਧਾਂ ਵਿੱਚ ਸ਼ਸਤਰ ਪ੍ਰਦਰਸ਼ਨੀ ਸਾਹਮਣੇ ਰੱਖਣੇ ਕੋਈ ਬੰਦਿਸ਼ ਨਹੀਂ, ਫੇਰ ਗੁਰਦੁਆਰੇ ਤੜਕੇ 2.30 ਵਜੇ ਖੋਲ੍ਹਣੇ ਤੇ ਬਹੁਤੀ ਸੇਫਟੀ, ਸਕਿਊਰਿਟੀ ਜਾਂ ਪੁਖਤਾ ਪ੍ਰਬੰਧ ਨਹੀਂ ਹੁੰਦੇ ਤੇ ਇਹਨੂੰ ਧਰਮ ਪਸਾਰਾ ਪ੍ਰਚਾਰਨਾ ਅੱਜ ਦੇ ਵਾਤਾਵਰਣ ਵਿੱਚ ਮਨਜ਼ੂਰ ਨਹੀਂ ਹੋਣੇ ਚਾਹੀਦੇ, ਕੁਝ ਵਰ੍ਹੇ ਪਹਿਲਾਂ ਸਾਡੇ ਗੁਰ-ਦੁਆਰੇ ਸ਼ਸਤਰਾਂ ਦੀ ਕੰਪਨੀ ਨੇ ਚਾਂਦੀ ਵਾਂਗੂੰ ਚਮਕਦੇ ਪਤਾ ਨਹੀਂ ਕਿੰਨੇ ਕੁ ਲਿਆ ਕੇ ਗੁਰੂ ਗ੍ਰੰਥ ਦੇ ਮੂਹਰੇ ਸਜਾ ਦਿੱਤੇ (ਨੰਗੇ) ਮੈਂ ਇਤਰਾਜ਼ ਕੀਤਾ ਤਾਂ ਜੀ ਇਹ ਗੁਰੂ ਦੇ ਹਨ, ਯਾਨੀ ਇਹ ਵਪਾਰੀ ਲੋਕ ਹਰ ਢੰਗ ਨਾਲ ਪੈਸਾ ਕਮਾਉਣ ਨੂੰ ਧਾਰਮਿਕ ਸੇਵਾ ਦੱਸਦੇ ਹਨ, ਅਣਗਿਣਤ ਹੀ ਗੁਰਦੁਆਰੇ ਚਰਚਾਂ ਦੀ ਰੀਸ ਹੈ ਨਾਲੇ ਪੁੰਨ-ਫਲੀਆਂ ਪ੍ਰਬੰਧਕਾਂ ਦਾ ਜੋਰ।

**ਕੈਨੇਡਾ ਵਿੱਚ ਦਿਲਜੀਤ ਦੁਸਾਂਝ ਦੀ ਧਾਂਕ**: ਕੋਈ ਸ਼ੱਕ ਨਹੀਂ ਕਿ ਉਹਨੇ ਸਿੱਖ ਦਿੱਖ ਤੇ ਪੱਗ ਦੀ ਪ੍ਰਸਿੱਧੀ ਲਈ ਪਹਿਲ ਕਦਮੀ ਵਿੱਚ ਨਾਮਣਾ ਖੱਟਿਆ, ਹੁਣ ਉਹਨੂੰ ਕਿਸੇ ਭੀ ਧਿਰ ਦੀ ਲੋੜ ਨਹੀਂ ਉੱਚੇ ਚੜਨ ਲਈ, ਜੋ ਵਿਵੇਲਾ ਹੈ ਉਹ ਦਿਲਜੀਤ ਲਈ ਨਹੀਂ ਕੈਨੇਡੇ ਦੇ ਪ੍ਰਧਾਨ ਮੰਤਰੀ ਟਰੂਡੋ ਦੀ ਕੁਝ ਸ਼ਾਖ ਡਿੱਗਣ ਲੱਗੀ ਕਰਕੇ, ਉਹਨੇ ਤਾਂ ਸਹਾਰਾ ਲਿਆ ਹੋ ਸਕਦਾ ਹੈ, ਨਾਲੇ ਉਹਨੂੰ ਭਾਰਤ ਨਾਲ ਭਿੜਨ ਦਾ ਮੋਕਾ ਭੀ ਮੰਨਿਆ ਜਾ ਸਕਦਾ ਹੈ ਭਾਵੇਂ ਉਹ ਪੰਜਾਬੀ ਗੀਤ ਭੰਗੜੇ ਦਾ ਸ਼ੋਕੀਨ ਤਾਂ ਬੜੀ ਦੇਰ ਪਹਿਲਾਂ ਭਾਰਤ ਫੇਰੀ 'ਤੇ ਨੱਚਣ ਲੱਗ ਗਿਆ ਸੀ, ਪਰ ਭਾਰਤ ਦਾ ਆਪਣਾ ਪੱਖ ਹੈ ਪਰ ਖਹਿ ਖਹਿ ਮਰਨ ਵਾਲੀ ਕਹਾਣੀ ਫਜ਼ੂਲ ਹੈ, ਜੋ ਭੀ ਹੋਵੇ ਦਿਲਜੀਤ ਦੀ ਰੀਸ ਭਾਵੇਂ ਕੋਈ ਕਰ ਲਵੇ ਹੁਣ ਇਹ ਬਰੈਕਿਟ ਬੰਦ ਹੈ ਕੋਈ ਨਹੀਂ ਖੋਲ੍ਹ ਸਕਦਾ, ਸਿੱਧੂ ਮੂਸੇਵਾਲੇ ਦਾ ਭੀ ਮੁਕ-ਬਲਾ ਨਹੀਂ, ਉਹ ਸਿਆਸਤ ਵਿੱਚ ਭੀ ਗੁਲਤਾਨ ਸੀ ਸਭ ਨੂੰ ਢੁੱਚਰਾਂ ਭੀ ਟਿੱਚਰਾਂ ਭੀ ਤੇ ਤਾਹਨੇ ਭੀ, ਪਰ ਦਿਲਜੀਤ ਦੁਸਾਂਝ ਇਕ ਅੱਡਰੀ ਤਰ੍ਹਾਂ ਦਾ ਕਲਾਕਾਰ ਹੈ ਨਿਵੇਕਲਾ ਹੀ ਹੈ ਰਹੂਗਾ ਉਹਦਾ ਚਿਹਰਾ ਹੰਸੂ ਹੰਸੂ ਇਕ ਹੋਰ ਚਾਰ ਚੰਨ ਲੱਗਦਾ ਹੈ, ਰੱਬ ਸਦਾ ਚੜ੍ਹਦੀ ਕਲਾ ਵਿੱਚ ਹੀ ਰੱਖੇ। ਜਲੰਧਰ ਜਿਮਨੀ ਦੀ ਬਣਗੀ ਚਿਮਨੀ, ਭਗਵੰਤ ਮਾਨ ਦੀ ਕੀਤੀ ਭੰਡੀ ਸ਼ੀਤਲ ਅੰਗੂਰਾਲ ਵੱਲ ਕੁੱਬੇ ਦੇ ਲੱਤ ਵਾਂਗੂੰ ਰਾਸ, ਅੰਗੂਰਾਲ ਗਲਤੀ ਕਰਕੇ ਪਛਤਾਵਾ ਪਰ ਬੌਖਲਾ ਗਿਆ ਅੰਨਾ ਹੋਇਆ ਫਿਰੇ ਕਿ ਹੈ ਮੈਂ ਵਿਧਾਇਕ ਸੀ ਹਾਏ ਉਏ ਭਾਜਪਾ ਤੋਂ ਜਾ ਕੇ ਹੁਣ ਵਜ਼ੀਰੀ ਮੰਗੇ ਜਿੱਤ, ਸੀਟ ਸੀ ਹੀ ਐਮੇ ਨੀ ਜਿੱਤੀ, ਪਹਿਲਾਂ ਆਪ ਦੀ ਹੁਣ ਭਗਵੰਤ ਮਾਨ ਦਾ ਦਬਦਬਾ, ਕਾਂਗਰਸ ਹੰਕਾਰ ਗਈ ਸੀ, 7 ਐਮ.ਪੀ. ਤੇ ਕਿਸਾਨਾਂ ਦੀ ਥਾਪੀ ਪਰ ਇਸ ਖਿੱਤੇ ਵਿੱਚ ਵਸੋਂ ਹੋਰ ਫਿਰਕਿਆਂ ਦੀ ਹੈ, ਸਬਰ ਕਰੋ ਅਕਾਲੀ ਬਾਗੀ ਹੁਣ ਗੁਰਪ੍ਰਤਾਪ ਸਿੰਘ ਵਡਾਲਾ ਦਾ ਸਾਫ ਸੁਥਰਾ ਅਕਸ ਕਰਕੇ ਮੂਹਰੇ ਲਾ ਤਾ ਛੱਡਣਗੇ ਬੇੜੀਆਂ ਵਿੱਚ ਵੱਟੇ ਪਾ ਕੇ ਜੀ ਅਸੀਂ ਪਿੰਡ ਪਿੰਡ ਜਾ ਕੇ ਅਕਾਲੀ ਸੁਧਾਰੋ ਲਹਿਰ ਚਲਾਉਣੀ ਹੈ ਅਗਲੇ ਕਹਿੰਦੇ ਪਹਿਲਾਂ ਆਪ ਤਾਂ ਸੁਧਰੋ, ਬੀਬੀ ਜਗੀਰ ਕੌਰ ਜੋ ਜਸਟਿਸ ਰਣਜੀਤ ਸਿੰਘ ਬੋਲੇ ਕਿ ਪ੍ਰਧਾਨਗੀ ਮਿਲ ਜਾਂਦੀ ਤਾਂ ਸਭ ਸੋਨਾ ਹੁਣ ਪਿੱਤਲ, ਢੀਂਡਸਾ ਉਠ ਹੁੰਦਾ ਨੀ ਘੁਲ੍ਹਣ ਨੂੰ ਤਿਆਰ, ਚੰਦੂਮਾਜਰਾ ਤਾਂ ਅੰਦਰ ਸਿੱਟੋ ਨਹੀਂ ਤਾਂ ਗੱਸ਼, ਰਹੀ ਗੱਲ ਸੁਖਬੀਰ ਬਾਦਲ ਦੀ ਤਲਬੀ ਫੇਰ ਕੀ ਹੋ ਗਿਆ ਸਗੋਂ ਚੰਗਾ ਹੈ ਮੁੜ ਕੇ ਚੁੱਪ ਤਾਂ ਹੋਣਗੇ, ਨਾਲੇ ਹੁਣ ਲੋਕੀ ਸਭ ਆਖੀ ਤਾਂ ਜਾਂਦੇ ਨੇ ਕਿ ਬਾਗੀ ਤਾਂ ਮੋਕਾ ਪ੍ਰਸਤ ਨੇ, ਕਹਿੰਦੇ ਜੀ ਲੋਕ ਭਾਜਪਾ ਦੇ ਚੱਕੇ ਕਹਿੰਦੇ ਨੇ ਆਹ ਆਪ ਹੀ ਮਨਜੀਤ ਸਿੰਘ ਭੋਮਾ ਨੇ ਚੈਨਲ 'ਤੇ ਬੋਲ ਕੇ ਸਾਬਤ ਕਰਤਾ ਜਦੋਂ ਬੱਸ ਜੀ ਸੁਖਬੀਰ ਅਸਤੀਫਾ ਦੇਵੇ ਤਾਂ ਅਕਾਲੀ ਦਲ ਬਚੂ, ਭਾਈ ਤੈਨੂੰ ਭਾਜਪਾ ਨੇ ਦਿੱਲੀ ਕਮੇਟੀ ਤੋਂ ਦਰਬਾਰ ਸਾਹਬ ਬਠਾ ਤਾ ਜਦੋਂ ਸਵਾਲ ਪੁੱਛੇ ਤਾਂ ਸ਼ਤਾਨ ਦਿਮਾਗ ਆਖੇ ਜੀ ਮੈਂ ਤਾਂ ਧਰਮ ਪ੍ਰਚਾਰਕ ਹਾਂ, ਇਹ ਸਵਾਲ ਉਨ੍ਹਾਂ ਤੋਂ ਪੁੱਛੋ, ਦਿੱਲੀ ਕਮੇਟੀ ਨੂੰ ਤਾਂ ਕੰਮਾਂ ਕਾਰਾਂ ਕਰਕੇ ਭਾਜਪਾ ਕੋਲ ਜਾਣਾ ਪੈਂਦਾ ਹੈ, ਉਦੋਂ ਇਹ ਧਰਮ ਤੋਂ ਬਗੈਰ ਜਵਾਬ ਦੇ ਸਕਦਾ ਹੈ ਅਕਾਲੀ ਦਲ 'ਤੇ ਤੂਹਮਤਾਂ ਲਈ ਬੋਲਣ ਵੇਲੇ ਨੀ, ਧਰਮ ਪ੍ਰਚਾਰਕ ਮੱਕਾਰ ਕਿਹੋ ਜਿਹੇ ਹੁੰਦੇ, ਖ਼ਫਾ ਨਾ ਹੋਣਾ ਪਰ ਸੱਚਾਈ ਲਿਖ ਰਹੀ ਹਾਂ, ਸਿੱਖ ਜਗਤ ਦਾ ਦੁਖਾਂਤ ਕੀ ਹੈ ਅਸੀਂ ਜੀਹਦੇ ਰਸੀਏ ਬਣਦੇ ਹਾਂ, ਸਰਕਾਰ ਹੋਵੇ ਦੇਸ਼ ਹੋਵੇ ਉਹਦਾ ਕੋਈ ਔਗਣ ਨਹੀਂ ਚਿਤਾਰਦੇ, ਜੀਹਦੇ ਵੈਰੀ ਉਹਦਾ ਗੁਣ ਨਹੀਂ ਜਾਣਦੇ, ਹੋਰ ਭੀ ਤ੍ਰਾਸਦੀ ਹੈ ਕਿ ਅਸੀਂ ਸਿਰ ਤੇ ਪੈਰ ਦੋਨਾਂ ਦੀ ਮਹੱਤਤਾ ਨਹੀਂ ਸਮਝਦੇ ਬੱਸ ਸਿਰ ਨੂੰ ਹੀ ਵਰਤਦੇ ਹਾਂ ਪੈਰਾਂ ਨੂੰ ਕੇਵਲ ਭੱਜਣ ਨੱਠਣ ਲਈ ਹੀ ਰੱਖਦੇ ਹਾਂ, ਹਰ ਕੌਮ ਦਾ ਆਪਣਾ ਚਰਿੱਤਰ ਹੁੰਦਾ ਹੈ, ਤਵਾਰੀਖ ਦੇਖੋ ਤਬਕੇ ਤੇ ਦੇਸ਼ ਸਭ ਭਾਈਵਾਲੀਆਂ ਸਾਂਝਾਂ ਨਾਲ ਚੱਲਦੇ ਨੇ ਤਾਂ ਯੂਨਾਈਟਡ ਸਟੇਟ, ਯੂ.ਕੇ., ਰੂਸ ਦਾ ਭੀ ਪਰ ਅਸੀਂ ਤਾਂ ਆਪਣਾ ਗੋਗਾ ਹੀ ਗਉਣਾ ਉਚਿਤ ਮੰਨਦੇ ਹਾਂ, ਸਾਡੀ ਤਾਂ ਆਪਣੇ ਦੇਸ਼ ਵਿੱਚ ਭੀ ਇਹੀ ਸਥਿਤੀ ਹੈ, ਕਿਵੇਂ ਸੂਬੇ ਦੀ ਖੇਤਰੀ ਪਾਰਟੀ ਨਾਲ ਹੀ ਆਢਾ ਹੈ ਤਾਂ ਕੌਣ ਰਾਖਾ, ਹੋਰ ਭੀ ਵਿਚਾਰ ਸਾਂਝਾ ਕਰਾਂ, ਸੋਚੋ ਬਗੈਰ ਲਾਲਚ ਮਗਰ ਲੱਗ ਕੇ ਹੀ ਦੂਸਰੇ ਦੇ ਘਨੇੜੇ ਚੜ੍ਹਦੇ ਹਾਂ ਆਪਣਿਆਂ ਨੂੰ ਮਾਰਦੇ ਹਾਂ, ਹੁਣ ਇੰਗਲੈਂਡ ਦੀ ਹਾਲਤ ਦੇਖੋ ਸਾਰਾ ਭਾਰਤ ਕਾਂਗਰਸ ਟਰੇਡ ਯੂਨੀਅਨ ਤੇ ਲੇਬਰ ਪਾਰਟੀ ਖੱਬੀ ਤੇ ਸਭ ਇਹਦੇ ਸੇਵਕ, ਭਾਰਤੀ ਜਦੋਂ ਕਾਂਗਰਸ ਤੋਂ ਵੱਖਰੇ ਭਾਜਪਾ ਬਣੇ ਤਾਂ ਲੇਬਰ ਤੋਂ ਦੂਰੀ ਕਰਨ ਲੱਗੇ, ਟੋਰੀ ਬਣ ਗਏ, ਪਰ ਸਾਡੇ ਉਥੇ ਪ੍ਰਸਾਦਾ ਸੀ ਸਗੋਂ ਜਿੰਨਾ ਅੰਗ੍ਰੇਜ਼ਾਂ ਨੂੰ ਧਮਾਕੇ ਕਰ ਕਰ ਕੱਢਿਆ ਉਨ੍ਹਾਂ ਦੇ ਪਿੱਠੂ ਬਣਗੇ ਕਿਵੇਂ ਕੀ ਕੀ ਖੱਟਿਆ ਭੁੱਲ ਗਏ ਕਿ ਅਸੀਂ ਕੀ ਕੀਤਾ ਸੀ, ਹੁਣ ਕੈਨੇਡਾ ਦੀ ਰੀਸ ਪਾਰਲੀਮੈਂਟ, ਕੌਂਸਲ, ਰੋਇਲਟੀ ਲਈ ਝੋਲੀਆਂ ਅੱਡ ਅੱਡ ਮੂਹਰੇ। ਇਸ ਵਾਰੀ ਦੀ ਚੋਣ ਵਿੱਚ ਗਿਣਤੀ 11 ਕਰਲੀ ਹੁਣ ਵਿਲਕਦੇ ਨੇ ਜੀ ਸਾਨੂੰ ਮਨਿਸਟਰੀ ਨਹੀਂ ਦਿੱਤੀ, ਪ੍ਰੀਤ ਕੌਰ ਗਿੱਲ ਤੇ ਤਨਮਨ ਢੇਸੀ ਨੂੰ ਪੜਚੋਲ ਨਹੀਂ ਕਰਦੇ ਕਿ ਕਿਉਂ, ਇਹ ਤਾਂ ਸਾਰਾ ਸਮਾਂ ਸਿੱਖ ਮੁੱਦੇ ਉਹ ਭੀ ਪੰਜਾਬ ਦੇ ਹੀ ਚੁੱਕੀ ਫਿਰਦੇ ਨੇ ਜਾਂ ਫੇਰ ਜੀ ਬੈਚਰ ਦੇ ਪੇਪਰ ਕੱਢੋ, ਗਾਂਧੀ ਮਿੱਤਰਤਾ ਨਾਲ ਹਮਲਾ ਕਰਵਾਇਆ, ਪਾਰਟੀ ਕੋਈ ਭੀ ਹੋਵੇ ਆਪਣੇ ਦੇਸ਼ ਦੀ ਹਰਦਮ ਹੇਠੀ ਝਲਦੀ ਨੀ ਹੁੰਦੀ, ਉਹ ਸੋਚਦੇ ਨੇ ਇਨ੍ਹਾਂ ਕੀ ਪਤਾ ਕੱਲ੍ਹ ਨੂੰ ਸਾਡੇ ਨਾਲ ਭੀ ਕਰਨਗੇ, ਵਸਨੀਕ ਯੂ.ਕੇ. ਭਲਾ ਪੰਜਾਬ ਦਾ, ਸੀਮਾਂ ਜੋ ਕਿ ਹੰਸਲੋ ਤੋਂ ਚੁਣੀ ਹੈ ਕਦੀ ਕਿਸੇ ਵਿਵਾਦ ਵਿੱਚ ਨਹੀਂ ਆਉਂਦੀ ਬਣਾ ਤੀ ਅਗਲਿਆਂ ਹੁਣ ਕੀ ਸਾਰੀਆਂ ਪੋਸਟਾਂ ਸਿੱਖਾਂ ਨੂੰ ਨਾਲੇ ਜਿਹੜੀਆਂ ਖੁਫੀਆ ਵਿਭਾਗ ਦੀਆਂ ਰਿਪੋਰਟਾਂ ਨੇ ਗੁੱਝੀਆਂ ਨੀ ਹੁੰਦੀਆਂ ਕਿ ਕਿਵੇਂ ਇਹ ਭਾਰਤ ਵਿੱਚ ਖੋਰੂ ਖੜਦੰਭ ਕਿਸਾਨ ਸਾਲਾਂ ਬੱਧੀ ਹੀ ਵਿਹਲੇ ਸਰਕਾਰ ਦਾ ਪਿੱਟ ਸਿਆਪਾ ਕਰਦੇ ਨੇ ਤੇ ਇਹ ਵਸ਼ਿੰਦੇ ਵਿਦੇਸ਼ੀ ਪਰ ਮੱਦਦ ਉਨ੍ਹਾਂ ਦੀ ਭਾਵੇਂ ਸਰਕਾਰਾਂ ਖੁਸ਼ ਤਾਂ ਹੁੰਦੀਆਂ ਹਨ ਕਿ ਚਲੋ ਇਹ ਉਧਰ ਆਹਰੇ ਲੱਗੇ ਨੇ ਸਾਡਾ ਖਹਿੜਾ ਛੱਡਣ ਪਰ ਅੰਦਰੋ ਹਮਦਰਦੀ ਨਹੀਂ ਕਰਦੇ ਇਨ੍ਹਾਂ ਨੂੰ ਤਾਂ ਪਤਾ ਹੈ ਲੇਬਰ ਪਾਰਟੀ ਸਹਾਇਤਾ ਵਿੱਚ ਖੁਸ਼ ਹੁੰਦੀ ਹੈ, ਯੂਨੀਅਨ ਇਨ੍ਹਾਂ ਦੀਆਂ ਹੀ ਹਨ ਪਰ ਭੁੱਲੋ ਨਾ ਜੀਹਨੇ ਜਵਾਈ ਖਾਣੇ ਹਨ ਪਹਿਲਾਂ ਪੁੱਤ ਖਾਂਦੀ ਹੈ, ਅਸੀਂ ਤਾਂ ਚਾਮ੍ਹਲ ਕੇ ਬਹੁਤੇ ਹੀ ਦੜੰਗੇ ਮਾਰਦੇ ਹਾਂ, ਹੁਣ ਕਿਸਾਨ ਦਿੱਲੀ ਨੂੰ ਕੂਚ ਦਾ ਦਮਗਜਾ ਮਾਰਦੇ ਨੇ ਭਲਾ ਕੌਣ ਮੂਰਖ ਹੈ ਜੋ ਸਮਝਦਾ ਨਹੀਂ ਕਿ ਕਾਮਾਂ ਤਾਂ ਦਿਹਾੜੀ ਨੀ ਕੱਟਦਾ ਬਗੈਰ ਕਮਾਈ ਇਹ ਫੇਰ ਕਿਥੋਂ ਘਰ-ਬਾਰ ਛੱਡ ਉਥੇ ਟਿਕਦੇ ਨੇ, ਕੀ ਮਜ਼ਦੂਰ ਬੈਠ ਸਕਦੇ ਨੇ ਜਦੋਂ ਆਖ ਦੇਵੋ ਦਿਹਾੜੀਆਂ 'ਤੇ ਨੇ ਤਾਂ ਖ਼ਫਾ ਫੇਰ ਥੱਪੜ ਮਾਰਨ 'ਤੇ ਉਤਰਦੇ ਨੇ, ਸਰਕਾਰਾਂ ਬੜੀਆਂ ਡੂੰਘੀਆਂ ਨੇ ਦੇਖ ਲਵੋ ਪਹਿਲਾਂ ਤਾਂ ਅਕਾਲੀ ਮਾਰਨ ਨੂੰ ਅੰਮ੍ਰਿਤਪਾਲ ਉਭਾਰਿਆ ਹੁਣ ਸਰਬਜੀਤ ਸਿੰਘ ਮਲੋਆ (ਖਾਲਸਾ) ਬਰਾਦਰੀ ਇਕੋ ਹੀ ਹੈ ਦੂਜੇ ਭੀ ਹੁਣ ਭਰਾ ਦਾ ਨਸ਼ਾ-ਨਸ਼ਰ, ਹਾਲੇ ਹੋਰ ਦੇਖੀ ਜਾਇਉ,

**ਬਾਕੀ ਹਿਸਾ ਸਫਾ 46 ਤੇ ਪੜ੍ਹੋ** →

### 45 ਸਫ਼ੇ ਦੀ ਬਾਕੀ

ਪਰਿਵਾਰ ਨੂੰ ਭੀ ਬੜਾ ਭੂਤੀ ਪੰਗਾ ਲੱਗਿਆ ਸੀ, ਮਾਂ ਅੱਡ ਪਿਤਾ, ਚਾਚਾ ਤੇ ਨਾਲ ਬੀਬੀ ਜੀ ਖਾਲੜਾ ਰਲਾਈ ਜਾ ਰੱਲ੍ਹੀ, ਹੁਣ ਪਿਛਾਂਹ ਨੂੰ ਖਿਸਕਣਗੇ, ਕੇਵਲ ਉਹੀ ਨਾਲ ਰਹਿਣਗੇ ਜਿਹੜੇ ਹਾਲੇ ਕੁਝ ਡਾਕ ਵਿੱਚ ਹਨ, ਬਾਕੀ ਇੰਗਲੈਂਡ ਵਿੱਚ ਭੀ ਇਕ ਅੰਮ੍ਰਿਤਪਾਲ ਦਾ ਮੁਹਿੰਮ ਮੈਨੇਜਰ ਕਹਿੰਦਾ ਜੀ ਨਸ਼ੇ ਵਿੱਚ ਫੜੇ ਭਰਾ ਵਾਲੀ ਖ਼ਬਰ ਸੱਚੀ ਨਾ ਮੰਨਿਉ, ਜੇਕਰ ਇਹੋ ਜਿਹੀ ਖ਼ਬਰ ਅਕਾਲੀ ਦਲ ਦੀ ਹੋਵੇ ਤਾਂ ਆਖਣਗੇ ਸੱਚ ਹੈ ਜੀ ਪਰ ਇਨ੍ਹਾਂ ਲਈ ਝੂਠਾ ਕੇਸ ਹੈ ਜੀ।

**ਮੇਰੇ ਬਾਪ ਦਾ ਜਵਾਈ ਨੀ ਬੜਾ ਜੁਗਤੀ,** ਭਗਵੰਤ ਮਾਨ ਦੀ ਪਤਨੀ ਡਾਕਟਰ ਗੁਰਪ੍ਰੀਤ ਕੌਰ ਬਦਨ ਦੀ ਤਾਂ ਪਹਿਲਾਂ ਹੀ ਭਾਰੀ ਹੀ ਹੈ, ਹੁਣ ਤਾਂ ਕੁੱਪਾ ਬਣ ਜੂ ਕਿ ਮੇਰੇ ਪਤੀ ਵਿੱਚ ਕਿੰਨੀਆਂ ਜੁਗਤਾਂ ਹਨ ਕਿਵੇਂ ਜਲੰਧਰ ਚੋਣ ਵਿੱਚ ਰੰਗ ਲਾ ਤਾ ਭਾਵੇਂ ਇਹ ਸੀਟ ਪਹਿਲਾਂ ਭੀ ਆਪ ਦੀ ਸੀ, ਪਰ ਹੁਣ ਇੰਨੀ ਦੁਹਾਈ ਤੋਂ ਕੋਈ ਅਸਰ ਨਾ ਹੋਇਆ ਜਿਹੜੀ ਰਾਮ ਦੁਹਾਈ ਸ਼ੀਤਲ ਅੰਗੂਰਾਲ ਨੇ ਪਾਈ ਬੁਖਲਾਹਟ ਆ ਕੇ ਸਭ ਦਾ ਉਲਟਾ ਅਸਰ ਹੋਇਆ ਉਹ ਭੀ ਤਾਂ ਬੋਂਦਲਿਆ ਫਿਰਦਾ ਸੀ, ਗਲਤੀ ਕਰ ਬੈਠਾ ਹੁਣ ਸਹਾਰ ਨਹੀਂ ਹੋਇਆ ਕਿ **ਮੈਂ ਵਿਧਾਇਕੀ ਗੁਆ ਲਈ ਹਾਏ ਉਏ ਨਿਆਣੇ ਨੂੰ ਦੁੱਧ ਦੀ ਥਾਂ ਚੁੰਘਣੀ ਦੇ ਕੇ ਵਗ ਦਿਉ ਵਾਲੀ ਗੱਲ ਸਿੱਖਾਂ ਨਾਲ ਹੈ** ਹੁਣ ਭਾਜਪਾ ਨੇ ਬਾਗੀ ਧੜਾ ਚੱਕ ਤਾ ਬਈ ਅਕਾਲ ਤਖ਼ਤ ਦੇ ਜਥੇਦਾਰ ਨੂੰ ਪਾਉ ਮਗਰ ਸੁਖਬੀਰ ਦੇ ਭਲਾ ਦੱਸੋ ਕੀ ਬਾਗੀ ਢੀਂਡਸਾ ਹੋ ਕੇ ਕੀ ਖੱਟ ਕੇ ਆਇਆ, ਪਹਿਲਾਂ ਦੇ ਇਤਿਹਾਸਕ ਤੱਥ ਫਰੋਲੋ ਬੱਸ ਇਕ ਤਾਂ ਬਦਨਾਮੀ ਦੂਜੀ ਕੌਮੀ ਫੁੱਟ ਲਾਹਾ ਵਿਰੋਧੀ ਪਰ ਇਹ ਪੰਥ ਹੈ ਸਾਡਾ ਸਭ ਤੋਂ ਵੱਧ ਦੋਖੀ ਕਿਸਾਨ ਆਗੂ ਨੇ ਪੰਜਾਬ ਦੇ ਹੀ ਨਹੀਂ ਵਿਦੇਸ਼ਾਂ ਵਿੱਚ ਵੱਸਦੇ ਜਿਨ੍ਹਾਂ ਨੇ ਜਮੀਨਾਂ ਕੋਠੀਆਂ ਨਹੀਂ ਵੇਚੀਆਂ ਦੇ ਨਾਂ ਤਾਂ ਸਾਨੂੰ ਕੋਈ ਹਾਲ੍ਹਾ ਮਾਮਲਾ ਪੂਰਾ ਨਾ ਫੇਰ ਮਿਲਦਾ ਹੀ ਹੈ ਮਿੰਨਤਾਂ ਕਰਦੇ ਹਾਂ ਪਰ ਕੋਈ ਨੀ ਦਿੰਦਾ, ਇਹ ਆਗੂ ਮੋਟੇ ਜੱਟ ਨੇ ਬਾਕੀ ਤਾਂ ਇਹ ਝੂਠ ਬੋਲਕੇ ਵਾਹੀਕਾਰਾਂ ਨੂੰ ਕਿਸਾਨ ਬਣਾ ਕੇ ਆਪਣੀਆਂ ਪਦਵੀਆਂ ਪੱਕੀਆਂ ਕਰਦੇ ਨੇ ਇਹ ਤਾਂ ਧਰਨੇਕਾਰੀ ਝੂਠ ਦੀ ਯੂਨੀਵਰਸਿਟੀ ਨੇ ਸੁਆਮੀਨਾਥਨ ਰਿਪੋਰਟ ਇਨ੍ਹਾਂ ਲਈ ਹੈ ਪੰਜ ਸੱਤ ਦੱਸ ਕਿਲੇ ਵਾਲੇ ਪੇਂਡੂ ਕਿਸਾਨਾਂ 'ਤੇ ਤਾਂ ਲਾਗੂ ਹੀ ਨਹੀਂ ਹੁੰਦੀ ਉਨ੍ਹਾਂ 'ਤੇ ਤਾਂ ਕਾਲੇ ਕਾਨੂੰਨ ਲਾਹੇਬੰਧ ਸਨ ਇਨ੍ਹਾਂ ਨੇ ਚਲਾਕੀ ਨਾਲ ਹਟਵਾਏ, ਜਿਹੜੇ ਤਾਂ ਜੱਟ ਵੇਚ ਵੱਟ ਕੇ ਸੁਰਖਰੂ ਹੋ ਆਏ ਉਹ ਤਾਂ ਚਟਕਾਰੇ ਲਾ ਕੇ ਕਿਸਾਨ ਸੰਘਰਸ਼ ਦੇ ਹਾਮੀ ਬਾਕੀ ਦਾਣੇ ਚੱਬਦੇ ਨੇ ਵਿਚਾਰੇ, ਚਟਕੀਲੀਆਂ ਲਾ ਲਾ ਕੇ ਜੀ ਅਕਾਲੀ ਦਲ ਪਾਣੀਆਂ ਦਾ, ਨਹਿਰ ਦਾ, ਰਾਜਧਾਨੀ ਦਾ ਮੁੱਦਾ ਚੁੱਕੇ, **ਕੀ ਗੱਲ ਕਾਂਗਰਸ, ਆਪ ਦੇ ਤੰਦੂਆ ਪਿਆ, ਬੋਲ ਨੀ ਸਕਦੇ** ਕਿਉਂ ਨਾ ਚੁੱਕਣ, ਅਕਾਲੀ ਦਲ ਨੂੰ ਤੁਹਾਡੇ ਬੁੜ੍ਹੇ ਨੇ ਜਜਮਾਨ ਬਣਾਇਆ ਹੋਇਆ ਨਿਉਂਦੇ ਦਿੰਦਾ ਹੈ, ਉਹ ਆਪਣੇ ਬਲਬੂਤੇ ਦੇ ਸਿਰ 'ਤੇ ਖੜ੍ਹੇ ਹਨ ਕੋਈ ਏਜੰਸੀ ਤੋਂ ਖੱਟੀ ਨਹੀਂ ਲੈਂਦੇ ਕਾਂਗਰਸ ਨੂੰ ਮਾਲੀ ਸਹਾਇਤਾ ਦਿੱਲੀ ਦੀ ਆਪ ਨੂੰ ਭਾਜਪਾਈਆਂ ਨੂੰ ਸੈਂਟਰ ਦੀ, **ਖਾਣ ਪੀਣ ਨੂੰ ਬਾਂਦਰੀ ਡੰਡੇ ਖਾਣ ਨੂੰ ਰਿੱਛ, ਇਹ ਚਤੁਰ ਸਿਆਸਤੀਆਂ ਦੇ ਕੰਮ ਹੁੰਦੇ ਹਨ।**

**ਮਾਰ ਬਿਸ਼ਨੀਏ ਗੋੜਾ** ਕਾਂਗਰਸ ਤਾਂ ਉਧ੍ਰਰੀ ਪਈ ਹੈ ਸਤਾ ਲਈ ਕਿਸਾਨਾਂ ਨੇ ਤਾਂ ਟਿੱਕਣਾ ਨਹੀਂ ਉਨੀ ਦੇਰ ਜਦੋਂ ਤੱਕ ਕੇਂਦਰ ਤੇ ਪੰਜਾਬ ਵਿੱਚ ਰਾਜ ਨਹੀਂ ਹੁੰਦਾ, ਭਾਜਪਾ ਦੇ ਬਿੱਛੂ ਬੂਟੀ ਲੜ ਰਹੀ ਹੈ ਆਪ ਨੂੰ ਕਿਰਿਆ ਕਰਮ ਦੀ, ਪੰਜਾਬ ਵਿੱਚ ਅਕਾਲੀ ਦਲ ਚਟਮ ਕਰਨ ਦੀ, ਪਰ ਪ੍ਰਭੂ ਦੀ ਮਾਰ ਦਾ ਪਤਾ ਨਹੀਂ ਹੁੰਦਾ ਕਦੋਂ ਪੈ ਜਾਵੇ ਪਲਟੂ ਕੁਮਾਰ ਦਾ ਆਸਰਾ ਹੈ ਉਹਦੇ ਪੱਤੇ ਲਕੋ ਕੇ ਰੱਖੇ ਹੁੰਦੇ ਹਨ, **ਰੱਬ ਨਾ ਕਰੇ ਜੇ ਚਲਾ ਜਾਵੇ ਤੂੰ ਵੀ ਛੱਡ ਕੇ**, ਇਧਰ ਸਿੱਖਾਂ ਵਿੱਚ ਤਾਂ ਹੁਣ ਸ਼੍ਰੇਣੀਆਂ, ਜਾਤੀਵਾਦ, ਆਪਣੇ ਆਪਣੇ ਮਹਾਨ ਬੰਦੇ ਪੂਜਣ ਦੀ ਦੌੜ, ਸ਼੍ਰੋਮਣੀ ਕਮੇਟੀ ਵਿੱਚ ਗਲ੍ਹਬਾ ਬੱਸ ਤੌਬਾ ਹੈ ਇਥੇ ਇਕ ਅੰਬਰ ਤੋਂ ਚੱਲਦਾ ਚੈਨਲ ਤੇ ਦੋਂ ਦੀ ਤਾਂ ਭਸੂੜੀਆਂ ਪਉਣ ਦੀ ਡੰਡੀ ਹੈ ਦੋਨੋ ਹੀ ਪੇਂਡੂ ਹਨ ਨਹੀਂ ਪਰ ਸਾਰਾ ਦਿਨ ਅਕਾਲੀ ਦਲ ਦੇ ਵਿਰੋਧ ਵਿੱਚ ਵਿਆਕੁਲ ਆਪਣੀ ਤਾਂ ਇਨ੍ਹਾਂ ਦੀ ਬਰਾਦਰੀ ਦੀ ਕੋਈ ਦੇਣ ਹੈ ਨਹੀਂ, ਟੱਪ ਕੇ ਮੂਹਰੇ ਜਰੂਰ ਹੀਣਤਾ ਆਉਂਦੀ ਨੀ ਕਿ ਸਾਰਾ ਦਿਨ ਆਹ ਅਪੀਲ ਔਹ ਅਪੀਲ, ਦੋ ਚੈਨਲ ਹੀ ਬੀਮਾਰ, ਕੋਠੇ ਢਹੇ, ਕੁੜੀਆਂ ਦੇ ਵਿਆਹ, ਕੈਦੀਆਂ ਦੇ ਵਸੇਬੇ, ਦਿੱਲੀ ਦਾ ਧੁਤੂ ਵਣਜਾਰੇ ਸਿੱਖਾਂ ਦਾ ਮਸੀਹਾ ਹੈ! ਦਿੱਲੀ ਦੇ ਤਾਂ ਕਿਸੇ ਭੀ ਐਸੇ ਬੁਲਾਰੇ ਦਾ ਭਰੋਸਾ ਨਾ ਕਰੋ, ਸੁਹਿਰਦ ਨਹੀਂ ਹਨ ਪੰਜਾਬ ਦੇ ਆਪਣੇ ਹਿੱਤਾਂ ਲਈ ਪੰਜਾਬ ਨੂੰ ਵਰਤਦੇ ਨੇ ਰਹੀ ਗੱਲ ਕਿਸਾਨ ਅੰਦੋਲਨ ਵਾਲੇ ਇਹ ਤਾਂ ਸਿੱਖੀ ਧਾਰਾ ਦੇ ਹੈ ਹੀ ਨਹੀਂ, ਇਨਸਾਫੀਏ ਭੀ ਬਰਾਦਰੀ, ਭ੍ਰਰਾਤਰੀ ਭਾਵ ਲਈ ਸਿੱਖ ਹਨ ਵਿਚਾਰਧਾਰਾ ਨਾਲ ਜੁੜੇ ਨਹੀਂ ਕਦੀ ਅਕਾਲ ਤਖ਼ਤ ਦੇ ਬਰਾਬਰ ਜਥੇਦਾਰ ਥਾਪਣਾ, ਮੰਨਣਾ ਧੁਰਾ ਹੈ? ਚੰਗਾ ਨਹੀਂ ਲੱਗਦਾ ਲਿਖਣਾ ਪਰ ਸੱਚ ਭੀ ਗੁਰੂ ਉਪਦੇਸ਼ ਹੈ ਲਿਖਣਾ ਤੇ ਬੋਲਣਾ, ਨੌਂ ਗੁਰੂਆਂ ਦਾ ਇਤਿਹਾਸ ਸ਼ਾਹਦੀ ਨਹੀਂ ਭਰਦਾ ਕਿ ਕੋਈ ਇਨ੍ਹਾਂ ਸ਼੍ਰੇਣੀਆਂ ਵਿੱਚੋਂ ਪ੍ਰਮੰਨ ਹੋਇਆ, ਦੱਸਮੇ ਪਾਤਸ਼ਾਹ ਨੂੰ ਯੁੱਧ ਲਈ ਫੌਜ ਚਾਹੀਦੀ ਸੀ ਤਾਂ ਇਹ ਢੰਗ ਅਪਨਾਇਆ ਤੇ ਆਉ ਜੀਹਨੇ ਭਰਤੀ ਹੋਣਾ ਤੇ ਇਹ ਨੀਮੇ ਤੋਂ ਉੱਚੇ ਚੱਕੇ ਹੁਣ ਇਹ ਸਿੱਖ ਤਾਂ ਹਨ ਜੀ ਜਾਤ ਮਿਟਾ ਤੀ ਨਹੀਂ ਜਾਤ ਤਾਂ ਵਧਾ ਤੀ, ਸਗੋਂ ਅੱਜ ਤੋਂ ਅੱਧੀ ਸਦੀ ਪਹਿਲਾਂ ਇਹ ਹਾਲਤ ਨਹੀਂ ਸੀ ਜੋ ਹੁਣ ਜਾਤੀ ਵੰਡ ਹੈ ਹਰ ਬਰਾਦਰੀ ਆਪਣੇ ਮਹਾਨ ਵਿਅਕਤੀ ਦਾ ਦਿਨ ਤਿਹਾਰ ਮਨਾਉਣ ਲਈ ਸ਼੍ਰੋਮਣੀ ਕਮੇਟੀ 'ਤੇ ਭਾਰੂ ਅੱਗੋਂ ਉਥੇ ਹਨ ਹੀ ਮੁਲਾਜ਼ਮ ਸਭ ਇਹੀ ਕੀ ਕਰਨ ਹੁਕਮ ਨਾ ਮੰਨਣ ਤਾਂ ਆਹ ਜੱਟ ਹੱਡ ਭਨਾਉਣੇ ਤਾਂ ਡਰਦੇ ਕੁਸਕਦੇ ਨੀ ਗਿਣਤੀ ਘੱਟ ਹੈ, ਕੁਝ ਮੁੱਕ ਗਏ ਕੁਝ ਵਿਦੇਸ਼ੀ ਤੇ ਕੁਝ ਵੋਟਾਂ ਕਰਕੇ ਡੁੱਬੀ ਤਾਂ ਜੇ ਸਾਹ ਨਾ ਆਇਆ, ਖਾਲਿਸਤਾਨ ਭੀ ਜਾਤ ਸਥਾਨ ਹੀ ਹੋਊ।

ਲਹਿਰ ਕੋਈ ਭੀ ਧਾਰਮਿਕ ਜਾਂ ਸਿਆਸੀ ਉਹਦੇ ਪਹਿਲੂ ਪੜਚੋਲਣੇ ਸਾਰਥਕਤਾ ਹੈ। ਪੁਰਾਤਨ ਸਮਿਆਂ ਨਾਲ ਤੁਲਨਾ ਕੇਵਲ ਸਬਕ ਲਈ ਹੈ ਛੋਟਾ ਕਰਾਂ ਅੱਜ ਦੋ ਲਹਿਰਾਂ ਹਨ ਧਰਮ ਅਤੇ ਸਿਆਸੀ, ਸਿਆਸੀ ਦਾ ਧੁਰਾ ਤਾਂ ਕਿਸਾਨੀ ਸੰਘਰਸ਼ ਹੈ, ਧਰਮ ਦੇ ਤਾਂ ਹੁਣ ਟੁੱਕੜੇ ਟੁੱਕੜੇ ਵਿੰਗ ਹਨ, ਵਪਾਰੀ ਵਰਗ ਨੇ ਅਰੰਭ ਕੀਤੀ ਸੀ ਹੁਣ ਜਾਤੀ ਵਿੰਗ ਫੜ ਲਈ, ਪਰ ਨੁਕਸਾਨ ਦਾਇਕ ਦੋਨੋ ਹੀ ਨੇ ਕਿਸਾਨੀ ਅੰਦੋਲਨ, ਬੇਰੁਜ਼ਗਾਰੀ, ਵਿਹਲੜ ਪੁਣਾ, ਮਾਨਸਿਕਤਾ 'ਤੇ ਅਸਰ ਬੀਮਾਰੀ ਅੰਤ ਮੌਤਾਂ, ਫੇਰ ਮੁਆਵਜ਼ੇ ਸਰਕਾਰ 'ਤੇ ਬੋਝ ਧਾਰਮਿਕ ਵਵੇਲਾ ਸਾਰੇ ਸੂਬੇ ਵਿੱਚ ਹੀ ਭੜਦੋਹਲ, ਆਪਸੀ ਟੱਕਰਾਂ, ਮਜ਼੍ਹਬੀ ਖੁੰਦਕਾਂ, ਇਹ ਧਰਮ ਦੀ ਆੜ ਹੇਠ ਕਾਮਰੇਡ, ਨਕਸਲੀ ਨਵੇਂ ਸਜੇ ਸਿੰਘ, ਅੰਮ੍ਰਿਤ ਮੁਖੋਟਾ ਕੋਈ ਨਾ ਧਰਮ ਲਈ ਤੇ ਨਾ ਹੀ ਸੂਬੇ ਲਈ ਤੰਦਰੁਸਤੀ, ਸਗੋਂ ਟਕਰਾਅ ਦੇ ਮਨਸੂਬੇ, ਯਾਦ ਰੱਖੋ ਇਹ ਲੜਾਈ ਅੰਤ ਨੂੰ ਸਿੱਖਾਂ ਦੇ ਹਿੱਤ ਨਹੀਂ ਜਾਣੀ ਤੇ ਅੱਜ ਸਭ ਮੀਡੀਆ ਸ਼ਤਾਨੀ 'ਤੇ ਚੱਲ ਰਿਹਾ ਹੈ ਨਾ ਸੁਘੜਤਾਨੀ 'ਤੇ, ਅੰਤ ਲਤਾੜ ਸਭ ਨੇ ਹੋਣਾ ਹੈ, ਭਾਵੇਂ ਕਿਹੜੇ ਪੱਖੋਂ ਹੋਵੇ ਵੈਰੀ ਲਾਹੇਮੰਦ ਡਾਤੀ ਮਾਰੋ 80ਵਿਆਂ ਵਿੱਚ ਭੀ ਭੈਰਮੀ ਚੁੱਕੀ ਸੀ ਇਨ੍ਹਾਂ ਵਰਗਾਂ ਨੇ ਕੀ ਕੀ ਹੰਡਾਇਆ, ਮੇਰੀ ਅਰਜ ਹੈ ਕਿ ਚਿੰਤਕ ਵਰਗ ਅਗਾਹ ਕਰਨ ਨਾ ਕਿ ਉਤਸ਼ਾਹ, ਸਭ 'ਤੇ ਭਾਵੀ ਤਾਂ ਮਾਰ ਕਰੂੰਗੀ, ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੇ ਵਿਰੋਧ ਵਿੱਚੋਂ ਖੱਟੀ ਨਹੀਂ ਹੋਣੀ ਇਹੀ ਸੰਦਰਭ ਵਿੱਚ ਭਿੰਡਰਾਂਵਾਲਾ ਦੁਖਾਂਤ, ਸਿਮਰਨਜੀਤ ਸਿੰਘ ਮਾਨ ਨੇ 40 ਸਾਲ ਭੁੱਲ ਭਲਾਈਆਂ, ਫੇਰ ਦੀਪ ਸਿੱਧੂ ਮੁੰਬਈ ਬੰਬਾ ਲੈ ਕੇ ਸ਼ੰਭੂ 'ਤੇ ਕਿਸਾਨ ਹਾਲੇ ਅੰਦੋਲਨ ਲਈ ਸਨ ਤਿਆਰ, ਕੈਪਟਨ ਸਾਹਬ ਨੇ ਮੌਕਾ ਚੰਗਾ ਤਾੜ ਕੇ ਛਛਕੇਰ 'ਤੇ ਦਿੱਲੀ ਵੱਲ, ਐਸਾ ਤੀਰ ਕਮਾਨੋ ਨਿਕਲਿਆ ਹੁਣ ਬੋਂਦਲੇ ਫਿਰਦੇ ਨੇ ਭਾਵੇਂ ਕਰਨੀ ਭਰਨੀ ਕੈਪਟਨ ਸਾਹਬ ਨੇ ਭਰ ਲਈ, ਅਕਾਲੀ ਦਲ ਨੇ ਸੰਤਾਪ ਹੰਡਾ ਲਿਆ, 700 ਕਿਸਾਨ ਮਜ਼ਦੂਰਾਂ ਨੇ ਜਾਨਾਂ ਗੁਆ ਲਈਆਂ, ਜਿਹੜੀ ਕੌਮ Review ਯਾਨੀ ਸੋਚੇ ਨਾ ਮਿਆਰ ਨਿਘਾਰ ਕਰ ਲਵੇ ਇਹੀ ਹਾਲ ਹੁੰਦੇ ਹਨ, ਹਾਲੇ ਪਤਾ ਨਹੀਂ ਕੀ ਭੰਬੂ ਤਾਰੇ ਦੇਖਣੇ ਹਨ, ਤਾਜਾ ਵਿਚਾਰ ਪੜ੍ਹੋ ਜੀ ਅੰਮ੍ਰਿਤਧਾਰੀ ਸਿੱਖ ਲਾਰਡ ਚਾਹੀਦਾ ਹੈ, ਜਾਣਕਾਰੀ ਅਧੂਰੀ ਹੈ ਦੇਖੋ ਜੀ, ਸਿੱਖ ਲਾਰਡ ਕਿੰਨੇ :- ਇੰਦਰਜੀਤ ਸਿੰਘ ਪੂਰਨ ਸਿੱਖ, ਰਣਬੀਰ ਸਿੰਘ ਸੂਰੀ ਪੂਰਨ ਸਿੱਖ, ਮਿਡਲੈਂਡ ਤੋਂ ਸਹੋਤਾ, ਕੁਲਬੀਰ ਸਿੰਘ ਰੇਂਜਰ ਪੱਗੜੀਧਾਰੀ, ਰੋਮੀ ਰੇਜਰ ਸਿੱਖ ਦੱਸੋ ਕਿੰਨੇ ਕੁ ਚਾਹੀਦੇ ਨੇ, ਸੁਝਾਅ ਹੈ ਕਿ ਜਿਮੇ Sikhs-in-law ਸੰਸਥਾ ਬਣਾਈ ਹੈ ਤੇ ਹੁਣ ਸਿੱਖ ਲਾਰਡ ਹਾਊਸ ਬਣਾ ਕੇ ਭਾਵੇਂ ਸੈਂਕੜੇ ਲਾਰਡ ਬਣਾ ਲਵੋ ਜਨਾਨੀ ਭੀ ਬਣਾਉ, ਐਮੇ ਸਿੱਖਾਂ ਦਾ ਸਰਨਾ ਹੀ ਨਹੀਂ, ਮੈਂ ਸਿੱਖ ਮਨਸ਼ੇ ਪਹਿਲਾਂ ਹੀ ਲਿਖ ਚੁੱਕੀ ਹਾਂ, ਆਪ ਤਾਂ ਕਹਿੰਦੇ ਸਾਨੂੰ ਕਿਸੇ ਤੋਂ ਸਰਟੀਫਿਕੇਟ ਦੀ ਲੋੜ ਨੀ ਪਰ ਇਨ੍ਹਾਂ ਤੋਂ ਹਰ ਇਕ ਨੂੰ ਮਨਜ਼ੂਰੀ ਲਾਜ਼ਮੀ ਧੂਤੂ ਚੈਨਲ 'ਤੇ ਮਗਜ਼ ਮਾਰੀ ਸੁਣੋ ਕਾਂਗਰਸੀ ਨੇ ਪਰ ਮਖੋਟੇ ਪੰਥਕ, ਇਹ ਲਾਂਭੇ ਕਰੋ ਨਿਕਾਰੋ, ਪੰਥ ਕੇਵਲ ਸਿੱਖ ਸਿਰਮੌਰ ਸ਼੍ਰੋਮਣੀ ਅਦਾਰੇ ਹੀ ਹਨ ਇਹ ਤਾਂ ਮਲੇਸ਼ ਨੇ ਰੱਬ ਸਾਂਭੇ ਤੇ ਰਹਿਮਤ ਕਰੇ।

* * * * * * * *

## ਪਾਠਕਾਂ ਲਈ ਪੰਨਾ ਨਿਰੀਖਣ ਜੋ ਸਾਡੇ ਪ੍ਰਤੀਨਿੱਧ ਬਣੇ ਬੈਠੇ ਹਨ ਉਨ੍ਹਾਂ ਦੀ ਜਥੇਦਾਰ ਨੂੰ ਸਲਾਹ ਪੜ੍ਹੋ

ਸੰਪਾਦਕ ਜੀ, ਆਪ ਜੀ ਦੇ ਪਰਚੇ ਦੇ ਪੰਨਾ 18 'ਤੇ ਲੈਸਟਰ ਵਿੱਚ ਵੱਖ ਵੱਖ ਗੁਰੂ ਘਰਾਂ ਸਿਰਲੇਖ ਨੁਮਾਇੰਦੇ ਕੌਣ ਤੇ ਕਿਹੜੇ ਗੁਰੂ ਘਰ ਮੇਰੇ ਪ੍ਰਸ਼ਨ ਕ੍ਰਮਵਾਰ! ਸੁਖਜਿੰਦਰ ਸਿੰਘ ਢੱਡੇ ਰਿਪੋਰਟ, ਨੰਬਰ ਗੁਰੂ ਘਰ, ਰਾਜਮਨਵਿੰਦਰ ਸਿੰਘ ਕੰਗ, ਦੂਜਾ ਸਮੈਧਿਕ, ਕੁਲਦੀਪ ਸਿੰਘ ਦਿਓਲ ਕੇਵਲ ਦੋ ਹੀ ਹਨ ਜੋ ਪ੍ਰਬੰਧਕ ਨੇ, ਰਹੀ ਗੱਲ ਜਸਵਿੰਦਰ ਸਿੰਘ ਕਾਲਾ ਇਹ ਬਾਬੇ ਨਾਹਰ ਸਿੰਘ ਨੇ ਜੋ ਯਾਦ ਰੱਖੋ ਕਹਾਣੀ ਕੀ ਇਹ ਸੰਗਤਾਂ ਦਾ ਹੈ ਜਾਂ ਸੰਤਾਂ ਦਾ, ਮੈਨੂੰ ਤਾਂ ਮੁੱਢ ਤੋਂ ਕਹਾਣੀ ਦਾ ਪਤਾ ਹੈ ਸੰਘੇੜਾਂ ਤੋਂ ਸਨ ਬਾਬਾ ਨਾਹਰ ਸਿੰਘ (ਬਾਬਕੇ) ਕਾਹਨੂੰ ਛੇੜਨੀ ਹੈ ਕਥਾ ਕੀ ਕਾਲ੍ਹਾ ਸਾਹਬ ਚੈਨਲਾਂ ਅਕਾਲੀ ਦਲ ਦੇ ਸਮਰਥਕ ਹਨ ਸਾਡੇ ਹਰਜੀਤ ਸਿੰਘ ਸਰਪੰਚ ਹੁਣ ਗੁਰੂ ਘਰ ਦੇ ਕਮੇਟੀ ਨਹੀਂ, ਤਰਸੇਮ ਸਿੰਘ ਦਿਓਲ ਅਕਾਲੀ? ਬਲਵਿੰਦਰ ਸਿੰਘ ਚਹੇੜੂ ਖਾਲਿਸਤਾਨੀ, ਸਿੱਖ ਕੌਂਸਲਾਂ ਦੋ ਤੇ ਆਹ ਬਲਦੇਵ ਸਿੰਘ ਬਾਂਸ ਗੁਰੂ ਘਰਾਂ ਤੋਂ ਉਗਰਾਹੀ ਬਾਕੀ ਭੀ ਬਸ ਏਸੇ ਹੀ ਅਕਾਲੀ ਕੀ ਹੱਕ ਹੈ ਕਿਸੇ ਸੰਸਥਾ ਜੀਹਦੇ ਇਹ ਮੈਂਬਰ ਨਹੀਂ ਚਿੰਤਾ, ਨਹੀਂ ਖਤਾ ਸਿਤਾਉਂਦੀ ਹੈ, ਲੈਸਟਰ ਜਥੇਦਾਰ ਸਾਹਬ ਦੇ ਸਪੁੱਤਰ ਕਰਕੇ ਵਰਤਦੇ ਨੇ ਕੀ ਪਹਿਲਾਂ ਇਹ ਗੁਰੂ ਘਰੀਏ ਅਕਾਲ ਤਖ਼ਤ ਦੀ ਕਿਤਾਬ ਵਿੱਚ ਵਿਘਨ ਦੇ ਹਾਮੀ ਨੇ ਫੇਰ ਹਵਾਰਾ ਜਥੇਦਾਰ ਅਕਾਲ ਤਖ਼ਤੀ ਹੈ? ਮਾਨ ਅਕਾਲੀ ਦਲ ਤਰਜਮਾਨੀਏ 40 ਸਾਲ ਤੋਂ ਪ੍ਰਧਾਨਗੀ ਲਈ ਕਿਉਂ (ਜੀਹਦੀ ਕੋਈ ਪ੍ਰਾਪਤੀ ਹੀ ਨਹੀਂ) ਮੰਗ ਸੁਹਿਰਦ ਹੱਥਾਂ ਵਿੱਚ ਦੇਣ ਦੀ ਮੰਗ ਲਈ ਜਬਾੜਾ ਦੁੱਖਦਾ ਸੀ, ਕੀ ਤੁਸੀਂ ਕਦੇ ਭੀ ਸ਼੍ਰੋਮਣੀ ਅਕਾਲੀ ਦਲ ਦੇ ਸਮਰਥਕ ਕੀ ਗੁਰੂ ਘਰ ਬੈਠ ਕੇ ਝੂਠ ਸਿੱਖੀ ਹੈ? ਆਪਣੇ ਆਪ ਵਿੱਚ ਪੁੱਛ ਕੇ ਸੁਧਾਰ ਲਿਆਉ ਕਬਜ਼ੇ ਛੱਡੋ ਫੇਰ ਹੱਕਦਾਰ ਬਣੋ ਹਰ ਪਾਰਟੀ ਵਿੱਚ ਨਿਘਾਰ ਹੁੰਦੇ ਰਹਿੰਦੇ ਨੇ (ਸਾਡੇ ਟੋਰੀ ਪਾਰਟੀ ਹੈ) ਉਹ ਸਿਆਸਤ ਵਿੱਚ ਮੈਂਬਰਸ਼ਿਪ ਸੁਲਝੇ ਇਸੇ ਤਰ੍ਹਾਂ ਅਕਾਲੀ ਭਾਗੀ ਜਾਨਣ ਤੁਸੀਂ ਕੌਣ ਹੋ ਨਾਲੇ ਕਹਿਣਾ ਸਮੂਹ ਵਿਦੇਸ਼ੀ ਹੁਕਮ ਦੀ ਉਡੀਕ ਕਰ ਰਹੇ ਹਨ ਕਿਥੋਂ ਲਿਆ ਅੰਕੜਾ? ਤੁਹਾਨੂੰ ਅਗਲੇ ਗੁਰੂ ਘਰਾਂ ਦੇ ਚੜ੍ਹਾਵੇ ਤੇ ਚੌਕੜੀਏ ਮੰਨਦੇ ਨੇ, ਸੰਗਤਾਂ ਦੀ ਕਦੀ ਮਨਜ਼ੂਰੀ ਲਈ ਹੈ ਖਰਚੇ ਕਰਨ ਵੇਲੇ ਨਾਲੇ ਸਮੈਧਿਕ ਵਿੱਚ ਤਾਂ ਕੋਈ ਮੈਂਬਰ ਹੀ ਨਹੀਂ ਬਣ ਸਕਦਾ ਖਾਲਿਸਤਾਨੀ ਤੋਂ ਬਗੈਰ ਕਿੱਡੀ ਲੋਕਤੰਤਰੀ ਰੀਤ ਹੈ, ਦਿਉ ਅਸਤੀਫੇ, ਤੁਹਾਨੂੰ ਹੋਰ ਕਿਹੜੀ ਦਲੀਲ ਦੇਵਾਂ, ਹਿਰਦੇ ਵਾਲੇ ਤਾਂ ਮੂੰਹ ਗੋਡਿਆਂ ਵਿੱਚ ਦੇ ਲੈਣ ਪਰ ਢੀਠ ਉਭੜਦੇ ਨੇ ਜੇਕਰ ਆਹ ਖੁਦਗਰਜ਼ ਢੀਂਡਸਾ, ਚੰਦੂਮਾਜਰਾ ਸੁਹਿਰਦ ਹੁੰਦੇ ਤਾਂ ਇਹ ਡੱਜੂ ਨਾ ਪਉਂਦੇ ਤੇ ਤੁਹਾਡੇ ਵਰਗੇ ਸ਼ਰੀਕਾਂ ਨੂੰ ਆਹ ਬੋਲਣ ਦਾ ਮੌਕਾ ਕਿਥੋਂ ਮੇਰੀ ਸਲਾਹ ਹੈ ਪਹਿਲਾਂ ਆਪਣੇ ਰਾਹ ਸਾਫ ਕਰੋ, ਚੈਰਿਟੀਆਂ, ਗੁਰੂ ਘਰਾਂ ਦਾ ਜਾਂ ਨਿੱਜੀ ਚੌਧਰਾਂ ਲਈ ਵਰਤਣੋ ਹਟੋ ਅਕਾਲੀ ਦਲ ਦਾ ਕੋਈ ਡੇਰਾ ਨਹੀਂ, ਬਾਬਾ ਜੀ ਸੌਦੇ ਸਾਧ ਦੀ ਮੁਆਫੀ ਕੀ ਉਸ ਵੇਲੇ ਉਹ ਇਸ ਜਲਾਲਤ ਵਿੱਚ ਸੀ? ਸੱਚ ਸਿੱਖੋ ਚਟਕਾਰੇ ਜਵਾਨ ਲਉਂਦੇ ਤਾਂ ਸਜਦੇ ਨੇ ਧੌਲ੍ਹੀਆਂ ਦਾੜ੍ਹੀਆਂ ਨਹੀਂ, ਆਸ ਹੈ ਮੂੰਹ ਸੰਭਾਲ ਕੇ ਬੋਲਣਾ ਸਿੱਖੋਗੇ ਤੇ ਆਪਣੇ ਤੰਬੂ ਬਚਾਈ ਰੱਖੋ, ਮੌਜਾਂ ਕਰੋ। **–ਬਲਵਿੰਦਰ ਕੌਰ ਚਾਹਲ ਸਾਊਥਾਲ**

# ਮਸਲਾ ਅਕਾਲ ਤਖਤ ਉਪਰ ਪੇਸ਼ ਹੋਣ ਦਾ ਨਹੀਂ ਅਕਾਲੀ ਦਲ ਦੇ ਵਾਜੂਦ ਨੂੰ ਬਚਾਉਣ ਦਾ

## ✪ ਅਕਾਲੀ ਲੀਡਰਸ਼ਿਪ ਸੰਕਟ ਵਿਚ ਹੈ, ਅਕਾਲ ਤਖਤ ਸਾਹਿਬ ਤੋਂ ਫੈਸਲਾ ਕੀ ਹੋਵੇ ?




## ਵਿਸ਼ਲੇਸ਼ਣ

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916



ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਸੰਕਟ ਵਿੱਚ ਹੈ, ਕਿਉਂਕਿ ਅਜੋਕੀ ਲੀਡਰਸ਼ਿਪ ਵਿਚ ਸੰਵਾਦ ਹੁਣ ਸੰਭਵ ਨਹੀਂ ਰਿਹਾ। ਸਿਖ ਪੰਥ ਆਪਣੇ ਪੁਰਖਿਆਂ ਦੇ ਇਤਿਹਾਸ ਨੂੰ ਪੂਰੀ ਤਰ੍ਹਾਂ ਸਮਰਪਿਤ ਹੋ ਚੁੱਕਾ ਹੈ, ਉਸ ਨੂੰ ਹੁਣ ਅਜੋਕੀ ਲੀਡਰਸ਼ਿਪ ਵਿਚੋਂ ਆਪਣੇ ਪੁਰਖਿਆਂ ਵਰਗਾ ਅਕਸ ਨਹੀਂ ਦਿਖਾਈ ਦੇ ਰਿਹਾ, ਜਿਸ ਨੇ ਇਤਿਹਾਸ ਸਿਰਜਿਆ ਸੀ ਮਨੁੱਖਤਾ ਦੇ ਕਲਿਆਣ ਲਈ ਰਾਜ ਸਿਰਜਿਆ ਸੀ। ਪੰਥਕ ਹਲਕਿਆਂ ਵਿਚ ਸੁਪਨਾ ਪੰਥਕ ਏਕਤਾ ਤੇ ਯੋਗ ਲੀਡਰਸ਼ਿਪ ਦਾ ਹੈ ਜੋ ਅਜੋਕੀ ਅਕਾਲੀ ਲੀਡਰਸ਼ਿਪ ਦਾ ਨੈਰਟਿਵ ਨਹੀਂ ਹੈ। ਵੰਡੀਆਂ ਹੋਈਆਂ ਕੌਮਾਂ, ਲੀਡਰਸ਼ਿਪ - ਕਦੇ ਇਤਿਹਾਸ ਨਹੀਂ ਸਿਰਜ ਸਕਦੀ।

ਸਿਖ ਪੰਥ ਦੇ ਸਾਹਮਣੇ ਆਉਣ ਵਾਲੇ ਸਭ ਤੋਂ ਔਖੇ ਸੰਕਟ ਭਰਪੂਰ ਮਸਲੇ ਤਾਨਾਸ਼ਾਹੀ ਤਰੀਕਿਆਂ ਨਾਲ ਕੰਮ ਕਰਨ ਵਾਲੀ ਕੁਲੀਨ ਵਰਗ, ਦੀ ਲੀਡਰਸ਼ਿਪ ਹਲ ਨਹੀਂ ਕਰ ਸਕਦੀ, ਜਿਸ ਦਾ ਨਿਸ਼ਾਨਾ ਸਿਰਫ ਸਤਾ ਹੈ ਜਾਂ ਆਪਣੇ ਪਰਿਵਾਰ ਨੂੰ ਸਿਆਸਤ ਵਿਚ ਚਮਕਾਉਣਾ ਹੈ। ਨਿਜੀ-ਹਿੱਤ ਨੂੰ ਆਧਾਰ ਬਣਾਉਣਾ ਹੈ। ਸਿਖ ਲੀਡਰਸ਼ਿਪ ਦਾ ਉਦੇਸ਼ ਇਕੱਠੇ ਹੋ ਕੇ, ਇਕ-ਦੂਜੇ ਨੂੰ ਸੁਣ ਕੇ ਅਤੇ ਵਿਚਾਰ ਕਰਨਾ, ਉਨ੍ਹਾਂ ਦੇ ਅਸਹਿਮਤੀ ਦੀ ਪੜਚੋਲ ਕਰਨਾ, ਇਕੱਠੇ ਕੰਮ ਕਰਨਾ, ਸਹਿਮਤੀ 'ਤੇ ਪਹੁੰਚਣਾ, ਜਮਹੂਰੀ ਢੰਗ ਨਾਲ ਸਾਂਝੇ ਫੈਸਲੇ ਨੂੰ ਲਾਗੂ ਕਰਨ ਦਾ ਉਦੇਸ਼ ਹੋਣਾ ਚਾਹੀਦਾ ਹੈ। ਸਮੁੱਚੇ ਪੰਥਕ ਹਿੱਤ ਵਿਚ ਮਿਲ ਕੇ ਕੰਮ ਕਰਨ ਦੇ ਨਾਲ ਹੀ ਆਪਸੀ ਮਤਭੇਦਾਂ ਨੂੰ ਦੂਰ ਕਰਨ ਦੀ ਲੋੜ ਹੈ। ਜਦੋਂ ਲੀਡਰਸ਼ਿਪ ਵਿਅਕਤੀਗਤ ਤੌਰ 'ਤੇ ਜਾਂ ਇਕਪਾਸੜ ਤੌਰ 'ਤੇ ਅਤੇ ਆਪਣੇ ਖੁਦ ਦੇ ਨਿਵੇਕਲੇ ਸਵੈ-ਹਿੱਤ ਵਿੱਚ ਕੰਮ ਕਰੇਗੀ ਤਾਂ ਆਪਸੀ ਵਿਰੋਧਤਾ ਹੋਣੀ ਲਾਜ਼ਮੀ ਹੈ। ਵਿਰੋਧਤਾ ਹੋਵੇਗੀ ਤਾਂ ਫੁਟ ਪਵੇਗੀ। ਖਿੰਡਾਅ ਆਵੇਗਾ। ਮਿਸ਼ਨ ਸਫਲ ਨਹੀਂ ਹੋਵੇਗਾ।

ਸਾਨੂੰ ਸੰਚਾਰ ਤੇ ਸੰਵਾਦ ਦੀ ਲੋੜ ਹੈ ਕਿਉਂਕਿ ਇਸ ਤੋਂ ਬਿਨਾਂ ਅਸੀਂ ਇਕ ਦੂਜੇ ਤੋਂ ਵੱਖ ਹੋ ਜਾਂਦੇ ਹਾਂ, ਸਾਡੇ ਮਤਭੇਦ ਅਸਹਿ ਹੋ ਜਾਂਦੇ ਹਨ, ਸਾਡਾ ਇਕ ਦੂਸਰੇ ਉਪਰ ਵਿਸ਼ਵਾਸ ਨਹੀਂ ਬਣ ਸਕਦਾ। ਸਾਨੂੰ ਮਿਸ਼ਨ ਲਈ ਏਕਤਾ ਤੇ ਸੰਵਾਦ ਦੀ ਲੋੜ ਹੈ। ਸਾਨੂੰ ਯਾਦ ਰਖਣ ਦੀ ਲੋੜ ਹੈ ਅਕਾਲੀ ਦਲ ਸਾਡਾ ਪਰਿਵਾਰ ਹੈ। ਪਰਿਵਾਰ ਤੋੜਿਆ ਨਹੀਂ ਜਾ ਸਕਦਾ।

ਮੁਸ਼ਕਲ ਇਹ ਨਹੀਂ ਹੈ ਕਿ ਸਿਆਸੀ ਮੁੱਦਿਆਂ 'ਤੇ ਗੱਲਬਾਤ ਕੀਤੀ ਜਾਵੇ ਜਾਂ ਨਾ, ਪਰ ਅਜਿਹਾ ਕਿਵੇਂ ਕਰਨਾ ਹੈ, ਖਾਸ ਤੌਰ 'ਤੇ ਜਿੱਥੇ ਮੁੱਦੇ ਗੁੰਝਲਦਾਰ ਅਤੇ ਵਿਵਾਦਪੂਰਨ ਹਨ ਅਤੇ ਜਿੱਥੇ ਅਕਾਲੀ ਲੀਡਰਸ਼ਿਪ ਦੀ ਹਰੇਕ ਧਿਰ ਪੰਥਕ ਦਰਦ, ਅਕਾਲੀ ਸੰਕਟ ਤੇ ਨੁਕਸਾਨ ਦੀ ਜ਼ਿੰਮੇਵਾਰ ਹੋਵੇ।

ਫਿਰ ਮਾਨਤਾ, ਸਵੀਕ੍ਰਿਤੀ ਅਤੇ ਸੁਧਾਰ ਕਿਵੇਂ ਸ਼ੁਰੂ ਹੋਵੇ ਜਦੋਂ ਦੋਵੇਂ ਧਿਰਾਂ ਮਹਿਸੂਸ ਕਰਨ ਕਿ ਉਨ੍ਹਾਂ ਦੀ ਪੰਥ ਵਿਚ ਸੁਣਵਾਈ ਨਹੀਂ ਹੈ ਤੇ ਵਿਸ਼ਵਾਸ ਪੈਦਾ ਨਹੀਂ ਹੋ ਰਿਹਾ ? ਇਥੇ ਸੰਚਾਰ ਕਰਨ ਦੀ ਅਤਿਅੰਤ ਲੋੜ ਹੈ ਕਿ ਪੰਥਕ ਮਸਲੇ ,ਅਕਾਲੀ ਸੰਕਟ ਦਾ ਹੱਲ ਕੀ ਹੋਵੇ ? ਚੰਗੀ ਗਲ ਹੈ ਕਿ ਦੋਵੇਂ ਧਿਰਾਂ ਅਕਾਲੀ ਦਲ ਦੀ ਮਜਬੂਤੀ ਲਈ ਪੰਜ ਮੈਂਬਰੀ ਯੋਗ ਲੀਡਰਸ਼ਿਪ ਭਾਲਣ ਤੇ ਆਪ ਬਿਨਾਂ ਅਹੁਦਿਆਂ ਤੋਂ ਅਕਾਲੀ ਦਲ ਨੂੰ ਮਜਬੂਤ ਕਰਨ।

ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਵੀ ਚਾਹੀਦਾ ਹੈ ਕਿ ਉਹ ਇਸ ਬਾਰੇ ਦੋਵੇਂ ਧਿਰਾਂ ਨੂੰ ਅਪੀਲ ਕਰਨ ਕਿ ਉਹ ਆਪਸ ਵਿਚ ਮਿਲ ਬੈਠਕੇ ਪੰਜ ਪੰਥ ਪ੍ਰਵਾਨਿਤ ਸਿਖ ਸਖਸ਼ੀਅਤਾਂ ਲਭਣ ਤੇ ਅਕਾਲੀ ਦਲ ਦੀ ਮਜਬੂਤੀ ਲਈ ਖਰੜਾ ਪੇਸ਼ ਕਰਨ ਤਾਂ ਜੋ ਅਕਾਲ ਤਖਤ ਪੰਥਕ ਨੁਮਾਇੰਦਿਆਂ ਦਾ ਇਕੱਠ ਬੁਲਾਕੇ ਯੋਗ ਨਤੀਜੇ ਉਪਰ ਪਹੁੰਚ ਸਕੇ ਤੇ ਅਕਾਲੀ ਦਲ ਦੀ ਹੋਂਦ ਨੂੰ ਬਚਾਅ ਸਕੇ।

ਇਥੇ ਇਹ ਵੀ ਯਾਦ ਕਰਾ ਦੇਣਾ ਲਾਜ਼ਮੀ ਹੈ ਕਿ ਅਕਾਲੀ ਦਲ ਦੀ ਸੁਤੰਤਰ ਹੋਂਦ ਬਹੁਤ ਜ਼ਰੂਰੀ ਹੈ। ਅਕਾਲੀ ਦਲ ਦੇ ਸੰਵਿਧਾਨ ਵਿਚ ਲਿਖਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਖਾਲਸਾ ਪੰਥ ਦੀ ਰਾਜਨੀਤਿਕ ਤਰਜਮਾਨੀ ਕਰਨ ਵਾਲੀ ਇਕੋਂ ਇਕ ਸੰਸਥਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਪਝੱਤਰਵੀਂ ਵਰ੍ਹੇ ਗੰਡ ਮਨਾਉਣ ਮੌਕੇ ਫਰਵਰੀ 1996 ਵਿਚ ਹੋਈ ਮੋਗਾ ਕਾਨਫਰੰਸ ਤੱਕ ਪਾਰਟੀ ਦੀ ਇਹੀ ਪਛਾਣ ਰਹੀ, ਜੋ ਇਸ ਤੋਂ ਬਾਅਦ ਪੰਥਕ ਤੋਂ ਪੰਜਾਬੀ ਪਛਾਣ ਵੱਲ ਮੁੜ ਗਈ। ਇਥੋਂ ਹੀ ਅਕਾਲੀ ਦਲ ਦਾ ਰਾਜਨੀਤਕ ਤੇ ਸਿਧਾਂਤਕ ਸੰਕਟ ਪੈਦਾ ਹੋਇਆ।

ਦਸੰਬਰ 1998 ਦੇ ਆਖਰੀ ਹਫਤੇ ਫਤਿਹਗੜ੍ਹ ਸਾਹਿਬ ਵਿਚ ਬੋਲਦਿਆਂ ਪ੍ਰਕਾਸ਼ ਸਿੰਘ ਬਾਦਲ ਨੇ ਇਹ ਦਾਅਵਾ ਕੀਤਾ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੋਮਣੀ ਅਕਾਲੀ ਦਲ ਦਾ ਹੀ ਇਕ ਹਿੱਸਾ ਹੈ। ਉਨ੍ਹਾਂ ਦਾ ਇਹ ਬਿਆਨ ਇਤਿਹਾਸਕ ਅਤੇ ਸਿਧਾਂਤਕ ਪੱਖੋਂ ਗੁਮਰਾਹਕੁੰਨ ਸੀ। ਇਸ ਤੋਂ ਸਾਫ ਜਾਹਿਰ ਹੈ ਕਿ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਉੱਪਰ ਬਾਦਲ ਪਰਿਵਾਰ ਦਾ ਪੂਰਨ ਕੰਟਰੋਲ ਹੋ ਗਿਆ ਸੀ ਅਤੇ ਉਹ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖਤ ਉੱਪਰ ਕੰਟਰੋਲ ਕਰ ਰਿਹਾ ਸੀ।

ਸ਼੍ਰੋਮਣੀ ਅਕਾਲੀ ਦਲ ਗੁਰਦੁਆਰਾ ਸੁਧਾਰ ਅੰਦੋਲਨ ਦੀ ਉਪਜ ਸੀ ਅਤੇ ਇਸ ਦੀ ਸਥਾਪਨਾ 1920 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਮਕਾਰ ਨੂੰ ਦੇਖਣ ਲਈ ਹੋਈ ਸੀ। ਸਮੇਂ ਦੇ ਨਾਲ-ਨਾਲ ਇਸ ਨੇ ਸਰਗਰਮ ਰਾਜਨੀਤੀ ਵਿਚ ਕਦਮ ਰੱਖਿਆ।

ਅਕਾਲੀ ਦਲ ਹਮੇਸ਼ਾ ਹੀ ਸਿੱਖ ਰਾਜਨੀਤਿਕ ਪ੍ਰਵਚਨ, ਖਾਲਸਾ ਪੰਥ ਦੇ ਬੋਲਬਾਲੇ ਦਾ ਅਟੁੱਟ ਅੰਗ ਰਿਹਾ ਹੈ। 1954 ਵਿਚ ਜਦੋਂ ਕਾਂਗਰਸ ਪਾਰਟੀ ਅਕਾਲੀ ਦਲ ਦੁਆਰਾ ਦੋਇਮ ਰੋਲ ਅਦਾ ਕਰਨਾ ਚਾਹ ਰਹੀ ਸੀ, ਉਦੋਂ ਵੀ ਅਕਾਲੀ ਲੀਡਰਸ਼ਿਪ ਨੇ ਆਪਣੀਆਂ ਸ਼ਰਤਾਂ ਤੇ ਰਾਜਨੀਤੀ ਕੀਤੀ। ਮੁਲਕ ਦੀ ਵੰਡ ਸਮੇਂ ਹੋਈਆਂ ਬਹਿਸਾਂ ਵਿਚ ਅਕਾਲੀ ਦਲ ਦੇ ਲੀਡਰਾਂ ਨੇ ਸਿੱਖ ਪੰਥ ਦੀ ਪ੍ਰਤੀਨਿਧਤਾ ਕੀਤੀ।

ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖ ਪੰਥ ਨੂੰ ਬੀਤੇ ਵਿਚ ਵਡੇ ਸੰਕਟਾਂ ਤੇ ਚੈਲਿੰਜਾਂ ਦਾ ਸਾਹਮਣਾ ਕਰਨਾ ਪਿਆ ਸੀ, ਪਰ ਉਨ੍ਹਾਂ ਨੇ ਸਿਖ ਪੰਥ ਦੇ ਭਰੋਸੇ ਤੇ ਵਿਸ਼ਵਾਸ ਸਦਕਾ ਇਹਨਾਂ ਦਾ ਸਾਹਮਣਾ ਕੀਤਾ ਅਤੇ ਸਰ ਕੀਤਾ। ਪਰ ਮੌਜੂਦਾ ਸਥਿਤੀ ਤੇ ਸਿਖ ਪੰਥ ਦੇ ਅਵਿਸ਼ਵਾਸ ਨੇ ਅਕਾਲੀ ਦਲ ਅਤੇ ਇਸ ਦੀ ਲੀਡਰਸ਼ਿਪ ਦੇ ਭਵਿੱਖ ਉੱਪਰ ਸੁਆਲ ਖੜਾ ਕਰ ਦਿੱਤਾ ਹੈ। ਅਕਾਲੀ ਲੀਡਰਸ਼ਿਪ ਹੀ ਇਸ ਸੰਕਟ ਲਈ ਜ਼ਿੰਮੇਵਾਰ ਹੈ।

ਅਕਾਲੀ ਦਲ ਇਸ ਸਮੇਂ ਆਪਣੀ ਵਾਜੂਦ ਦੇ ਸੰਕਟ ਨਾਲ ਜੂਝ ਰਿਹਾ ਹੈ, ਕਿਉਂਕਿ ਬਰਗਾੜੀ ਕੇਸ ਅਤੇ ਬਹਿਬਲ ਕਲਾਂ ਪੁਲਿਸ ਗੋਲੀ ਕਾਂਡ ਤੋਂ ਬਾਅਦ ਅਤੇ ਪਾਰਟੀ ਉੱਪਰ ਬਾਦਲ ਪਰਿਵਾਰ ਦੇ ਪੂਰਨ ਕੰਟਰੋਲ ਕਰਕੇ ਸਿੱਖ ਪੰਥ ਬਾਦਲ ਅਕਾਲੀ ਲੀਡਰਸ਼ਿਪ ਦਾ ਵਿਰੋਧੀ ਹੋ ਗਿਆ ਹੈ। ਪੰਜਾਬ ਦੀ ਖੇਤਰੀ ਪਾਰਟੀ ਅਕਾਲੀ ਦਲ ਨੂੰ ਵਿਧਾਨਸਭਾ ਵਿਚ ਮਹਿਜ਼ ਤਿੰਨ ਸੀਟਾਂ ਮਿਲਣਾ, ਲੋਕ ਸਭਾ ਵਿਚ ਇਕ ਸੀਟ ਮਿਲਣਾ ਪਾਰਟੀ ਦੇ ਵਾਜੂਦ ਦੇ ਗਹਿਰੇ ਸੰਕਟ ਨੂੰ ਦਿਖਾਉਂਦਾ ਹੈ। ਅਕਾਲੀ ਦਲ ਨੂੰ ਨਵੇਂ ਸਿਰੇ ਤੋਂ ਸੋਚਣ ਅਤੇ ਸ਼ੁਰੂਆਤ ਕਰਨ ਦੀ ਲੋੜ ਹੈ।

ਉਤਮ ਸੰਚਾਰ, ਪੰਥਕ ਮੁਦਿਆਂ ਆਪਸੀ ਏਕਤਾ ਉਪਰ ਸਹਿਮਤੀ ਬਣਾਉਣਾ ਅਤਿਅੰਤ ਜਰੂਰੀ ਹੈ। ਕਿਸੇ ਖਾਸ ਸਖਸ਼ੀਅਤ ਦਾ ਸੰਗਠਨ ਉਪਰ ਹਾਵੀ ਹੋਣ ਦਾ ਅਰਥ ਅਕਾਲੀ ਦਲ ਨੂੰ ਬਰਬਾਦੀ ਦੇ ਰਾਹੇ ਪਾਉਣਾ ਹੈ। ਸੰਵਾਦ ਦੋ ਧੜਿਆਂ ਵਿਚਕਾਰ ਸਿਰਫ਼ ਇੱਕ ਸਧਾਰਨ ਗੱਲਬਾਤ ਨਹੀਂ ਹੈ, ਸਗੋਂ ਨਵੇਂ, ਰਚਨਾਤਮਕ, ਸੰਪੂਰਨ ਵਿਚਾਰਾਂ ਨੂੰ ਸਾਹਮਣੇ ਲਿਆਉਣ ਦਾ ਮੁੱਖ ਤਰੀਕਾ ਹੈ ਜਿਸ ਉਪਰ ਸਿਖ ਪੰਥ ਦੀ ਸਹਿਮਤੀ ਹੋ ਸਕੇ। ਇਸ ਲਈ ਇਹ ਨਾ ਸਿਰਫ਼ ਪੰਥਕ ਸਮੱਸਿਆ ਤੇ ਅਕਾਲੀ ਸੰਕਟ ਦੇ ਹੱਲ ਵਿੱਚ ਉਪਯੋਗੀ ਹੈ, ਸਗੋਂ ਸਿਖ ਰਾਜਨੀਤਿਕ ਸਿਧਾਂਤਕਾਰੀ ਅਤੇ ਮਨੁੱਖੀ ਬੁੱਧੀ ਦੇ ਇੱਕ ਨਵੇਂ ਅਤੇ ਉੱਚੇ ਰੂਪ ਦਾ ਗੁਰਮਤਿ ਆਧਾਰ ਵੀ ਹੈ।

ਹੋਇ ਇਕਤ੍ਰ ਮਿਲਹੁ ਮੇਰੇ ਭਾਈ
ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ
ਗੁਰਮੁਖਿ ਬੈਸਹੁ ਸਫਾ ਵਿਛਾਇ ॥

ਮਸਲਾ ਅਕਾਲ ਤਖਤ ਸਾਹਿਬ ਉਪਰ ਪੇਸ਼ ਹੋਣ ਦਾ ਨਹੀਂ ਅਕਾਲੀ ਦਲ ਨੂੰ ਬਚਾਉਣ ਦਾ ਹੈ।

* * * * * *


## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ । ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ । ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ । ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ ।

**ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:**
**ਜਾਣਕਾਰੀ ਲਈ ਸੰਪਰਕ: 01332 372 851 M: 07966 388 388**

# ਕੈਨੇਡਾ ਰਹਿੰਦੀ ਬਜ਼ੁਰਗ ਮਾਤਾ ਨੂੰ ਕਲਯੁੱਗੀ ਪੁੱਤ ਨੇ ਮਰੀ ਦੱਸ ਕੇ ਕੀਤੀ ਧੋਖਾਧੜੀ

## "ਰਿਸ਼ਤਿਆ ਨੂੰ ਤਾਰ ਤਾਰ ਕਰਦੀ ਦਿਲ ਦਹਿਲਾਉਣ ਵਾਲੀ ਸਨਸਨੀਖੇਜ ਰਿਪੋਰਟ"



ਮਾਪੇ ਆਪਣੇ ਬੱਚਿਆਂ ਨੂੰ ਬੜੀਆਂ ਸਧਰਾਂ ਨਾਲ ਪਾਲਦੇ ਹਨ ਤਾਂ ਕਿ ਉਹ ਬੁਢਾਪੇ ਵਿੱਚ ਉਹਨਾਂ ਦਾ ਸਹਾਰਾ ਬਣਨ । ਪਰ ਅੱਜ ਇਹ ਰਿਸ਼ਤਿਆਂ ਵਿੱਚ ਇੰਨੀ ਧੋਖਾਧੜੀ, ਬੇਈਮਾਨੀ ਅਤੇ ਮਤਲਬ ਪ੍ਰਸਤੀ ਆ ਚੁੱਕੀ ਹੈ ਕਿ ਇਹ ਪਵਿੱਤਰ ਰਿਸ਼ਤੇ ਕਲੰਕਿਤ ਹੋ ਰਹੇ ਹਨ । ਇੱਕ ਪਾਸੇ ਸਰਵਣ ਪੁੱਤ ਵਰਗੇ ਹੋਏ ਹਨ ਜਿਹੜੇ ਆਪਣੇ ਬੁੱਢੇ ਮਾਪਿਆਂ ਨੂੰ ਮੋਢਿਆਂ ਤੇ ਚੁੱਕ ਕੇ ਤੀਰਥ ਯਾਤਰਾ ਕਰਾਂਉਂਦੇ ਰਹੇ ਹਨ ਦੂਜੇ ਪਾਸੇ ਅਜਿਹੇ ਬੇਈਮਾਨ ਪੁੱਤ ਵੀ ਹਨ ਜਿਹੜੇ ਆਪਣੇ ਮਾਪਿਆ ਦੀ ਜਮੀਨ ਅਤੇ ਜੱਦੀ ਘਰ ਹਥਿਆਉਣ ਲਈ ਉਹਨਾਂ ਨੂੰ ਜਿਉਂਦਿਆਂ ਨੂੰ ਮਰੇ ਹੋਏ ਦੱਸ ਕੇ ਉਹਨਾਂ ਦੀ ਜਾਇਦਾਦ ਹਥਿਆਉਣ ਵਰਗੇ ਬੇਸ਼ਰਮੀ ਵਾਲੇ ਕਾਰੇ ਕਰ ਜਾਂਦੇ ਹਨ ।

ਇਹੋ ਜਿਹੇ ਲੋਕ ਸਮਾਜ ਨੂੰ ਲੱਗਾ ਹੋਇਆ ਕਲੰਕ ਅਤੇ ਕੋਹੜ ਹੋਇਆ ਕਰਦੇ ਹਨ। ਇਹੋ ਜਿਹੇ ਲੋਕਾਂ ਨੂੰ ਸਮਾਜ ਵਿੱਚ ਲਾਹਣਤਾਂ ਹੀ ਮਿਲਦੀਆਂ ਹਨ ਅਤੇ ਸਮਾਜ ਵਿੱਚ ਰਹਿਣ ਹੱਕਦਾਰ ਨਹੀਂ ਹੋ ਸਕਦੇ । ਕਿਸੇ ਵਿਦਵਾਨ ਦਾ ਕਥਨ ਹੈ ਕਿ ਕਿਸੇ ਦੀਆਂ ਜੜਾਂ ਵੱਢਣ ਜਾਂ ਕਿਸੇ ਨਾਲ ਧੋਖਾ ਕਰਨ ਸਮੇਂ ਦਿਨ ਅਤੇ ਤਰੀਕ ਕਾਪੀ ਤੇ ਨੋਟ ਜਰੂਰ ਕਰ ਲੈਣੀ ਚਾਹੀਦੀ ਹੈ ਤਾਂ ਕਿ ਜਦੋਂ ਇਸਦਾ ਪ੍ਰਤੀਕਰਮ ਹੋਵੇ ਤਾਂ ਇਹ ਨਾ ਆਖਿਆ ਜਾਵੇ ਕਿ "ਅਸੀਂ ਤਾਂ ਕਦੇ ਕੁੱਝ ਮਾੜਾ ਕੀਤਾ ਹੀ ਨਹੀ ਸੀ ਫੇਰ ਵੀ ਸਾਡੇ ਨਾਲ ਰੱਬ ਨੇ ਇਹ ਕਹਿਰ ਕਿਉਂ ਵਰਤਾਏ ਦਿੱਤਾ"। ਖੈਰ ਉਕਤ ਦਰਦ ਭਰੀ ਇਹ ਦਾਸਤਾਨ ਮਾਤਾ ਮਹਿੰਦਰ ਕੌਰ ਵਿਧਵਾ ਸ੍ਰ ਅਵਤਾਰ ਸਿੰਘ ਢਿੱਲੋਂ ਪਿੰਡ ਡੱਲੇਵਾਲ, ਜਿਲਾ ਜਲੰਧਰ, ਤਹਿਸੀਲ ਫਿਲੌਰ ਦੀ ਹੈ।ਮਾਤਾ ਮੁਹਿੰਦਰ ਕੌਰ ਦੇ ਪਤੀ ਸਰਦਾਰ ਅਵਤਾਰ ਸਿੰਘ ਜੋ ਕਿ ਨੇਵੀ ਵਿੱਚ ਵੱਡੇ ਅਫਸਰ ਦੇ ਰੈਂਕ ਉੱਤੇ ਸੀ, ਜਿਹਨਾਂ ਦੀ ਅਚਨਚੇਤ ਮੌਤ 1998 ਵਿਚ ਹੋ ਗਈ ਸੀ। ਜਿਸ ਕਾਰਣ ਮੁਹਿੰਦਰ ਕੌਰ ਨੂੰ ਇਕੱਲਪੁਣਾ ਮਹਿਸੂਸ ਹੋਣਾ ਸ਼ੁਰੂ ਹੋਇਆ ਪਰ ਉਸਨੇ ਇਹ ਸੋਚਕੇ ਮਨ ਨੂੰ ਧਰਵਾਸ ਦਿੱਤੀ ਕਿ ਉਸਦੇ ਚਾਰ ਧੀਆਂ-ਪੁੱਤਰ ਨੇ ਜੋ ਉਸਦੇ ਪਤੀ ਦੀ ਅਖੀਰੀ ਨਿਸ਼ਾਨੀ ਹਨ ਤੇ ਉਸ ਦਾ ਸਾਥ ਜਿੰਦਗੀ ਹਰ ਔਖੇ ਬਿਖੜੇ ਪੈਂਡੇ ਉੱਤੇ ਜਰੂਰ ਦੇਣਗੇ। ਪਤੀ ਦੀ ਮੌਤ ਤੋਂ ਬਾਦ 1999 ਵਿਚ ਪਤੀ ਦੀ ਨੇਵੀ ਵਾਲੀ ਵਿਧਵਾ ਪੈਨਸ਼ਨ ਲਵਾਕੇ ਕਨੇਡਾ ਰਹਿੰਦੀ ਆਪਣੀ ਧੀ ਕੋਲ ਪੱਕੇ ਤੌਰ ਤੇ ਰਹਿਣ ਲੱਗ ਪਈ। ਵਿਦੇਸ਼ ਰਹਿਣ ਕਰਕੇ ਵੀ ਪੰਜਾਬ ਆਪਣੀ ਭੋਇੰ ਤੇ ਪਤੀ ਦੇ ਮੋਹ ਕਰਕੇ ਪਿੰਡ ਡੱਲੇਵਾਲ ਵਸਦੇ ਘਰ ਆ ਜਾਇਆ ਕਰਦੀ ਸੀ। ਪਿੰਡ ਵਾਲੇ ਘਰ ਵਿਚ ਉਸਦਾ ਛੋਟਾ ਪੁੱਤਰ ਅਮਰਜੋਤ ਸਿੰਘ ਉਰਫ ਜੋਤੀ ਆਪਣੀ ਪਤਨੀ ਬਲਜਿੰਦਰ ਕੌਰ ਆਪਣੇ ਪਰਿਵਾਰ ਸਮੇਤ ਏਥੇ ਰਹਿੰਦਾ ਸੀ। ਜਦੋਂ ਵੀ ਮਾਤਾ ਮੁਹਿੰਦਰ ਕੌਰ ਨੇ ਆਉਣਾ ਜੋ ਵੀ ਸਾਲ ਮਹੀਨਿਆਂ ਦੀ ਜਮਾਂ ਵਿਧਵਾ ਪੈਨਸ਼ਨ ਮਿਲਣੀ ਪੁੱਤ ਉੱਤੋਂ ਲੁਟਾ ਕੇ ਚਲੇ ਜਾਣਾ । ਪਿੰਡ ਵਿਚ ਚਾਰ ਖੇਤ ਤੇ ਇੱਕ ਫਿਰਨੀ ਉਤੇ ਖੁੱਲੀ ਹਵੇਲੀ ਵਰਗੀ ਦੋਹਾਂ ਪਾਸਿਆਂ ਤੋਂ ਸੜਕਾਂ ਨਾਲ ਲਗਦੀ ਸ਼ਾਨਦਾਰ ਕੋਠੀ ਸੀ । ਪਿਛਲੇ ਸਾਲ 2023 ਨੂੰ ਮੁਹਿੰਦਰ ਕੌਰ ਪੰਜਾਬ ਆਪਣੇ ਪਿੰਡ ਆਪਣੇ ਘਰ ਆਈ ਤਾਂ ਅਮਰਜੋਤ ਸਿੰਘ ਨੇ ਬੈਂਕਾ ਦੇ ਕਾਗਜ ਅਤੇ ਬਾਕੀ ਭੈਣ-ਭਰਾਵਾਂ ਦੇ ਨਾਮ ਜ਼ਮੀਨ ਦਾ ਇੰਤਕਾਲ ਕਰਾਉਣਾ ਕਹਿਕੇ ਕਈ ਕਾਗਜਾਂ ਤੇ ਦਸਤਖ਼ਤ ਕਰਵਾ ਲਏ। ਜਿਸ ਤਹਿਤ ਮੁਹਿੰਦਰ ਕੌਰ ਨੂੰ ਤਹਿਸੀਲੇ ਵੀ ਲੈ ਗਿਆ। ਮੁਹਿੰਦਰ ਕੌਰ ਫੇਰ ਜਦੋਂ 2024 ਨੂੰ ਪੰਜਾਬ ਆਈ ਤਾਂ ਉਸਨੂੰ ਖਬਰ ਮਿਲੀ ਕਿ ਉਸਦਾ ਘਰ ਜਿੱਥੇ ਉਹ ਵਿਆਹ ਪਿਛੋਂ ਲਿਆਂਦੀ ਗਈ ਸੀ ਤੇ ਪਤੀ ਤੇ ਬੱਚਿਆਂ ਨਾਲ ਕਈ ਯਾਦਾਂ ਜੁੜੀਆਂ ਸਨ, ਉਹ ਘਰ ਅਤੇ ਖੇਤ ਹੁਣ ਪਿੰਡ ਰਹਿੰਦੇ ਮੁੰਡੇ ਅਮਰਜੋਤ ਨੇ ਜਾਅਲੀ ਪੇਪਰ ਬਣਾ ਕੇ ਆਪਣੇ ਨਾਮ ਕਰਾਏ ਹੋਏ ਹਨ ਤਾਂ ਮੁੰਹਿੰਦਰ ਕੌਰ ਮਰਦੀ-ਮਰਦੀ ਮਸਾਂ ਬਚੀ, ਉਸ ਲਈ ਇਹ ਧੱਕਾ ਰੂਹ ਨੂੰ ਲੱਗਾ ਕਿ ਉਸਦਾ ਆਪਣਾ ਖੂਨ ਐਨਾ ਧੋਖਾ ਬੇਈਮਾਨੀ ਕਿਵੇਂ ਕਰ ਸਕਦਾ ਹੈ ? ਪਰ ਉਸ ਦੀ ਹੈਰਾਨੀਅਤ ਦੀ ਸਿਖਰ ਉਸ ਵੇਲੇ ਮੁੱਕ ਗਈ ਜਦੋਂ ਮੁਹਿੰਦਰ ਕੌਰ ਨੇ ਆਪਣੀ ਧੀ ਨਾਲ ਪੁੱਛ-ਪੜਤਾਲ ਕੀਤੀ।

ਅਖੀਰ ਪਤਾ ਲੱਗਾ ਕਿ ਅਮਰਜੋਤ ਨੇ ਆਪਣੀ ਮਾਂ ਮੁਹਿੰਦਰ ਕੌਰ ਨੂੰ ਮਰੀ ਹੋਈ ਸਾਬਿਤ ਕਰਕੇ, ਮੌਤ ਦਾ ਪ੍ਰਮਾਣ ਪੱਤਰ ਤੀਕਰ ਬਣਵਾਕੇ ਪੇਸ਼ ਕੀਤਾ ਸੀ ਤੇ ਫੇਰ ਸਬ ਸੰਪਤੀ ਆਪਣੇ ਨਾਵੇਂ ਕਰਵਾ ਲਈ ਹੈ। ਮੁਹਿੰਦਰ ਕੌਰ ਜਿਸ ਦੀ ਉਮਰ ਇਸ ਵਕਤ 85 ਸਾਲ ਦੇ ਕਰੀਬ ਹੈ, ਇਹ ਧੱਕਾ ਬਰਦਾਸ਼ਤ ਕਰਕੇ, ਹਿੰਮਤ ਕਰਦੀ ਹੋਈ ਖੁਦ ਤਹਿਸੀਲਦਾਰ ਦੇ ਪੇਸ਼ ਹੋਈ ਅਤੇ ਆਖਿਆ ਕਿ ਮੈਂ ਅਜ਼ੇ ਜਿਉਂਦੀ ਹਾਂ । ਤਾਂ ਤਹਿਸੀਲਦਾਰ ਦੇ ਹੋਸ਼ ਉੱਡ ਗਏ। ਮੁਹਿੰਦਰ ਕੌਰ ਨੇ ਫੇਰ ਸਖਤ ਫੈਸਲਾ ਲੈਂਦੇ ਹੋਏ ਆਪਣੇ ਇਸ ਧੋਖਾਬਾਜ਼ ਪੁੱਤ ਅਮਰਜੋਤ ਸਿੰਘ ਪੂਰੀ ਤਰਾਂ ਨੂੰ ਬੇਦਖਲ ਕਰ ਦਿੱਤਾ। ਪਰ ਸਵਾਲ ਇਹ ਉੱਠਦਾ ਹੈ ਕਿ ਪਤੀ ਦੀ ਮੌਤ ਤੋਂ ਬਾਅਦ ਇਕੱਲੀ ਔਰਤ ਨੇ ਧੀਆਂ-ਪੁੱਤਰ ਪਾਲੇ ਅਤੇ ਇੱਕ ਪੁੱਤਰ ਨੇ ਧ੍ਰੋਹ ਕਮਾਇਆ ਤੇ ਮਾਂ ਦੇ ਆਖੀਰੀ ਵਕਤ ਕੰਮ ਆਉਣ ਵਾਲੀ ਜਾਇਦਾਦ ਜੋ ਕਿ ਮਾਂ ਨੇ ਉੰਞ ਵੀ ਦੇ ਹੀ ਦੇਣੀ ਸੀ ਨੂੰ ਕੱਖੋਂ ਹੌਲੀ ਕਰਕੇ ਰੱਖਤਾ। ਇਕ ਪਾਸੇ ਤਾ ਮਾਵਾਂ ਦੁੱਧਾਂ ਨਾਲ ਪੁੱਤ ਪਾਲਦੀਆਂ ਨੇ ਦੂਜੇ ਪਾਸੇ ਪੁੱਤਰ ਕਪੁੱਤਰ ਬਣਕੇ ਲਾਲਚ ਵਿੱਚ ਅੰਨੇ ਹੋਏ ਇੰਨਾ ਭੈੜਾ ਕੰਮ ਕਰਦੇ ਹਨ। ਇੱਕ ਪਾਸੇ ਭਗਵੰਤ ਮਾਨ ਦੀ ਸਰਕਾਰ ਦਾਅਵਾ ਕਰਦੀ ਹੈ ਕਿ ਪੰਜਾਬ ਵਿਚ ਰਿਸ਼ਵਤ ਖੋਰੀ ਬੰਦ ਹੈ ਅਤੇ ਬਜ਼ੁਰਗ ਮਾਂ ਬਾਪ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕਈ ਤਰਾਂ ਦੇ ਯਤਨ ਕੀਤੇ ਜਾ ਰਹੇ ਹਨ।ਪਰ ਜਿਉਂਦੀ ਮਹਿੰਦਰ ਕੌਰ ਨੂੰ ਮ੍ਰਿਤਕ ਬਣਾ ਕੇ ਉਸਦੀ ਜਾਇਦਾਦ ਨੂੰ ਹਥਿਆਉਣ ਤੱਕ ਦਾ ਸਫਰ ਰਿਸ਼ਵਤਖੋਰੀ ਬਗੈਰ ਸੰਭਵ ਨਹੀਂ ਜਾਪਦਾ । ਹੁਣ ਗਲਤੀ ਭਾਵੇਂ ਪਟਵਾਰੀ, ਗਰਦੌਰ, ਤਹਿਸੀਲਦਾਰ ਦੀ ਵੀ ਹੋਵੇ ਪਰ ਅਸਲ ਮਾਇਨੀਆਂ ਵਿਚ ਤਾਂ ਵਿਸ਼ਵਾਸਘਾਤ ਹੋਇਆ ਹੈ, ਰਿਸ਼ਤਿਆਂ ਦਾ ਘਾਣ ਹੋਇਆ ਹੈ।ਇਕ ਮਾਂ ਫੇਰ ਬੇ-ਘਰ ਹੋਈ ਹੈ ਕੱਖੋਂ ਹੌਲੀ ਹੋਈ ਹੈ, ਇੱਕ ਪੁੱਤ ਫੇਰ ਕਪੁੱਤ ਹੋਇਆ ਹੈ।

-ਰਿਪੋਰਟ- ਲਵਪ੍ਰੀਤ ਕੌਰ ਰੰਧਾਵਾ

## ਮਾਮਲਾ ਸ੍ਰੀ ਦਰਬਾਰ ਸਾਹਿਬ ਨੇੜੇ ਤੰਬਾਕੂ ਰਗੜਣ ਦਾ

# ਨਿਹੰਗ ਨੇ ਭਈਏ ਉਪਰ ਕਿਰਪਾਨ ਨਾਲ ਕੀਤਾ ਹਮਲਾ, ਗ੍ਰਿਫਤਾਰ

ਅੰਮ੍ਰਿਤਸਰ-ਸ੍ਰੀ ਦਰਬਾਰ ਸਾਹਿਬ ਨੇੜੇ ਤੰਬਾਕੂ ਰਗੜ ਰਹੇ ਇਕ ਵਿਅਕਤੀ 'ਤੇ ਨਿਹੰਗ ਦੇ ਪਹਿਰਾਵੇ ਵਾਲੇ ਇਕ ਨੌਜਵਾਨ ਨੇ ਹਮਲਾ ਕਰ ਦਿੱਤਾ। ਨਿਹੰਗ ਦਾ ਭੇਸ ਧਾਰੀ ਦੋ ਨੌਜਵਾਨ ਉਸ ਦੇ ਕੋਲ ਆਏ ਅਤੇ ਤਲਵਾਰ ਕੱਢ ਕੇ ਉਸ 'ਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਵਿਅਕਤੀ ਦੇ ਗੁੱਟ ਦੀ ਹੱਡੀ ਟੁੱਟ ਗਈ। ਰੌਲਾ ਪੈਣ 'ਤੇ ਆਸਪਾਸ ਤਾਇਨਾਤ ਪੁਲਿਸ ਮੌਕੇ 'ਤੇ ਪੁੱਜੀ ਅਤੇ ਨਿਹੰਗਾਂ ਨੂੰ ਉਥੋਂ ਖਦੇੜ ਦਿੱਤਾ। ਪੁਲਿਸ ਨੇ ਇਕ ਨਿਹੰਗ ਭੇਸ ਵਾਲੇ ਨੌਜਵਾਨ ਨੂੰ ਕਾਬੂ ਕੀਤਾ ਹੈ। ਉਸ ਦੀ ਉਮਰ ਸਿਰਫ਼ 13 ਸਾਲ ਹੈ, ਜਦਕਿ ਦੂਜਾ ਨੌਜਵਾਨ ਫਰਾਰ ਹੈ। ਜ਼ਖ਼ਮੀ ਵਿਅਕਤੀ ਕਾਮ ਸ਼ੰਕਰ ਹੈ ਅਤੇ ਉਹ ਮੂਲ ਰੂਪ ਤੋਂ ਪਟਨਾ ਸ਼ਹਿਰ ਦਾ ਰਹਿਣ ਵਾਲਾ ਹੈ।



ਪਿਛਲੇ ਕਈ ਸਾਲਾਂ ਤੋਂ ਉਹ ਅੰਮ੍ਰਿਤਸਰ ਵਿਚ ਸੜਕਾਂ 'ਤੇ ਪਈਆਂ ਪਲਾਸਟਿਕ ਦੀਆਂ ਬੋਤਲਾਂ ਨੂੰ ਇਕੱਠਾ ਕਰਕੇ ਵੇਚਣ ਦਾ ਕੰਮ ਕਰਦਾ ਆ ਰਿਹਾ ਹੈ। ਜ਼ਖ਼ਮੀ ਸ਼ੰਕਰ ਨੂੰ ਇਲਾਜ ਲਈ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਕਿਰਪਾਨ ਦੀ ਸੱਟ ਕਾਰਨ ਉਸ ਦੇ ਗੁੱਟ ਦੀ ਹੱਡੀ ਵਿਚ ਫਰੈਕਚਰ ਹੋ ਗਿਆ ਸੀ। ਹਾਲਾਕਿ ਉਸ ਆਦਮੀ ਦਾ ਕਹਿਣਾ ਹੈ ਕਿ ਉਸ ਦੀ ਜੇਬ ਵਿਚ ਤੰਬਾਕੂ ਦੀ ਇਕ ਪੁੜੀ ਸੀ, ਪਰ ਉਹ ਇਸ ਨੂੰ ਰਗੜ ਨਹੀਂ ਰਿਹਾ ਸੀ। ਉਸ ਦੇ ਮਾਪੇ ਨਹੀਂ ਹਨ। ਉਹ ਅੰਮ੍ਰਿਤਸਰ ਦਰਬਾਰ ਸਾਹਿਬ ਨੇੜੇ ਘੰਟਾ ਘਰ ਕੋਲ ਸੌਂਦਾ ਹੈ ਅਤੇ ਸਵੇਰੇ ਉੱਠ ਕੇ ਬੋਤਲਾਂ ਇਕੱਠੀਆਂ ਕਰਨ ਲੱਗ ਪੈਂਦਾ ਹੈ। ਪਲਾਸਟਿਕ ਦੀਆਂ ਬੋਤਲਾਂ ਵੇਚ ਕੇ ਆਪਣੀ ਰੋਜ਼ੀ-ਰੋਟੀ ਕਮਾਉਂਦਾ ਹੈ। ਅਚਾਨਕ ਨਿਹੰਗ ਰੂਪੀ ਵਿਅਕਤੀ ਉਸ ਕੋਲ ਆਏ ਅਤੇ ਕਿਹਾ ਕਿ ਉਹ ਤੰਬਾਕੂ ਰਗੜ ਰਿਹਾ ਹੈ। ਇਸ ਤੋਂ ਬਾਅਦ ਉਨ੍ਹਾਂ ਨੇ ਮੇਰੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਅਤੇ ਕਿਰਪਾਨ ਨਾਲ ਜ਼ਖਮੀ ਕਰ ਦਿੱਤਾ। ਸਿਵਲ ਹਸਪਤਾਲ 'ਚ ਮੁੱਢਲੀ ਸਹਾਇਤਾ ਤੋਂ ਬਾਅਦ ਸ਼ੰਕਰ ਨੂੰ ਗੁਰੂ ਨਾਨਕ ਦੇਵ ਹਸਪਤਾਲ ਭੇਜ ਦਿੱਤਾ ਗਿਆ।

## ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com



# ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਰੁਝਾਨ ਨੂੰ ਰੋਕਣ ਵਿਚ ਨਿਸਫਲ ਰਹੀ ਪੰਜਾਬ ਸਰਕਾਰ

ਵਿਸ਼ੇਸ਼ ਰਿਪੋਟ

## ✪ ਨਸ਼ਿਆਂ, ਬੇਰੁਜ਼ਗਾਰੀ, ਗੈਂਗਸਟਰਾਂ ਕਾਰਣ ਪ੍ਰਵਾਸ ਵਿਚ ਹੋਇਆ ਵਾਧਾ

ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਵਲੋਂ ਹਰ ਵਰਗ ਨੂੰ ਵੱਡੇ-ਵੱਡੇ ਸੁਫ਼ਨੇ ਦਿਖਾਏ ਗਏ ਸਨ, ਪਰ ਸਭ ਤੋਂ ਵੱਧ ਸੁਫ਼ਨੇ ਨੌਜਵਾਨ ਵਰਗ ਨੂੰ ਦਿਖਾਏ ਗਏ ਸਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੋਂ ਬਾਅਦ ਲੋਕਾਂ ਨੂੰ ਕੰਮ ਕਰਨ ਲਈ ਵਿਦੇਸ਼ ਨਹੀਂ ਜਾਣਾ ਪਵੇਗਾ ਸਗੋਂ ਪੰਜਾਬ ਵਿਚ ਇਸ ਤਰ੍ਹਾਂ ਦਾ ਮਾਹੌਲ ਸਿਰਜਿਆ ਜਾਵੇਗਾ ਕਿ ਪੰਜਾਬ ਵਿਚ ਦੂਜੇ ਦੇਸ਼ਾਂ ਤੋਂ ਲੋਕ ਕੰਮ ਕਰਨ ਲਈ ਆਉਣਗੇ। 'ਆਪ' ਸਰਕਾਰ ਦੇ ਕਾਰਜਕਾਲ ਨੂੰ ਢਾਈ ਸਾਲ ਦੇ ਲਗਪਗ ਸਮਾਂ ਹੋ ਗਿਆ ਹੈ ਤੇ ਅਜੇ ਤੱਕ ਵਿਦੇਸ਼ਾਂ ਤੋਂ ਲੋਕ ਪੰਜਾਬ ਵਿਚ ਕੰਮ ਕਰਨ ਲਈ ਤਾਂ ਨਹੀਂ ਆਏ ਸਗੋਂ 'ਆਪ' ਸਰਕਾਰ ਦੇ ਇਸ ਕਾਰਜਕਾਲ ਵਿਚ ਇਸ ਤਰ੍ਹਾਂ ਦਾ ਮਾਹੌਲ ਬਣ ਗਿਆ ਹੈ ਕਿ ਪੰਜਾਬ ਤੋਂ ਵਿਦੇਸ਼ ਜਾਣ ਵਾਲੇ ਲੋਕਾਂ ਦੀ ਗਿਣਤੀ ਵਿਚ ਹੋਰ ਵੀ ਵਾਧਾ ਹੋ ਰਿਹਾ ਹੈ ਜਿਸ ਨੇ ਪੰਜਾਬ ਪ੍ਰੇਮੀਆਂ ਲਈ ਹੋਰ ਵੀ ਵੱਡੀ ਚਿੰਤਾ ਪੈਦਾ ਕਰ ਦਿੱਤੀ ਹੈ ਤੇ ਬੁੱਧੀਜੀਵੀਆਂ ਤੇ ਹੋਰ ਸਮਾਜਿਕ ਜਥੇਬੰਦੀਆਂ ਵਲੋਂ ਕਰਵਾਏ ਜਾਂਦੇ ਪ੍ਰੋਗਰਾਮ ਵਿਚ ਵੱਧ ਰਹੇ ਪ੍ਰਵਾਸ 'ਤੇ ਲਗਾਤਾਰ ਚਿੰਤਾ ਜ਼ਾਹਿਰ ਕੀਤੀ ਜਾ ਰਹੀ ਹੈ।

ਸਾਲ 2023 ਵਿਚ ਹੀ ਪੰਜਾਬ ਵਿਚ 12 ਲੱਖ ਦੇ ਕਰੀਬ ਪਾਸਪੋਰਟ ਬਣ ਚੁਕੇ ਹਨ ਜਦਕਿ ਇਸ ਤੋਂ ਬਾਅਦ ਵੀ ਪਾਸਪੋਰਟ ਬਣਨ ਦੀ ਗਿਣਤੀ ਵਿਚ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਆ ਰਹੀ ਹੈ ਤੇ ਹਰਿਆਣਾ ਵਿਚ ਪੰਜਾਬ ਦੇ ਮੁਕਾਬਲੇ ਅੱਧੀ ਗਿਣਤੀ ਵਿਚ ਹੀ ਪਾਸਪੋਰਟ ਬਣ ਰਹੇ ਹਨ ਤੇ ਚੇਤੇ ਰਹੇ ਕਿ ਹਰਿਆਣਾ ਤਰੱਕੀ ਵਜੋਂ ਪੰਜਾਬ ਤੋਂ ਕਿਧਰੇ ਜ਼ਿਆਦਾ ਅੱਗੇ ਨਿਕਲ ਗਿਆ ਹੈ ਨੌਜਵਾਨ ਪੀੜੀ ਤੋਂ ਹੁਣ ਪੰਜਾਬ ਦੇ ਪਿੰਡ ਸੱਖਣੇ ਨਜ਼ਰ ਆ ਰਹੇ ਹਨ। ਉਂਝ ਵੀ ਪਿੰਡਾਂ ਵਿੱਚ ਜੇ ਅਸੀਂ ਨਜ਼ਰ ਮਾਰੀਏ ਤਾਂ ਵੱਡੀਆਂ-ਵੱਡੀਆਂ ਕੋਠੀਆਂ ਖਾਲੀ ਪਈਆਂ ਹਨ ਅਤੇ ਉਨ੍ਹਾਂ ਦੇ ਮਾਲਕ ਵਿਦੇਸ਼ਾਂ ਵਿੱਚ ਰਹਿ ਰਹੇ ਹਨ। ਕਈ ਹਾਲਾਤਾਂ ਵਿੱਚ ਤਾਂ ਕੇਵਲ ਬਜ਼ੁਰਗ ਲੋਕ ਹੀ ਪਿੰਡਾਂ ਵਿੱਚ ਰਹਿੰਦੇ ਹਨ, ਜਿਨ੍ਹਾਂ ਦਾ ਬੁਢਾਪਾ ਕੁੱਝ ਦਰਦ ਮਈ ਬਣ ਜਾਂਦਾ ਹੈ। ਬੱਚਿਆਂ ਤੋਂ ਬਿਨਾਂ ਮਾਪਿਆਂ ਦਾ ਇਕੱਲੇ ਰਹਿਣਾ ਕੋਈ ਸੌਖਾ ਕੰਮ ਨਹੀਂ ਹੈ। ਮੋਹ ਅਤੇ ਸਨੇਹ ਦੀਆਂ ਤੰਦਾਂ ਵੀ ਟੁੱਟਦੀਆਂ ਨਜ਼ਰ ਆਉਂਦੀਆਂ ਹਨ। *(ਬਾਕੀ ਹਿਸਾ ਸਫਾ 50 ਤੇ ਪੜ੍ਹੋ)*

## ਸਰਕਾਰ ਫਰਜ ਨਿਭਾਵੇ

ਬਹੁਤ ਸਾਰੀਆਂ ਜ਼ਿੰਮੇਵਾਰੀਆਂ ਪੰਜਾਬ ਸਰਕਾਰ ਦੀਆਂ ਵੀ ਬਣਦੀਆਂ ਹਨ ਕਿ ਉਹ ਪੰਜਾਬੀਆਂ ਦਾ ਪ੍ਰਵਾਸ ਰੋਕੇ। ਪੰਜਾਬ ਸਰਕਾਰ ਨੂੰ ਬੇਲੋੜੀਆਂ ਮੁਫ਼ਤ ਸੇਵਾਵਾਂ ਬੰਦ ਕਰਕੇ ਪੰਜਾਬ ਦੇ ਨਾਗਰਿਕਾਂ ਦੀ ਵਸਤਾਂ ਖਰੀਦਣ ਦੀ ਤਾਕਤ ਵਧਾਉਣੀ ਚਾਹੀਦੀ ਹੈ। ਸਰਕਾਰੀ ਵਿਭਾਗਾਂ ਵਿੱਚ ਹੋਣ ਵਾਲੀਆਂ ਇਹ ਭਰਤੀਆਂ ਚੋਣਾਂ ਦੇ ਸਮੇਂ ਦੀ ਬਜਾਇ ਹਰ ਸਾਲ ਹੋਣੀਆਂ ਚਾਹੀਦੀਆਂ ਹੈ। ਬੇਰੁਜ਼ਗਾਰੀ ਦੇ ਹੱਲ ਲਈ ਆਰਥਿਕ ਨੀਤੀਆਂ ਵਿੱਚ ਤਬਦੀਲੀਆਂ ਹੋਣ। ਸਭ ਤੋਂ ਪਹਿਲਾਂ ਪੰਜਾਬ ਵਿੱਚ ਹੋਣ ਵਾਲੇ ਨਿਵੇਸ਼ ਅਤੇ ਆਰਥਿਕ ਵਿਕਾਸ ਦੀ ਪਹਿਲੀ ਤਰਜੀਹ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰਨ ਵਾਲੀ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਕਿਰਤ ਨੀਤੀਆਂ ਅਤੇ ਕਿਰਤ ਮਿਆਰਾਂ ਵਿੱਚ ਕਿਰਤੀ ਪੱਖੀ ਤਬਦੀਲੀਆਂ ਲਿਆ ਕੇ ਰੁਜ਼ਗਾਰ ਦੀ ਗੁਣਵੱਤਾ ਅਤੇ ਮਿਆਰਾਂ ਵਿੱਚ ਸੁਧਾਰ ਲਿਆਉਣ ਦੀ ਬਹੁਤ ਜ਼ਰੂਰਤ ਹੈ। ਰੁਜ਼ਗਾਰ ਦੀ ਗੁਣਵੱਤਾ ਅਤੇ ਮਿਆਰ ਵਿੱਚ ਸੁਧਾਰ ਲਿਆਉਣ ਦੇ ਨਾਲ-ਨਾਲ ਕਿਰਤ ਮੰਡੀ ਵਿੱਚ ਵੱਡੇ ਪੱਧਰ 'ਤੇ ਨਾ-ਬਰਾਬਰੀ ਨੂੰ ਘਟਾਉਣ/ਖ਼ਤਮ ਕਰਨ ਦੀ ਲੋੜ ਹੈ ਤਾਂ ਕਿ ਹੇਠਲੇ ਤਬਕੇ ਦੇ ਲੋਕਾਂ ਅਤੇ ਔਰਤਾਂ ਨੂੰ ਵੀ ਬਰਾਬਰ ਦੇ ਹੱਕ ਤੇ ਮੌਕੇ ਮਿਲ ਸਕਣ। ਤਕਨੀਕੀ ਅਤੇ ਹੁਨਰ ਵਾਲੇ ਕੋਰਸਾਂ ਵਿੱਚ ਸਮੇਂ ਦੇ ਹਾਣ ਦੀਆਂ ਅਤੇ ਮੌਜੂਦਾ ਲੋੜਾਂ ਮੁਤਾਬਿਕ ਤਬਦੀਲੀਆਂ ਕਰ ਕੇ ਲੋਕਾਂ ਖ਼ਾਸ ਕਰ ਕੇ ਨੌਜਵਾਨਾਂ ਵਿਚ ਰੁਜ਼ਗਾਰ ਯੋਗਤਾ ਵਧਾਈ ਜਾਣੀ ਚਾਹੀਦੀ ਹੈ ਕਿਉਂਕਿ ਹੁਨਰ ਸਿਖਲਾਈ ਦੀ ਮੰਗ ਅਤੇ ਪੂਰਤੀ ਵਿੱਚ ਕਾਫ਼ੀ ਅਸੰਤੁਲਨ ਹੈ। ਸਧਾਰਨ ਪਰਿਵਾਰਾਂ ਨਾਲ ਸਬੰਧਤ ਵਿਦਿਆਰਥੀਆਂ ਲਈ ਸਰਕਾਰੀ ਕੋਚਿੰਗ ਸੈਂਟਰ ਸਥਾਪਿਤ ਕਰਨੇ ਚਾਹੀਦੇ ਹਨ। ਕੱਚੇ ਕਾਮਿਆਂ ਲਈ ਸਰਕਾਰ ਨੂੰ ਡੀਸੀ ਰੇਟ ਵਿੱਚ ਤੁਰੰਤ ਵਾਧਾ ਕਰਨਾ ਚਾਹੀਦਾ ਹੈ ਅਤੇ ਨਿੱਜੀ ਉਦਯੋਗਾਂ ਦੇ ਮਜ਼ਦੂਰਾਂ ਦੀ ਆਰਥਿਕ ਸੁਰੱਖਿਆ ਲਈ ਵਿਸ਼ੇਸ਼ ਕਾਨੂੰਨ ਬਣਾਉਣੇ ਚਾਹੀਦੇ ਹਨ। ਅਪਰਾਧਾਂ, ਗੈਂਗਸਟਰਾਂ, ਨਸ਼ਿਆਂ ਨੂੰ ਸਖਤੀ ਨਾਲ ਕੰਟਰੋਲ ਕਰਨ ਦੀ ਲੋੜ ਹੈ।

## ਕਿੰਨੇ ਲੋਕ ਪ੍ਰਵਾਸ ਕਰ ਗਏ

- ਪੰਜਾਬ ਦੇ 13.34% ਪੇਂਡੂ ਪਰਿਵਾਰਾਂ ਵਿੱਚ ਘੱਟੋ-ਘੱਟ ਇੱਕ ਮੈਂਬਰ ਪ੍ਰਵਾਸੀ ਸੀ।
- ਮਾਝੇ ਤੋਂ ਅੰਮ੍ਰਿਤਸਰ, ਗੁਰਦਾਸਪੁਰ, ਦੁਆਬੇ ਤੋਂ ਐੱਸਬੀਐੱਸ ਨਗਰ ਅਤੇ ਮਾਲਵੇ ਤੋਂ ਫਿਰੋਜ਼ਪੁਰ ਵਿੱਚ 30% ਪੇਂਡੂ ਪਰਿਵਾਰ ਅਜਿਹੇ ਸਨ ਜਿੱਥੋਂ ਘੱਟੋ-ਘੱਟ ਇੱਕ ਮੈਂਬਰ ਪ੍ਰਵਾਸ ਕਰ ਗਿਆ ਸੀ।
- 10.23% ਫਾਰਮ ਤੋਂ ਅਤੇ 3.11% ਗ਼ੈਰ-ਖੇਤੀ ਪਰਿਵਾਰਾਂ ਵਿੱਚ ਘੱਟੋ-ਘੱਟ ਇੱਕ ਮੈਂਬਰ ਸੀ ਜੋ ਵਿਦੇਸ਼ ਚਲੇ ਗਏ।
- ਸਭ ਤੋਂ ਵੱਧ ਪਰਵਾਸ ਛੋਟੇ ਕਿਸਾਨਾਂ (12.64%) ਪਰਿਵਾਰਾਂ ਵਿੱਚ ਦੇਖਿਆ ਗਿਆ
- ਪ੍ਰਵਾਸੀ ਪਰਿਵਾਰਾਂ ਕੋਲ ਗ਼ੈਰ-ਪ੍ਰਵਾਸੀ ਪਰਿਵਾਰਾਂ (15.46%) ਨਾਲੋਂ ਬਿਹਤਰ ਸਿੱਖਿਆ (20.78% ਸੀਨੀਅਰ ਸੈਕੰਡਰੀ ਪੱਧਰ ਅਤੇ ਉੱਪਰ) ਸੀ। ਦੁਆਬੇ ਦੇ ਘਰਾਂ ਦੇ ਮੁਖੀਆਂ ਦਾ ਵਿਦਿਅਕ ਪੱਧਰ ਮਾਝੇ ਅਤੇ ਮਾਲਵੇ ਨਾਲੋਂ ਉੱਚਾ ਸੀ।
- 51.88% ਪ੍ਰਵਾਸੀ ਪਰਵਾਰ ਅਤੇ 41.52% ਗ਼ੈਰ-ਪ੍ਰਵਾਸੀ ਪਰਵਾਰ ਜੱਟ ਸਿੱਖ ਸਨ।

# ਸੰਘ ਪਰਿਵਾਰ ਨੂੰ ਖੁਸ਼ ਕਰਨ ਲੱਗੀ ਭਾਜਪਾ

## ✪ ਆਰ ਐੱਸ ਐੱਸ ਦੀਆਂ ਸਰਗਰਮੀਆਂ ਵਿੱਚ ਸਰਕਾਰੀ ਮੁਲਾਜ਼ਮਾਂ ਦੇ ਹਿੱਸਾ ਲੈਣ ਤੋਂ ਪਾਬੰਦੀ ਹਟਾਉਣ ਦਾ ਕੀਤਾ ਫ਼ੈਸਲਾ ✪ ਕਾਂਗਰਸ ਨੇ ਕਿਹਾ ਕਿ ਪਾਬੰਦੀ ਹਟਾਉਣੀ ਗਲਤ, ਇਹ ਫਿਰਕੂ ਫੈਸਲਾ


ਕੇਂਦਰ ਵਿੱਚ ਐੱਨਡੀਏ ਦੀ ਅਗਵਾਈ ਵਾਲੀ ਸਰਕਾਰ ਦਾ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐੱਸਐੱਸ) ਦੀਆਂ ਸਰਗਰਮੀਆਂ ਵਿੱਚ ਸਰਕਾਰੀ ਮੁਲਾਜ਼ਮਾਂ ਦੇ ਹਿੱਸਾ ਲੈਣ ਤੋਂ ਪਾਬੰਦੀ ਹਟਾਉਣ ਦਾ ਫ਼ੈਸਲਾ ਸੱਤਾਧਾਰੀ ਪਾਰਟੀ ਦੇ ਇਸ ਹਿੰਦੂਤਵੀ ਸੰਗਠਨ ਤੱਕ ਪਹੁੰਚ ਬਣਾ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਜਾਪਦਾ ਹੈ ਕਿ ਸੰਘ ਪਰਿਵਾਰ ਅੰਦਰ ਇਸ ਵਕਤ 'ਸਭ ਅੱਛਾ' ਚੱਲ ਰਿਹਾ ਹੈ। ਭਾਜਪਾ ਨੇ ਚੋਣਾਂ ਵਿਚ ਸਫਲਤਾ ਨਾ ਮਿਲਣ ਕਾਰਣ ਸੰਘ ਦੀ ਨਰਾਜਗੀ ਦੂਰ ਕਰਨ ਲਈ ਇਹ ਫੈਸਲਾ ਲਿਆ ਹੈ।

ਆਰਐੱਸਐੱਸ ਦਾ ਕਹਿਣਾ ਹੈ ਕਿ ਇਸ ਫ਼ੈਸਲੇ ਨਾਲ ਦੇਸ਼ ਦੀ ਲੋਕਰਾਜੀ ਪ੍ਰਣਾਲੀ ਮਜ਼ਬੂਤ ਹੋਵੇਗੀ ਅਤੇ ਇਸ ਨੇ ਇਹ ਦੋਸ਼ ਵੀ ਲਾਇਆ ਹੈ ਕਿ ਪਿਛਲੀ ਸਰਕਾਰ (ਭਾਵ ਕਾਂਗਰਸ) ਨੇ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਪਾਬੰਦੀ ਆਇਦ ਕੀਤੀ ਸੀ। ਦੂਜੇ ਪਾਸੇ, ਕਾਂਗਰਸ ਨੇ ਕੇਂਦਰ ਸਰਕਾਰ 'ਤੇ ਹਮਲਾ ਕਰਦਿਆਂ ਆਖਿਆ ਹੈ ਕਿ ਇਸ ਨਵੇਂ ਫ਼ੈਸਲੇ ਨਾਲ ਸਰਕਾਰੀ ਮੁਲਾਜ਼ਮਾਂ ਦੀ ਨਿਰਪੱਖਤਾ ਅਸਰ ਅੰਦਾਜ਼ ਹੋਵੇਗੀ। ਆਰਐੱਸਐੱਸ ਭਾਵੇਂ ਆਪਣੇ ਆਪ ਨੂੰ ਸੱਭਿਆਚਾਰਕ ਸੰਗਠਨ ਦੇ ਤੌਰ 'ਤੇ ਪੇਸ਼ ਕਰਦੀ ਹੈ ਪਰ ਚੋਣਾਂ ਵਿੱਚ ਇਸ ਦੀ ਭੂਮਿਕਾ ਕਿਸੇ ਤੋਂ ਲੁਕੀ-ਛੁਪੀ ਨਹੀਂ ਹੈ ਜਿਸ ਨੂੰ ਲੈ ਕੇ ਕਈ ਹਲਕਿਆਂ ਵਿੱਚ ਚਿੰਤਾਵਾਂ ਉਜਾਗਰ ਕੀਤੀਆਂ ਜਾਂਦੀਆਂ ਰਹੀਆਂ ਹਨ।




ਪਿਛਲੇ ਕੁਝ ਸਮੇਂ ਤੋਂ ਖ਼ਾਸਕਰ ਹਾਲੀਆ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੇ ਬਹੁਮਤ ਦੇ ਅੰਕੜੇ ਤੋਂ ਕਾਫ਼ੀ ਥੱਲੇ ਰਹਿ ਜਾਣ ਤੋਂ ਬਾਅਦ ਪਾਰਟੀ ਅਤੇ ਆਰਐੱਸਐੱਸ ਵਿਚਕਾਰ ਰਿਸ਼ਤੇ ਵੀ ਖਰਾਬ ਦੌਰ ਵਿਚੋਂ ਲੰਘ ਰਹੇ ਸਨ। ਪਾਰਲੀਮਾਨੀ ਚੋਣਾਂ ਵਿੱਚ ਪਾਰਟੀ ਦੀ ਮਾੜੀ ਕਾਰਗੁਜ਼ਾਰੀ ਰਹਿਣ ਕਰ ਕੇ ਆਰਐੱਸਐੱਸ ਦੀ ਸਿਖ਼ਰਲੀ ਲੀਡਰਸ਼ਿਪ ਨੂੰ ਸਰਕਾਰ 'ਤੇ ਹਮਲੇ ਕਰਨ ਦਾ ਵਾਹਵਾ ਵਧੀਆ ਮੌਕਾ ਮਿਲ ਗਿਆ ਸੀ। ਆਰਐੱਸਐੱਸ ਦੇ ਆਗੂ ਇੰਦਰੇਸ਼ ਕੁਮਾਰ ਨੇ ਆਖਿਆ ਕਿ ਭਗਵਾਨ ਰਾਮ ਨੇ ਆਪਣੇ ਆਪ ਨੂੰ 'ਰਾਮ ਭਗਤ' ਕਹਾਉਣ ਦਾ ਦਾਅਵਾ ਕਰਨ ਵਾਲੀ 'ਹੰਕਾਰੀ ਪਾਰਟੀ' ਨੂੰ ਬਹੁਮਤ ਹਾਸਿਲ ਕਰਨ ਤੋਂ ਰੋਕ ਦਿੱਤਾ ਹੈ। ਇਸੇ ਦੌਰਾਨ ਆਰਐੱਸਐੱਸ ਦੇ ਮੁੱਖ ਪੱਤਰ 'ਆਰਗੇਨਾਈਜ਼ਰ' ਨੇ ਮਤ ਜ਼ਾਹਿਰ ਕੀਤਾ ਕਿ ਚੋਣ ਨਤੀਜਿਆਂ ਨੇ ਅਤਿ ਉਤਸ਼ਾਹੀ ਭਾਜਪਾ ਵਰਕਰਾਂ ਦੀ 'ਹੋਸ਼ ਟਿਕਾਣੇ' ਲਿਆਉਣ ਦਾ ਕੰਮ ਕੀਤਾ ਹੈ। ਪਿਛਲੇ ਹਫ਼ਤੇ ਆਰਐੱਸਐੱਸ ਦੇ ਮੁਖੀ ਮੋਹਨ ਭਾਗਵਤ ਨੇ ਜ਼ਾਹਿਰਾ ਤੌਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲ ਇਸ਼ਾਰਾ ਕਰਦਿਆਂ ਆਖਿਆ ਸੀ ਕਿ ਇਨਸਾਨ ਦੀ 'ਸੁਪਰਮੈਨ' ਅਤੇ ਫਿਰ 'ਰੱਬ' ਬਣ ਜਾਣ ਦੀ ਖਾਹਿਸ਼ ਹੁੰਦੀ ਹੈ। ਇਸ ਤੋਂ ਇਲਾਵਾ ਸੰਘ ਦੇ ਨੇਤਾਵਾਂ ਨੇ ਸੁਨੇਹਾ ਵੀ ਦਿੱਤਾ ਹੈ ਕਿ ਉਨ੍ਹਾਂ ਦਾ ਸੰਗਠਨ ਭਾਜਪਾ ਦੀ ਅਧੀਨਗੀ ਨਹੀਂ ਸਵੀਕਾਰੇਗਾ।

ਦਹਾਕੇ ਵਿੱਚ ਪਹਿਲੀ ਵਾਰ ਸਹਿਯੋਗੀ ਦਲਾਂ 'ਤੇ ਨਿਰਭਰ ਹੋਈ ਭਾਜਪਾ ਸੱਤਾ ਵਿੱਚ ਰਹਿਣ ਖ਼ਾਤਿਰ ਹੁਣ ਰਿਆਇਤਾਂ ਦੇਣ ਦੀ ਇੱਛੁਕ ਜਾਪਦੀ ਹੈ। ਅਗਲੇ ਸਾਲ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਸ਼ਤਾਬਦੀ ਵਰ੍ਹੇ ਨੂੰ ਧਿਆਨ ਵਿੱਚ ਰੱਖਦਿਆਂ ਸੱਤਾਧਾਰੀ ਪਾਰਟੀ ਮੋਹਨ ਭਾਗਵਤ ਅਤੇ ਬਾਕੀ ਸੰਘ ਨੇਤਾਵਾਂ ਨੂੰ ਖ਼ੁਸ਼ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਾ ਚਾਹੁੰਦੀ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*

A British born gentleman mid 40s looking for sincere homely female 38+ divorcee and over stayer considered any cast please contact 07882 379881 or reply to ref. 843 (3038)

Respectable Arora Sikh family seeking a suitable match for their British born son, he is a doctor (GP), 45 years old, 5'10" tall, clean shaven, slim with good personality. He is sencere and well versed in both culture. Girl must be born and educated in U.K. Cast no bar. For more information call: 07943 196894 or reply to ref. 842 (3037)

## CHANGE OF NAME

I, RAJNEET D/O MR AMARJIT SINGH WHOSE PERMANENT ADDRESS IN INDIA IS VPO PADHIANA, DISTT JALANDHAR, PUNJAB 144030 AND NOW LIVING AT 52 TEW PARK ROAD, BIRMINGHAM, B21 0TR HEREBY GIVE NOTICE OF MY INTENTION TO CHANGE MY NAME TO RAJNEET (GIVEN NAME) KAUR (SURNAME). (U/I)

I, MR MOHAMED KAMALUDEEN S/O MR BAJRUN AHAMED WHOSE PERMANENT ADDRESS IN INDIA IS: 31D PUDUMANAI STREET, ADIRAMPATTINAM, THANJAVUR TAMIL NADU PIN NO: 614701 AND NOW LIVING AT 61 ALBANY ROAD, COVENTRY, CV5 6JR, UK HEREBY GIVE NOTICE OF MY INTENTION TO CHANGE MY NAME TO MOHAMED KAMALUDEEN BAJRUN AHAMED. (U/I)

## ਆਓ ਹੱਸੀਏ

**ਇਕ** ਔਰਤ ਸ਼ਾਪਿੰਗ ਮਾਲ ਤੋਂ ਬਿਸਕੁੱਟ ਚੋਰੀ ਕਰਦੀ ਫੜੀ ਗਈ।

ਜੱਜ, ਤੂੰ ਜਿਹੜਾ ਬਿਸਕੁੱਟਾਂ ਦਾ ਪੈਕੇਟ ਚੋਰੀ ਕੀਤਾ ਸੀ, ਉਸ ਵਿੱਚ ਦੱਸ ਬਿਸਕੁੱਟ ਸਨ, ਇਸ ਲਈ ਤੈਨੂੰ ਦੱਸ ਹਫਤਿਆਂ ਦੀ ਸਜ਼ਾ ਦਿੱਤੀ ਜਾਂਦੀ ਹੈ।

ਉਸੇ ਵੇਲੇ ਪਿੱਛਿਉਂ ਪਤੀ ਚੀਕ ਕੇ ਬੋਲਿਆ, ਜੱਜ ਸਾਹਿਬ, ਇਸ ਨੇ ਸਾਬੂਦਾਣੇ ਦਾ ਪੈਕੇਟ ਵੀ ਚੋਰੀ ਕੀਤਾ ਹੈ।

* * * * * *

## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

**Account Name: Punjab Times Trust Ltd**
**Account No: 20853011 Sort Code: 20-25-85**

# ਨੌਜਵਾਨਾਂ ਦਾ ਵਿਦੇਸ਼ ਜਾਣ ਦਾ ਰੁਝਾਨ

49 ਸਫ਼ੇ ਦੀ ਬਾਕੀ

ਪਾਸਪੋਰਟ ਦਫ਼ਤਰਾਂ ਤੇ ਸੇਵਾ ਕੇਂਦਰ ਵਿਚ ਪਾਸਪੋਰਟ ਅਪਲਾਈ ਕਰਨ ਵਾਲਿਆਂ ਦੀ ਜ਼ਿਆਦਾ ਗਿਣਤੀ ਨੌਜਵਾਨ ਵਰਗ ਦੀ ਹੈ ਜਿਸ ਦਾ ਵਿਦੇਸ਼ ਜਾ ਕੇ ਕੰਮ ਕਰਨ ਦਾ ਰੁਝਾਨ ਨਹੀਂ ਘਟਿਆ ਹੈ। ਨੌਜਵਾਨਾਂ ਦੇ ਵਿਦੇਸ਼ ਜਾਣ ਦੀ ਲਗਾਤਾਰ ਵੱਧ ਰਹੀ ਮਜਬੂਰੀ ਕਈ ਕਾਰਨਾਂ ਕਰਕੇ ਹੈ। ਲੋਕਾਂ ਦਾ ਵਿਦੇਸ਼ ਜਾ ਕੰਮ ਕਰਨ ਦਾ ਰੁਝਾਨ ਤਾਂ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਵਿਚ ਵੀ ਚੱਲਦਾ ਰਿਹਾ ਹੈ ਪਰ ਆਮ ਆਦਮੀ ਪਾਰਟੀ ਵਲੋਂ ਸੱਤਾ ਵਿਚ ਆਉਣ ਤੋਂ ਪਹਿਲਾਂ ਸਰਕਾਰ ਬਣਨ 'ਤੇ ਨਸ਼ਾ ਕੁੱਝ ਹਫ਼ਤਿਆਂ ਵਿਚ ਖ਼ਤਮ ਕਰਨ ਦਾ ਵਾਅਦਾ ਕੀਤਾ ਗਿਆ ਸੀ ਪਰ ਨਸ਼ੇ ਤਾਂ ਖ਼ਤਮ ਨਹੀਂ ਹੋਏ ਪਰ ਅਜੇ ਵੀ ਪੰਜਾਬ ਦੇ ਅਨੇਕਾਂ ਨੌਜਵਾਨਾਂ ਵਲੋਂ ਨਸ਼ਿਆਂ ਕਰਕੇ ਆਪਣੀਆਂ ਜਾਨਾਂ ਗੁਆਉਣ ਦੇ ਮਾਮਲੇ ਸੁਰਖ਼ੀਆਂ ਬਣ ਰਹੇ ਹਨ।

ਢਾਈ ਸਾਲ ਵਿਚ ਪੰਜਾਬ ਵਿਚ ਗੈਂਗਸਟਰਵਾਦ ਲਗਾਤਾਰ ਵਧ ਰਿਹਾ ਹੈ। ਮਾਪੇ ਲਗਾਤਾਰ ਵਧ ਰਹੇ ਨਸ਼ਿਆਂ, ਗੈਂਗਸਟਰ ਵਾਦ ਭਾਰੂ ਹੋਣ ਅਤੇ ਪੰਜਾਬ ਵਿਚ ਨੌਕਰੀਆਂ ਨਾ ਹੋਣ ਕਰਨ ਕੇ ਹੀ ਅਜੇ ਵੀ ਕਿਸੇ ਨਾ ਕਿਸੇ ਤਰ੍ਹਾਂ ਨਾਲ ਆਪਣੇ ਬੱਚਿਆਂ ਨੂੰ ਵਿਦੇਸ਼ ਭਿਜਵਾਉਣ ਨੂੰ ਜ਼ਿਆਦਾ ਤਰਜੀਹ ਦੇ ਰਹੇ ਹਨ। ਨੌਜਵਾਨ ਵਰਗ ਤਾਂ ਵੱਡੀ ਗਿਣਤੀ ਵਿਚ ਨਾ ਸਿਰਫ਼ ਵਿਦੇਸ਼ ਜਾ ਰਿਹਾ ਹੈ ਸਗੋਂ ਉਸ ਦੇ ਨਾਲ ਪੰਜਾਬ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਵਾਲਾ ਅਰਬਾਂ ਰੁਪਏ ਵੀ ਉਸ ਦੇ ਨਾਲ ਵਿਦੇਸ਼ ਜਾ ਰਹੇ ਹਨ। ਪੰਜਾਬ ਵਿਚ ਕੰਮਕਾਜ, ਨੌਕਰੀਆਂ ਨਾ ਹੋਣ ਕਰੇ ਬੇਰੁਜ਼ਗਾਰ ਨੌਜਵਾਨ ਵੱਡੀ ਗਿਣਤੀ ਵਿਚ ਵਿਦੇਸ਼ ਜਾ ਰਹੇ ਹਨ ਸਗੋਂ ਕਈ ਚੰਗੇ ਕਾਰੋਬਾਰੀ ਜਾਂ ਫ਼ੈਕਟਰੀਆਂ ਚਲਾਉਣ ਵਾਲੇ ਲੋਕ ਵੀ ਪਰਿਵਾਰ ਸਮੇਤ ਵਿਦੇਸ਼ਾਂ ਨੂੰ ਉਡਾਰੀ ਮਾਰ ਰਹੇ ਹਨ ਤੇ ਇਸ ਦਾ ਵੱਡਾ ਕਾਰਨ ਇਹ ਹੈ ਕਿ 'ਆਪ' ਸਰਕਾਰ ਦੇ ਢਾਈ ਸਾਲ ਦੇ ਕਾਰਜਕਾਲ ਨੂੰ ਉਹ ਅਣਸੁਰੱਖਿਅਤ ਸਮਝ ਰਹੇ ਹਨ।

## ਗੈਂਗਸਟਰਾਂ ਕਾਰਣ ਕਾਰੋਬਾਰੀਆਂ ਨੇ ਵਿਦੇਸ਼ਾਂ ਵਲ ਪ੍ਰਵਾਸ ਕੀਤਾ

ਮੌਜੂਦਾ ਮਾਹੌਲ ਵਿਚ ਕਾਰੋਬਾਰੀਆਂ ਨੂੰ ਫਿਰੌਤੀਆਂ ਮੰਗਣ ਦੇ ਮਾਮਲੇ ਵੀ ਲਗਾਤਾਰ ਸਾਹਮਣੇ ਆਉਂਦੇ ਰਹੇ ਹਨ ਜਿਸ ਨੇ ਕਾਰੋਬਾਰੀਆਂ ਦੇ ਪ੍ਰਵਾਸ ਵਿਚ ਵਾਧਾ ਕੀਤਾ ਹੈ। ਇੰਡਸਟਰੀਅਲ ਐਂਡ ਟਰੇਡਰਜ਼ ਜੁਆਇੰਟ ਐਕਸ਼ਨ ਕਮੇਟੀ ਦੇ ਪ੍ਰਧਾਨ ਗੁਰਸ਼ਰਨ ਸਿੰਘ ਦਾ ਕਹਿਣਾ ਸੀ ਕਿ ਕਈ ਕੰਮਕਾਜ ਲਈ ਹੁਣ ਮਾਹੌਲ ਸੁਰੱਖਿਅਤ ਨਾ ਹੋਣ ਕਰਕੇ ਕਾਰੋਬਾਰੀ ਪਰਿਵਾਰ ਸਮੇਤ ਵਿਦੇਸ਼ਾਂ ਵਿਚ ਉਡਾਰੀ ਮਾਰ ਗਏ ਹਨ ਤੇ ਜੇਕਰ ਮਾਹੌਲ ਵਿਚ ਸੁਧਾਰ ਨਾ ਕੀਤਾ ਗਿਆ ਤਾਂ ਹੋਰ ਵੀ ਕਾਰੋਬਾਰੀ ਉਡਾਰੀ ਮਾਰ ਸਕਦੇ ਹਨ।

ਸਿਹਤ ਸਹੂਲਤਾਂ ਦੇਣ ਤੋਂ ਸਰਕਾਰਾਂ ਅਸਮਰੱਥ ਰਹੀਆਂ ਹਨ। ਸਰਕਾਰੀ ਹਸਪਤਾਲਾਂ ਦਾ ਪ੍ਰਬੰਧ ਸੰਤੁਸ਼ਟੀ ਵਾਲਾ ਨਹੀਂ। ਸਰਕਾਰੀ ਹਸਪਤਾਲਾਂ ਵਿਚ ਡਾਕਟਰਾਂ ਦੀ ਘਾਟ ਹੈ। ਪ੍ਰਾਈਵੇਟ ਇਲਾਜ ਬਹੁਤ ਮਹਿੰਗਾ ਹੈ। ਜਿੱਥੇ ਬੀਤੇ ਸਮਿਆਂ ਦੌਰਾਨ ਰਵਾਇਤੀ ਸੱਤਾਧਾਰੀ ਪਾਰਟੀਆਂ ਨੇ ਆਪਣਾ ਬਣਦਾ ਰੋਲ ਅਦਾ ਨਹੀਂ ਕੀਤਾ, ਉਥੇ ਕੌਮੀ ਸਰਕਾਰਾਂ ਦੀ ਨਿੱਜੀਕਰਨ ਦੀ ਨੀਤੀ ਨੇ ਵੀ ਲੋਕਾਂ ਦਾ ਘਾਣ ਕੀਤਾ ਤੇ ਬੇਰੁਜ਼ਗਾਰੀ ਵਿਚ ਵਾਧਾ ਕੀਤਾ। ਇਹੀ ਉਹ ਕਾਰਨ ਹਨ ਜਿਨ੍ਹਾਂ ਕਰ ਕੇ ਨੌਜਵਾਨ ਵਿਦੇਸ਼ ਜਾ ਰਿਹਾ ਹੈ। ਅੱਜ ਦਾ ਨੌਜਵਾਨ ਚਾਹੁੰਦਾ ਹੈ ਕਿ ਉਸ ਨੂੰ ਲਾਲ ਪੀਲੇ ਕਾਰਡਾਂ, ਆਟਾ ਦਾਲ ਸਕੀਮ, ਬੁਢਾਪਾ ਪੈਨਸ਼ਨ ਸਮੇਤ ਹੋਰ ਸਬਸਿਡੀਆਂ ਦੀ ਜਗ੍ਹਾ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਕਰਨ ਲਈ ਰੁਜ਼ਗਾਰ ਦੀ ਗਾਰੰਟੀ ਦਿੱਤੀ ਜਾਵੇ ਅਤੇ ਇਕਸਾਰ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ ਤਾਂ ਜੋ ਉਹ ਸਨਮਾਨ ਭਰੀ ਜ਼ਿੰਦਗੀ ਜੀਅ ਸਕੇ।

## ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀਏਯੂ), ਲੁਧਿਆਣਾ ਦੀ ਰਿਪੋਟ ਕੀ ਕਹਿੰਦੀ ਹੈ ?

ਦਰਅਸਲ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀਏਯੂ), ਲੁਧਿਆਣਾ ਵੱਲੋਂ ਪੰਜਾਬ ਵਿੱਚ ਪਰਵਾਸ ਦੇ ਪੈਟਰਨਾਂ 'ਤੇ ਡੂੰਘਾਈ ਨਾਲ ਕੀਤੇ ਗਏ ਇੱਕ ਅਧਿਐਨ ਵਿੱਚ ਸਾਹਮਣੇ ਆਇਆ ਹੈ ਕਿ ਪਰਿਵਾਰਾਂ ਨੂੰ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਆਰਥਿਕ ਬੋਝ ਦਾ ਸਾਹਮਣਾ ਕਰਨਾ ਪੈਂਦਾ ਹੈ।ਅਧਿਐਨ ਤੋਂ ਪਤਾ ਚੱਲਦਾ ਹੈ ਕਿ ਪਰਿਵਾਰਾਂ ਨੇ ਸਟੱਡੀ ਵੀਜ਼ਾ 'ਤੇ 18-25 ਲੱਖ ਰੁਪਏ ਅਤੇ ਵਰਕ ਵੀਜ਼ਾ, ਸਪਾਊਸ ਵੀਜ਼ਾ ਜਾਂ ਪੀਆਰ 'ਤੇ 4-4 ਲੱਖ ਰੁਪਏ ਖਰਚ ਕੀਤੇ ਹਨ। ਕਈਆਂ ਨੇ ਗ਼ੈਰ-ਕਾਨੂੰਨੀ ਤਰੀਕਿਆਂ ਨਾਲ ਗਏ ਪਰਵਾਸੀਆਂ 'ਤੇ 25 ਤੋਂ 32.50 ਲੱਖ ਰੁਪਏ ਖਰਚ ਕੀਤੇ। ਘੱਟੋ-ਘੱਟ 19.38 ਫੀਸਦ ਪਰਵਾਸੀ ਪਰਿਵਾਰਾਂ ਨੇ ਜ਼ਮੀਨ, ਪਲਾਟ/ਘਰ, ਕਾਰਾਂ, ਸੋਨਾ ਅਤੇ ਟਰੈਕਟਰਾਂ ਸਮੇਤ ਆਪਣੀ ਜਾਇਦਾਦ ਵੇਚ ਦਿੱਤੀ।ਪਰਵਾਸੀ ਪਰਿਵਾਰਾਂ ਦੁਆਰਾ ਵੇਚੀਆਂ ਗਈਆਂ ਜਾਇਦਾਦਾਂ ਦਾ ਔਸਤ ਮੁੱਲ ਰੁਪਏ ਦਾ ਅਨੁਮਾਨ ਲਗਾਇਆ ਗਿਆ ਸੀ। 1.23 ਲੱਖ ਪ੍ਰਤੀ ਪਰਿਵਾਰ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ ਪ੍ਰਵਾਸੀ ਪਰਿਵਾਰਾਂ ਦੀਆਂ ਸਾਰੀਆਂ ਸ਼੍ਰੇਣੀਆਂ ਵਿੱਚ ਵੇਚਣ ਲਈ ਤਰਜੀਹੀ ਵਸਤੂ ਸੋਨਾ ਸੀ।

ਘੱਟ ਆਮਦਨ ਵਾਲੇ, ਬੇਜ਼ਮੀਨੇ ਅਤੇ ਮਜ਼ਦੂਰ ਪਰਿਵਾਰਾਂ ਦੀ ਬਹੁਗਿਣਤੀ ਨੇ ਸੋਨਾ ਵੇਚਣ ਦਾ ਸਹਾਰਾ ਲਿਆ। ਲਗਭਗ 18 ਫੀਸਦ ਛੋਟੇ ਖੇਤ ਪਰਿਵਾਰਾਂ ਅਤੇ ਛੇ ਫੀਸਦ ਤੋਂ ਘੱਟ ਦਰਮਿਆਨੇ ਅਤੇ ਵੱਡੇ ਖੇਤ ਵਾਲੇ ਪਰਿਵਾਰਾਂ ਨੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਜ਼ਮੀਨ ਵੇਚ ਦਿੱਤੀ।

ਆਪਣਾ ਸੋਨਾ ਵੇਚਣ ਵਾਲਿਆਂ ਵਿੱਚੋਂ, 28.42% ਅਨੁਸੂਚਿਤ ਜਾਤੀਆਂ, 35% ਬੇਜ਼ਮੀਨੇ, 17% ਛੋਟੇ ਕਿਸਾਨ ਅਤੇ 32% ਦੀ ਆਮਦਨ ਘੱਟ ਸੀ (2 ਲੱਖ ਰੁਪਏ ਤੋਂ ਘੱਟ)। ਘੱਟ ਆਮਦਨ ਵਾਲੇ ਕਿਸਾਨਾਂ ਨੇ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਆਪਣੇ ਟਰੈਕਟਰ ਵੀ ਵੇਚ ਦਿੱਤੇ।ਅਧਿਐਨ ਮੁਤਾਬਕ ਪਰਿਵਾਰਾਂ ਦੁਆਰਾ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਵੇਚੀਆਂ ਗਈਆਂ ਜਾਇਦਾਦਾਂ ਦੇ ਅੰਕੜਿਆਂ ਦੀ ਗੱਲ ਕਰੀਏ ਤਾਂ ਇਹ ਪੂਰੇ ਸੂਬੇ ਲਈ 5636 ਕਰੋੜ ਰੁਪਏ ਬਣਨ ਦਾ ਅਨੁਮਾਨ ਹੈ।

ਬਹੁ-ਗਿਣਤੀ ਐੱਸੀਐੱਸਟੀ ਭਾਈਚਾਰੇ ਵਾਲੇ, ਘੱਟ ਆਮਦਨ ਵਾਲੇ, ਬੇਜ਼ਮੀਨੇ ਅਤੇ ਮਜ਼ਦੂਰ ਪਰਵਾਸੀ ਪਰਿਵਾਰਾਂ ਨੇ ਪਰਵਾਸ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਘਰ ਅਤੇ ਸੋਨੇ ਦੇ ਗਹਿਣੇ ਵੇਚ ਦਿੱਤੇ।

ਲਗਭਗ 56 ਫੀਸਦੀ ਪਰਿਵਾਰਾਂ ਨੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਪੈਸੇ ਉਧਾਰ ਲਏ ਹਨ। ਪਰਵਾਸੀ ਪਰਿਵਾਰਾਂ ਦੁਆਰਾ ਉਧਾਰ ਲਈ ਗਈ ਔਸਤ ਰਕਮ ਪ੍ਰਤੀ ਪਰਿਵਾਰ 3.13 ਲੱਖ ਰੁਪਏ ਹੋ ਗਈ ਹੈ। ਇਸ ਵਿੱਚੋਂ ਗ਼ੈਰ-ਸੰਸਥਾਗਤ ਉਧਾਰ 38.8 ਫੀਸਦ ਅਤੇ ਸੰਸਥਾਗਤ ਪੈਸਾ 61.2 ਫੀਸਦ ਬਣਦਾ ਹੈ। ਸੂਬਾ ਪੱਧਰ 'ਤੇ, ਪਰਵਾਸ ਦੇ ਉਦੇਸ਼ ਲਈ ਲਗਭਗ 14,342 ਕਰੋੜ ਰੁਪਏ ਉਧਾਰ ਲਏ ਗਏ ਸਨ।

# ਅੱਜ ਵੀ ਕਾਇਮ ਹੈ ਚਮਕੀਲੇ ਦੀ ਚਮਕ


## ਜਨਮ ਦਿਨ 'ਤੇ ਵਿਸ਼ੇਸ਼

ਰਮੇਸ਼ ਬੱਗਾ ਚੋਹਲਾ



ਦੋਗਣਾ ਗਾਇਕੀ ਪੰਜਾਬੀ ਦਾ ਇਕ ਅਨਿੱਖੜਵਾਂ ਅੰਗ ਹੈ। ਇਸ ਗਾਇਕੀ ਵਿਚ ਸਵਾਲ-ਜਵਾਬ ਢੰਗ ਨਾਲ ਜਿਥੇ ਨੌਜਵਾਨ ਦਿਲਾਂ ਦੀਆਂ ਧੜਕਨਾਂ ਨੂੰ ਤੇਜ਼ ਕੀਤਾ ਜਾਂਦਾ ਹੈ, ਉਥੇ ਵਿਵਰਜਿਤ ਰਿਸ਼ਤਿਆਂ ਦੇ ਲੁਕਵੇਂ ਭੇਦਾਂ ਨੂੰ ਵੀ ਬਿਆਨ ਕੀਤਾ ਜਾਂਦਾ ਹੈ। ਕਈ-ਕਈ ਵਾਰ ਤਾਂ ਇਹ ਗਾਇਕੀ ਸਾਡੀ ਸਮਾਜਿਕ ਰਿਸ਼ਤਾ-ਨਾਤਾ ਪ੍ਰਣਾਲੀ (ਜੇਠ/ਦਿਉਰ-ਭਰਜਾਈ, ਜੀਜ਼ਾ-ਸਾਲੀ, ਕੁੜਮ-ਕੁੜਮਣੀ ਅਤੇ ਪਤੀ-ਪਤਨੀ ਆਦਿ) ਵਿਚਲੇ ਸੰਬੰਧਾਂ ਦੀ ਖਟਾਸ ਨੂੰ ਮਿਠਾਸ ਵਿਚ ਬਦਲਣ ਲਈ ਵੀ ਜਤਨਸ਼ੀਲ ਰਹਿੰਦੀ ਹੈ। ਇਸ ਗਾਇਕੀ ਨਾਲ ਜੁੜੀਆਂ ਪ੍ਰਮੁੱਖ ਧਿਰਾਂ (ਗਾਇਕ, ਗੀਤਕਾਰ ਅਤੇ ਸੰਗੀਤਕਾਰ) ਨੇ ਜਿਥੇ ਇਸ ਗਾਇਨ-ਕਲਾ ਨੂੰ ਕਲਾਤਮਕ ਪੱਖੋਂ, ਸ਼ਾਬਦਿਕ ਪੱਖੋਂ ਅਤੇ ਸੰਗੀਤਕ ਪੱਖੋਂ ਨਵੀਨਤਮ ਦਿਸ਼ਾਵਾਂ ਵੱਲ ਮੋੜਿਆ ਹੈ, ਉਥੇ ਕਈਆਂ ਨੇ ਰਾਤੋ-ਰਾਤ ਪ੍ਰਸਿੱਧੀ ਹਾਸਲ ਕਰਨ ਖਾਤਰ ਸਮਾਜਿਕ ਮਾਣ-ਮਰਿਆਦਾਵਾਂ ਦੀ ਉਲੰਘਣਾ ਵੀ ਕੀਤੀ ਹੈ। ਇਸ ਤਰ੍ਹਾਂ ਸਭਿਆਚਾਰਕ ਕਦਰਾਂ-ਕੀਮਤਾਂ ਦੀ ਅਣਡਿੱਠਤਾ ਕਦੇ- ਕਦਾਈਂ ਕਿਸੇ ਗਾਇਕ ਨੂੰ ਮਹਿੰਗੀ ਵੀ ਪੈ ਜਾਂਦੀ ਹੈ। ਪਰ ਕੁੱਝ ਗਾਇਕ ਅਜਿਹੇ ਵੀ ਹੁੰਦੇ ਹਨ ਜਿਹੜੇ ਆਪਣੇ ਉਸਤਾਦਾਂ ਦੀ ਚੰਡਾਈ ਅਤੇ ਉਚਿਤ ਸਿਖਲਾਈ ਸਦਕਾ ਆਪਣੀ ਗਾਇਨ-ਸ਼ੈਲੀ ਵਿਚ ਇਸ ਹੱਦ ਤਕ ਨਿਖਾਰ ਲੈ ਆਉਂਦੇ ਹਨ ਕਿ ਉਨ੍ਹਾਂ ਦੀਆਂ ਕੁਵੱਲੀਆਂ ਵੀ ਸਿੱਧੀਆਂ ਪੈਣ ਲੱਗ ਪੈਂਦੀਆਂ ਹਨ। ਕੁਝ ਸਮਾਜਿਕ/ਸਭਿਆਚਾਰਕ ਇਤਰਾਜਾਂ ਦੀ ਹੋਂਦ ਵਿਚ ਵੀ ਉਹ ਆਪਣਾ ਮੁਕਾਮ ਬਣਾਂ ਲੈਂਦੇ ਹਨ। ਇਸੇ ਤਰ੍ਹਾਂ ਦਾ ਮੁਕਾਮ ਬਣਾਉਣ ਵਿਚ ਹੀ ਸ਼ਾਮਿਲ ਸੀ ਅਮਰ ਸਿੰਘ ਚਮਕੀਲਾ ਅਤੇ ਉਸ ਦੀ ਸਾਥਣ ਗਾਇਕਾ ਬੀਬੀ ਅਮਰਜੋਤ ਕੌਰ। ਪੰਜਾਬੀ ਦੋਗਾਣਾ ਗਾਇਕੀ ਵਿਚ ਅਮਰ ਸਿੰਘ ਚਮਕੀਲਾ ਇਕ ਅਜਿਹਾ ਹਸਤਾਖਰ ਸੀ ਜਿਹੜਾ ਨੌਜਵਾਨ ਪੀੜ੍ਹੀ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ ਕਰਨ ਦੇ ਨਾਲ-ਨਾਲ ਸਮਾਜਿਕ ਰਿਸ਼ਤਿਆਂ ਨੂੰ ਵੀ ਨਵੀਨ ਸਮੀਕਰਣਾਂ ਵਿਚ ਬਦਲਣ ਦਾ ਉਪਰਾਲਾ ਕਰਦਾ ਸੀ। ਉਸ ਦੇ ਅਤੇ ਉਸ ਦੀਆਂ ਸਾਥਣ ਗਾਇਕਾਵਾਂ ਦੁਆਰਾ ਗਾਏ ਗੀਤ/ਦੋਗਾਣੇ ਵਾਦ-ਵਿਵਾਦ ਦਾ ਸ਼ਿਕਾਰ ਹੋਣ ਤੇ ਬਾਵਜੂਦ ਵੀ ਅਨਪੜ੍ਹ, ਅੱਧਪੜ੍ਹ ਅਤੇ ਪੜ੍ਹੇ-ਲਿਖੇ ਸ੍ਰੋਤਿਆਂ/ਦਰਸ਼ਕਾਂ ਦੇ ਮਨੋਰੰਜਨ ਦਾ ਸਬੱਬ ਬਣਦੇ ਰਹੇ ਹਨ।

ਲੁਧਿਆਣੇ ਜ਼ਿਲ੍ਹੇ ਦੇ ਨਾਲ ਜੁੜੇ ਛੋਟੇ ਜਿਹੇ ਪਿੰਡ ਦੁਗਰੀ ਵਿਚ ਵਸਦੇ ਇਕ ਬੁੜ੍ਹਾਂ ਮਾਰੇ ਪਰਿਵਾਰ (ਸ. ਹਰੀ ਸਿੰਘ ਅਤੇ ਮਾਤਾ ਕਰਤਾਰ ਕੌਰ) ਵਿਚ 21 ਜੁਲਾਈ 1960 ਨੂੰ ਜਨਮੇ ਅਮਰ ਸਿੰਘ ਦਾ ਬਚਪਨ ਦਾ ਨਾਮ ਧੁਨੀ ਰਾਮ ਸੀ। ਦੁਗਰੀ ਪਿੰਡ ਦੀਆਂ ਗਲੀਆਂ ਵਿਚ ਖੇਡ-ਕੁੱਦ ਕੇ ਜਵਾਨ ਹੋਏ ਅਮਰ ਸਿੰਘ ਨੂੰ ਜਵਾਨੀ ਦੀਆਂ ਦਹਿਲੀਜ਼ਾਂ ਤੇ ਪੈਰ ਧਰਦਿਆਂ ਹੀ ਗੁਰਬਤ ਦੀਆਂ ਪੌੜੀਆਂ ਚੜ੍ਹਨੀਆਂ ਪੈ ਗਈਆਂ। ਇਸ ਤੰਗੀ-ਤੁਰਸ਼ੀ ਵਾਲੇ ਮਾਹੌਲ ਸਦਕਾ ਹੀ ਉਸ ਨੂੰ ਰਸਮੀ-ਵਿਦਿਆ ਵੀਚਾਰਨ ਦੇ ਵੀ ਬਹੁਤ ਘੱਟ ਮੌਕੇ (ਪੰਜ ਜਾਂ ਛੇ ਸਾਲ)



ਨਸੀਬ ਹੋਏ। ਆਪਣੀ ਅਤੇ ਪਰਿਵਾਰ ਦੀ ਉਦਰ-ਜਵਾਲਾ ਨੂੰ ਸ਼ਾਂਤ ਕਰਨ ਲਈ ਚਮਕੀਲਾ ਬਹੁਤ ਸਾਰੇ ਛੋਟੇ-ਮੋਟੇ ਧੰਦਿਆਂ ਨਾਲ ਵੀ ਜੁੜਿਆ ਰਿਹਾ। ਇਨ੍ਹਾਂ ਵਕਤੀ ਧੰਦਿਆਂ ਨੂੰ ਪਿੱਟਦਿਆਂ ਉਸ ਦੀ ਕਲਮ ਗਰਭਵਤੀ ਹੋ ਗਈ। ਜਦੋਂ ਕਲਮ ਦੀ ਕੁੱਖ ਵਿਚੋਂ ਕੁੱਝ ਗੀਤਾਂ ਨੇ ਜਨਮ ਲਿਆ ਤਾਂ ਉਸ ਨੇ ਵਕਤ ਦੇ ਚਰਚਿਤ ਗਾਇਕ ਸੁਰਿੰਦਰ ਛਿੰਦੇ ਦਾ ਜਾ ਦਰ ਖੜਕਾਇਆ।

ਜਦੋਂ ਸੁਰਿੰਦਰ ਛਿੰਦੇ ਅਤੇ ਸੁਰਿੰਦਰ ਸੋਨੀਆ ਦੀ ਆਵਾਜ਼ ਵਿਚ ਉਸ ਦਾ ਲਿਖਿਆ ਦੋਗਾਣਾ "ਨੀ ਮੈਂ ਡਿੱਗੀ ਤਿਲਕ ਕੇ ਛੜੇ ਜੇਠ ਨੇ ਚੁੱਕੀ ਮਾਰਕੀਟ ਵਿਚ ਆਇਆ ਤਾਂ ਉਸ ਦੀ ਗੀਤਕਾਰੀ ਵਿਚ ਚਮਕ ਆ ਗਈ। ਗੀਤ ਲਿਖਦਿਆਂ ਹੀ ਉਸ ਦੇ ਅੰਦਰ ਗਾਇਕੀ ਦੀ ਤਾਂਘ ਵੀ ਜਾਗ ਪਈ। ਇਸ ਤਾਂਘ ਦੇ ਪ੍ਰਬਲ ਹੋਣ ਨਾਲ ਉਹ ਛਿੰਦੇ ਨੂੰ ਉਸਤਾਦ ਧਾਰ ਕੇ ਉਸ ਕੋਲੋਂ ਸੰਗੀਤਕ ਬਰੀਕੀਆਂ ਦੀ ਪਹਿਚਾਣ ਕਰਨ ਲੱਗ ਪਿਆ। ਜਦੋਂ ਉਸਤਾਦ ਜੀ ਨਾਲ ਉਹ ਸਟੇਜਾਂ ਸਾਂਝੀਆਂ ਕਰਨ ਲੱਗਾ ਤਾਂ ਇਹ ਪਹਿਚਾਣ ਉਸ ਨੂੰ ਆਪਣੀ ਬਣਦੀ ਨਜ਼ਰ ਆਉਣ ਲੱਗੀ। ਇਸ ਪਹਿਚਾਣ ਨੂੰ ਹੋਰ ਵੀ ਗੂੜ੍ਹਿਆਂ ਕਰਨ ਲਈ ਚਮਕੀਲੇ ਨੇ ਆਪਣੇ ਸਮੇਂ ਦੀ ਪ੍ਰਸਿੱਧ ਗਾਇਕਾ ਸੁਰਿੰਦਰ ਸੋਨੀਆ ਨਾਲ ਇਕ ਛੋਟਾ ਤਵਾ (ਰਿਕਾਰਡ) "ਟਕੂਏ 'ਤੇ ਟਕੂਆ ਖੜਕੇ" ਸ੍ਰੋਤਿਆਂ ਦੀ ਕਚਹਿਰੀ ਵਿਚ ਪੇਸ਼ ਕੀਤਾ। ਇਸ ਤਵੇ ਵਿਚਲੇ ਚਾਰ ਦੋਗਾਣਿਆਂ ਨੇ ਉਸ ਨੂੰ ਆਪਣੇ ਸਮੇਂ ਦੇ ਧਨੰਤਰ ਗਾਇਕਾਂ ਦੀ ਲਾਇਨ ਵਿਚ ਖੜਾ ਕਰ ਦਿੱਤਾ। ਇਸ ਤੋਂ ਬਾਅਦ ਇਸ ਜੋੜੀ ਦਾ ਇਕ ਹੋਰ ਰਿਕਾਰਡ "ਬਾਪੂ ਸਾਡਾ ਗੁੰਮ ਹੋ ਗਿਆ" ਬਾਜ਼ਾਰ ਵਿਚ ਆਉਣ ਨਾਲ ਚਾਰੇ ਕੂਟਾਂ ਵਿਚ ਚਮਕੀਲਾ-ਚਮਕੀਲਾ ਹੋਣ ਲੱਗ ਪਈ।

ਜਦੋਂ ਅਮਰਜੋਤ ਨਾਲ ਆਪਣਾ ਪੱਕਾ ਸੈੱਟ ਬਣਾ ਕੇ ਚਮਕੀਲੇ ਨੇ ਦੋਗਾਣਾ (ਵਿਸ਼ੇਸ਼ ਕਰਕੇ ਚੱਕ-ਥੱਲ ਵਾਲੀ) ਗਾਇਕੀ ਨੂੰ ਆਪਣੇ ਜੀਵਨ ਦਾ ਮਨੋਰਥ ਬਣਾ ਲਿਆ ਤਾਂ ਇਸ ਮਨੋਰਥ ਦੀ ਸਿੱਧੀ ਲਈ ਉਸ ਨੂੰ ਕੁੱਝ ਤੱਤੇ ਸ਼ਬਦਾਂ ਦਾ ਇਸਤੇਮਾਲ ਵੀ ਕਰਨਾ ਪਿਆ। ਉਸ ਦੀ ਇਸ ਸ਼ਬਦਾਵਲੀ ਨੇ ਬੇਸ਼ੱਕ ਉਸ ਦੀ ਮੰਜ਼ਿਲ ਨੂੰ ਉਸ ਦੇ ਕਾਫ਼ੀ ਨੇੜੇ ਕਰ ਦਿੱਤਾ ਪਰ ਸਾਹਿਤਕ ਅਤੇ ਸੂਝਵਾਨ ਹਲਕਿਆਂ ਵਿਚ ਉਸ ਦੀ ਹੋਂਦ ਖੁਰਨ ਲੱਗ ਪਈ। ਇਸ ਖੋਰੇ ਕਾਰਨ ਹੀ ਕੁੱਝ ਗੰਭੀਰ ਕਿਸਮ ਦੇ ਸ੍ਰੋਤੇ ਉਸ ਤੋਂ ਕਿਨਾਰਾ ਕਰਨ ਲੱਗ ਪਏ। ਉਸ ਦੀ ਗੀਤਕਾਰੀ ਦੇ ਸ਼ਬਦ (ਜਿਵੇ ਕੰਡਾ ਖਿੱਚਿਆ ਨਾ ਜਿੰਨੇ.........) ਜਿੱਥੇ ਸਮਾਜਿਕ/ਪਰਿਵਾਰਕ ਰਿਸ਼ਤਿਆ ਦਾ ਘਾਣ ਕਰਦੇ ਹਨ, ਉਥੇ ਪੰਜਾਬੀ ਸਭਿਆਚਾਰ ਨੂੰ ਨਾਕਾਰਾਤਮਕ ਲੀਹਾਂ ਵੀ ਪ੍ਰਦਾਨ ਕਰਦੇ ਹਨ। ਅਜਿਹੀਆਂ ਲੀਹਾਂ ਉਤੇ ਚੱਲਕੇ ਕੋਈ ਵੀ ਸਭਿਅਕ ਸਮਾਜ ਕਿਸੇ ਮਾਣਮੱਤੀ ਪ੍ਰਾਪਤੀ ਦਾ ਦਾਅਵੇਦਾਰ ਨਹੀਂ ਹੋ ਸਕਦਾ।

ਭਾਵੇਂ ਸੂਝਵਾਨ ਹਲਕਿਆਂ ਵੱਲੋਂ ਚਮਕੀਲਾ ਨੂੰ ਅਕਸਰ ਹੀ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਸੀ ਪਰ ਉਸ ਦੀ ਕਲਾ ਜਾਦੂ ਪੰਜਾਬ ਦੇ ਸਿਰ ਚੜ੍ਹਕੇ ਬੋਲਦਾ ਰਿਹਾ ਹੈ।

ਧੜਲੇਦਾਰ ਸੰਗੀਤ ਵਿਚ ਪਰੋਈ ਚਮਕੀਲੇ ਦੀ ਚੱਕਵੀਂ ਗਾਇਕੀ ਸੇਧਤਾਮਕ ਪੱਖੋਂ ਤਾਂ ਕੁਝ ਊਣੀ ਹੀ ਰਹੀ ਹੈ ਪਰ ਉਸ ਵੱਲੋਂ ਵਰਤੀ ਨਿਰੋਲ ਪੇਂਡੂ ਮੁਹਾਵਰੇਦਾਰ ਪੰਜਾਬੀ ਹਰੇਕ ਵਰਗ ਦੇ (ਵਿਸ਼ੇਸ਼ ਕਰਕੇ ਪੇਂਡੂ) ਸ੍ਰੋਤਿਆਂ ਦੀ ਪਹਿਲੀ ਤਰਜੀਹ ਬਣਦੀ ਰਹੀ ਹੈ। ਖੇਤਾਂ ਵਿਚ ਹੱਲ ਵਾਹੁਣ ਵਾਲੇ ਕਿਸਾਨਾਂ, ਮੰਡੀਆਂ ਵਿਚ ਕੰਮ ਕਰਦਿਆਂ ਪੱਲੇਦਾਰਾਂ, ਜਰਨੈਲੀ ਸੜਕਾਂ ਤੇ ਖੁੱਲ੍ਹੇ ਢਾਬਿਆਂ ਦੇ ਮਾਲਕਾਂ/ਚਾਲਕਾਂ, ਬੱਸਾ'-ਟਰੱਕਾਂ ਦਿਆਂ ਡਰਾਇਵਰਾਂ-ਕੰਡਕਟਰਾਂ, ਕਾਲਜਾਂ/ਯੂਨੀਵਰਸਿਟੀਆਂ ਦੇ ਹੋਸਟਲਾਂ ਅਤੇ ਮੰਗਣੇ-ਵਿਆਹ ਦੇ ਸਮਾਗਮਾਂ ਵਿਚ ਅਮਰ ਸਿੰਘ ਚਮਕੀਲੇ ਦੇ ਨਾਂਅ ਦਾ ਡੰਕਾ ਵਜਦਾ ਰਿਹਾ ਹੈ।

ਦੇ ਉਂਜ ਨਿਰੋਲ ਰੂਪ ਵਿਚ ਚਮਕੀਲੇ ਦੀ ਗਾਇਕੀ ਸੁੱਟ ਪਾਉਣ ਵਾਲੀ ਵੀ ਨਹੀਂ। ਉਸ ਦੇ ਕੁੱਝ ਗੀਤਾਂ/ਦੋਗਾਣਿਆਂ ਵਿਚ ਪੰਜਾਬ ਦੀ ਪੇਂਡੂ ਰਹਿਤਲ ਨੂੰ ਖੁੱਲ੍ਹ ਕੇ ਬਿਆਨ ਕੀਤਾ ਗਿਆ ਹੈ। ਜਿਵੇ ਉਹ ਲਿਖਦਾ ਹੈ, 'ਲਾਹ ਸਾਇਕਲ ਦੇ ਹੈਂਡਲ ਨਾਲੋਂ ਝੋਲਾ ਭਰੇ ਮਖਾਣੇ ਕਹਿ ਬੇਬੇ ਨੂੰ ਵੰਡ ਦੇਵੇ ਗੁੜ ਘਰ-ਘਰ ਪੰਜ-ਪੰਜ ਸੇਰੀ, "ਕਿਉਂ ਖੁੱਚਾਂ ਦਾ ਤੇਲ ਕਢਵਾਉਣਾ", " ਜੋੜੀ ਤੋ ਲੱਡੂ ਵਾਰ ਅਤੇ ਆਪਣੀ ਵਿਆਹੀ ਨਹੀਂ ਕਦੇ ਵੀ ਛੱਡੀ ਦੀ ਆਦਿ ਉਸ ਦੀ ਗਾਇਕੀ ਅਤੇ ਗੀਤਕਾਰੀ ਦੇ ਕੁਝ ਹਾਂ-ਪੱਖੀ ਪਹਿਲੂ ਹਨ। ਸ੍ਰੋਤਿਆਂ ਅਤੇ ਦਰਸ਼ਕਾਂ ਤੱਕ ਹੀ ਬਸ ਨਹੀਂ ਚਮਕੀਲੇ ਦੀ ਕਲਾ ਦਾ ਲੋਹਾ ਉਸ ਦੇ ਸਮਕਾਲੀ ਕਲਾਕਾਰਾਂ ਨੇ ਵੀ ਮੰਨਿਆ ਹੈ। ਬਹੁਤ ਸਾਰੇ ਸਿਖਾਂਦਰੂ ਗਾਇਕਾਂ ਨੇ ਉਸ ਨੂੰ ਆਪਣਾ ਆਦਰਸ਼ ਮੰਨਿਆ ਹੈ ਤੇ ਕਿਸੇ ਹੱਦ ਤੱਕ ਕਾਮਯਾਬੀ ਵੀ ਹਾਸਲ ਕੀਤੀ ਹੈ।

ਆਪਣੀ ਗਾਇਕੀ ਦੇ ਕੁੱਝ ਨੰਗੇ ਪ੍ਰਭਾਵਾਂ ਨੂੰ ਘਟਾਉਣ ਲਈ ਅਮਰ ਸਿੰਘ ਚਮਕੀਲੇ ਨੇ ਕੁੱਝ ਧਾਰਮਿਕ ਕੈਸਟਾਂ ਦਾ ਓਟ-ਆਸਰਾ ਵੀ ਲਿਆ ਸੀ। ਇਹ ਕੈਸਟਾਂ ਸਮੱਗਰੀ, ਆਵਾਜ਼ ਅਤੇ ਵਪਾਰਕ ਪੱਖੋਂ ਤਾਂ ਬੇਹੱਦ ਸਫਲ ਰਹੀਆਂ ਪਰ ਚਮਕੀਲੇ ਨੂੰ 'ਦੁੱਧ ਧੋਤਾ ਸਾਬਤ ਨਹੀਂ ਕਰ ਸਕੀਆਂ। ਇਨ੍ਹਾਂ ਕੈਸਟਾਂ ਦੇ ਕੁੱਝ ਗੀਤ ਨੀ ਤੂੰ ਨਰਕਾਂ ਨੂੰ ਜਾਵੇਂ ਸਰਹੰਦ ਦੀ ਦੀਵਾਰੇ', 'ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ', 'ਤਲਵਾਰ ਮੈਂ ਕਲਗੀਧਰ ਦੀ ਹਾਂ' ਅਤੇ ਇਕ ਵਾਰੀ ਕਹਿ ਦੇ ਮੈਨੂੰ ਮਾਂ ਅੱਜ ਤੱਕ ਵੀ ਸਤਿਕਾਰ ਅਤੇ ਪਿਆਰ ਨਾਲ ਸੁਣੇ ਜਾ ਰਹੇ ਹਨ। ਉਸ ਦੇ ਇਕ ਚਰਚਿਤ ਗੀਤ "ਪਾਣੀ ਦਿਆ ਬੁਲਬੁਲਿਆ ਕੀ ਬੁਨਿਆਦਾਂ ਤੇਰੀਆਂ ਵਾਂਗ ਚਮਕੀਲੇ ਦੀ ਆਪਣੀ ਬੁਨਿਆਦ ਵੀ ਸੰਨ 1988 ਦੇ ਮਾਰਚ ਮਹੀਨੇ 8ਵੇਂ ਦਿਨ ਪੂਰੀ ਤਰ੍ਹਾਂ ਹਿੱਲ ਗਈ। ਇਸ ਚੰਦਰੇ ਦਿਨ ਉਹ ਆਪਣੀ ਸਾਥਣ ਗਾਇਕਾ ਅਮਰਜੋਤ ਅਤੇ ਕੁੱਝ ਹੋਰ ਸਾਜ਼ੀਆਂ ਨਾਲ ਆਪਣੇ ਕਰਮ ਖੇਤਰ (ਅਖਾੜੇ) ਵਿਚ ਵਿਚਰ ਰਿਹਾ ਸੀ। ਇਹ ਅਖਾੜਾ ਭਾਵੇਂ ਉਸ ਦੀ ਜ਼ਿੰਦਗੀ ਦਾ ਆਖਰੀ ਅਖਾੜਾ ਸਾਬਤ ਹੋਇਆ ਪਰ ਉਸ ਦੀ ਕਲਮ ਅਤੇ ਮੂੰਹ ਵਿੱਚੋਂ ਨਿਕਲੇ ਬੋਲ ਉਸ ਦੇ ਆਪਣੇ ਨਾਂਅ ਵਾਗੂੰ ਅਮਰਤਾ ਹਾਸਲ ਕਰਕੇ ਅੱਜ ਵੀ ਕੈਸਟਾਂ, ਸੀ.ਡੀਜ਼., ਡੀ.ਵੀ.ਡੀਜ਼, ਚਿਪਾਂ ਅਤੇ ਪੈੱਨ ਡਰਾਈਵਜ਼ ਵਿਚੋਂ ਚਮਕ ਰਹੇ ਹਨ।

ਮਕਾਨ ਨੰ: 1348/17/1, ਗਲੀ ਨੰ: 8 ਹੈਬੋਵਾਲ ਖੁਰਦ (ਲੁਧਿਆਣਾ)
ਮੋਬਾਈਲ ਨੰ: 9463132719

ੴ ਵਾਹਿਗੁਰੂ ਜੀ ਕੀ ਫਤਹਿ ॥

ਪੰਜ ਤੀਰ ਹੋਰ ਤੂੰ ਗੁਰੂ ਤੋਂ ਮੰਗੇ, ਗੰਗੂ ਦੀ ਰੂਹ ਨੂੰ ਮਾਰਨ ਲਈ। ਅੱਜ ਪੰਥ ਇਕੱਠਾ ਹੋਇਆ ਹੈ, ਤੇਰੇ ਬੋਲਾਂ ਨੂੰ ਸਤਿਕਾਰਨ ਲਈ।

# ਜਲਾਵਤਨ ਸਿੱਖ ਯੋਧੇ, ਦਲ ਖਾਲਸਾ ਦੇ ਬਾਨੀ, ਕੌਮੀ ਸ਼ਾਇਰ, ਭਾਈ ਗਜਿੰਦਰ ਸਿੰਘ ਜੀ ਦੀ ਯਾਦ ਵਿੱਚ ਗੁਰਦੁਆਰਾ ਬਾਬਾ ਸੰਗ ਜੀ ਸਮੈਦਿਕ ਵਿਖੇ 4 ਅਗਸਤ 2024 ਦਿਨ ਐਤਵਾਰ ਨੂੰ

# ਸ਼ਰਧਾਂਜ਼ਲੀ ਸਮਾਗਮ

ਵੀਹਵੀਂ ਸਦੀ ਦੇ ਮਹਾਨ ਗੁਰਸਿੱਖ, ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਰਿਹਾਈ ਲਈ 29 ਸਤੰਬਰ 1981 ਨੂੰ ਇੰਡੀਅਨ ਏਅਰ ਲਾਇਨਜ ਦਾ ਹਵਾਈ ਜਹਾਜ਼ ਹਾਈਜੈਕ ਕਰਕੇ ਲਾਹੌਰ ਲਿਜਾਣ ਵਾਲੇ ਭਾਈ ਗਜਿੰਦਰ ਸਿੰਘ ਜੀ ਸਾਥੀਆਂ ਸਮੇਤ ਕਰੀਬ 14 ਸਾਲ ਪਾਕਿਸਤਾਨ ਦੀ ਕੋਟ ਲੱਖਪਤ ਜੇਲ੍ਹ ਵਿੱਚ ਨਜ਼ਰਬੰਦ ਰਹੇ ਅਤੇ ਉਸ ਤੋਂ ਬਾਅਦ ਅੰਤਮ ਸਵਾਸ ਤੱਕ ਪਾਕਿਸਤਾਨ ਵਿੱਚ ਹੀ ਜਲਾਵਤਨੀ ਦੀ ਜ਼ਿੰਦਗੀ ਬਿਤਾਈ।

ਬਿਖੜੇ ਪੈਂਡਿਆਂ ਤੇ ਤੁਰਦਿਆਂ ਵੀ ਸਰਦਾਰ ਗਜਿੰਦਰ ਸਿੰਘ ਨੇ ਦ੍ਰਿੜਤਾ ਨਾਲ ਖਾਲਿਸਤਾਨ ਦੀ ਅਜ਼ਾਦੀ ਅਤੇ ਅਕਾਲ ਤਖਤ ਸਾਹਿਬ ਦੀ ਸਰਵਉੱਚਤਾ ਲਈ ਸਖਤ ਪਹਿਰਾ ਦਿੱਤਾ।

ਬੀਤੀ 3 ਜੁਲਾਈ 2024 ਨੂੰ ਭਾਈ ਗਜਿੰਦਰ ਸਿੰਘ ਜੀ ਲਾਹੌਰ ਵਿਖੇ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਅਦੁੱਤੀ ਪੰਥਕ ਦੇਣ ਨੂੰ ਯਾਦ ਕਰਦਿਆਂ ਸੰਸਾਰ ਭਰ ਵਿੱਚ ਪੰਥ ਦਰਦੀਆਂ ਵੱਲੋਂ ਸ਼ਰਧਾਂਜਲੀ ਸਮਾਗਮ ਕੀਤੇ ਜਾ ਰਹੇ ਹਨ। ਉਸੇ ਲੜੀ ਵਿੱਚ ਗੁਰਦੁਆਰਾ ਬਾਬਾ ਸੰਗ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 4 ਅਗਸਤ 2024 ਦਿਨ ਐਤਵਾਰ ਨੂੰ ਵਿਸ਼ਾਲ ਸ਼ਰਧਾਂਜਲੀ ਸਮਾਗਮ ਕੀਤਾ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਪੰਥਕ ਪਿਆਰ ਵਿੱਚ ਹੁੰਮ-ਹੁੰਮਾ ਕੇ ਪੁੱਜੋ ਅਤੇ ਪੰਥਕ ਏਕੇ ਦਾ ਸਬੂਤ ਦਿੰਦਿਆਂ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਜਲਾਵਤਨ ਸਿੱਖ ਯੋਧਾ
ਭਾਈ ਗਜਿੰਦਰ ਸਿੰਘ ਦਲ ਖਾਲਸਾ

## === ਪ੍ਰੋਗਰਾਮ ਦਾ ਵੇਰਵਾ :===

ਮਿਤੀ 2 ਅਗਸਤ 2024 ਦਿਨ ਸ਼ੁਕਰਵਾਰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ ਮਿਤੀ ਅਗਸਤ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਜੀ ਦੇ ਭੋਗ ਉਪਰੰਤ ਦੀਵਾਨ ਸਜੇਗਾ, ਜਿਸ ਵਿਚ ਉਚਕੋਟੀ ਦੇ ਰਾਗੀ ਜੱਥੇ, ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਨਾਮਵਰ ਪੰਥਕ ਬੁਲਾਰੇ ਪੰਥਕ ਵੀਚਾਰ ਸਾਂਝੇ ਕਰਨਗੇ।

## ਗੁਰਦੁਆਰਾ ਬਾਬਾ ਸੰਗ ਜੀ ਅਤੇ ਸੈਂਡਵਿਲ ਦੇ ਸਮੂਹ ਗੁਰਦੁਆਰਾ ਸਾਹਿਬ

## GURDWARA BABA SANG JI SMETHWICK

7-9 St Paul's Road, Smethwick, B66 1EE

ਵਧੇਰੇ ਜਾਣਕਾਰੀ ਲਈ ਸੰਪਰਕ :

0121 558 2681 / 07930 908368 / 07452 765165

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

ਪੰਜਾਬ ਲਈ ਵੀ ਮਾਣ ਵਾਲੀ ਗੱਲ

# ਕੈਨੇਡਾ ਵਲੋਂ ਪੈਰਿਸ ਉਲੰਪਿਕ ਵਿਚ ਖੇਡੇਗੀ ਪੰਜਾਬ ਦੀ ਬੇਟੀ ਜੈਸਿਕਾ

## ✪ ਕੈਨੇਡਾ ਦੀ ਵਾਟਰ ਪੋਲੋ ਟੀਮ 'ਚ ਹੋਈ ਚੋਣ





ਓਟਾਵਾ-ਓਟਾਵਾ ਦੀ ਪੰਜਾਬੀ ਜੰਮਪਲ ਜੈਸਿਕਾ ਓਲੰਪਿਕ ਖੇਡਾਂ 2024 ਲਈ ਕੈਨੇਡਾ ਦੀ ਮਹਿਲਾ ਵਾਟਰ ਪੋਲੋ ਟੀਮ ਦੀ ਮੈਂਬਰ ਚੁਣੀ ਗਈ ਹੈ। ਇਸ ਤੋਂ ਪਹਿਲਾਂ ਟੋਕੀਓ 2020 ਉਲੰਪਿਕ ਖੇਡਾਂ ਲਈ ਉਹ ਕੈਨੇਡੀਅਨ ਟੀਮ ਵਿੱਚ ਇੱਕ ਬਦਲ ਵਜੋਂ ਵੀ ਮੌਜੂਦ ਰਹੀ ਸੀ ਜਦਕਿ ਇਸ ਵਾਰ ਜੈਸਿਕਾ ਨੇ ਕੈਨੇਡਾ ਦੀ ਪੈਰਿਸ ਉਲੰਪਿਕ 2024 ਖੇਡਣ ਵਾਲੀ ਵਾਟਰ ਪੋਲੋ ਟੀਮ ਵਿੱਚ ਮੁੱਖ ਸਥਾਨ ਬਣਾਇਆ ਹੈ।

ਜੈਸਿਕਾ ਦਾ ਜਨਮ ਬੇਸ਼ੱਕ ਕੈਨੇਡਾ ਦੀ ਧਰਤੀ 'ਤੇ ਹੋਇਆ ਹੈ ਪਰ ਉਹ ਪੰਜਾਬ ਦੀ ਧੀ ਹੈ। ਜੈਸਿਕਾ ਕੈਨੇਡਾ ਦੀ ਆਰ.ਸੀ.ਐਮ.ਪੀ. ਅਧਿਕਾਰੀ ਅਜੀਤ ਕੌਰ ਟਿਵਾਣਾ ਦੀ ਧੀ ਹੈ। ਪੰਜਾਬ ਦੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਸਭ ਤੋਂ ਵੱਡੇ ਪਿੰਡ ਚਨਾਰਥਲ ਕਲਾਂ ਦੀ ਜੰਮਪਲ ਅਜੀਤ ਕੌਰ ਟਿਵਾਣਾ ਕੈਨੇਡਾ ਵਿੱਚ ਏਸ਼ੀਆ ਦੀ ਪਹਿਲੀ ਉਹ ਲੜਕੀ ਹੈ, ਜੋ ਆਰ.ਸੀ.ਐਮ.ਪੀ. ਅਧਿਕਾਰੀ ਵਜੋਂ ਤਾਇਨਾਤ ਹੋਈ ਸੀ। ਹੁਣ ਅਜੀਤ ਕੌਰ ਟਿਵਾਣਾ ਦੀ ਧੀ ਤੇ ਰਿਟਾ. ਫ਼ੌਜ ਅਧਿਕਾਰੀ ਤੇ ਨਾਮਵਰ ਲੇਖਕ ਅਮਰਜੀਤ ਸਿੰਘ ਸਾਥੀ ਦੀ ਦੋਹਤੀ ਜੈਸਿਕਾ ਨੇ ਕੈਨੇਡਾ ਦੇ ਵਿੱਚ ਵੱਡਾ ਮਾਅਰਕਾ ਮਾਰਦਿਆਂ ਸਾਰੇ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ।

ਜੈਸਿਕਾ ਬਚਪਨ ਤੋਂ ਹੀ ਇਸ ਖੇਡ ਨੂੰ ਸਮਰਪਿਤ ਰਹੀ ਹੈ। ਜੈਸਿਕਾ ਨੇ 2008 ਵਿੱਚ 14 ਸਾਲ ਦੀ ਉਮਰ ਵਿੱਚ ਵਾਟਰ ਪੋਲੋ ਖੇਡਣਾ ਸ਼ੁਰੂ ਕੀਤਾ। ਇਸਦੀ ਚੇਟਕ ਉਸ ਨੂੰ ਉਦੋਂ ਲੱਗੀ ਜਦੋਂ ਉਸਦਾ ਪਰਿਵਾਰ ਕਿਸੇ ਨਜ਼ਦੀਕੀ ਨੂੰ ਇਹ ਗੇਮ ਖੇਡਦਿਆਂ ਦੇਖਣ ਲਈ ਗਿਆ ਸੀ। ਜੈਸਿਕਾ ਦੇ ਮਾਤਾ-ਪਿਤਾ ਨੇ ਉਸ ਨੂੰ ਸਮਰ ਕੈਂਪ ਲਈ ਉਸੇ ਸਮੇਂ ਅਤੇ ਉੱਥੇ ਹੀ ਦਾਖਲ ਕਰਵਾ ਦਿੱਤਾ। ਉਦੋਂ ਤੋਂ ਉਸ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਅੱਜ ਉਸ ਦੀਆਂ ਪ੍ਰਾਪਤੀਆਂ ਦਾ ਗ੍ਰਾਫ਼ ਕਾਫ਼ੀ ਉੱਪਰ ਹੈ ਜਿਸ ਨੇ ਉਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਾਣ ਦਿਵਾਉਂਦਿਆਂ ਉਲੰਪਿਕ ਖੇਡਣ ਦਾ ਮੌਕਾ ਦਿੱਤਾ।

ਸੰਨ 2012 ਵਿੱਚ ਜੈਸਿਕਾ ਨੇ ਪਹਿਲੀ ਐੱਫਆਈਐੱਨਏ ਵਿਸ਼ਵ ਯੂਥ ਚੈਂਪੀਅਨਸ਼ਿਪ ਵਿੱਚ ਕੈਨੇਡਾ ਨੂੰ ਪੰਜਵੇਂ ਸਥਾਨ 'ਤੇ ਲਿਆਉਣ ਵਿੱਚ ਯੋਗਦਾਨ ਪਾਇਆ। 2017 ਵਿੱਚ ਉਸ ਨੇ ਕੈਨੇਡਾ ਨੂੰ ਐੱਫਆਈਐੱਨਏ ਵਿਸ਼ਵ ਲੀਗ ਸੁਪਰ ਫਾਈਨਲ ਵਿੱਚ ਚਾਂਦੀ ਦਾ ਤਗ਼ਮਾ ਜਿੱਤਣ ਵਿੱਚ ਮਦਦ ਕੀਤੀ ਜਿੱਥੇ ਉਸ ਨੂੰ ਟੂਰਨਾਮੈਂਟ ਦੀ ਸਭ ਤੋਂ ਬਿਹਤਰੀਨ ਗੋਲਚੀ ਚੁਣਿਆ ਗਿਆ। ਕੈਪੀਟਲ ਵੇਵ ਸਵੀਮਿੰਗ ਅਤੇ ਵਾਟਰ ਪੋਲੋ ਕਲੱਬ ਦੀ ਇਸ ਪ੍ਰਤੀਨਿਧੀ ਨੇ ਟੋਰਾਂਟੋ 2015, ਲੀਮਾ 2019 ਅਤੇ ਸੈਂਟੀਆਗੋ 2023 ਪੈਨ ਅਮਰੀਕਨ ਖੇਡਾਂ ਵਿੱਚ ਚਾਂਦੀ ਦਾ ਤਗ਼ਮਾ ਜਿੱਤਿਆ।

ਯੂਨੀਵਰਸਿਟੀ ਪੱਧਰ 'ਤੇ ਜੈਸਿਕਾ ਨੇ ਇੰਡੀਆਨਾ ਯੂਨੀਵਰਸਿਟੀ ਦੀ ਨੁਮਾਇੰਦਗੀ ਕੀਤੀ ਜਿੱਥੇ ਉਸ ਨੂੰ 2013, 2014 ਅਤੇ 2018 ਵਿੱਚ ਆਲ-ਕਾਨਫਰੰਸ ਫਸਟ ਆਲ-ਸਟਾਰ ਟੀਮ ਨਾਮ ਦਿੱਤਾ ਗਿਆ ਸੀ। ਇੰਡੀਆਨਾ ਯੂਨੀਵਰਸਿਟੀ ਵਿੱਚ ਆਪਣੇ ਅੰਤਿਮ ਸਾਲ ਵਿੱਚ ਉਸ ਨੂੰ ਆਲ-ਅਮਰੀਕਨ ਐੱਨਸੀਏਏ ਮਹਿਲਾ ਵਾਟਰ ਪੋਲੋ ਡਿਵੀਜ਼ਨ 1 ਵਿੱਚ 'ਮਾਣਯੋਗ ਆਲ-ਸਟਾਰ ਟੀਮ' ਵਜੋਂ ਨਾਮਜ਼ਦ ਕੀਤਾ ਗਿਆ ਸੀ।

ਉਸ ਨੇ 2019 ਵਿੱਚ ਇੰਡੀਆਨਾ ਯੂਨੀਵਰਸਿਟੀ ਵਿੱਚ ਕੈਮਿਸਟਰੀ ਵਿੱਚ ਆਪਣੀ ਪੜ੍ਹਾਈ ਪੂਰੀ ਕੀਤੀ। 2022 ਵਿੱਚ, ਉਹ ਕੋਚ ਦੇ ਰੂਪ ਵਿੱਚ ਮਿਸ਼ੀਗਨ ਯੂਨੀਵਰਸਿਟੀ ਦੀ ਟੀਮ ਵਿੱਚ ਸ਼ਾਮਲ ਹੋ ਗਈ। ਇਸ ਨਾਲ ਉਹ ਐੱਨਸੀਏਏ ਵਿੱਚ ਕੋਚ ਬਣਨ ਵਾਲੀ ਏਸ਼ੀਅਨ-ਭਾਰਤੀ ਮੂਲ ਦੀ ਪਹਿਲੀ ਔਰਤ ਬਣ ਗਈ। ਆਪਣੇ ਐਥਲੈਟਿਕਸ ਕਰੀਅਰ ਵਿੱਚ ਇੰਨੀਆਂ ਸ਼ਾਨਦਾਰ ਪ੍ਰਾਪਤੀਆਂ ਤੋਂ ਬਾਅਦ ਵੀ ਉਹ ਆਪਣੀਆਂ ਜੜ੍ਹਾਂ ਨਾਲ ਜੁੜੀ ਹੋਈ ਹੈ, ਖ਼ਾਸ ਕਰਕੇ ਉਸ ਨੂੰ ਬੁਣਾਈ ਕਰਨ ਦਾ ਬਹੁਤ ਸ਼ੌਕ ਹੈ। ਉਹ ਡਰਾਇੰਗ ਦਾ ਵੀ ਸ਼ੌਂਕ ਰੱਖਦੀ ਹੈ।

ਓਟਾਵਾ ਤੋਂ ਇਸ ਸਬੰਧੀ ਜਾਣਕਾਰੀ ਦਿੰਦਿਆਂ ਜੈਸਿਕਾ ਦੇ ਨਾਨਾ ਅਮਰਜੀਤ ਸਿੰਘ ਸਾਥੀ, ਮਾਤਾ ਅਜੀਤ ਕੌਰ ਟਿਵਾਣਾ ਅਤੇ ਪਿੰਡ ਚਨਾਰਥਲ ਕਲਾਂ ਤੋਂ ਨਵਤੇਜ ਸਿੰਘ ਟਿਵਾਣਾ, ਗੁਰਤੇਜ ਸਿੰਘ ਟਿਵਾਣਾ ਨੇ ਕਿਹਾ ਕਿ ਜੈਸਿਕਾ ਨੂੰ ਜਿੱਥੇ ਉਲੰਪਿਕ ਟੀਮ ਵਿਚ ਚੁਣੇ ਜਾਣ ਦੀ ਖੁਸ਼ੀ ਹੈ, ਉਥੇ ਉਨ੍ਹਾਂ ਨੇ ਕਿਹਾ ਕਿ ਉਹ ਕੈਨੇਡਾ ਲਈ ਮੈਡਲ ਜਿੱਤ ਕੇ ਲਿਆਵੇਗੀ, ਇਸ ਨਾਲ ਪੰਜਾਬ ਦਾ ਵੀ ਸਿਰ ਹੋਰ ਉਚਾ ਹੋਵੇਗਾ।

## ਨਸ਼ੇ ਦੀ ਓਵਰਡੋਜ਼ ਕਾਰਨ ਕੈਦੀ ਦੀ ਮੌਤ



ਸ੍ਰੀ ਗੋਇੰਦਵਾਲ ਸਾਹਿਬ-ਇਥੇ ਸਥਿਤ ਕੇਂਦਰੀ ਜੇਲ੍ਹ ਵਿੱਚ ਕੈਦੀ ਦੀ ਨਸ਼ੇ ਦੀ ਕਥਿਤ ਓਵਰਡੋਜ਼ ਕਾਰਨ ਮੌਤ ਹੋ ਗਈ ਹੈ। ਬੀਤੇ ਦਿਨੀਂ ਕੇਂਦਰੀ ਜੇਲ੍ਹ ਵਿਚ ਬੰਦ ਕੈਦੀ ਮਿੱਠੂ ਮਰਾਸੀ (33) ਉਰਫ ਮਿਥੁਨ ਪੁੱਤਰ ਬਾਬੂ ਮਰਾਸੀ ਵਾਸੀ ਮੁਰਾਦਪੁਰ ਝੁੱਗੀਆਂ, ਜ਼ਿਲ੍ਹਾ ਤਰਨ ਤਾਰਨ ਦੀ ਅਚਾਨਕ ਸਿਹਤ ਵਿਗੜ ਗਈ। ਜੇਲ੍ਹ ਦੇ ਡਾਕਟਰ ਵੱਲੋਂ ਉਸ ਨੂੰ ਸਿਵਲ ਹਸਪਤਾਲ ਤਰਨ ਤਾਰਨ ਰੈਫਰ ਕੀਤਾ ਗਿਆ ਸੀ ਪਰ ਹਾਲਤ ਜ਼ਿਆਦਾ ਖਰਾਬ ਹੋਣ ਕਾਰਨ ਉਸ ਦੀ ਮੌਤ ਹੋ ਗਈ। ਜੇਲ੍ਹ ਪ੍ਰਸ਼ਾਸਨ ਵੱਲੋਂ ਮਾਮਲੇ 'ਤੇ ਪਰਦਾ ਪਾਉਣ ਦੀ ਕਥਿਤ ਕੋਸ਼ਿਸ਼ ਕਾਰਨ ਮੌਤ ਦਾ ਕਾਰਨ ਗੁਪਤ ਰੱਖਿਆ ਗਿਆ ਹੈ ਪਰ ਜੇਲ੍ਹ ਸੂਤਰਾਂ ਅਨੁਸਾਰ ਕੈਦੀ ਵੱਲੋਂ ਨਸ਼ੇ ਦੀ ਵਰਤੋਂ ਕੀਤੀ ਗਈ ਸੀ। ਪੰਜਾਬ ਟਾਈਮਜ ਦਾ ਮੰਨਣਾ ਹੈ ਕਿ ਜੇਲ ਵਿਚ ਪੁਲੀਸ ਪ੍ਰਸ਼ਸ਼ਣ ਦੇ ਕੁਝ ਲੋਕਾਂ ਦੀ ਮਦਦ ਨਾਲ ਨਸ਼ੇ ਜਾ ਰਹੇ ਹਨ।

# ਕੀ ਇਲਾਜ ਦੇ ਨਾਲ ਠੀਕ ਹੋ ਸਕਦਾ ਐਚਆਈਵੀ ?

## ✪ ਜਰਮਨੀ ਡਾਕਟਰਾਂ ਨੇ ਖੋਜ ਲਿਆ ਇੱਕ ਵਿਸ਼ੇਸ਼ ਇਲਾਜ

ਬੀਤੇ ਦਿਨੀਂ ਡਾਕਟਰਾਂ ਦੀ ਇੱਕ ਟੀਮ ਨੇ ਐਲਾਨ ਕੀਤਾ ਕਿ ਜਰਮਨੀ ਦਾ ਇੱਕ 60 ਸਾਲਾ ਵਿਅਕਤੀ ਸਟੈਮ ਸੈੱਲ ਟਰਾਂਸਪਲਾਂਟ ਕਾਰਨ ਐੱਚਆਈਵੀ ਦੀ ਬਿਮਾਰੀ ਤੋਂ ਪੂਰੀ ਤਰ੍ਹਾਂ ਮੁਕਤ ਹੋ ਜਾਵੇਗਾ। ਇਸ ਨਾਲ ਇਹ ਵਿਅਕਤੀ ਦੁਨੀਆ ਦਾ ਸੱਤਵਾਂ ਵਿਅਕਤੀ ਹੋਵੇਗਾ ਜੋ ਐੱਚਆਈਵੀ ਤੋਂ ਠੀਕ ਹੋਇਆ ਹੈ। ਅਜਿਹੇ ਮਾਮਲੇ ਵਾਇਰਸ ਵਿਰੁੱਧ ਵਿਸ਼ਵਵਿਆਪੀ ਲੜਾਈ ਵਿਚ ਇਕ ਮਹੱਤਵਪੂਰਨ ਮੀਲ ਪੱਥਰ ਸਾਬਤ ਹੋਣਗੇ।

ਮਿਊਨਿਖ ਵਿੱਚ ਅੰਤਰਰਾਸ਼ਟਰੀ ਏਡਜ਼ ਕਾਨਫਰੰਸ ਹੋਣ ਜਾ ਰਹੀ ਹੈ-ਦਰਅਸਲ ਅਗਲੇ ਹਫਤੇ ਮਿਊਨਿਖ ਵਿਚ ਇੰਟਰਨੈਸ਼ਨਲ ਏਡਜ਼ ਕਾਨਫਰੰਸ ਹੋਣ ਜਾ ਰਹੀ ਹੈ। ਇਸ ਤੋਂ ਪਹਿਲਾਂ ਅਜਿਹੀ ਸਫਲਤਾ ਹਾਸਲ ਕਰਨਾ ਵੱਡੀ ਗੱਲ ਹੈ। ਇਸ ਬਿਮਾਰੀ 'ਤੇ ਕੰਮ ਕਰ ਰਹੇ ਖੋਜਕਰਤਾ ਨੇ ਕਿਹਾ ਕਿ ਇਹ ਇਕ ਵੱਡੀ ਗੱਲ ਹੈ ਅਤੇ ਇਸ ਦੇ ਨਾਲ ਹੀ ਇਸ ਨੇ ਸਾਨੂੰ ਉਮੀਦ ਦਿੱਤੀ ਹੈ ਕਿ ਅਸੀਂ ਇਸ ਬਿਮਾਰੀ ਦੇ ਮਰੀਜ਼ ਨੂੰ ਪੂਰੀ ਤਰ੍ਹਾਂ ਠੀਕ ਕਰ ਸਕਦੇ ਹਾਂ।



ਇਸ ਐਚਆਈਵੀ ਮਰੀਜ਼ ਨੂੰ ਐੱਚਆਈਵੀ ਅਤੇ ਹਮਲਾਵਰ ਲਿਊਕੇਮੀਆ ਦੋਵੇਂ ਸਨ।

ਇਸ ਲਈ ਸੈੱਲ ਟ੍ਰਾਂਸਪਲਾਂਟ ਅਜਿਹੇ ਲੋਕਾਂ ਲਈ ਖਤਰਨਾਕ ਸਾਬਤ ਹੁੰਦਾ ਹੈ। ਪਰ ਫਿਰ ਵੀ ਅਸੀਂ ਜੋਖਮ ਲਿਆ ਅਤੇ ਇਸ ਨੂੰ ਟ੍ਰਾਂਸਪਲਾਂਟ ਕੀਤਾ। ਇਸ ਜਰਮਨ ਵਿਅਕਤੀ ਨੇ ਆਪਣੀ ਪਛਾਣ ਨਾ ਦੱਸਣ ਦੀ ਇੱਛਾ ਜ਼ਾਹਰ ਕੀਤੀ ਹੈ। ਉਸ ਨੂੰ 'ਨੈਕਸਟ ਬਰਲਿਨ ਮਰੀਜ਼' ਕਿਹਾ ਜਾ ਰਿਹਾ ਹੈ।

ਬਰਲਿਨ ਦੇ ਮੂਲ ਮਰੀਜ਼ ਦਾ ਨਾਂ ਟਿਮੋਥੀ ਰੇ ਬ੍ਰਾਊਨ ਸੀ। ਟਿਮੋਥੀ ਨੂੰ 2008 ਵਿੱਚ ਐੱਚਆਈਵੀ ਤੋਂ ਮੁਕਤ ਘੋਸ਼ਿਤ ਕੀਤਾ ਗਿਆ ਸੀ। ਉਹ ਪਹਿਲਾ ਵਿਅਕਤੀ ਸੀ। ਪਰ ਸਾਲ 2020 ਵਿੱਚ, ਟਿਮੋਥੀ ਦੀ ਕੈਂਸਰ ਕਾਰਨ ਮੌਤ ਹੋ ਗਈ। ਹੁਣ ਜੋ ਇਸ ਬਿਮਾਰੀ ਤੋਂ ਪੂਰੀ ਤਰ੍ਹਾਂ ਠੀਕ ਹੋ ਚੁੱਕਾ ਸੀ, ਉਸ ਨੂੰ ਸਾਲ 2009 ਵਿੱਚ ਐਚਆਈਵੀ, ਇਸ ਤੋਂ ਬਾਅਦ ਸਾਲ 2015 ਵਿੱਚ ਲਿਊਕੇਮੀਆ ਕਾਰਨ ਬੋਨ ਮੈਰੋ ਟਰਾਂਸਪਲਾਂਟ ਕੀਤਾ ਗਿਆ। ਤੁਹਾਡੀ ਜਾਣਕਾਰੀ ਲਈ ਦੱਸ ਦਈਏ ਕਿ 10 ਫੀਸਦੀ ਤੱਕ ਮੌਤ ਦਾ ਖਤਰਾ ਹੈ। ਇਸ ਇਲਾਜ ਦੌਰਾਨ ਵਿਅਕਤੀ ਦੀ ਪੂਰੀ ਇਮਿਊਨਿਟੀ ਨੂੰ ਬਦਲ ਦਿੱਤਾ ਜਾਂਦਾ ਹੈ।

ਤੁਹਾਡੀ ਜਾਣਕਾਰੀ ਲਈ ਤੁਹਾਨੂੰ ਦੱਸ ਦੇਈਏ ਕਿ ਇਸ ਜਰਮਨ ਵਿਅਕਤੀ ਨੂੰ ਐੱਚਆਈਵੀ ਅਤੇ ਕੈਂਸਰ ਦੋਵਾਂ ਨੂੰ ਹਰਾਉਣ ਵਿੱਚ 6 ਸਾਲ ਲੱਗ ਗਏ ਸਨ। ਬਰਲਿਨ ਦੇ ਚੈਰਿਟੀ ਯੂਨੀਵਰਸਿਟੀ ਹਸਪਤਾਲ ਦੇ ਡਾਕਟਰਾਂ ਮੁਤਾਬਕ ਮਰੀਜ਼ ਦੀਆਂ ਰਿਪੋਰਟਾਂ ਤੋਂ ਸਾਫ਼ ਹੈ ਕਿ ਉਹ ਠੀਕ ਹੋ ਗਿਆ ਹੈ।

ਪਰ ਅਜੇ ਪੂਰੀ ਤਰ੍ਹਾਂ ਪੱਕਾ ਨਹੀਂ। ਹਾਲਾਂਕਿ, ਉਮੀਦ ਹੈ ਕਿ ਇਹ ਵਿਅਕਤੀ ਨਿਸ਼ਚਿਤ ਤੌਰ 'ਤੇ ਐੱਚਆਈਵੀ ਤੋਂ ਮੁਕਤੀ ਪ੍ਰਾਪਤ ਕਰੇਗਾ। ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਏਡਜ਼ ਵਰਗੀ ਬਿਮਾਰੀ ਵਿੱਚ ਬਚਣ ਦੀ ਸੰਭਾਵਨਾ ਬਹੁਤ ਘੱਟ ਹੈ।

ਹੁਣ ਤੱਕ ਦੇ ਰਿਕਾਰਡ ਮੁਤਾਬਕ ਇਸ ਬਿਮਾਰੀ ਤੋਂ ਸਿਰਫ਼ 6 ਲੋਕ ਹੀ ਪੂਰੀ ਤਰ੍ਹਾਂ ਠੀਕ ਹੋਏ ਹਨ। ਜੇਕਰ ਇਹ ਵੀ ਠੀਕ ਹੋ ਜਾਂਦਾ ਹੈ ਤਾਂ ਉਹ ਪੂਰੀ ਤਰ੍ਹਾਂ ਠੀਕ ਹੋਣ ਵਾਲੇ 7ਵੇਂ ਵਿਅਕਤੀ ਹੋਣਗੇ। ਖੋਜਕਰਤਾ ਮੁਤਾਬਕ ਜੇਕਰ ਇਹ ਸਫਲ ਰਿਹਾ ਤਾਂ ਆਉਣ ਵਾਲੇ ਸਮੇਂ 'ਚ ਇਹ ਇਲਾਜ ਏਡਜ਼ ਦੇ ਮਰੀਜ਼ਾਂ ਲਈ ਜ਼ਿਆਦਾ ਕਾਰਗਰ ਸਾਬਤ ਹੋਵੇਗਾ।

# ਟਰੰਪ 'ਤੇ ਹਮਲੇ ਦੌਰਾਨ ਅਮਰੀਕਾ ਦੀ ਸਭ ਤੋਂ ਤੇਜ਼ ਏਜੰਸੀ ਫੇਲ੍ਹ

**✪ ਸੀਕ੍ਰੇਟ ਸਰਵਿਸ ਚੀਫ ਨੇ 'ਅਸਫਲਤਾ' ਕਬੂਲੀ, ਜ਼ਿੰਮੇਦਾਰੀ ਲਈ ✪ ਅਮਰੀਕੀ ਸੀਕਰੇਟ ਸਰਵਿਸ ਚੀਫ਼ ਸੰਸਦ ਮੈਂਬਰਾਂ ਸਾਹਮਣੇ ਪੇਸ਼ ਹੋਏ**





ਵਾਸ਼ਿੰਗਟਨ-ਸੀਕਰੇਟ ਸਰਵਿਸ ਡਾਇਰੈਕਟਰ ਕਿੰਬਰਲੀ ਚੀਟਲ ਨੇ ਬੀਤੇ ਦਿਨੀਂ ਸੰਸਦ ਵਿੱਚ ਆਪਣੀ ਹਾਜ਼ਰੀ ਦੌਰਾਨ ਕਿਹਾ ਕਿ ਉਨ੍ਹਾਂ ਦੀ ਏਜੰਸੀ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਬਚਾਉਣ ਦੇ ਆਪਣੇ ਮਿਸ਼ਨ ਵਿੱਚ ਅਸਫਲ ਰਹੀ ਹੈ। ਇਸ ਦੌਰਾਨ, ਦੋਵੇਂ ਪ੍ਰਮੁੱਖ ਪਾਰਟੀਆਂ ਡੈਮੋਕਰੇਟਿਕ ਪਾਰਟੀ ਅਤੇ ਰਿਪਬਲਿਕਨ ਪਾਰਟੀ ਦੇ ਸੰਸਦ ਮੈਂਬਰ ਸੁਰੱਖਿਆ ਵਿੱਚ ਕਮੀਆਂ ਕਾਰਨ ਚੀਟਲ ਦੇ ਅਸਤੀਫੇ ਦੀ ਮੰਗ ਕਰ ਰਹੇ ਸਨ। 13 ਜੁਲਾਈ ਨੂੰ ਕਤਲ ਦੀ ਕੋਸ਼ਿਸ਼ ਦੇ ਮਾਮਲੇ ਵਿੱਚ ਸੰਸਦ ਵਿੱਚ ਆਪਣੀ ਪਹਿਲੀ ਪੇਸ਼ੀ ਦੌਰਾਨ, ਜਾਂਚ ਦਾ ਹਵਾਲਾ ਦੇ ਕੇ ਵਾਰ-ਵਾਰ ਸਵਾਲਾਂ ਨੂੰ ਟਾਲੇ ਜਾਣ ਕਾਰਣ ਸੰਸਦ ਮੈਂਬਰ ਚੀਟਲ ਤੋਂ ਨਾਰਾਜ਼ ਦਿਖਾਈ ਦਿੱਤੇ।

ਚੀਟਲ ਨੇ ਟਰੰਪ 'ਤੇ ਹਮਲੇ ਨੂੰ ਦਹਾਕਿਆਂ ਵਿਚ ਸੀਕ੍ਰੇਟ ਸਰਵਿਸ ਦੀ ਸਭ ਤੋਂ ਵੱਡੀ ਸੁਰੱਖਿਆ ਅਸਫਲਤਾ ਦੱਸਿਆ। ਚੀਟਲ ਨੇ ਮੰਨਿਆ ਕਿ ਟਰੰਪ ਨੂੰ ਗੋਲੀ ਮਾਰਨ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀ ਦੀ ਰੈਲੀ ਵਿਚ ਸ਼ੱਕੀ ਵਿਅਕਤੀ ਦੀ ਮੌਜੂਦਗੀ ਬਾਰੇ ਏਜੰਸੀ ਨੂੰ ਦੋ ਤੋਂ ਪੰਜ ਵਾਰ ਸੂਚਿਤ ਕੀਤਾ ਗਿਆ ਸੀ। ਫਿਰ ਵੀ, ਚੀਟਲ ਨੇ ਅਸਤੀਫਾ ਦੇਣ ਦਾ ਕੋਈ ਸੰਕੇਤ ਨਹੀਂ ਦਿੱਤਾ, ਹਾਲਾਂਕਿ ਉਸਨੇ ਕਿਹਾ ਕਿ ਉਸਨੇ ਪੈਨਸਿਲਵੇਨੀਆ ਰੈਲੀ ਵਿੱਚ ਸੁਰੱਖਿਆ ਅਸਫਲਤਾ ਲਈ ਨੂੰਪੂਰੀ ਜ਼ਿੰਮੇਵਾਰੀ' ਲਈ ਹੈ।

### ਸੰਸਦ ਮੈਂਬਰਾਂ ਨੇ ਚੀਟਲ ਤੋਂ ਸਵਾਲ ਪੁੱਛੇ

ਚੀਟਲ ਨੇ ਕਿਹਾ, 'ਸੀਕ੍ਰੇਟ ਸਰਵਿਸ ਦਾ ਮਿਸ਼ਨ ਆਪਣੇ ਦੇਸ਼ ਦੇ ਨੇਤਾਵਾਂ ਦੀ ਰੱਖਿਆ ਕਰਨਾ ਹੈ। ਅਸੀਂ 13 ਜੁਲਾਈ ਨੂੰ ਅਸਫਲ ਰਹੇ। ਸੰਸਦ ਮੈਂਬਰਾਂ ਨੇ ਚੀਟਲ ਤੋਂ ਪੁੱਛਿਆ ਕਿ ਬੰਦੂਕਧਾਰੀ ਟਰੰਪ ਦੇ ਇੰਨਾ ਨੇੜੇ ਕਿਵੇਂ ਪਹੁੰਚ ਗਿਆ? ਇਸ ਤੋਂ ਇਲਾਵਾ, ਉਸਨੇ ਪੁੱਛਿਆ ਕਿ ਟਰੰਪ ਨੂੰ ਸਟੇਜ 'ਤੇ ਜਾਣ ਦੀ ਇਜਾਜ਼ਤ ਕਿਉਂ ਦਿੱਤੀ ਗਈ ਭਾਵੇਂ ਕਿ ਸਥਾਨਕ ਪੁਲਿਸ ਨੇ ਹਮਲਾਵਰ, ਥਾਮਸ ਮੈਥਿਊ ਕਰੂਕਸ ਨੂੰ ਸ਼ੱਕੀ ਵਜੋਂ ਪਛਾਣ ਲਿਆ ਸੀ।

### ਹਮਲਾਵਰ ਨੂੰ ਸ਼ੱਕੀ ਵਸਤੂ ਨਾਲ ਦੇਖਿਆ ਗਿਆ

ਚੀਟਲ ਨੇ ਮੰਨਿਆ ਕਿ ਸਥਾਨਕ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੇ ਗੋਲੀਬਾਰੀ ਤੋਂ ਪਹਿਲਾਂ ਕਰੂਕਸ ਨੂੰ 'ਰੇਂਜਫਾਈਂਡਰ' ਨਾਲ ਦੇਖਿਆ ਗਿਆ ਸੀ। ਇੱਕ ਰੇਂਜਫਾਈਂਡਰ ਇੱਕ ਟੈਲੀਸਕੋਪ ਵਰਗਾ ਇੱਕ ਛੋਟਾ ਯੰਤਰ ਹੁੰਦਾ ਹੈ ਜਿਸਦੀ ਵਰਤੋਂ ਹਮਲਾਵਰ ਕਿਸੇ ਟੀਚੇ ਦੀ ਦੂਰੀ ਨੂੰ ਮਾਪਣ ਲਈ ਕਰਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਖੁਫੀਆ ਏਜੰਟਾਂ ਨੂੰ ਦੱਸਿਆ ਜਾਂਦਾ ਕਿ 'ਅਸਲ ਖ਼ਤਰਾ' ਹੈ, ਤਾਂ ਸੀਕ੍ਰੇਟ ਸਰਵਿਸ ਰੈਲੀ ਨੂੰ ਰੋਕ ਦਿੰਦੇ। ਉਸਨੇ ਕਿਹਾ ਕਿ ਇੱਕ ਸ਼ੱਕੀ ਅਤੇ ਅਸਲ ਖ਼ਤਰੇ ਵਜੋਂ ਪਛਾਣੇ ਗਏ ਵਿਅਕਤੀ ਵਿੱਚ ਅੰਤਰ ਹੁੰਦਾ ਹੈ। ਇਸ ਕਰਕੇ ਅਸੀਂ ਕਾਰਵਾਈ ਵਿਚ ਅਸਫਲ ਰਹੇ।

## ਮਾਮਲਾ ਲਖੀਮਪੁਰ ਖੀਰੀ ਦਾ — ਦੋਸ਼ੀ ਆਸ਼ੀਸ਼ ਮਿਸ਼ਰਾ ਨੂੰ ਸੁਪਰੀਮ ਕੋਰਟ ਨੇ ਜਮਾਨਤ ਦਿੱਤੀ

**✪ ਲਖਨਊ ਜਾਂ ਦਿੱਲੀ ਵਿਚ ਰਹਿਣ ਦੀ ਆਗਿਆ ਦਿੱਤੀ**



ਦਿੱਲੀ-ਸੁਪਰੀਮ ਕੋਰਟ ਨੇ 2021 ਦੇ ਲਖੀਮਪੁਰ-ਖੀਰੀ ਮਾਮਲੇ ਵਿੱਚ ਸਾਬਕਾ ਕੇਂਦਰੀ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਨੂੰ ਜ਼ਮਾਨਤ ਦੇ ਦਿੱਤੀ ਹੈ। ਜ਼ਮਾਨਤ ਦੀ ਅਰਜ਼ੀ ਮਨਜ਼ੂਰ ਕਰਨ ਤੋਂ ਬਾਅਦ ਅਦਾਲਤ ਨੇ ਉਸ ਨੂੰ ਦਿੱਲੀ ਜਾਂ ਲਖਨਊ ਵਿਚ ਰਹਿਣ ਦੇ ਨਿਰਦੇਸ਼ ਦਿੱਤੇ ਹਨ।

ਦੱਸ ਦੇਈਏ ਕਿ ਲਖੀਮਪੁਰ ਖੀਰੀ ਵਿੱਚ ਹੋਈ ਹਿੰਸਾ ਦੌਰਾਨ ਵਿੱਚ ਅੱਠ ਲੋਕਾਂ ਦੀ ਜਾਨ ਚਲੀ ਗਈ ਸੀ। ਇਸ ਤੋਂ ਬਾਅਦ ਉਨ੍ਹਾਂ ਦੇ ਦਿੱਲੀ ਜਾਂ ਲਖਨਊ ਜਾਣ 'ਤੇ ਪਾਬੰਦੀ ਲਗਾ ਦਿੱਤੀ ਗਈ। ਪਿਛਲੇ ਸਾਲ 25 ਜਨਵਰੀ ਨੂੰ ਸੁਪਰੀਮ ਕੋਰਟ ਨੇ ਆਸ਼ੀਸ਼ ਮਿਸ਼ਰਾ ਨੂੰ ਅੰਤਰਿਮ ਜ਼ਮਾਨਤ ਦੇ ਦਿੱਤੀ ਸੀ। ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਉੱਜਲ ਭੁਈਆਂ ਦੀ ਬੈਂਚ ਨੇ ਵੀ ਇਸ ਮਾਮਲੇ ਵਿੱਚ ਕਿਸਾਨਾਂ ਨੂੰ ਵੀ ਜ਼ਮਾਨਤ ਦੇ ਦਿੱਤੀ ਸੀ ਅਤੇ ਹੇਠਲੀ ਅਦਾਲਤ ਨੂੰ ਸੁਣਵਾਈ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ ਸਨ।

### ਇਹ ਹੈ ਪੂਰਾ ਮਾਮਲਾ

ਅਕਤੂਬਰ 2021 ਵਿੱਚ ਲਖੀਮਪੁਰ ਖੀਰੀ ਵਿੱਚ ਹਿੰਸਾ ਭੜਕੀ ਸੀ। ਕਿਸਾਨ ਯੂਪੀ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਦੇ ਦੌਰੇ ਦਾ ਵਿਰੋਧ ਕਰ ਰਹੇ ਸਨ। ਇਸ ਹਿੰਸਾ ਵਿੱਚ 8 ਲੋਕਾਂ ਦੀ ਮੌਤ ਹੋ ਗਈ ਸੀ। ਯੂਪੀ ਪੁਲਿਸ ਦੀ ਐਫਆਈਆਰ ਮੁਤਾਬਕ ਚਾਰ ਕਿਸਾਨਾਂ ਨੂੰ ਇੱਕ ਐਸਯੂਵੀ ਕਾਰ ਨੇ ਕੁਚਲ ਦਿੱਤਾ ਸੀ, ਜਿਸ ਵਿੱਚ ਆਸ਼ੀਸ਼ ਮਿਸ਼ਰਾ ਬੈਠਿਆ ਹੋਇਆ ਸੀ।

ਇਸ ਤੋਂ ਬਾਅਦ ਗੁੱਸੇ ਵਿਚ ਆਏ ਕਿਸਾਨਾਂ ਨੇ ਐਸਯੂਵੀ ਚਲਾ ਰਹੇ ਵਿਅਕਤੀ ਅਤੇ ਭਾਜਪਾ ਦੇ ਦੋ ਵਰਕਰਾਂ ਨੂੰ ਕਥਿਤ ਤੌਰ 'ਤੇ ਕੁੱਟ-ਕੁੱਟ ਕੇ ਮਾਰ ਦਿੱਤਾ। ਐਫਆਈਆਰ ਵਿੱਚ ਕਿਹਾ ਗਿਆ ਹੈ ਕਿ ਹਿੰਸਾ ਵਿੱਚ ਇੱਕ ਪੱਤਰਕਾਰ ਦੀ ਵੀ ਮੌਤ ਹੋਈ ਸੀ।

**-ਮਾਮਲਾ 1984 ਕਾਨਪੁਰ ਸਿੱਖ ਨਸਲਕੁਸ਼ੀ ਦਾ-**

## ਸੁਪਰੀਮ ਕੋਰਟ ਵਲੋਂ ਉੱਤਰ ਪ੍ਰਦੇਸ਼ ਸਰਕਾਰ ਨੂੰ ਦਿੱਤੇ ਹੁਕਮਾਂ ਦਾ ਸ਼੍ਰੋਮਣੀ ਕਮੇਟੀ ਨੇ ਕੀਤਾ ਸਵਾਗਤ

ਅੰਮ੍ਰਿਤਸਰ-1984 ਕਾਨਪੁਰ ਸਿੱਖ ਨਸਲਕੁਸ਼ੀ ਮਾਮਲੇ ਵਿਚ ਮਾਨਯੋਗ ਸੁਪਰੀਮ ਕੋਰਟ ਵਲੋਂ ਉੱਤਰ ਪ੍ਰਦੇਸ਼ ਸਰਕਾਰ ਨੂੰ ਮੁਕੱਦਮਿਆਂ ਨੂੰ ਜਲਦ ਤੇ ਸੁਚਾਰੂ ਢੰਗ ਨਾਲ ਚਲਾਉਣ ਦੇ ਨਿਰਦੇਸ਼ਾਂ ਦਾ ਸ਼੍ਰੋਮਣੀ ਕਮੇਟੀ ਨੇ ਸਵਾਗਤ ਕੀਤਾ। ਜ਼ਿਕਰਯੋਗ ਹੈ ਕਿ ਕਾਨਪੁਰ ਸਿੱਖ ਕਤਲੇਆਮ ਦੇ ਮਾਮਲੇ ਸੰਬੰਧੀ ਜਨਹਿੱਤ ਪਟੀਸ਼ਨ ਜਥੇਦਾਰ ਕੁਲਦੀਪ ਸਿੰਘ ਭੋਗਲ ਵਲੋਂ 2017 ਵਿਚ ਦਾਖ਼ਲ ਕੀਤੀ ਗਈ ਸੀ, ਜਿਸ ਦੀ ਗੰਭੀਰਤਾ ਨੂੰ ਦੇਖਦਿਆਂ ਸ਼੍ਰੋਮਣੀ ਕਮੇਟੀ ਇਸ ਵਿਚ ਕਾਨੂੰਨੀ ਸਹਿਯੋਗ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਵਲੋਂ ਇਨ੍ਹਾਂ ਕੇਸਾਂ ਦੀ ਪੈਰਵਾਈ ਲਈ ਸੀਨੀਅਰ ਵਕੀਲ ਪਰਸੂਨ ਕੁਮਾਰ ਅਤੇ ਗੁਰਬਖ਼ਸ਼ ਸਿੰਘ ਦੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ ਹਨ।

ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ 1984 ਵਿਚ ਕਾਨਪੁਰ ਵਿਖੇ ਸਿੱਖਾਂ ਦੇ ਹੋਏ ਕਤਲੇਆਮ ਦੇ ਮਾਮਲੇ ਵਿਚ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸਿੱਖ ਸੰਸਥਾ ਨਿਰੰਤਰ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਮਾਨਯੋਗ ਅਦਾਲਤ ਵਲੋਂ ਉੱਤਰ ਪ੍ਰਦੇਸ਼ ਸਰਕਾਰ ਨੂੰ ਜਿਨ੍ਹਾਂ 11 ਮਾਮਲਿਆਂ ਵਿਚ ਚਾਰਜਸ਼ੀਟ ਦਾਖ਼ਲ ਹੋਈ ਹੈ, ਉਨ੍ਹਾਂ ਵਿਚ 2 ਵਿਸ਼ੇਸ਼ ਸਰਕਾਰੀ ਵਕੀਲ ਨਿਯੁਕਤ ਕਰਨ ਦੇ ਆਦੇਸ਼ ਦਿੱਤੇ ਹਨ। ਇਸ ਦੇ ਨਾਲ ਹੀ ਇਨ੍ਹਾਂ ਨੂੰ ਸਹਿਯੋਗ ਕਰਨ ਲਈ ਮੁੱਖ ਜਾਂਚ ਅਧਿਕਾਰੀ



ਨੂੰ ਵੀ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਇਲਾਹਾਬਾਦ ਹਾਈਕੋਰਟ ਵਿਚ 4 ਮਾਮਲਿਆਂ ਸੰਬੰਧੀ ਚੱਲ ਰਹੀਆਂ ਅਪੀਲਾਂ ਸਬੰਧੀ ਉੱਚ ਅਦਾਲਤ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਇਨ੍ਹਾਂ ਮੁਕੱਦਮਿਆਂ ਦੀ ਤਰਜੀਹੀ ਤੌਰ 'ਤੇ ਸੁਣਵਾਈ ਕਰੇ। ਇਸੇ ਤਰ੍ਹਾਂ ਬੰਦ ਹੋ ਚੁੱਕੇ 9 ਮਾਮਲਿਆਂ ਬਾਰੇ ਉੱਤਰ ਪ੍ਰਦੇਸ਼ ਸਰਕਾਰ ਨੂੰ ਮਾਮਲਿਆਂ ਨਾਲ ਸੰਬੰਧਿਤ ਨਾਮ ਪਟੀਸ਼ਨਕਰਤਾ ਨੂੰ ਦੇਣ ਦਾ ਨਿਰਦੇਸ਼ ਦਿੱਤਾ ਗਿਆ ਹੈ।

# ਚੋਣ ਝਟਕਿਆਂ ਬਾਅਦ ਭਾਜਪਾ ਦੀ ਹਿਲਣ ਲਗੀ ਸਿਆਸੀ ਜ਼ਮੀਨ

## ✪ ਯੋਗੀ ਦਾ ਸਿਆਸੀ ਕੱਦ ਹਾਲੀਆ ਚੋਣਾਂ ਵਿਚ ਮਿਲੀ ਹਾਰ ਕਾਰਨ ਘਟਿਆ, ਬਗਾਵਤ ਫੈਲੀ ✪ ਉਪ ਚੋਣਾਂ ਦੇ ਨਤੀਜੇ ਤੈਅ ਕਰਨਗੇ ਯੋਗੀ ਦਾ ਭਵਿੱਖ

**// ਵਿਸ਼ੇਸ਼ ਰਿਪੋਟ //**

ਆਮ ਚੋਣਾਂ ਵਿੱਚ ਝਟਕੇ ਦਾ ਅਸਰ ਹੁਣ ਭਾਰਤੀ ਜਨਤਾ ਪਾਰਟੀ ਅਤੇ ਇੱਥੋਂ ਤੱਕ ਕਿ ਰਾਸ਼ਟਰੀ ਸਵੈਮ ਸੇਵਕ ਸੰਘ ਵਿੱਚ ਵੀ ਸਾਫ਼ ਨਜ਼ਰ ਆ ਰਿਹਾ ਹੈ। ਉਥਲ-ਪੁਥਲ ਦਾ ਅਜਿਹਾ ਦ੍ਰਿਸ਼ ਹੈ, ਜਿਸ ਨੂੰ ਨਰਿੰਦਰ ਮੋਦੀ ਦੇ ਦੌਰ ਵਿਚ ਅਸਾਧਾਰਨ ਘਟਨਾ ਕਰਮ ਮੰਨਿਆ ਜਾਵੇਗਾ। ਸ਼ੁਰੂਆਤੀ ਦੌਰ ਵਿਚ ਹਾਈਕਮਾਂਡ ਨੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਸਭ ਕੁਝ ਪਹਿਲਾਂ ਵਰਗਾ ਹੈ' ਹੁਣ ਸਭ ਨਿਘਰਦਾ ਜਾਪਦਾ ਹੈ।

ਪਰ ਹੁਣ ਵੀ ਭਾਜਪਾ/ਆਰਐਸਐਸ ਆਗੂ ਹਨੇਰੇ ਵਿੱਚ ਤੀਰ ਚਲਾ ਰਹੇ ਹਨ। ਉਹ ਅਸਲ ਸਵਾਲਾਂ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਦਿਖਾ ਸਕੇ। ਮੋਟੇ ਤੌਰ 'ਤੇ, ਸੰਘ ਨੇ ਉੱਤਰ ਪ੍ਰਦੇਸ਼ ਅਤੇ ਮਹਾਰਾਸ਼ਟਰ ਵਿੱਚ ਹਾਰ ਅਤੇ ਕੁਝ ਰਾਜਾਂ ਵਿੱਚ ਝਟਕਿਆਂ ਦਾ ਕਾਰਨ ਭਾਜਪਾ ਦੀਆਂ ਅੰਦਰੂਨੀ ਕਮਜ਼ੋਰੀਆਂ ਨੂੰ ਦੱਸਿਆ। ਉਨ੍ਹਾਂ ਨੇ ਹੰਕਾਰ, ਪਾਰਟੀ ਆਗੂਆਂ ਵਿੱਚ ਵੱਧ ਆਤਮ-ਵਿਸ਼ਵਾਸ, ਵਰਕਰਾਂ ਦੀ ਅਣਦੇਖੀ, ਵਰਕਰਾਂ ਨਾਲ ਸੰਪਰਕ ਟੁੱਟਣ ਅਤੇ ਟਿਕਟਾਂ ਦੀ ਵੰਡ ਵਿੱਚ ਗਲਤੀਆਂ ਦਾ ਜ਼ਿਕਰ ਕੀਤਾ ਹੈ। ਪਰ ਕਿਸੇ ਨੇ ਵੀ ਇਸ ਤੱਥ ਨੂੰ ਘੋਖਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਵੋਟਰਾਂ ਵਿੱਚ ਡੂੰਘੀ ਹੋ ਰਹੀ ਸੱਤਾ ਵਿਰੋਧੀ ਭਾਵਨਾ ਦਾ ਇਨ੍ਹਾਂ ਪਹਿਲੂਆਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਸੰਭਵ ਹੈ ਕਿ ਇਨ੍ਹਾਂ ਗੱਲਾਂ ਨੇ ਵੀ ਕੋਈ ਭੂਮਿਕਾ ਨਿਭਾਈ ਹੋਵੇ ਜਿਸਦਾ ਜਿਕਰ ਭਾਜਪਾ ਆਗੂ ਜਾਂ ਸੰਘੀ ਨੇਤਾ ਕਰ ਰਹੇ ਹਨ।

ਪਰ ਅਸਲ ਸਵਾਲ ਸਰਕਾਰ ਦੀਆਂ ਉਨ੍ਹਾਂ ਨੀਤੀਆਂ ਅਤੇ ਦਿਸ਼ਾ-ਨਿਰਦੇਸ਼ਾਂ ਦਾ ਹੈ, ਜਿਨ੍ਹਾਂ ਕਾਰਨ ਆਮ ਲੋਕਾਂ ਦਾ ਜਿਉਣਾ ਮੁਸ਼ਕਲ ਹੋ ਗਿਆ ਹੈ ਅਤੇ ਜਿਸ ਦੇ ਖਿਲਾਫ ਅੱਜ ਜ਼ਮੀਨੀ ਪੱਧਰ 'ਤੇ ਵਿਆਪਕ ਅਸੰਤੋਸ਼ ਹੈ। ਪਿਛਲੇ ਹਫ਼ਤੇ ਸੱਤ ਰਾਜਾਂ ਦੀਆਂ 13 ਵਿਧਾਨ ਸਭਾ ਸੀਟਾਂ ਦੀਆਂ ਜ਼ਿਮਨੀ ਚੋਣਾਂ ਦੇ ਨਤੀਜਿਆਂ ਤੋਂ ਵੀ ਇਨ੍ਹਾਂ ਭਾਵਨਾਵਾਂ ਦੀ ਪੁਸ਼ਟੀ ਹੋਈ ਹੈ। ਇਸ ਨੂੰ ਭਾਜਪਾ/ ਆਰ.ਐਸ.ਐਸ. ਦੀ ਲੀਡਰਸ਼ਿਪ ਦੀ ਅਲਪ ਦ੍ਰਿਸ਼ਟੀ ਹੀ ਕਿਹਾ ਜਾਵੇਗਾ ਕਿ ਉਨ੍ਹਾਂ ਦਾ ਧਿਆਨ ਅਜੇ ਤੱਕ ਇਸ ਪਾਸੇ ਕੇਂਦਰਿਤ ਨਹੀਂ ਹੋਇਆ।

ਜੇਕਰ ਸੱਤਾਧਾਰੀ ਧਿਰ ਇਸ ਮੂਲ ਤੱਥ ਤੋਂ ਅਣਜਾਣ ਰਹਿੰਦੀ ਹੈ, ਜਾਂ ਇਸ ਨੂੰ ਅਣਗੌਲਿਆਂ ਕਰਦੀ ਰਹੀ ਤਾਂ ਇਹ ਕਿਹਾ ਜਾਵੇਗਾ ਕਿ ਇਸ ਦੇ ਆਗੂਆਂ ਦੇ ਹਨੇਰੇ ਵਿੱਚ ਚਲਾਏ ਜਾ ਰਹੇ ਤੀਰ ਆਪਣੇ ਨਿਸ਼ਾਨੇ ਤੱਕ ਨਹੀਂ ਪਹੁੰਚਣਗੇ।



### ਯੂਪੀ ਭਾਜਪਾ ਵਿਚ ਫੁਟ, ਯੋਗੀ ਦੀ ਸਿਆਸੀ ਜ਼ਮੀਨ ਖਿਸਕਣ ਲਗੀ

ਭਾਜਪਾ ਦੀ ਉੱਤਰ ਪ੍ਰਦੇਸ਼ ਇਕਾਈ ਵਿਚ ਸਭ ਕੁਝ ਠੀਕ ਨਹੀਂ ਹੈ। ਇਹ ਉਹੀ ਸੂਬਾ ਹੈ ਜਿਸ ਨੂੰ ਸਿਆਸੀ ਤੇ ਚੁਣਾਵੀ ਪੱਖ ਤੋਂ ਦੇਸ਼ ਦਾ ਸਭ ਤੋਂ ਮਹੱਤਵਪੂਰਨ ਰਾਜ ਮੰਨਿਆ ਜਾਂਦਾ ਹੈ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਬੀਤੇ ਦਿਨੀਂ ਪਾਰਟੀ ਦੀ ਸੂਬਾਈ ਵਰਕਿੰਗ ਕਮੇਟੀ ਦੀ ਮੀਟਿੰਗ ਦੌਰਾਨ ਇਹ ਬਿਆਨ ਦੇ ਕੇ ਹਲਚਲ ਪੈਦਾ ਕਰ ਦਿੱਤੀ ਕਿ 'ਲੋੜੋਂ ਵੱਧ ਆਤਮ-ਵਿਸ਼ਵਾਸ ਤੇ ਤਬਦੀਲ ਹੋਈਆਂ ਵੋਟਾਂ' ਨੇ ਹਾਲੀਆ ਲੋਕ ਸਭਾ ਚੋਣਾਂ ਵਿੱਚ ਉੱਤਰ ਪ੍ਰਦੇਸ਼ ਰਾਜ ਵਿਚ ਭਾਜਪਾ ਦੀਆਂ ਸੰਭਾਵਨਾਵਾਂ ਨੂੰ ਸੱਟ ਮਾਰੀ ਹੈ।

ਸੰਸਦ ਦੇ ਹੇਠਲੇ ਸਦਨ ਲੋਕ ਸਭਾ ਵਿੱਚ ਭਗਵਾਂ ਪਾਰਟੀ ਦੇ ਇਸ ਵਾਰ ਬਹੁਮਤ ਦੇ ਅੰਕੜੇ ਤੋਂ ਪਿੱਛੇ ਰਹਿ ਜਾਣ ਦਾ ਵੱਡਾ ਕਾਰਨ ਯੂਪੀ ਵਿੱਚ ਮਾੜੀ ਕਾਰਗੁਜ਼ਾਰੀ ਹੈ। ਭਾਜਪਾ ਨੇ ਹਾਲੀਆ ਲੋਕ ਸਭਾ ਚੋਣਾਂ ਵਿਚ ਯੂਪੀ ਵਿੱਚ ਸਿਰਫ਼ 33 ਸੀਟਾਂ ਜਿੱਤੀਆਂ ਹਨ (2019 ਵਿੱਚ 62 ਸੀਟਾਂ ਸਨ); ਸਮਾਜਵਾਦੀ ਪਾਰਟੀ ਤੇ ਕਾਂਗਰਸ ਦੇ ਗੱਠਜੋੜ ਨੂੰ 43 ਸੀਟਾਂ ਨਾਲ ਵੱਡੀ ਸਫ਼ਲਤਾ ਮਿਲੀ ਹੈ। ਜ਼ਿਕਰਯੋਗ ਹੈ ਕਿ ਯੂਪੀ ਵਿੱਚੋਂ 80 ਮੈਂਬਰ ਚੁਣ ਕੇ ਲੋਕ ਸਭਾ ਜਾਂਦੇ ਹਨ ਜੋ ਕਾਫ਼ੀ ਵੱਡਾ ਅੰਕੜਾ ਹੈ। ਕੇਂਦਰ ਸਰਕਾਰ ਦੇ ਗਠਨ ਵਿਚ ਉੱਤਰ ਪ੍ਰਦੇਸ਼ ਦੀ ਅਹਿਮ ਭੂਮਿਕਾ ਰਹਿੰਦੀ ਹੈ। ਭਾਜਪਾ ਲਈ ਸਭ ਤੋਂ ਵੱਡਾ ਝਟਕਾ ਪਾਰਟੀ ਨੂੰ ਅਯੁੱਧਿਆ ਜ਼ਿਲ੍ਹੇ ਦੇ ਫੈਜ਼ਾਬਾਦ ਲੋਕ ਸਭਾ ਹਲਕੇ ਤੋਂ ਮਿਲੀ ਹਾਰ ਹੈ ਜਿੱਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਨਵਰੀ ਵਿਚ ਰਾਮ ਮੰਦਰ ਦਾ ਉਦਘਾਟਨ ਕੀਤਾ ਸੀ। ਪ੍ਰਧਾਨ ਮੰਤਰੀ ਖ਼ੁਦ ਵੀ ਆਪਣੀ ਵਾਰਾਨਸੀ ਸੀਟ ਤੋਂ ਕਰੀਬ 1.52 ਲੱਖ ਵੋਟਾਂ ਦੇ ਫ਼ਰਕ ਨਾਲ ਹੀ ਜਿੱਤੇ ਹਨ। ਇਹ ਅੰਕੜਾ 2019 ਦੀਆਂ ਲੋਕ ਸਭਾ ਚੋਣਾਂ ਵਿਚ ਉਨ੍ਹਾਂ ਦੀ ਜਿੱਤ ਦੇ ਫ਼ਰਕ (4.79 ਲੱਖ ਵੋਟਾਂ) ਨਾਲੋਂ ਕਾਫ਼ੀ ਘੱਟ ਹੈ।

ਆਮ ਜਨਤਾ ਵਿਚ ਇਸ ਦਾ ਬਾਕਾਇਦਾ ਅਸਰ ਗਿਆ ਹੈ ਅਤੇ ਕਾਂਗਰਸ ਆਗੂ ਰਾਹੁਲ ਗਾਂਧੀ ਬਤੌਰ ਲੀਡਰ ਉੱਭਰ ਕੇ ਅੱਗੇ ਆਏ ਹਨ। ਇਸ ਪ੍ਰਸੰਗ ਵਿਚ ਵਿਰੋਧੀ ਧਿਰ ਦੀ ਜ਼ਮੀਨ ਮੁਕਾਬਲਤਨ ਮਜ਼ਬੂਤ ਹੋਈ ਹੈ ਜੋ ਪਿਛਲੇ ਸਾਲਾਂ ਦੌਰਾਨ ਦੇਖਣ ਵਿੱਚ ਆਇਆ ਸਿਆਸੀ ਨਿਘਾਰ ਠੱਲ੍ਹਣ ਵਿੱਚ ਅਹਿਮ ਰੋਲ ਅਦਾ ਕਰ ਸਕਦੀ ਹੈ।

ਰਾਜ ਵਿੱਚ ਆਉਣ ਵਾਲੇ ਮਹੀਨਿਆਂ 'ਚ 10 ਵਿਧਾਨ ਸਭਾ ਸੀਟਾਂ 'ਤੇ ਜ਼ਿਮਨੀ ਚੋਣਾਂ ਹੋਣਗੀਆਂ। ਇਸ ਤੋਂ ਪਹਿਲਾਂ ਪਾਰਟੀ ਹਾਈਕਮਾਨ ਨੂੰ ਯੋਗੀ, ਮੌਰੀਆ ਅਤੇ ਚੌਧਰੀ 'ਚ ਸਹਿਮਤੀ ਬਣਾਉਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਦੇ ਬਦਲ ਵਜੋਂ ਦੇਖੇ ਜਾ ਰਹੇ ਮੁੱਖ ਮੰਤਰੀ ਯੋਗੀ ਦਾ ਸਿਆਸੀ ਕੱਦ ਹਾਲੀਆ ਚੋਣਾਂ ਵਿਚ ਮਿਲੀ ਹਾਰ ਕਾਰਨ ਘਟ ਗਿਆ ਹੈ। ਸਮਾਜਵਾਦੀ ਪਾਰਟੀ-ਕਾਂਗਰਸ ਗੱਠਜੋੜ ਦੇ ਉਭਾਰ ਨੂੰ ਵਿਚਾਰਿਆ ਜਾਵੇ ਤਾਂ ਭਾਜਪਾ ਲਈ ਯੂਪੀ 'ਚ ਇਸ ਸਮੱਸਿਆ ਨੂੰ ਹੱਲ ਕਰਨਾ ਬਹੁਤ ਜ਼ਰੂਰੀ ਹੋਵੇਗਾ, ਨਹੀਂ ਤਾਂ ਇਸ ਨੂੰ ਹੋਰ ਸਿਆਸੀ ਜ਼ਮੀਨ ਵੀ ਗੁਆਉਣੀ ਪੈ ਸਕਦੀ ਹੈ।

ਪਾਰਟੀ ਵਿਚ ਦਰਾੜ ਉਸ ਵੇਲੇ ਖੁੱਲ੍ਹ ਕੇ ਸਾਹਮਣੇ ਆ ਗਈ ਜਦੋਂ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰੀਆ ਨੇ ਮੀਟਿੰਗ ਵਿੱਚ ਕਿਹਾ ਕਿ ਪਾਰਟੀ ਦਾ ਜਥੇਬੰਦਕ ਢਾਂਚਾ ਹਮੇਸ਼ਾ ਸਰਕਾਰ ਤੋਂ ਵੱਡਾ ਹੁੰਦਾ ਹੈ। ਪਾਰਟੀ ਵਿਚ ਅੰਦਰਖਾਤੇ ਚੱਲ ਰਹੀ ਖਿੱਚੋਤਾਣ ਨੂੰ ਉਦੋਂ ਹੋਰ ਬਲ ਮਿਲਿਆ ਜਦ ਬੀਤੇ ਹਫਤੇ ਮੌਰੀਆ ਨੇ ਭਾਜਪਾ ਪ੍ਰਧਾਨ ਜੇਪੀ ਨੱਢਾ ਨਾਲ ਨਵੀਂ ਦਿੱਲੀ ਵਿਚ ਮੁਲਾਕਾਤ ਕੀਤੀ। ਇਸ ਮਾਮਲੇ 'ਚ ਇੱਕ ਹੋਰ ਮੁੱਖ ਹਿੱਤਧਾਰਕ ਸੂਬਾ ਪਾਰਟੀ ਪ੍ਰਧਾਨ ਭੁਪੇਂਦਰ ਸਿੰਘ ਚੌਧਰੀ ਹਨ ਜੋ ਇਸ ਹਫ਼ਤੇ ਵੱਖੋ-ਵੱਖਰੇ ਪੱਧਰ 'ਤੇ ਨੱਢਾ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤਾਂ ਕਰ ਚੁੱਕੇ ਹਨ।

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੂੰ ਹਟਾਉਣ ਦੀ ਜਿਸ ਯੋਜਨਾ ਦੀ ਚਰਚਾ ਹੋ ਰਹੀ ਹੈ, ਉਸ ਵਿਚ ਇਨ੍ਹਾਂ 10 ਸੀਟਾਂ ਦੀਆਂ ਚੋਣਾਂ ਦੀ ਵੱਡੀ ਭੂਮਿਕਾ ਹੋਵੇਗੀ। ਜੇਕਰ ਉਪ ਚੋਣ ਵਿਚ ਭਾਜਪਾ ਦਾ ਪ੍ਰਦਰਸ਼ਨ ਖਰਾਬ ਰਿਹਾ ਤਾਂ ਸੱਚਮੁੱਚ ਯੋਗੀ ਦੀ ਕੁਰਸੀ ਲਈ ਖ਼ਤਰਾ ਪੈਦਾ ਹੋ ਜਾਵੇਗਾ।

## ਭਾਜਪਾ ਹਿੰਦੂ ਕਾਰਡ ਦੇ ਸਹਾਰੇ

ਲੋਕ ਸਭਾ ਚੋਣਾਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹਿੰਦੂ-ਮੁਸਲਿਮ ਕਰਨ ਵਿਚ ਕੋਈ ਕੁਤਾਹੀ ਨਹੀਂ ਕੀਤੀ। ਹਰ ਥਾਂ ਹਿੰਦੂਆਂ ਨੂੰ ਡਰਾਇਆ ਗਿਆ ਕਿ ਕਾਂਗਰਸ ਆ ਗਈ ਤਾਂ ਸਭ ਕੁਝ ਮੁਸਲਮਾਨਾਂ ਨੂੰ ਦੇ ਦੇਵੇਗੀ। ਪਰ ਇਹ ਨੈਰੇਟਿਵ ਕੰਮ ਨਹੀਂ ਆਇਆ। ਮੋਦੀ ਨੇ ਰਾਜਸਥਾਨ ਤੋਂ ਇਸ ਦੀ ਸ਼ੁਰੂਆਤ ਕੀਤੀ ਸੀ ਅਤੇ ਉੱਥੇ ਭਾਜਪਾ 11 ਸੀਟਾਂ ਹਾਰ ਗਈ। ਉੱਤਰ ਪ੍ਰਦੇਸ਼ ਵਿਚ ਵੀ ਇਹੀ ਦਾਅ ਚੱਲਿਆ, ਪਰ ਉੱਥੇ ਵੀ ਭਾਜਪਾ 62 ਸੀਟਾਂ ਤੋਂ ਘਟ ਕੇ 33 ਸੀਟਾਂ 'ਤੇ ਆ ਗਈ ਅਤੇ ਸਮਾਜਵਾਦੀ ਪਾਰਟੀ 37 ਸੀਟਾਂ ਨਾਲ ਸਭ ਤੋਂ ਵੱਡੀ ਪਾਰਟੀ ਬਣ ਗਈ। ਇਸ ਲਈ ਇਹ ਗੱਲ ਸਮਝ ਤੋਂ ਦੂਰ ਹੈ ਕਿ ਭਾਜਪਾ ਕਿਉਂ ਫਿਰ ਹਿੰਦੂ-ਮੁਸਲਿਮ ਦਾ ਹੀ ਨੈਰੇਟਿਵ ਰਾਜਾਂ ਦੇ ਚੋਣਾਂ 'ਚ ਬਣਾ ਰਹੀ ਹੈ? ਗ੍ਰਹਿ ਮੰਤਰੀ ਅਮਿਤ ਸ਼ਾਹ ਬੀਤੇ ਦਿਨੀਂ ਹਰਿਆਣਾ ਗਏ ਤਾਂ ਉਨ੍ਹਾਂ ਨੇ ਉਹੀ ਰਾਗ ਅਲਾਪਿਆ, ਜੋ ਲੋਕ ਸਭਾ ਚੋਣਾਂ ਦੌਰਾਨ ਅਲਾਪ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਆ ਗਈ ਤਾਂ ਉਹ ਪਛੜੀਆਂ ਜਾਤੀਆਂ ਦਾ ਰਾਖਵਾਂਕਰਨ ਖੋਹ ਕੇ ਮੁਸਲਮਾਨਾਂ ਨੂੰ ਦੇ ਦੇਵੇਗੀ। ਉਨ੍ਹਾਂ ਨੇ ਕਰਨਾਟਕ ਦਾ ਹਵਾਲਾ ਦਿੱਤਾ ਤਾਂ ਕਾਂਗਰਸ ਨੇ ਕਿਹਾ ਕਿ ਆਂਧਰਾ ਪ੍ਰਦੇਸ਼ ਦੀ ਗੱਲ ਕਰੋ, ਜਿੱਥੇ ਭਾਜਪਾ ਅਤੇ ਉਸ ਦੀ ਸਹਿਯੋਗੀ ਤੇਲਗੂ ਦੇਸ਼ਮ ਪਾਰਟੀ ਦੀ ਸਰਕਾਰ ਹੈ। ਤੇਲਗੂ ਦੇਸ਼ਮ ਪਾਰਟੀ ਨੇ ਖੁੱਲ੍ਹ ਕੇ ਮੁਸਲਮਾਨਾਂ ਦੇ ਰਾਖਵਾਂਕਰਨ ਦਾ ਸਮਰਥਨ ਕੀਤਾ ਹੈ। ਫਿਲਹਾਲ, ਹਰਿਆਣਾ ਵਿਚ ਭਾਜਪਾ ਪਛੜੀਆਂ ਜਾਤੀਆਂ, ਬ੍ਰਾਹਮਣ ਅਤੇ ਪੰਜਾਬੀ ਦਾ ਜਾਤੀ ਸਮੀਕਰਨ ਬਣਾ ਰਹੀ ਹੈ। ਉਸ ਨੇ ਜਾਟ ਅਤੇ ਦਲਿਤ ਨੂੰ ਛੱਡਿਆ ਹੋਇਆ ਹੈ ਪਰ ਨਾਲ ਹੀ ਇਹ ਵੀ ਚਾਹੁੰਦੀ ਹੈ ਕਿ ਹਿੰਦੂ ਧਰੁਵੀਕਰਨ ਹੋ ਜਾਵੇ। ਜ਼ਿਕਰਯੋਗ ਹੈ ਕਿ ਇਸੇ ਨੈਰੇਟਿਵ 'ਤੇ ਭਾਜਪਾ ਰਾਜ ਵਿਚ ਲੋਕ ਸਭਾ ਚੋਣ ਹਾਰੀ ਹੈ। ਉਸ ਨੇ 10 ਵਿਚੋਂ ਅੱਧੀਆਂ ਸੀਟਾਂ ਗੁਆ ਦਿੱਤੀਆਂ ਹਨ।

## ਆਸਟ੍ਰੇਲੀਆ ਭੇਜਣ ਦੇ ਨਾਂ 'ਤੇ 17 ਲੱਖ ਠਗੇ

### ✪ ਚਾਰ ਦੋਸ਼ੀਆਂ ਖਿਲਾਫ ਮਾਮਲਾ ਦਰਜ



ਅੰਮ੍ਰਿਤਸਰ-ਪੁਲਿਸ ਥਾਣਾ ਛੇਹਰਟਾ ਨੇ ਸਰਬਜੀਤ ਸਿੰਘ ਵਾਸੀ ਗੁਰੂ ਨਾਨਕ ਵਾੜਾ ਪੁਤਲੀਘਰ, ਉਪਿੰਦਰ ਸਿੰਘ ਮਦਾਨ ਵਾਸੀ ਆਰਬੀ ਰਤਨ ਚੰਦ ਰੋਡ ਬੈਕਸਾਈਡ ਐਬਨੀ ਮਾਲ ਰੋਡ ਹਾਲ ਵਾਸੀ ਸਿਡਨੀ ਆਸਟ੍ਰੇਲੀਆ, ਜਰਨੈਲ ਸਿੰਘ, ਧਰਮਿੰਦਰ ਸਿੰਘ ਮੁੱਤੀ ਨੂੰ 17 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਸਰਦਾਰਾ ਸਿੰਘ ਵਾਸੀ ਮਕਾਨ ਨੰਬਰ 143 ਗਲੀ ਕ੍ਰਿਸ਼ਨਾ ਮੰਦਰ ਨਰਾਇਣਗੜ੍ਹ ਨੇ ਦੱਸਿਆ ਕਿ ਉਕਤ ਮੁਲਜ਼ਮਾਂ ਨੇ ਉਸ ਦੇ ਪਰਿਵਾਰ ਨੂੰ ਆਸਟ੍ਰੇਲੀਆ ਭੇਜਣ ਦੇ ਨਾਂ ਤੇ ਉਸ ਕੋਲੋਂ 17 ਲੱਖ ਰੁਪਏ ਲੈ ਲਏ, ਪਰ ਮੁਲਜ਼ਮਾਂ ਨੇ ਨਾ ਤਾਂ ਉਸ ਨੂੰ ਵਿਦੇਸ਼ ਭੇਜਿਆ ਅਤੇ ਨਾ ਹੀ ਉਸ ਦੇ ਪੈਸੇ ਵਾਪਸ ਕੀਤੇ। ਪੁਲਿਸ ਨੇ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਕਲਾਸ ਵਿੱਚੋ ਦੂਜੇ ਬੱਚਿਆਂ ਨੂੰ ਪਛਾੜ ਕੇ ਰੋਜੈਂਤਾ ਭੁੱਟਾ ਨੇ ਅੱਠਵੀ (ਮੈਰਟ) ਪ੍ਰੀਖਿਆਂ ਵਿੱਚ ਹਾਸ਼ਲ ਕੀਤਾ ਪਹਿਲਾਂ ਦਰਜਾ




ਰੋਮ (ਗੁਰਸ਼ਰਨ ਸਿੰਘ ਸੋਨੀ) ਸੱਚ ਹੀ ਕਿਹਾ ਹੈ ਕਿ ਵਿੱਦਿਆ ਵਿਚਾਰੀ ਤਾਂ ਪਰਉਪਕਾਰੀ ਕਿਉਕਿ ਵਿੱਦਿਆ ਇੱਕ ਅਜਿਹਾ ਗਹਿਣਾਂ ਹੈ ਕਿ ਕੋਈ ਵੀ ਤੁਹਾਡੇ ਤੋ ਖੋਹ ਨਹੀ ਸਕਦਾ। ਅਜਿਹਾ ਹੀ ਪਿਛਲੇ ਕੁਝ ਸਾਲਾ ਤੋ ਇਟਲੀ ਦੇ ਵਿੱਦਿਆਦਕ ਖੇਤਰਾਂ ਵਿੱਚ 100/100 ਨੰਬਰ ਲੈ ਭਾਰਤੀ ਕੁੜੀਆਂ ਵੱਲੋ ਮਚਾਈ ਜਾ ਰਹੀ ਧੂਮ ਨੇ ਭਾਰਤੀ ਭਾਈਚਾਰੇ ਦੇ ਨਾਲ ਭਾਰਤ ਦੇਸ਼ ਦਾ ਰੁਤਬਾ ਇਟਲੀ ਵਿੱਚ ਹੋਰ ਉੱਚਾ ਕਰ ਦਿੱਤਾ ਹੈ। ਇਟਲੀ ਵਿੱਚ ਰਹਿ ਰਹੇ ਭਾਰਤੀ ਭਾਈਚਾਰੇ ਦੇ ਬੱਚੇ ਆਏ ਦਿਨ ਵਿੱਦਿਆਂ ਦੇ ਖੇਤਰ ਵਿੱਚ ਵੱਡੀਆਂ ਮਾਲਾ ਮਾਰਕੇ ਅਪਣੇ ਪਰਿਵਾਰਾ ਤੇ ਭਾਰਤ ਦੇਸ਼ ਦਾ ਨਾਮ ਉੱਤਾ ਕਰ ਰਹੇ ਹਨ। ਇਸੇ ਲੜੀ ਤਹਿਤ ਪੰਜਾਬ ਦੇ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾ ਸ਼ਹਿਰ) ਦੇ ਐਨ ਆਰ ਆਈਜ਼ ਨਾਲ ਜਾਣੇ ਜਾਦੇ ਪਿੰਡ ਗੜ੍ਹ ਪਧਾਣਾ ਦੇ ਸੁਰਜੀਤ ਭੁੱਟਾ ਦੀ ਹੋਣਹਾਰ ਧੀ ਰੋਜੈਂਤਾ ਭੁੱਟਾ ਵਲੋ ਇਟਲੀ ਦੇ ਜਿਲ੍ਹਾ ਬੈਰਗਾਮੋ ਦੇ ਮਰਤੀਨੈਗੋ ਦੇ ਸਕੈਡੰਰੀ ਸਕੂਲ ਦੀ ਗਰਾਦੋ ਵਿੱਚ ਅੱਠਵੀ ਜਮਾਤ ਦੀ ਪੜਾਈ ਕਰਕੇ ਮੈਰਟ ਦੀ ਪ੍ਰੀਖਿਆ ਵਿੱਚੋ 100/100 ਅੰਕ ਪ੍ਰਾਪਤ ਕਰਕੇ ਡਿੰਪਲੋਮਾ ਦੀ ਮੈਰੀਤੋ ਹਾਸ਼ਲ ਕਰਕੇ ਅੱਵਲ ਦਰਜਾ ਹ਼ਾਲ ਕੀਤਾ ਹੈ। ਧੀ ਰਾਣੀ ਦੀ ਖੁਸ਼ੀ ਪ੍ਰੈਸ ਨਾਲ ਸਾਂਝੀ ਕਰਦਿਆ ਪਿਤਾ ਸੁਰਜੀਤ ਭੁੱਟਾ, ਮਾਤਾ ਨੀਲਮ ਭੁੱਟਾ ਨੇ ਖੁਸ਼ੀ ਭਰੇ ਸ਼ਬਦਾਂ ਨਾਲ ਦੱਸਿਆ ਕਿ ਸਾਨੂੰ ਅਪਣੀ ਧੀ ਤੇ ਮਾਣ ਮਹਿਸੂਸ ਹੋ ਰਿਹਾ ਹੈ ਕਿ ਉਸ ਨੇ ਵਿਦੇਸ਼ੀ ਧਰਤੀ ਤੇ ਸਾਡਾ ਤੇ ਭਾਰਤੀ ਭਾਈਚਾਰੇ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾ ਅੱਗੇ ਦੱਸਿਆ ਕਿ ਰੋਜੈਂਤਾ ਭੁੱਟਾ ਅਗਲੀ ਪੜ੍ਹਾਈ ਬੈਰਗਾਮੋ ਵਿਖੇ ਇਨਫਾਰਮਾਤੀਕਾ ਕੰਪਿਊਟਰ ਦੀ ਕਰਨ ਜਾ ਰਹੀ ਹੈ ਤੇ ਸਾਨੂੰ ਉਮੀਦ ਹੈ ਧੀ ਰਾਣੀ ਅੱਗੇ ਵੀ ਪੜ੍ਹਾਈ ਵਿੱਚ ਅੱਵਲ ਦਰਜ਼ਾ ਹਾਸ਼ਲ ਕਰਕੇ ਸਾਡਾ ਤੇ ਭਾਰਤੀ ਭਾਈਚਾਰੇ ਦਾ ਨਾਮ ਰੌਸ਼ਨ ਕਰੇਗੀ। ਦੂਜੇ ਪਾਸੇ ਪਿਤਾ ਨੇ ਦੱਸਿਆ ਕਿ ਕਲਾਸ ਦੀਆ ਅਧਿਆਪਕਾ ਨੇ ਵਿਸ਼ੇਸ ਤੌਰ ਸਾਨੂੰ ਸਕੂਲ ਵਿੱਚ ਬੁਲਾ ਕੇ ਮੁਬਾਰਕਬਾਦ ਦਿੱਤੀ ਸਾਨੂੰ ਕਿਹਾ ਕਿ ਤੁਸੀ ਵਿਦੇਸ਼ੀ ਹੋਣ ਦੇ ਬਾਵਜੂਦ ਵੀ ਆਪਣੇ ਬੱਚਿਆਂ ਨੂੰ ਕਿਹੜਾ ਮੰਤਰ ਦੇ ਰਹੇ ਹੋ ਕਿ ਇਟਾਲੀਅਨ ਮੂਲ ਦੇ ਬੱਚਿਆ ਨੂੰ ਵੀ ਪਛਾੜ ਕੇ ਪੜ੍ਹਾਈ ਵਿੱਚ ਅੱਵਲ ਆ ਰਹੇ ਹਨ। ਜਿਕਰਯੋਗ ਹੈ ਕਿ ਲਗਭਗ 28 ਸਾਲ ਪਹਿਲਾ ਰੋਜੈਂਤਾ ਭੁੱਟਾ ਦੇ ਪਿਤਾ ਰੋਜੀ ਰੋਟੀ ਕਮਾਉਣ ਲਈ ਇਟਲੀ ਵਿਖੇ ਆਏ ਸਨ ਤੇ ਜਿਨ੍ਹਾ ਦੇ ਦੋ ਧੀਆਂ ਨੇ ਜਨਮ ਲਿਆ ਤੇ ਸਾਲ 2021 ਵਿੱਚ ਦੋਵੇ ਸਕੀਆਂ ਭੈਣਾ ਪਰੀਨੀਤਾ ਭੁੱਟਾ ਨੇ ਮੈਰਟ ਅੱਠਵੀ ਤੇ ਰੋਜੈਂਤਾ ਭੁੱਟਾ ਨੇ ਪੰਜਵੀ ਜਮਾਤ ਵਿੱਚੋ ਸਕੂਲ ਵਿੱਚ ਅੱਵਲ ਦਰਜ਼ੇ ਦੇ 100/100 ਅੰਕ ਹਾਸ਼ਲ ਕਰਕੇ ਪਰਿਵਾਰ ਸਮੇਤ ਭਾਰਤੀ ਭਾਈਚਾਰੇ ਦਾ ਨਾਮ ਰੌਸ਼ਨ ਕੀਤਾ ਸੀ ।

# ਪੰਜਾਬ ਦੀ ਧੀ ਸਿਮਰਨਜੀਤ ਕੌਰ ਨੇ ਯੂਨੀਵਰਸਿਟੀ ਆਫ ਬਰੇਸ਼ੀਆ ਤੋਂ ਇਕਨਾਮਿਕਸ ਦੀ ਡਿਗਰੀ ਹਾਸਲ ਕਰਕੇ ਵਧਾਇਆ ਮਾਪਿਆਂ ਅਤੇ ਭਾਈਚਾਰੇ ਦਾ ਮਾਣ



ਰੋਮ, ਬਰੇਸ਼ੀਆ(ਗੁਰਸ਼ਰਨ ਸਿੰਘ ਸੋਨੀ) ਪੰਜਾਬੀ ਜਿੱਥੇ ਵੀ ਜਾਂਦੇ ਹਨ ਆਪਣੀ ਮਿਹਨਤ ਦਾ ਲੋਹਾ ਮਨਵਾ ਹੀ ਲੈਂਦੇ ਹਨ। ਇਟਲੀ ਵਿੱਚ ਇਨੀ ਦਿਨੀ ਪੰਜਾਬ ਦੀਆਂ ਧੀਆਂ ਵਿਦਿਅਕ ਖੇਤਰ ਵਿੱਚ ਆਪਣਾ ਲੋਹਾ ਮਨਵਾ ਰਹੀਆਂ ਹਨ। ਇਸੇ ਹੀ ਲੜੀ ਤਹਿਤ ਉਤਰੀ ਇਟਲੀ ਦੇ ਲੰਬਾਰਦੀਆ ਸਟੇਟ ਤੇ ਜਿਲਾ ਬਰੇਸ਼ੀਆ ਦੇ ਸ਼ਹਿਰ ਔਰਜੀਨਓਵੀ ਵਿਖੇ ਪਿਛਲੇ 20 ਸਾਲਾਂ ਤੋਂ ਰਹਿ ਰਹੇ ਸ: ਹਰਵਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹਨਾਂ ਦਾ ਪਰਿਵਾਰ ਲਗਭਗ 15 ਸਾਲ ਪਹਿਲਾਂ ਬੇਟੀ ਸਿਮਰਨਜੀਤ ਕੌਰ ਅਤੇ ਪਤਨੀ ਹਰਦੀਪ ਕੌਰ ਇਟਲੀ ਆਏ ਸਨ। ਪੰਜਾਬ ਵਿੱਚ ਉਹਨਾਂ ਦਾ ਸਬੰਧ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਕਨੇਚ ਨਾਲ ਹੈ। ਉਹਨਾਂ ਦੀ ਬੇਟੀ ਪੜ੍ਹਾਈ ਵਿੱਚ ਸ਼ੁਰੂ ਤੋਂ ਹੀ ਹੁਸ਼ਿਆਰ ਸੀ। ਜ਼ਿਕਰਯੋਗ ਹੈ ਕਿ ਇਟਲੀ ਵਿੱਚ ਆਉਣ ਅਤੇ ਇੱਥੋਂ ਦੀ ਬੋਲੀ ਸਿੱਖਣ ਦੀ ਮੁਸ਼ਕਿਲ ਤਾਂ ਹਰ ਕਿਸੇ ਨੂੰ ਆਉਂਦੀ ਹੈ। ਪਰ ਆਪਣੇ ਦ੍ਰਿੜ ਇਰਾਦੇ ਅਤੇ ਬੁਲੰਦ ਹੌਸਲੇ ਦੇ ਸਦਕਾ ਉਹਨਾਂ ਦੀ ਬੇਟੀ ਸਿਮਰਨਜੀਤ ਕੌਰ ਨੇ 2020 ਵਿੱਚ ਸੁਪਰੀਓਰੇ ਵਿੱਚੋਂ 99/100 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਿਲ ਕੀਤਾ ਸੀ। ਉਪਰੰਤ ਉਸਨੇ ਯੂਨੀਵਰਸਿਟੀ ਆਫ ਬਰੇਸ਼ੀਆ ਵਿੱਚ ਤਿੰਨ ਸਾਲਾਂ ਦੇ ਇਕਨੋਮਿਕਸ ਦੇ ਬਿਜਨਸ ਮੈਨੇਜਮੈਂਟ ਅਤੇ ਅਕਾਊਂਟਿੰਗ ਵਿੱਚ ਡਿਗਰੀ ਦੀ ਪੜ੍ਹਾਈ ਸ਼ੁਰੂ ਕੀਤੀ ਸੀ। ਜਿਸ ਵਿੱਚ ਪਹਿਲੇ ਸਾਲ ਦੀ ਪੜ੍ਹਾਈ ਉਸਨੇ ਇਟਲੀ ਵਿੱਚ ਹੀ ਕੀਤੀ ਦੂਸਰੇ ਸਾਲ ਦੀ ਪੜ੍ਹਾਈ ਲਈ ਯੂਨੀਵਰਸਿਟੀ ਨੇ ਉਸ ਨੂੰ ਸਕਾਲਰਸ਼ਿਪ ਦਿੱਤੀ ਅਤੇ ਯੂਨੀਵਰਸਿਟੀ ਦੇ ਖਰਚੇ ਤੇ ਹੀ ਉਸ ਨੂੰ ਸਪੇਨ ਦੇ ਵਾਲੇਨਸੀਆ ਵਿਖੇ ਸਥਿਤ ਯੂਨੀਵਰਸਿਟੀ ਵਿੱਚ ਇੱਕ ਸਾਲ ਦੀ ਪੜ੍ਹਾਈ ਕਰਨ ਲਈ ਭੇਜਿਆ ਗਿਆ ਸੀ। ਤੀਸਰੇ ਸਾਲ ਦੀ ਪੜ੍ਹਾਈ ਸਿਮਰਨਜੀਤ ਕੌਰ ਨੇ ਬਰੇਸ਼ੀਆ ਯੂਨੀਵਰਸਿਟੀ ਵਿੱਚ ਹੀ ਕੀਤੀ ਅਤੇ ਦੂਜੇ ਸਥਾਨ ਤੇ ਰਹਿ ਕੇ ਉਸਨੇ ਇਹ ਡਿਗਰੀ ਹਾਸਿਲ ਕੀਤੀ ਹੈ। ਅਜਿਹੇ ਬੱਚੇ ਜਿੱਥੇ ਆਪਣੇ ਮਾਂ ਪਿਓ ਦਾ ਨਾਮ ਰੋਸ਼ਨ ਕਰ ਰਹੇ ਹਨ ਉਥੇ ਆਪਣੇ ਭਾਈਚਾਰੇ ਦਾ ਵੀ ਪ੍ਰਦੇਸ਼ਾਂ ਵਿੱਚ ਮਾਣ ਵਧਾ ਰਹੇ ਹਨ ਅਤੇ ਹੋਰਨਾਂ ਆਉਣ ਵਾਲੇ ਬੱਚਿਆਂ ਲਈ ਪ੍ਰੇਰਨਾ ਸਰੋਤ ਬਣ ਰਹੇ ਹਨ। ਉਹਨਾਂ ਨੇ ਅੱਗੇ ਦੱਸਿਆ ਕਿ ਬੇਟੀ ਦੀ ਇਸ ਪ੍ਰਾਪਤੀ ਤੇ ਪਰਿਵਾਰ ਵਾਹਿਗੁਰੂ ਦਾ ਸ਼ੁਕਰਾਨਾ ਕਰਦਾ ਹੈ ਅਤੇ ਉਹਨਾਂ ਨੂੰ ਸਾਕ ਸਬੰਧੀਆਂ 'ਤੇ ਸਨੇਹੀਆਂ ਦੇ ਮੁਬਾਰਕਾਂ ਦੇ ਬਹੁਤ ਫੋਨ ਅਤੇ ਵਧਾਈ ਸੰਦੇਸ਼ ਆ ਰਹੇ ਹਨ। ਪ੍ਰਦੇਸਾਂ ਵਿੱਚ ਜਿੱਥੇ ਪਹਿਲਾਂ ਪਹਿਲ ਆਏ ਲੋਕਾਂ ਨੇ ਸਖਤ ਅਤੇ ਹੱਡ ਭੰਨਵੀਆਂ ਮਿਹਨਤਾਂ ਕੀਤੀਆਂ ਹਨ। ਉੱਥੇ ਹੀ ਅੱਜ ਕੱਲ ਦੇ ਬੱਚੇ ਪੜ੍ਹਾਈ ਕਰਕੇ ਨਵੇਂ ਤੋਂ ਨਵੇਂ ਮੁਕਾਮ ਨੂੰ ਛੂਹ ਰਹੇ ਹਨ ਅਤੇ ਵੱਡੇ ਤੋਂ ਵੱਡੇ ਅਹੁਦਿਆਂ ਤੱਕ ਪਹੁੰਚ ਰਹੇ ਹਨ।

# ਕੇਂਦਰੀ ਬਜਟ ’ਚ ਪੰਜਾਬ ਨਾਲ ਵਿਤਕਰਾ ਕੀਤਾ: ਸੁਖਬੀਰ

**✪ ਕਿਹਾ ਕਿ ਗੁਆਂਢੀ ਰਾਜਾਂ ਨੂੰ ਵਿਸ਼ੇਸ਼ ਰਿਆਇਤਾਂ ਦੇਣ ਕਾਰਨ ਪੰਜਾਬ ਦਾ ਉਦਯੋਗ ਹਿਜਰਤ ਕਰ ਰਿਹਾ**

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੇਂਦਰੀ ਬਜਟ 2024 ਨੂੰ ਪੰਜਾਬ ਪ੍ਰਤੀ ਵਿਤਕਰੇ ਵਾਲਾ ਦੱਸਿਆ। ਉਨ੍ਹਾਂ ਕਿਹਾ ਕਿ ਫ਼ਸਲੀ ਵਿਭਿੰਨਤਾ ਜਾਂ ਸੂਬੇ ਦੇ ਕਿਸਾਨਾਂ ਲਈ ਕਰਜ਼ਾ ਮੁਆਫ਼ੀ ਵਾਸਤੇ ਕੋਈ ਰਾਸ਼ੀ ਨਹੀਂ ਰੱਖੀ ਗਈ ਜਦੋਂ ਕਿ ਜ਼ਮੀਨ ਹੇਠਲਾ ਪਾਣੀ ਰਿਕਾਰਡ ਪੱਧਰ ’ਤੇ ਨੀਵਾਂ ਚਲਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨ ਜੋ ਇਸ ਵੇਲੇ ਬੁਰੀ ਤਰ੍ਹਾਂ ਕਰਜ਼ਾਈ ਹਨ ਤੇ ਨਿਰਾਸ਼ ਹੋ ਕੇ ਖੁਦਕੁਸ਼ੀਆਂ ਦੇ ਰਾਹ ਪੈ ਰਹੇ ਹਨ, ਦੀ ਕਰਜ਼ਾ ਮੁਆਫ਼ੀ ਵਾਸਤੇ ਕੋਈ ਫ਼ੰਡ ਨਹੀਂ ਰੱਖੇ ਗਏ।



ਕੇਂਦਰ ਸਰਕਾਰ ਐੱਮਐੱਸਪੀ ਨੂੰ ਕਾਨੂੰਨੀ ਗਾਰੰਟੀ ਦੇਣ ’ਚ ਵੀ ਨਾਕਾਮ ਸਾਬਤ ਹੋਈ ਹੈ ਅਤੇ ਸਾਰੀਆਂ ਫ਼ਸਲਾਂ ਦੀ ਐੱਮਐੱਸਪੀ ’ਤੇ ਖ਼ਰੀਦ ਵਾਸਤੇ ਵੀ ਕੋਈ ਰਾਸ਼ੀ ਨਹੀਂ ਰੱਖੀ ਗਈ। ਪੰਜਾਬ ਅਤੇ ਦੇਸ਼ ਭਰ ਵਿਚ ਕਿਸਾਨ ਬਹੁਤ ਬੁਰੀ ਤਰ੍ਹਾਂ ਫਸੇ ਹੋਏ ਹਨ। ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਐੱਮਐੱਸਪੀ ਦੀ ਕਾਨੂੰਨੀ ਗਰੰਟੀ ਦੀ ਬਹੁਤ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਇਹ ਗਾਰੰਟੀ ਸਵਾਮੀਨਾਥਨ ਕਮਿਸ਼ਨ ਦੇ ਮੁਤਾਬਕ ਮਿਲਣੀ ਚਾਹੀਦੀ ਹੈ।

ਸੁਖਬੀਰ ਨੇ ਕਿਹਾ ਕਿ ਉਦਯੋਗਿਕ ਖੇਤਰ ਵਾਸਤੇ ਵੀ ਕੁਝ ਨਹੀਂ ਰੱਖਿਆ ਗਿਆ।

ਇਸੇ ਤਰ੍ਹਾਂ ਪੰਜਾਬ ਵਾਸਤੇ ਕੋਈ ਰਿਆਇਤ ਨਹੀਂ ਦਿੱਤੀ ਗਈ ਜਦਕਿ ਗੁਆਂਢੀ ਰਾਜਾਂ ਨੂੰ ਵਿਸ਼ੇਸ਼ ਰਿਆਇਤਾਂ ਦੇਣ ਕਾਰਨ ਪੰਜਾਬ ਦਾ ਉਦਯੋਗ ਉੱਥੇ ਹਿਜਰਤ ਕਰ ਰਿਹਾ ਹੈ। ਸੁਖਬੀਰ ਨੇ ਨੇ ਕਿਹਾ ਕਿ ਸਰਹੱਦੀ ਰਾਜ ਹੋਣ ਕਾਰਨ ਪੰਜਾਬ ਨੂੰ ਇਸ ਤਰੀਕੇ ਅਣਗੌਲਿਆਂ ਨਹੀਂ ਕੀਤਾ ਜਾਣਾ ਚਾਹੀਦਾ।

# ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦਾ ਮਾਮਲਾ ਹਾਈ ਕੋਰਟ ਦੇ ਹੁਕਮ ’ਤੇ ਚੰਡੀਗੜ੍ਹ ਦੀ ਅਦਾਲਤ ਵਿਚ ਤਬਦੀਲ



ਫਰੀਦਕੋਟ-ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਦੇ ਕੇਸਾਂ ਦੀ ਬੀਤੇ ਦਿਨੀਂ ਸੈਸ਼ਨ ਜੱਜ ਦੀ ਅਦਾਲਤ ‘ਚ ਸੁਣਵਾਈ ਹੋਈ ਅਤੇ ਦੋਵਾਂ ਮਾਮਲਿਆਂ ਦੇ ਮੁਲਜ਼ਮਾਂ ਦੀ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਹੋਈ। ਇਸੇ ਦੌਰਾਨ ਪੰਜਾਬ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਅਨੁਸਾਰ ਅਦਾਲਤ ਨੇ ਬਹਿਬਲ ਕਲਾਂ ਗੋਲੀ ਕਾਂਡ ਨੂੰ ਸੁਣਵਾਈ ਲਈ ਚੰਡੀਗੜ੍ਹ ਜ਼ਿਲ੍ਹਾ ਅਦਾਲਤ ਵਿੱਚ ਤਬਦੀਲ ਕਰ ਦਿੱਤਾ ਹੈ, ਜਦਕਿ ਕੋਟਕਪੂਰਾ ਮਾਮਲੇ ਸਬੰਧੀ ਹਾਈ ਕੋਰਟ ਨੂੰ ਪੱਤਰ ਲਿਖਿਆ ਗਿਆ ਹੈ। ਕੋਟਕਪੂਰਾ ਕੇਸ ਦੀ ਸੁਣਵਾਈ 29 ਜੁਲਾਈ ਨੂੰ ਰੱਖੀ ਗਈ ਹੈ।

ਜਾਣਕਾਰੀ ਅਨੁਸਾਰ ਕੁਝ ਦਿਨ ਪਹਿਲਾਂ ਬਹਿਬਲ ਕਲਾਂ ਗੋਲੀ ਕਾਂਡ ਦੇ ਮੁਲਜ਼ਮ ਸਾਬਕਾ ਐਸਐਸਪੀ ਚਰਨਜੀਤ ਸਿੰਘ ਸ਼ਰਮਾ ਦੀ ਪਟੀਸ਼ਨ ’ਤੇ ਹਾਈ ਕੋਰਟ ਨੇ ਕੇਸ ਨੂੰ ਸੁਣਵਾਈ ਲਈ ਚੰਡੀਗੜ੍ਹ ਤਬਦੀਲ ਕਰਨ ਦੇ ਹੁਕਮ ਦਿੱਤੇ ਸਨ, ਜਿਸ ਦੇ ਆਧਾਰ ’ਤੇ ਜ਼ਿਲ੍ਹਾ ਅਦਾਲਤ ਨੇ ਕੇਸ ਚੰਡੀਗੜ੍ਹ ਜ਼ਿਲ੍ਹਾ ਅਦਾਲਤ ਵਿੱਚ ਭੇਜ ਦਿੱਤਾ ਹੈ। ਕਿਉਂਕਿ ਹਾਈ ਕੋਰਟ ਨੇ ਸਾਲ 2019 ਵਿੱਚ ਜਾਰੀ ਕੀਤੇ ਇੱਕ ਹੋਰ ਹੁਕਮ ਵਿੱਚ ਦੋਵਾਂ ਕੇਸਾਂ ਦੀ ਸੁਣਵਾਈ ਇਕੱਠੇ ਕਰਨ ਦੇ ਹੁਕਮ ਦਿੱਤੇ ਹਨ, ਜਿਸ ਕਾਰਨ ਜ਼ਿਲ੍ਹਾ ਅਦਾਲਤ ਨੇ ਹਾਈ ਕੋਰਟ ਨੂੰ ਕੋਟਕਪੂਰਾ ਕੇਸ ਦੀ ਸੁਣਵਾਈ ਸਬੰਧੀ ਨਵੇਂ ਸਿਰੇ ਤੋਂ ਹੁਕਮ ਦੇਣ ਦੀ ਬੇਨਤੀ ਕੀਤੀ ਹੈ।

ਮਾਮਲਾ ਗੈਰ ਕਨੂੰਨੀ ਪ੍ਰਵਾਸ ਦਾ

# ਕੈਨੇਡਾ ਸਰਕਾਰ ਨੇ ਪਿਛਲੇ ਦੋ ਸਾਲਾ ਵਿਚ 29 ਹਜ਼ਾਰ ਪ੍ਰਵਾਸੀ ਕੀਤੇ ਡਿਪੋਰਟ

ਟੋਰਾਂਟੋ-ਕੈਨੇਡਾ ਸਰਕਾਰ ਵੱਲੋਂ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦਾ ਸਿਲਸਿਲਾ ਤੇਜ਼ ਕਰ ਦਿੱਤਾ ਗਿਆ ਹੈ ਅਤੇ ਪਿਛਲੇ ਦੋ ਸਾਲ ਵਿਚ 29 ਹਜ਼ਾਰ ਦਾ ਬੋਰੀ-ਬਿਸਤਰਾ ਗੋਲ ਕੀਤਾ ਜਾ ਚੁੱਕਾ ਹੈ।

ਪ੍ਰਵਾਸੀਆਂ ਨੂੰ ਕੈਨੇਡਾ ਵਿਚੋਂ ਕੱਢਣ 'ਤੇ ਲਿਬਰਲ ਸਰਕਾਰ ਵੱਲੋਂ 2023 ਵਿਚ 62 ਮਿਲੀਅਨ ਡਾਲਰ ਖਰਚ ਕੀਤੇ ਗਏ ਅਤੇ ਦੇਸ਼ ਨਿਕਾਲੇ ਦੀ ਰਫ਼ਤਾਰ ਪਿਛਲੇ ਇਕ ਦਹਾਕੇ ਦੇ ਸਿਖਰਲੇ ਪੱਧਰ 'ਤੇ ਪੁੱਜ ਗਈ ਹੈ। ਸਟੀਫਨ ਹਾਰਪਰ ਦੀ ਅਗਵਾਈ ਵਾਲੀ ਟੋਰੀ ਸਰਕਾਰ ਵੇਲੇ ਇਕ ਸਾਲ ਵਿਚ ਤਕਰੀਬਨ 19 ਹਜ਼ਾਰ ਪ੍ਰਵਾਸੀਆਂ ਨੂੰ ਡਿਪੋਰਟ ਕੀਤਾ ਗਿਆ ਅਤੇ ਮੌਜੂਦਾ ਟਰੂਡੋ ਸਰਕਾਰ ਇਸ ਅੰਕੜੇ ਦੇ ਨੇੜੇ ਪੁੱਜਦੀ ਮਹਿਸੂਸ ਹੋ ਰਹੀ ਹੈ।

'ਟੋਰਾਂਟੋ ਸਟਾਰ' ਦੀ ਰਿਪੋਰਟ ਮੁਤਾਬਕ 2023-24 ਦੌਰਾਨ 16,205 ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕੀਤਾ ਗਿਆ ਜੋ ਲਿਬਰਲ ਸਰਕਾਰ ਵੱਲੋਂ ਕੀਤੀ ਸਭ ਤੋਂ ਵੱਡੀ ਕਾਰਵਾਈ ਦੱਸੀ ਜਾ ਰਹੀ ਹੈ। 2015 ਵਿਚ ਸੱਤਾ ਸੰਭਾਲਣ ਮਗਰੋਂ ਜਸਟਿਨ ਟਰੂਡੋ ਦੀ ਸਰਕਾਰ ਤਕਰੀਬਨ 92 ਹਜ਼ਾਰ ਪ੍ਰਵਾਸੀਆਂ ਨੂੰ ਡਿਪੋਰਟ ਕਰ ਚੁੱਕੀ ਹੈ ਅਤੇ ਪ੍ਰਵਾਸੀਆਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੀਆਂ ਜਥੇਬੰਦੀਆਂ ਇਸ ਦਾ ਵਿਰੋਧ ਕਰ ਰਹੀਆਂ ਹਨ। ਇੱਥੇ ਦੱਸਣਾ ਬਣਦਾ ਹੈ ਕਿ ਹਜ਼ਾਰਾਂ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੇ ਮਾਮਲਿਆਂ ਵਿਚੋਂ ਕੁਝ ਚਰਚਾ ਦਾ ਕੇਂਦਰ ਬਣੇ ਜਿਨ੍ਹਾਂ



ਵਿਚੋਂ ਭਾਰਤ ਦੇ ਤਰੁਣ ਗੋਦਾਰਾ ਨੂੰ ਕੈਨੇਡਾ ਵਿਚੋਂ ਕੱਢਣ ਦੇ ਹੁਕਮਾਂ ਦਾ ਮਾਮਲਾ ਇਕ ਹੈ।

ਤਰੁਣ ਗੋਦਾਰਾ ਸਟੱਡੀ ਵੀਜ਼ਾ 'ਤੇ ਕੈਨੇਡਾ ਆਇਆ ਸੀ। ਸਡਬਰੀ ਦੇ ਕੈਂਬਰੀਅਨ ਕਾਲਜ ਵਿਚ ਡਿਪਲੋਮਾ ਮੁਕੰਮਲ ਕਰਨ ਮਗਰੋਂ ਉਸ ਦੇ ਵਰਕ ਪਰਮਿਟ ਮਿਲਿਆ ਪਰ ਉਹ ਪੀ.ਆਰ. ਹਾਸਲ ਕਰਨ ਵਿਚ ਅਸਫ਼ਲ ਰਿਹਾ ਅਤੇ ਇਮੀਗ੍ਰੇਸ਼ਨ ਵਿਭਾਗ ਨੇ ਉਸ ਦਾ ਵਰਕ ਪਰਮਿਟ ਨਵਿਆਉਣ ਤੋਂ ਨਾਂਹ ਕਰ ਦਿਤੀ। ਮਾਇਗ੍ਰੈਂਟ ਵਰਕਰਜ਼ ਅਲਾਇੰਸ ਫੌਰ ਚੇਂਜ ਦੇ ਕਾਰਜਕਾਰੀ ਡਾਇਰੈਕਟਰ ਸਈਅਦ ਹੁਸੈਨ ਨੇ ਦੋਸ਼ ਲਾਇਆ ਕਿ ਟਰੂਡੋ ਸਰਕਾਰ ਇਕ ਪਾਸੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਪੱਕਾ ਕਰਨ ਦਾ ਲਾਰਾ ਲਾ ਰਹੀ ਹੈ ਜਦਕਿ ਦੂਜੇ ਪਾਸੇ ਕਰੋੜਾਂ ਡਾਲਰ ਖਰਚ ਕਰਦਿਆਂ ਉਨ੍ਹਾਂ ਨੂੰ ਡਿਪੋਰਟ ਕੀਤਾ ਜਾ ਰਿਹਾ ਹੈ।

ਕੈਨੇਡੀਅਨ ਕੌਂਸਲ ਫੌਰ ਰਫਿਊਜੀਜ਼ ਦੀ ਕਾਰਜਕਾਰੀ ਡਾਇਰੈਕਟਰ ਗੌਰੀ ਸ੍ਰੀਨਿਵਾਸਨ ਵੱਲੋਂ ਟਰੂਡੋ ਸਰਕਾਰ ਦੀ ਨੀਤੀ ਨੂੰ ਅਣਮਨੁੱਖੀ ਕਰਾਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਲੱਖਾਂ ਪ੍ਰਵਾਸੀ ਕਈ ਸਾਲਾਂ ਤੋਂ ਪੱਕੇ ਹੋਣ ਦੀ ਉਡੀਕ ਕਰ ਰਹੇ ਹਨ ਪਰ ਕੋਈ ਰਾਹਤ ਦੇਣ ਦੀ ਬਜਾਏ ਨੂੰ ਉਨ੍ਹਾਂ ਨੂੰ ਜਹਾਜ਼ ਚੜ੍ਹਾ ਕੇ ਵਾਪਸ ਭੇਜਿਆ ਜਾ ਰਿਹਾ ਹੈ।

ਫੈਡਰਲ ਸਰਕਾਰ ਦੇ ਅੰਕੜਿਆਂ ਮੁਤਾਬਕ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ 2021 ਵਿਚ ਤਕਰੀਬਨ ਸਾਢੇ ਸੱਤ ਹਜ਼ਾਰ ਪ੍ਰਵਾਸੀਆਂ ਨੂੰ ਡਿਪੋਰਟ ਕੀਤਾ ਗਿਆ ਪਰ ਇਸ ਮਗਰੋਂ ਰਫ਼ਤਾਰ ਐਨੀ ਤੇਜ਼ ਹੋ ਗਈ ਕਿ ਹਵਾਈ ਅੱਡਿਆਂ 'ਤੇ ਗੈਰਕਾਨੂੰਨੀ ਪ੍ਰਵਾਸੀਆਂ ਦੇ ਮੇਲੇ ਲੱਗ ਗਏ। ਡਿਪੋਰਟ ਕੀਤੇ ਪ੍ਰਵਾਸੀਆਂ ਵਿਚੋਂ ਸਿਰਫ ਪੰਜ ਫ਼ੀਸਦੀ ਅਪਰਾਧਕ ਸਰਗਰਮੀਆਂ ਵਿਚ ਸ਼ਾਮਲ ਸਨ ਪਰ ਇਸ ਦੇ ਬਾਵਜੂਦ ਕੋਈ ਨਰਮੀ ਨਹੀਂ ਵਰਤੀ ਗਈ।

ਸੀ.ਬੀ.ਐਸ.ਏ. ਦਾ ਕਹਿਣਾ ਹੈ ਕਿ ਇਕ ਪ੍ਰਵਾਸੀ ਨੂੰ ਸਾਧਾਰਣ ਤਰੀਕੇ ਨਾਲ ਡਿਪੋਰਟ ਕਰਨ 'ਤੇ 3,800 ਡਾਲਰ ਦਾ ਖਰਚਾ ਆਉਂਦਾ ਹੈ ਪਰ ਨਿਗਰਾਨੀ ਹੇਠ ਸਬੰਧਤ ਮੁਲਕ ਵਿਚ ਛੱਡ ਕੇ ਆਉਣ 'ਤੇ ਖਰਚਾ 12,500 ਡਾਲਰ ਤੱਕ ਜਾ ਸਕਦਾ ਹੈ। ਸੀ.ਬੀ.ਐਸ.ਏ. ਨੇ ਦਾਅਵਾ ਕੀਤਾ ਕਿ ਕਿਸੇ ਨੂੰ ਡਿਪੋਰਟ ਕਰਨ ਦਾ ਫੈਸਲਾ ਹਲਕੇ ਤੌਰ 'ਤੇ ਨਹੀਂ ਲਿਆ ਜਾਂਦਾ। ਮੁਲਕ ਦੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਮਜ਼ਬੂਤ ਰੱਖਣ ਵਿਚ ਗੈਰਕਾਨੂੰਨੀ ਪ੍ਰਵਾਸੀਆਂ ਦਾ ਦੇਸ਼ ਨਿਕਾਲਾ ਅਹਿਮ ਰੋਲ ਅਦਾ ਕਰਦਾ ਹੈ।

## ਫ਼ਿਊਜ਼ਨ ਮੇਲੇ 'ਚ ਗੋਲਡਨ ਸਟਾਰ ਮਲਕੀਤ ਸਿੰਘ ਨੇ ਕਰਵਾ 'ਤੀ' 'ਬੱਲੇ-ਬੱਲੇ'



ਵੈਨਕੂਵਰ-(ਮਲਕੀਤ ਸਿੰਘ)-ਤਕਰੀਬਨ ਤਿੰਨ ਦਹਾਕੇ ਪਹਿਲਾਂ 'ਤੂਤਕ-ਤੂਤਕ-ਤੂਤਕ-ਤੂਤੀਆਂ......!' ਚਰਚਿਤ ਗੀਤ ਨਾਲ ਗਾਇਕੀ ਖੇਤਰ 'ਚ ਨਿੱਤਰੇ ਸਦਾਬਹਾਰ ਅਤੇ ਪ੍ਰਸਿੱਧ ਪੰਜਾਬੀ ਗਾਇਕ ਗੋਲਡਨ ਸਟਾਰ ਮਲਕੀਤ ਸਿੰਘ ਨੇ ਬੀਤੀ ਰਾਤ ਪੰਜਾਬੀਆਂ ਦੀ ਸੰਘਣੀ ਵੱਸੋਂ ਵਾਲੇ ਕੈਨੇਡਾ ਦੇ ਸਰੀ ਸ਼ਹਿਰ 'ਚ ਗੀਤਾਂ ਦੀ ਛਹਿਬਰ ਲਗਾ ਕੇ ਦੇਰ ਰਾਤ ਤੀਕ ਰੌਣਕਾਂ ਲਗਾ ਕੇ ਇਕੇਰਾ 'ਬੱਲੇ-ਬੱਲੇ' ਕਰਵਾ ਛੱਡੀ। ਇੱਥੇ ਜ਼ਿਕਰਯੋਗ ਹੈ ਕਿ ਸਰੀ ਸਿਟੀ ਵੱਲੋਂ ਹਰ ਸਾਲ ਸਰੀ ਦੇ ਹਾਲੈਂਡ ਪਾਰਕ 'ਚ ਵੱਖ-ਵੱਖ ਦੇਸ਼ਾਂ ਦੇ ਕਲਚਰ ਦੀ ਪੇਸ਼ਕਾਰੀ ਕਰਨ ਅਤੇ ਸਬੰਧਿਤ ਲੋਕਾਂ ਦੇ ਮਨੋਰੰਜਨ ਲਈ 'ਸਰੀ ਫ਼ਿਊਜ਼ਨ ਮੇਲਾ' ਕਰਵਾਇਆ ਜਾਂਦਾ ਹੈ। ਇਸ ਮੇਲੇ ਦੌਰਾਨ ਐਤਵਾਰ ਦੀ ਰਾਤ ਨੂੰ ਪ੍ਰਮੁੱਖ ਪੰਜਾਬੀ ਰੇਡੀਓ 'ਰੈਡ. ਐੱਫ਼. ਐੱਮ.' ਦੇ ਸਹਿਯੋਗ ਨਾਲ ਪੰਜਾਬੀਆਂ ਦੇ ਮਨੋਰੰਜਨ ਲਈ ਇਕ ਸੱਭਿਆਚਾਰਕ ਸ਼ਾਮ ਦਾ ਆਯੋਜਨ ਕਰਵਾਇਆ ਗਿਆ, ਜਿਸ 'ਚ ਇੰਗਲੈਂਡ ਤੋਂ ਉਚੇਚੇ ਤੌਰ 'ਤੇ ਪੁੱਜੇ ਪ੍ਰਸਿੱਧ ਪੰਜਾਬੀ ਗਾਇਕ ਗੋਲਡਨ ਸਟਾਰ ਮਲਕੀਤ ਸਿੰਘ ਵੱਲੋਂ ਰਾਤੀਂ 9 ਵਜੇ ਤੋਂ ਦੇਰ ਰਾਤ ਤੀਕ ਲਗਾਤਾਰ ਚੋਣਵੇਂ ਗੀਤਾਂ ਦੀ ਛਹਿਬਰ ਲਗਾ ਕੇ ਹਜ਼ਾਰਾਂ ਦੀ ਗਿਣਤੀ 'ਚ ਉਥੇ ਮੌਜੂਦ ਪੰਜਾਬੀਆਂ ਨੂੰ ਨੱਚਣ ਲਗਾਈ ਰੱਖਿਆ ਗਿਆ।

ਇਸ ਸੱਭਿਆਚਾਰਕ ਸ਼ਾਮ ਦੀ ਸ਼ੁਰੂਆਤ ਗਾਇਕ ਮਲਕੀਤ ਸਿੰਘ ਵੱਲੋਂ 'ਅੱਜ ਭੰਗੜਾ ਪਾਉਣ ਨੂੰ ਜੀਅ ਕਰਦਾ......!', 'ਕਾਲੀ ਐਨਕ ਨਾ ਲਾਇਆ ਕਰ......!, 'ਯਾਰੀ ਜੱਟਾਂ ਦੇ ਮੁੰਡੇ ਨਾਲ ਲਾਈਏ.....!', 'ਕੁੜੀ ਕੱਢ ਕੇ ਕਾਲਜਾ ਲੈ ਗਈ ਓਏ.....!', 'ਅੱਜ ਮਾਂ ਦੇ ਹੱਥਾਂ ਦੀਆਂ ਪੱਕੀਆਂ ਰੋਟੀਆਂ ਖਾਣ ਨੂੰ ਬੜਾ ਈ ਚਿੱਤ ਕਰਦੈ.....!' ਸਮੇਤ ਕੁਝ ਹੋਰ ਗੀਤਾਂ ਦੀ ਲੜੀ ਲਗਾ ਕੇ ਮਾਹੌਲ ਨੂੰ ਰੰਗੀਨ ਬਣਾਈ ਰੱਖਿਆ ਗਿਆ।

# ਅਮਰੀਕੀ ਸੀਕ੍ਰੇਟ ਸਰਵਿਸ ਦੇ ਮੁਖੀ ਕਿੰਬਰਲੇ ਚੀਟਲ ਨੇ ਦਿੱਤਾ ਅਸਤੀਫਾ

## ✪ ਟਰੰਪ ਦੀ ਸੁਰੱਖਿਆ ਵਿਚ ਕਮੀ ਦੀ ਜ਼ਿੰਮੇਵਾਰੀ ਲਈ

ਵਾਸ਼ਿੰਗਟਨ-ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਹਮਲੇ ਨੂੰ ਸੀਕ੍ਰੇਟ ਸਰਵਿਸ ਰੋਕ ਨਹੀਂ ਸਕੀ। ਹੁਣ ਸੀਕ੍ਰੇਟ ਸਰਵਿਸ ਡਾਇਰੈਕਟਰ ਕਿੰਬਰਲੇ ਚੀਟਲ ਨੇ ਇਸ ਸਬੰਧੀ ਅਸਤੀਫਾ ਦੇ ਦਿੱਤਾ ਹੈ। ਸਮਾਚਾਰ ਏਜੰਸੀ ਐਸੋਸੀਏਟਿਡ ਪ੍ਰੈਸ ਦੀ ਰਿਪੋਰਟ ਦੇ ਅਨੁਸਾਰ, ਚੀਟਲ ਨੇ ਕਰਮਚਾਰੀਆਂ ਨੂੰ ਭੇਜੀ ਗਈ ਈਮੇਲ ਵਿੱਚ ਦੱਸਿਆ ਕਿ ਉਸਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਯੂਐਸ ਸੀਕ੍ਰੇਟ ਸਰਵਿਸ ਦੀ ਜ਼ਿੰਮੇਵਾਰੀ ਮੌਜੂਦਾ ਰਾਸ਼ਟਰਪਤੀ ਅਤੇ ਸਾਬਕਾ ਰਾਸ਼ਟਰਪਤੀਆਂ ਦੀ ਸੁਰੱਖਿਆ ਕਰਨਾ ਹੈ। ਪਰ ਡੋਨਾਲਡ ਟਰੰਪ 'ਤੇ ਹਮਲੇ ਨੂੰ ਰੋਕਣ ਵਿਚ ਕਾਮਯਾਬ ਨਾ ਹੋਣ ਕਾਰਨ ਸੀਕ੍ਰੇਟ ਸਰਵਿਸ ਦੀ ਆਲੋਚਨਾ ਹੋਈ। ਜਿਸ ਦਿਨ ਟਰੰਪ 'ਤੇ ਹਮਲਾ ਹੋਇਆ ਸੀ, ਉਸੇ ਦਿਨ ਸੋਸ਼ਲ ਮੀਡੀਆ 'ਤੇ ਕਿੰਬਰਲੇ ਦੇ ਅਸਤੀਫੇ ਦੀ ਮੰਗ ਉੱਠੀ ਸੀ।

ਉਨ੍ਹਾਂ ਦਾ ਅਸਤੀਫਾ ਸੰਸਦ 'ਚ ਪੇਸ਼ ਹੋਣ ਤੋਂ ਬਾਅਦ ਆਇਆ। ਹਾਊਸ ਓਵਰਸਾਈਟ ਕਮੇਟੀ ਦੇ ਸਾਹਮਣੇ ਤਣਾਅਪੂਰਨ ਅਤੇ ਵਿਵਾਦਪੂਰਨ ਸੁਣਵਾਈ ਤੋਂ ਇੱਕ ਦਿਨ ਬਾਅਦ ਉਸਨੇ ਆਪਣਾ ਅਹੁਦਾ ਛੱਡ ਦਿੱਤਾ। ਡੈਮੋਕ੍ਰੇਟਿਕ ਪਾਰਟੀ ਅਤੇ ਰਿਪਬਲਿਕਨ ਪਾਰਟੀ ਦੋਵਾਂ ਦੇ ਸੰਸਦ ਮੈਂਬਰ ਸੁਰੱਖਿਆ ਵਿਚ ਕਮੀਆਂ ਕਾਰਨ ਉਨ੍ਹਾਂ ਦੇ ਅਸਤੀਫੇ ਦੀ ਮੰਗ



ਕਰ ਰਹੇ ਸਨ। ਸੁਣਵਾਈ ਦੌਰਾਨ ਕਿੰਬਰਲੇ ਚੀਟਲ ਨੇ ਕਿਹਾ ਕਿ ਸਾਬਕਾ ਰਾਸ਼ਟਰਪਤੀ ਟਰੰਪ ਦੀ ਹੱਤਿਆ ਦੀ ਕੋਸ਼ਿਸ਼ ਦਹਾਕਿਆਂ 'ਚ ਏਜੰਸੀ ਦੀ ਸਭ ਤੋਂ ਵੱਡੀ ਗਲਤੀ ਸੀ। ਉਸਨੇ ਮੰਨਿਆ ਸੀ ਕਿ ਸਾਬਕਾ ਰਾਸ਼ਟਰਪਤੀ ਟਰੰਪ ਦੀ ਹੱਤਿਆ ਦੀ ਕੋਸ਼ਿਸ਼ 1981 ਵਿੱਚ ਤਤਕਾਲੀ ਰਾਸ਼ਟਰਪਤੀ ਰੋਨਾਲਡ ਰੀਗਨ ਦੀ ਗੋਲੀਬਾਰੀ ਤੋਂ ਬਾਅਦ 'ਸਭ ਤੋਂ ਗੰਭੀਰ' ਸੁਰੱਖਿਆ ਕਮੀ ਸੀ।

### ਗਲਤੀ ਦੀ ਜ਼ਿੰਮੇਵਾਰੀ ਲਈ

ਕਿੰਬਰਲੇ ਚੀਟਲ ਨੇ ਆਪਣੇ ਅਸਤੀਫੇ 'ਚ ਲਿਖਿਆ, 'ਮੈਂ ਸੁਰੱਖਿਆ ਵਿਚ ਕਮੀ ਦੀ ਪੂਰੀ ਜ਼ਿੰਮੇਵਾਰੀ ਲੈਂਦੀ ਹਾਂ। ਹਾਲ ਹੀ ਦੀਆਂ ਘਟਨਾਵਾਂ ਦੇ ਮੱਦੇਨਜ਼ਰ, ਇਹ ਭਾਰੀ ਦਿਲ ਨਾਲ ਹੈ ਕਿ ਮੈਂ ਆਪਣੇ ਨਿਰਦੇਸ਼ਕ ਦੇ ਅਹੁਦੇ ਤੋਂ ਅਸਤੀਫਾ ਦੇਣ ਦਾ ਮੁਸ਼ਕਲ ਫੈਸਲਾ ਲਿਆ ਹੈ। ਯਾਦ ਰਹੇ ਕਿ ਇਕ ਰੈਲੀ ਦੌਰਾਨ 20 ਸਾਲਾ ਨੌਜਵਾਨ ਨੇ ਡੋਨਾਲਡ ਟਰੰਪ 'ਤੇ ਗੋਲੀਆਂ ਚਲਾ ਦਿੱਤੀਆਂ। ਹਮਲਾਵਰ ਮੌਕੇ 'ਤੇ ਹੀ ਮਾਰਿਆ ਗਿਆ। ਟਰੰਪ ਦੇ ਸੱਜੇ ਕੰਨ ਵਿੱਚ ਗੋਲੀ ਲੱਗੀ ਸੀ।

### ਅਸਤੀਫੇ ਦੀ ਮੰਗ ਕੀਤੀ ਗਈ

ਸੁਣਵਾਈ ਦੌਰਾਨ ਸੰਸਦ ਮੈਂਬਰਾਂ ਨੇ ਹੈਰਾਨੀ ਪ੍ਰਗਟਾਈ ਕਿ ਬੰਦੂਕਧਾਰੀ ਟਰੰਪ ਦੇ ਇੰਨਾ ਨੇੜੇ ਕਿਵੇਂ ਪਹੁੰਚ ਗਿਆ। ਗ੍ਰਹਿ ਮੰਤਰੀ ਅਲੇਜੈਂਡਰੋ ਮੇਅਰਕਸ ਨੇ ਇਸ ਘਟਨਾ ਨੂੰ "ਗਲਤੀ" ਕਿਹਾ, ਜਦੋਂ ਕਿ ਕਈ ਸੰਸਦ ਮੈਂਬਰਾਂ ਨੇ ਚੀਟਲ ਨੂੰ ਅਸਤੀਫਾ ਦੇਣ ਲਈ ਕਿਹਾ। ਚੀਟਲ ਨੇ ਅਗਸਤ 2022 ਤੋਂ ਸੀਕ੍ਰੇਟ ਸਰਵਿਸ ਦੇ ਡਾਇਰੈਕਟਰ ਵਜੋਂ ਸੇਵਾ ਨਿਭਾਈ। ਟਰੰਪ 'ਤੇ ਹਮਲੇ ਤੋਂ ਬਾਅਦ ਅਮਰੀਕੀ ਅਰਬਪਤੀ ਐਲੋਨ ਮਸਕ ਨੇ ਚੀਟਲ ਦੇ ਅਸਤੀਫੇ ਦੀ ਮੰਗ ਕੀਤੀ ਸੀ।

60 ਸਫ਼ੇ ਦੀ ਬਾਕੀ

ਮੁੱਖ ਮਕਸਦ ਉਨ੍ਹਾਂ ਦਾ ਧੀਆਂ-ਭੈਣਾਂ ਨੂੰ ਸੁਰੱਖਿਆ ਪ੍ਰਦਾਨ ਕਰਨੀ ਹੁੰਦਾ ਸੀ।

ਖੂਬ ਭਖ਼ੇ ਹੋਏ ਗਿੱਧੇ ਦੀਆਂ ਬੋਲੀਆਂ ਦੀ ਆਵਾਜ਼, ਅੱਡੀਆਂ ਦੀ ਧਮਕ, ਵੰਗਾਂ ਦੀ ਛਣ-ਛਣ ਤੇ ਗਿੱਧੇ ਦੀ ਥਪ-ਥਪ ਕੋਹਾਂ ਤੀਕਰ ਸੁਣਾਈ ਦਿੰਦੀ ਹੁੰਦੀ ਸੀ॥ ਬੋਲੀਆਂ ਵਿੱਚ ਵੀਰ ਪਿਆਰ ਤੋਂ ਲੈ ਕੇ, ਮਾਂ-ਬਾਪ, ਮਾਹੀ, ਸੱਸ, ਸਹੁਰੇ, ਸੰਯੋਗ, ਵਿਯੋਗ, ਨਨਾਣ, ਭਰਜਾਈ, ਦਿਉਰ, ਜੇਠ,ਦਰਾਣੀ, ਜਠਾਣੀ ਅਤੇ ਛੜਿਆਂ ਦਾ ਜ਼ਿਕਰ ਹੁੰਦਾ ਸੀ। ਆਮ ਹਾਲਾਤ ਵਿੱਚ ਪੁਰਸ਼ਾਂ ਨੂੰ ਇਸ ਸਮਾਰੋਹ ਵਿੱਚ ਸ਼ਾਮਲ ਨਹੀਂ ਸੀ ਕੀਤਾ ਜਾਂਦਾ ਪਰ ਚੋਰੀ-ਛੁਪੇ ਝਾਤ ਮਾਰਨ ਨੂੰ ਪੁਰਸ਼ਾਂ ਦਾ ਮਨ ਕਰ ਹੀ ਆਉਂਦਾ ਸੀ। ਇਸੇ ਕਰ ਕੇ ਕੋਈ ਮੁਟਿਆਰ ਆਪਣੇ ਸ਼ਰਮਾਕਲ ਪਤੀ ਬਾਰੇ ਕਹਿੰਦੀ ਸੁਣੀ ਜਾਂਦੀ ਸੀ:

ਹੋਰਨਾਂ ਦੇ ਮਾਹੀਏ ਤੀਆਂ ਵੇਖਣ,
ਮੇਰਾ ਚੁਗੇ ਕਪਾਹ
ਵੇ ਤੂੰ ਕੀ ਰਾਹ ਨੀਂ' ਜਾਣਦਾ,
ਤੀਆਂ ਵੇਖਣ ਆ।
ਵੇ ਤੂੰ ਕੀ...

ਗਿੱਧੇ ਦੇ ਪਿੜ ਤੋਂ ਹਟਵੀਆਂ ਢੁੱਕਵੀਆਂ ਥਾਵਾਂ 'ਤੇ ਚੂੜੀਆਂ, ਪਰਾਂਦੀਆਂ, ਮਹਿੰਦੀ, ਗੁਬਾਰਿਆਂ, ਪਕੌੜੇ, ਜਲੇਬੀਆਂ ਤੇ ਹੋਰ ਮਠਿਆਈਆਂ, ਖਿਡਾਉਣਿਆਂ ਤੇ ਹਾਰ-ਸ਼ਿੰਗਾਰ ਦੇ ਸਾਜੋ-ਸਾਮਾਨ ਵੇਚਣ ਵਾਲੇ ਵੀ ਪਹੁੰਚੇ ਹੁੰਦੇ ਹਨ। ਤੀਆਂ ਦੇ ਦਿਨੀਂ ਕੁੜੀਆਂ ਸਹੁਰੇ-ਪੇਕੇ ਘਰ ਦੇ ਨਿੱਕੇ-ਵੱਡੇ ਬੰਧਨਾਂ ਤੇ ਜ਼ਿੰਮੇਵਾਰੀਆਂ ਤੋਂ ਆਜ਼ਾਦ ਮਹਿਸੂਸ ਕਰਦੀਆਂ ਹਨ। ਨਾ ਸੱਸ ਦੀ ਡਾਂਟ-ਡਪਟ ਦਾ ਡਰ, ਨਾ ਸਹੁਰੇ ਕੋਲੋਂ ਘੁੰਡ ਕੱਢਣ ਦੀ ਚਿੰਤਾ। ਨਾ ਕਿਸੇ ਦੀ ਚੰਗੀ ਮਾੜੀ ਸੁਣਨ ਦਾ ਡਰ। ਕੁੜੀਆਂ ਚਾਹੁੰਦੀਆਂ ਹਨ ਕਿ ਤੀਆਂ ਦੇ ਦਿਨ ਮੁੱਕਣ ਹੀ ਨਾ ਪਰ ਤੀਆਂ ਦੇ ਦਿਨ ਝੱਟ ਲੰਘ ਜਾਂਦੇ ਹਨ। ਉਹ ਤੀਆਂ ਲਾਉਣ ਵਾਲੇ ਤੋਂ ਸਦਕੇ ਜਾਣਾ ਚਾਹੁੰਦੀਆਂ ਹਨ:

ਤੇਰਾ ਹੋਏ ਸੁਰਗਾਂ ਵਿੱਚ ਵਾਸਾ,
ਵੇ ਤੀਆਂ ਨੂੰ ਲਵਾਉਣ ਵਾਲਿਆ...

ਦੁੱਖ-ਸੁੱਖ, ਖ਼ੁਸ਼ੀ-ਗ਼ਮੀ ਜ਼ਿੰਦਗੀ ਦੀ ਤਸਵੀਰ ਦੇ ਦੋ ਪਾਸੇ ਹਨ। ਇੱਕ ਉਦਾਸ ਚਿੱਤ ਕੁੜੀ ਨੂੰ ਤੀਆਂ ਦੇ ਇਹ ਰੰਗ-ਤਮਾਸ਼ੇ ਇਸ ਕਰ ਕੇ ਚੰਗੇ ਨਹੀਂ ਲੱਗਦੇ ਕਿਉਂ ਜੋ ਉਹ ਆਪਣੇ ਸਹੁਰੇ ਘਰ ਵਿੱਚ ਬੀਮਾਰ ਪਏ ਪਤੀ ਨੂੰ ਛੱਡ ਕੇ ਆਈ ਹੈ:

ਯਾਰ ਬੀਮਾਰ ਪਿਆ
ਮੇਰਾ ਚਿੱਤ ਨਾ
ਤੀਆਂ ਦੇ ਵਿੱਚ ਲੱਗਦਾ।
ਕਿਹੜੇ ਹੌਸਲੇ ਗਿੱਧੇ ਦੇ ਵਿੱਚ ਜਾਵਾਂ
ਯਾਰ ਬੀਮਾਰ ਪਿਆ।

ਅਜਿਹੀ ਕੁੜੀ ਨੂੰ ਸਾਉਣ ਮਹੀਨੇ ਦੀਆਂ ਬਦਲੋਟੀਆਂ ਵੀ ਕੋਈ ਉਦਾਸ ਗੀਤ ਗਾਉਂਦੀਆਂ ਪ੍ਰਤੀਤ ਹੁੰਦੀਆਂ ਹਨ। ਤੀਆਂ ਵਾਲੀ ਸ਼ਾਮ ਜਿਉਂ-ਜਿਉਂ ਹਨੇਰੇ ਵਿੱਚ ਬਦਲਣ ਲੱਗਦੀ ਹੈ, ਮੇਲਾ ਖਿੰਡਣ ਲੱਗਦਾ ਹੈ। ਨੱਚਦੀਆਂ-ਗਾਉਂਦੀਆਂ ਕੁੜੀਆਂ ਘਰਾਂ ਨੂੰ ਤੁਰ ਪੈਂਦੀਆਂ ਹਨ:

ਸੱਚ ਦੇ ਬਚਨ ਵਿੱਚ ਧਾਈਆਂ,
ਮਾਪਿਓ ਥੋਡੇ ਰਾਜ ਅੰਦਰ
ਤੀਆਂ ਖੇਡ ਕੇ ਘਰਾਂ ਨੂੰ ਆਈਆਂ।

ਇੰਜ, ਤੀਆਂ ਦੇ ਇਹ ਪੰਦਰਾਂ ਦਿਨ ਹੱਸਦਿਆਂ, ਖੇਡਦਿਆਂ, ਨੱਚਦਿਆਂ ਖ਼ੁਸ਼ੀ ਮਨਾਉਂਦਿਆਂ, ਪੀਂਘਾਂ ਝੂਟਦਿਆਂ ਤੇ ਗੀਤ ਗਾਉਂਦਿਆਂ ਬੜੀ ਛੇਤੀ ਬੀਤ ਜਾਂਦੇ ਹਨ। ਕੁੜੀਆਂ ਲਈ ਇਹ ਦਿਨ ਕਈ ਹੁਸੀਨ ਯਾਦਾਂ ਛੱਡ ਜਾਂਦੇ ਹਨ। ਉਹ ਭਾਦੋਂ ਨੂੰ ਕੋਸਦੀਆਂ ਹਨ, ਕਿਉਂ ਜੋ ਭਾਦੋਂ ਵਿੱਚ ਉਨ੍ਹਾਂ ਨੂੰ ਮੁੜ ਸਹੁਰੀਂ ਜਾਣਾ ਪੈਂਦਾ ਹੈ:

ਤੀਆਂ ਸਾਉਣ ਦੀਆਂ,
ਭਾਦੋਂ ਦੇ ਮੁਕਲਾਵੇ।

ਤੀਆਂ ਦੇ ਆਖਰੀ ਦਿਨ ਪਾਣੀ ਨਾਲ ਭਰੀ ਇੱਕ ਗੜਵੀ ਵਿੱਚ ਦੁੱਧ ਪਾ ਕੇ ਕੁੜੀਆਂ ਗੀਤ ਗਾਉਂਦੀਆਂ ਘਰਾਂ ਨੂੰ ਤੁਰ ਪੈਂਦੀਆਂ ਹਨ, ਇਸ ਪਾਣੀ ਤੇ ਦੁੱਧ ਦਾ ਛਿੱਟਾ ਉਹ ਘਰਾਂ ਦੀ ਦਹਿਲੀਜ਼ 'ਤੇ ਦਿੰਦੀਆਂ ਹਨ। ਇੰਜ, ਤੀਆਂ ਦਾ ਇਹ ਤਿਉਹਾਰ ਅਗਲੇ ਸਾਲ ਤਕ ਲਈ ਵਿਛੜ ਜਾਂਦਾ ਹੈ :

ਤੀਆਂ ਤੀਜ ਦੀਆਂ,
ਵਰ੍ਹੇ ਦਿਨਾਂ ਨੂੰ ਫੇਰ

ਤੀਆਂ ਦਾ ਇਹ ਤਿਉਹਾਰ ਸਰਬ ਸਾਂਝਾ ਅਤੇ ਧਰਮ ਨਿਰਪੱਖ ਸਾਦ ਮੁਰਾਦਾ ਪੇਂਡੂ ਤਿਉਹਾਰ ਹੈ, ਜੋ ਪੰਜਾਬੀ ਲੋਕ ਸੱਭਿਆਚਾਰ ਦਾ ਮਹੱਤਵਪੂਰਨ ਅੰਗ ਹੈ। ਅਜੋਕੇ ਕਾਹਲ ਭਰੇ, ਰੁਝੇਵਿਆਂ ਵਾਲੇ ਤੇ ਬਦਲ ਗਈ ਜੀਵਨ ਸ਼ੈਲੀ ਵਾਲੇ ਵਿਕਾਸਸ਼ੀਲ ਸਮਾਜ ਵਿੱਚ ਪੁਰਾਣੇ ਸੱਭਿਆਚਾਰ ਦੇ ਅਜਿਹੇ ਰੰਗ ਫਿੱਕੇ ਪੈਂਦੇ ਜਾ ਰਹੇ ਹਨ। ਹੋਰ ਮੇਲਿਆਂ-ਤਿਉਹਾਰਾਂ ਵਾਂਗ ਤੀਆਂ ਦੀ ਪਹਿਲਾਂ ਵਾਲੀ ਰੌਣਕ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਈ ਹੈ। ਹੁਣ ਯੂਨੀਵਰਸਿਟੀਆਂ ਦੇ ਯੁਵਕ ਮੇਲਿਆਂ ਵਿੱਚ ਸ਼ਾਮਲ ਕੀਤੀ ਜਾਂਦੀ ਪੰਜਾਬੀ ਲੋਕ ਨਾਚ ਗਿੱਧੇ ਜਾਂ ਕਿਸੇ ਹੋਰ ਲੋਕ ਨਾਚ ਦੀ ਆਈਟਮ ਵਿੱਚ ਕਦੇ ਕਦੇ ਤੀਆਂ ਦੇ ਨਾਚ ਦੀ ਇਕ -ਅੱਧ ਝਲਕੀ ਵਿਖਾਈ ਜਾ ਰਹੀ ਹੋ ਸਕਦੀ ਹੈ। ਸਕੂਲਾਂ, ਕਾਲਜਾਂ ਵੱਲੋਂ ਵੀ ਤੀਆਂ ਦੇ ਮੇਲੇ ਦਾ ਪ੍ਰਬੰਧ ਕਰ ਲਿਆ ਜਾਂਦਾ ਹੈ, ਜਿਨ੍ਹਾਂ ਵਿੱਚ ਕਈ ਮੁਕਾਬਲੇ ਵੀ ਕਰਵਾਏ ਜਾਂਦੇ ਹਨ ਤੇ ਜੇਤੂਆਂ ਨੂੰ ਇਨਾਮ ਵੀ ਦਿੱਤੇ ਜਾਂਦੇ ਹਨ। ਕਿਧਰੇ-ਕਿਧਰੇ ਕਾਰਜਸ਼ੀਲ ਸੱਭਿਆਚਾਰਕ ਕਲੱਬਾਂ ਵੱਲੋਂ, ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਂ ਉੱਦਮੀ ਤੇ ਸਵੈ-ਸੇਵੀ ਇਸਤਰੀ-ਸੰਗਠਨਾਂ ਵੱਲੋਂ ਵੀ ਸਾਉਣ ਮਹੀਨੇ ਵਿੱਚ ਕਦੇ/ਕਿਧਰੇ ਤੀਆਂ ਦੇ ਮੇਲੇ ਦਾ ਆਯੋਜਨ ਕਰ ਲਿਆ ਜਾਂਦਾ ਹੈ। ਵਧੇਰੇ ਸਥਿਤੀਆਂ ਵਿੱਚ ਅਜਿਹਾ ਕੁਝ ਵੀ ਸਭ ਰਸਮੀ ਹੋ ਕੇ ਰਹਿ ਜਾਂਦਾ ਹੈ। ਇਹ ਪਰਿਵਰਤਨਸ਼ੀਲ ਵਰਤਾਰੇ ਵਿੱਚ ਅਜਿਹਾ ਵਾਪਰਨਾ ਹੀ ਹੁੰਦਾ ਹੈ। ਵਿਰਸੇ ਤੋਂ ਟੁੱਟਣਾ, ਦੂਰ ਹੁੰਦੇ ਚਲੇ ਜਾਣਾ ਤੇ ਵਿਰਸੇ ਨੂੰ ਵਿਸਾਰ ਦੇਣਾ ਦੁਖਦਾਈ ਜ਼ਰੂਰ ਹੁੰਦਾ ਹੈ।

ਸੱਭਿਆਚਾਰਕ ਵਰਤਾਰਿਆਂ ਨੂੰ ਤੇ ਉਨ੍ਹਾਂ ਦੇ ਨਮੂਨਿਆਂ ਨੂੰ ਸਾਂਭ ਕੇ ਰੱਖਣਾ ਮਨੁੱਖ ਦਾ ਫ਼ਰਜ਼ ਬਣਦਾ ਹੈ। ਇਸ ਦਿਸ਼ਾ ਵੱਲ ਕੇਵਲ ਨਿੱਜੀ ਹੀ ਨਹੀਂ, ਸਮੂਹਿਕ ਪੱਧਰ 'ਤੇ ਵੀ ਸੁਹਿਰਦ ਯਤਨ ਕੀਤੇ ਜਾਣੇ ਚਾਹੀਦੇ ਹਨ। ਅਜਿਹੇ ਯਤਨਾਂ ਨੂੰ ਪੰਜਾਬੀ ਦੇ ਵਿਸਰ ਰਹੇ ਵਰਤਾਰਿਆਂ ਦੀ ਸਾਂਭ-ਸੰਭਾਲ ਕਰਨ ਲਈ ਪੁੱਟੇ ਗਏ ਇਕ ਕਦਮ ਵਜੋਂ ਲਿਆ ਜਾ ਸਕੇਗਾ।

*** ****

## ਡਾ.ਚਰਨਜੀਤ ਸਿੰਘ ਗੁਮਟਾਲਾ ਵੱਲੋਂ 24 ਸਾਲ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਦੀ ਨਿਯੁਕਤੀ ਲਈ ਜਥੇ: ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦੁਆਰਾ ਤਿਆਰ ਖਰੜੇ ਨੂੰ ਅਮਲੀ ਰੂਪ ਦੇਣ ਦੀ ਮੰਗ



ਅੰਮ੍ਰਿਤਸਰ-ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇਇਕ ਨਿੱਜੀ ਪੱਤਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਜੀ ਨੂੰ ਇੱਕ ਈ-ਮੇਲ ਰਾਹੀਂ ਭੇਜ ਕੇ ਮੰਗ ਕੀਤੀ ਹੈ ਕਿ ਕੋਈ 24 ਸਾਲ ਪਹਿਲਾਂ ਸ੍ਰੀ ਅਕਾਲ ਤਖ਼ਤ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਦੂਜੇ ਤਖ਼ਤਾਂ ਲਈ ਨਿਯੁਕਤ ਕੀਤੇ ਜਾਂਦੇ ਜਥੇਦਾਰ ਸਾਹਿਬਾਨ ਲਈ ਵਿਦਵਾਨਾਂ ਤੋਂ ਇੱਕ ਕਮੇਟੀ ਬਣਾ ਕੇ ਇੱਕ ਖਰੜਾ ਤਿਆਰ ਕਰਵਾਇਆ ਸੀ, ਜੋ ਕਿ ਉਨ੍ਹਾਂ ਨੇ ਲਾਗੂ ਕਰਵਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਜ ਦਿੱਤਾ ਸੀ ਜੋ ਕਿ ਅਜੇ ਤੀਕ ਲਾਗੂ ਨਹੀਂ ਕੀਤਾ ਗਿਆ।

ਸਰਕਾਰੀ ਨੌਕਰੀ ਵਿੱਚ ਕਰਮਚਾਰੀ ਨੂੰ ਨੌਕਰੀ ਦੇਣ ਤੇ ਨੌਕਰੀ ਤੋਂ ਕੱਢਣ ਲਈ ਵਿਧੀ ਵਿਧਾਨ ਹੈ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਲਈ ਕੋਈ ਵਿਧੀ ਵਿਧਾਨ ਨਹੀਂ। ਜਦੋਂ ਮਰਜ਼ੀ ਜਥੇਦਾਰਾਂ ਦੀਆਂ ਸੇਵਾਵਾਂ ਬਿਨਾਂ ਕੋਈ ਕਾਰਨ ਦੱਸੇ ਖਤਮ ਕਰ ਦਿੱਤੀਆਂ ਜਾਂਦੀਆਂ ਹਨ ਜਿਸ ਨੂੰ ਮਰਜੀ ਜਥੇਦਾਰ ਨਿਯੁਕਤ ਕਰ ਦਿੱਤਾ ਜਾਂਦਾ ਹੈ। ਚੰਡੀਗੜ੍ਹ ਤੋਂ ਪ੍ਰਸਿੱਧ ਪੱਤਰਕਾਰ ਕੰਵਰ ਸੰਧੂ ਇਕ ਚੈਨਲ ਹੈਲੋ ਪੰਜਾਬ ਚਲਾ ਰਹੇ ਹਨ,ਇਨ੍ਹਾਂ ਦਿਨ੍ਹਾਂ ਵਿਚ ਉਨ੍ਹਾਂ ਵੱਲੋਂ ਸਿੱਖ ਮਸਲਿਆਂ ਬਾਰੇ ਵੱਖ ਵੱਖ ਮੁਲਾਕਤਾਂ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਵੱਲੋਂ ਬੀਤੇ ਦਿਨ ਦਿੱਲੀ ਗੁਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਸ. ਮਨਜੀਤ ਸਿੰਘ ਭੋਮਾ ਦੀ ਇੱਕ ਇੰਟਰਵਿਊ ਇਸ ਮਸਲੇ ਬਾਰੇ ਪ੍ਰਸਾਰਿਤ ਕੀਤੀ ਗਈ ਹੈ, ਜੋ ਇਸ ਸਮੇਂ ਵੀ ਉਨ੍ਹਾਂ ਦੀ ਵੈਬਸਾਇਟ ਉਪਰ ਪਈ ਹੈ ਜਿਸ ਵਿਚ ਉਨ੍ਹਾਂ ਨੇ ਇਹ ਜਾਣਕਾਰੀ ਦਿੱਤੀ ਸੀ ਸਿੱਖ ਸੰਸਥਾਵਾਂ ਦੀ ਮੰਗ ਕਰਨ 'ਤੇ ਕਿ ਵੇਦਾਂਤੀ ਜੀ ਨੇ ਇਕ ਕਮੇਟੀ ਇਸ ਮਸਲੇ ਲਈ ਬਣਾਈ ਸੀ ਜਿਸ ਦੀ ਰਿਪੋਰਟ ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਜ ਦਿੱਤੀ , ਜਿਸ ਨੂੰ ਕਮੇਟੀ ਨੇ ਸੀਕਰਟ ( ਗੁਪਤ) ਫਾਈਲਾਂ ਵਿਚ ਰਖਿਆ ਹੋਇਆ ਹੈ। ਮੰਚ ਆਗੂ ਦਾ ਕਹਿਣਾ ਹੈ ਕਿ ਖ਼ਰੜਾ ਜਨਤਕ ਹੋਣਾ ਚਾਹੀਦਾ ਤਾਂ ਜੋ ਸਿੱਖ ਜਗਤ ਇਸ ਤੋਂ ਜਾਣੂ ਹੋ ਸਕੇ।ਜੇ ਇਸ ਵਿਚ ਸੋਧ ਕਰਨ ਲਈ ਸਿੱਖ ਵਿਦਵਾਨ ਆਪਣੇ ਸੁਝਾਅ ਭੇਜਣ ਤਾਂ ਉਨ੍ਹਾਂ 'ਤੇ ਵੀ ਗੌਰ ਕਰਨਾ ਚਾਹੀਦਾ ਹੈ।

## ਕੈਲੀਫੋਰਨੀਆ ਵਿਚ ਪੁੱਤਰ ਵੱਲੋਂ ਆਪਣੇ ਬਜ਼ੁਰਗ ਮਾਂ-ਪਿਓ ਦੀ ਸਿਰ ਵੱਢ ਕੇ ਹੱਤਿਆ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਦੱਖਣੀ ਕੈਲੀਫੋਰਨੀਆ ਵਿਚ ਇਕ 41 ਸਾਲਾ ਵਿਅਕਤੀ ਵੱਲੋਂ ਆਪਣੇ ਬਜ਼ੁਰਗ ਮਾਤਾ-ਪਿਤਾ ਦੀ ਸਿਰ ਵੱਢ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਉਸ ਨੇ ਪਰਿਵਾਰ ਦੇ ਕੁੱਤੇ ਨੂੰ ਵੀ ਮਾਰ ਦਿੱਤਾ। ਲਾਅ ਇਨਫੋਰਸਮੈਂਟ ਦੇ ਅਧਿਕਾਰੀ ਮੌਕੇ ਉਪਰ ਪੁੱਜੇ ਤਾਂ ਦ੍ਰਿਸ਼ ਬਹੁਤ ਖੌਫਨਾਕ ਸੀ। ਉਨਾਂ ਨੂੰ ਬਜ਼ੁਰਗ ਜੋੜੇ ਦੀਆਂ ਖੂਨ ਨਾਲ ਲੱਥਪੱਥ ਲਾਸ਼ਾਂ ਮਿਲੀਆਂ। ਮੌਕੇ 'ਤੇ ਪੁੱਜੇ ਪੁਲਿਸ ਅਫਸਰਾਂ ਵੱਲੋਂ ਕੀਤੀ ਕਾਰਵਾਈ ਵਿਚ ਸ਼ੱਕੀ ਦੋਸ਼ੀ ਵੀ ਗੋਲੀ ਵੱਜਣ ਕਾਰਨ ਜਖਮੀ ਹੋ ਗਿਆ ਜਿਸ ਨੂੰ ਸਥਿੱਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ ਹੈ। ਉਸ ਵਿਰੁੱਧ 2 ਹੱਤਿਆਵਾਂ ਦੇ ਦੋਸ਼ ਆਇਦ ਕੀਤੇ ਗਏ ਹਨ। ਸ਼ੈਰਿਫ ਦਫਤਰ ਅਨੁਸਾਰ ਇਹ ਦੋਹਰੇ ਕਤਲਕਾਂਡ ਦੀ ਘਟਨਾ ਲਾਗੂਨਾ ਬੀਚ ਦੇ ਦੱਖਣ ਪੂਰਬ ਵਿਚ ਤਕਰੀਬਨ 10 ਮੀਲ ਦੂਰ ਸੈਨ ਜੁਆਨ ਕੈਪਿਸਟਰਾਨੋ ਸ਼ਹਿਰ ਵਿਚ ਵਾਪਰੀ ਹੈ। ਬਜ਼ੁਰਗ ਮ੍ਰਿਤਕ ਜੋੜੇ ਦੀ ਪਛਾਣ ਐਨਟੋਇਨੇਟ ਗਰਡਵਿਲ (79) ਤੇ ਟੋਨਲਡ ਵਾਲਟਰ ਗਰਡਵਿਲ (77) ਵਜੋਂ ਹੋਈ ਹੈ। ਸ਼ੱਕੀ ਦੋਸ਼ੀ ਦੀ ਪਛਾਣ ਮ੍ਰਿਤਕਾਂ ਦੇ ਪੁੱਤਰ



*ਬਜ਼ੁਰਗ ਜੋੜੇ ਦੀਆਂ ਹੱਤਿਆਵਾਂ ਉਪਰੰਤ ਮੌਕੇ 'ਤੇ ਪੁਲਿਸ ਵੱਲੋਂ ਕੀਤੀ ਨਾਕਾਬੰਦੀ*

ਜੋਸਫ ਬਰੈਂਡਨ ਗਰਡਵਿਲ (41) ਵਜੋਂ ਹੋਈ ਹੈ।

ਜਾਂਚਕਾਰਾਂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਜੋਸਫ ਗਰਡਵਿਲ ਘਿਣਾਉਣਾ ਕਾਰਾ ਕਰਨ ਤੋਂ ਪਹਿਲਾਂ ਆਪਣੇ ਮਾਤਾ ਪਿਤਾ ਨਾਲ ਹੀ ਰਹਿੰਦਾ ਸੀ। ਉਸ ਨੇ ਆਪਣਾ ਮਾਤਾ ਪਿਤਾ ਦੀਆਂ ਹੱਤਿਆਵਾਂ ਕਿਉਂ ਕੀਤੀਆਂ, ਇਸ ਬਾਰੇ ਸਥਿੱਤੀ ਅਜੇ ਸਪੱਸ਼ਟ ਨਹੀਂ ਹੈ। ਪੁਲਿਸ ਅਨੁਸਾਰ ਮੁਕੰਮਲ ਜਾਂਚ ਉਪਰੰਤ ਹੀ ਹੱਤਿਆਵਾਂ ਦੇ ਅਸਲ ਕਾਰਨ ਦਾ ਪਤਾ ਲੱਗ ਸਕਦਾ ਹੈ।

### 58 ਸਫ਼ੇ ਦੀ ਬਾਕੀ

ਉਨ੍ਹਾਂ ਦੀ ਗਿਣਤੀ ਜੋ 2013-14 ਵਿੱਚ 49.5-ਫੀ ਸੀ 2022-23 'ਚ ਵੱਧ ਕੇ 57.3-ਫੀ ਸਦ ਹੋ ਗਈ ਹੈ। ਤਨਖਾਹਦਾਰ ਕੰਮ ਨਾ ਮਿਲਣ ਕਰਕੇ ਹੁਣ ਇਹ ਰੁਜ਼ਗਾਰ ਪ੍ਰਾਪਤ ਇਸ ਸਮੇਂ ਦੌਰਾਨ 23.1-ਫੀ ਸਦ ਤੋਂ ਘੱਟ ਕੇ 20.9-ਫੀ ਸਦ ਰਹਿ ਗਏ ਹਨ।

ਢਾਂਚਾਗਤ ਰੁਜ਼ਗਾਰ ਜੋ 2011-12 ਵੇਲੇ 10.6-ਫੀ ਸਦ ਸੀ ਉਹ 2022-23 ਤਕ ਸਿਰਫ਼ 13-ਫ਼ੀ ਸਦ ਹੀ ਪੁੱਜਿਆ। (ਕੌਮੀ ਸੈਂਪਲ ਸਰਵੇਖਣ)। ਇਸ ਵੇਲੇ ਢਾਂਚਾਗਤ ਸੈਕਟਰ ਵਿੱਚ 7-ਕਰੋੜ ਕਿਰਤੀ ਕੰਮ ਕਰਦੇ ਹਨ ਜੋ ਸਾਲ 2030 ਤੱਕ 10-ਕਰੋੜ ਤੱਕ ਪੁੱਜ ਜਾਣਗੇ ? ਇਹ ਬਹੁਤ ਹੀ ਹੇਠਲੇ ਨਿਰਖ ਦਾ ਕੰਮ ਹੈ, ਜਿਨ੍ਹਾਂ ਵਿੱਚ 83-ਫੀ ਸਦ ਕਾਮੇ ਦਿਹਾੜੀਦਾਰ, 11-ਫੀ ਸਦ ਖੁਦ ਕੰਮ ਕਰਨ ਵਾਲੇ, ਜਿਨ੍ਹਾਂ ਨੂੰ ਕੋਈ ਵੀ ਸਮਾਜਕ ਸੁਰੱਖਿਆ ਪ੍ਰਾਪਤ ਨਹੀਂ ਹੈ। ਹਾਂ ਖੇਤੀਬਾੜੀ ਤੇ ਅਲਾਈਡ ਸੈਕਟਰ ਵਿੱਚ ਕੰਮ ਵੱਛਿਆ ਹੈ। ਕੋਵਿੰਡ-19 ਦੌਰਾਨ ਹੀ ਇਹ ਸੈਕਟਰ ਜਿਥੇ ਅਨਾਜ ਪੈਦਾ ਕਰਨਾ ਸੀ ਰੁਜ਼ਗਾਰ ਵੀ ਦਿੰਦਾ ਰਿਹਾ। ਖੇਤੀ ਸੈਕਟਰ ਅੰਦਰ 2014-15 ਵੇਲੇ ਰੁਜ਼ਗਾਰ 48.9-ਫੀ ਸਦ ਸੀ, ਪਰ ਮੋਦੀ ਰਾਜ ਅੰਦਰ 2018-19 ਵੇਲੇ 42.5-ਫੀ ਸਦ ਅਤੇ ਸਾਲ 2021-22 ਵੇਲੇ 45.5-ਫੀ ਸਦ ਹੀ ਰਹਿ ਗਿਆ। ਵਾਧਾ ਦਰ ਖੜੋਤ ਵਲ ਹੈ, ਮੋਦੀ ਰਾਜ ਅੰਦਰ ਢਾਂਚਾਗਤ ਅਤੇ ਖੇਤੀ 'ਚ ਕੇਵਲ ਨਿਗੁਣਾ 0.9 ਅਤੇ 0.2-ਫੀ ਸਦ ਹੀ ਵਾਧਾ ਹੋਇਆ ਹੈ। ਸਗੋਂ 2011-12 ਤਦੋਂ 2018-19 (ਖੋਜ ਪੇਪਰ 2020) ਆਰਥਿਕ ਸਰਵੇਖਣ 2022-23 ਅਨੁਸਾਰ ਵੇਜ ਵਾਧਾ ਸੁੰਗੜਿਆ, ਖਾਸ ਕਰਕੇ ਪੇਂਡੂ ਖੇਤਰ ਅੰਦਰ ਨਾਂਹ ਪੱਖੀ ਰਿਹਾ। ਸਗੋਂ ਬੇਰੁਜ਼ਗਾਰੀ ਦਰ (ਕੰਮ ਦੇ ਘੰਟੇ ਘੱਟਣ ਕਾਰਨ) ਜੋ 2013-14 'ਚ 5.22-5.44-ਫੀ ਸਦ ਸੀ, 2018-19 'ਚ 5.33-5.27 ਅਤੇ ਸਾਲ 2023-ਜਨਵਰੀ 2024 ਤਕ ਹੋਰ ਵੱਧ ਕੇ 8.993-6.57-ਫੀ ਸਦ ਪੁੱਜ ਗਈ (ਸੀ.ਐਮ.ਆਈ.ਈ.)। ਕਾਰਨ ਵਿੱਤੀ ਸੰਕਟ, ਨੋਟ-ਬੰਦੀ, ਜੀ. ਐਸ. ਟੀ., ਕੋਵਿਡ-19 ਲੌਕ-ਡਾਊਨ, ਮੁਦਰਾ-ਸਫੀਤੀ ਦਬਾਅ, ਬੇਰੁਜ਼ਗਾਰੀ ਆਦਿ ਸਭ 'ਤੇ ਮਾੜੀ ਆਰਥਿਕਤਾ ਦਾ ਪ੍ਰਭਾਵ।

ਦੇਸ਼ ਦੀ ਕਿਰਤ ਸ਼ਕਤੀ ਦੀ ਰੁਜ਼ਗਾਰ ਅੰਦਰ ਵਿਵੱਸਥਾ ਬਹਤੁ ਤਸੱਲੀਜਨਕ ਹਾਲਤ ਵਾਲੀ ਨਹੀਂ ਹੈ। ਸਗੋਂ ਹਾਕਮਾਂ ਦੀਆਂ ਪੂੰਜੀਵਾਦੀ, ਕਾਰਪੋਰੇਟੀ, ਉਦਾਰੀਵਾਦੀ ਤੇ ਫਿਰਕੂ ਨੀਤੀਆਂ ਕਾਰਨ ਬੇਰੁਜ਼ਗਾਰ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦਰ 83-ਫੀ ਸਦ , ਪੜ੍ਹੇ-ਲਿਖੇ ਨੌਜਵਾਨਾਂ 'ਚ 35.2-ਫੀ ਸਦ ਸੀ ਜੋ ਹੁਣ ਵੱਧ ਕੇ ਸਾਲ 2022 ਦੇ ਅੰਤ 'ਚ 65.7-ਫੀ ਸਦ ਪੁੱਜ ਗਈ (ਕੌਮਾਂਤਰੀ ਕਿਰਤ ਸੰਸਥਾਂ,ਕੌਮਾਂਤਰੀ ਮਨੁੱਖੀ ਇੰਡੈਕਸ-2023 ਰਿਪੋਰਟ)। ਭਾਰਤ ਦੀ ਕਿਰਤ ਮੰਡੀ ਵਿੱਚ , 'ਨੋਟ-ਬੰਦੀ, ਜੀ.ਐਸ.ਟੀ., ਕੋਵਿਡ-19 ਲੌਕ-ਡਾਊਨ ਦੇ ਸਮੇਂ ਦੌਰਾਨ ਸਭ ਤੋਂ ਵੱਧ ਮਾਰ ਰਸਮੀ, ਗੈਰ-ਰਸਮੀ ਖੇਤਰ, ਖੇਤੀ ਖੇਤਰ, ਸਨਅਤੀ ਖੇਤਰ ਦੇ ਸ਼ਹਿਰੀ ਅਤੇ ਪੇਂਡੂ ਰੁਜ਼ਗਾਰ ਨੂੰ ਪਈ। ਅੱਜੇ ਤਕ ਵੀ ਕਿਰਤ-ਸ਼ਕਤੀ ਅਤੇ ਰੁਜ਼ਗਾਰ ਦੀ ਹਾਲਤ ਬਹਤੁ ਤਰਸਯੋਗ ਤੇ ਉਭਰ ਨਹੀਂ ਸਕੀ ਹੈ। ਉਜਰਤਾਂ ਜਾਂ ਤਾਂ ਬਹੁਤ ਘੱਟ ਹਨ ਜਾਂ ਰੇਟ ਹੇਠਾਂ ਚਲੇ ਗਏ ਹਨ। ਸਮਾਜਿਕ ਸੁਰੱਖਿਆ, ਉਜਰਤ-ਢਾਂਚਾ, ਉਜ਼ਰਤਾਂ ਨੂੰ ਸੋਧਣਾ, ਕੰਮ ਦੀਆਂ ਹਾਲਤਾਂ ਸਭ ਤਸੱਲੀ ਜਨਕ ਨਹੀਂ ਕਹੀਆਂ ਜਾ ਸਕਦੀਆਂ ਹਨ (ਭਾਰਤੀ ਸੁਸਾਇਟੀ ਕਿਰਤ-ਆਰਥਿਕਤਾ-(ਆਈ. ਐਸ. ਈ. ਈ.), ਕਿਰਤ ਸ਼ਕਤੀ ਹਿਸੇਦਾਰੀ (ਐਲ. ਐਫ. ਪੀ. ਆਰ.), ਪ੍ਰੋਡੱਕਟਿਵ ਕਿਰਤ ਸ਼ਕਤੀ ਸਰਵੇਖਣ (ਡੀ. ਐਲ. ਐਫ. ਐਸ.) 2000-22 ਰਿਪੋਰਟਾਂ। ਸਭ ਤੋਂ ਵੱਧ ਸ਼ੋਸ਼ਣ ਇਸਤਰੀ ਕਾਮੇ ਦਾ ਹੋ ਰਿਹਾ ਹੈ ਰਿਪੋਰਟਾਂ ਦਸਦੀਆਂ ਹਨ।

ਕੇਂਦਰ ਦੇ ਸਰਕਾਰੀ ਅਦਾਰਿਆ ਵਿੱਚ 48-ਲੱਖ ਮੁਲਾਜਮ, ਪੀ.ਐਸ.ਯੂ ਵਿੱਚ 10-ਲੱਖ ਮੁਲਾਜ਼ਮ, ਬੈਂਕਾਂ 'ਚ 8-ਲੱਖ, ਰਾਜ ਸਰਕਾਰਾਂ ਦੇ ਕੁਲ ਮੁਲਾਜਮ 1-ਕਰੋੜ, 32-ਲੱਖ ਜੋ ਵੱਖ-ਵੱਖ ਆਸਾਮੀਆਂ 'ਤੇ ਤਾਇਨਾਤ ਹਨ (ਐਨ.ਐਸ.ਸੀ., ਗੁਗਲਜ਼-ਫਿਸਕਲ ਯੀਅਰ 2023-24)। ਕੇਂਦਰ ਸਰਕਾਰ ਦੀਆਂ ਮਾਰਚ 2023 ਤਕ ਖਾਲੀ ਆਸਾਮੀਆਂ 9,69,359 ਸਨ। ਕਿਰਤੀਆਂ ਦੀ ਦੇਸ਼ ਅੰਦਰ ਕਿਰਤੀ ਸ਼ਕਤੀ ਦੀ ਗਿਣਤੀ 47-ਕਰੋੜ, 66 ਲੱਖ (2021-22) ਹੈ, ਇਸ ਵਿਚੋਂ ਗੈਰਕੁਸ਼ਲ ਕਿਰਤੀ ਕੁਲ ਕਿਰਤ ਸ਼ਕਤੀ ਦਾ 80-ਫੀ ਸਦ ਹਿੱਸਾ ਅਤੇ ਕੁਸ਼ਲ ਕਿਰਤੀ ਦੀ ਗਿਣਤੀ 4.7 ਫੀ ਸਦ ਹੈ। (ਵਰਕਿੰਗ ਪੇਪਰ 31.03-2024 ਵਰਕਰਜ ਐਂਡ ਇੰਪਲਾਇਮੈਂਟ)। ਉਪਰੋਕਤ ਰਿਪੋਰਟਾਂ, ਸਰਵੇਖਣ ਅਤੇ ਪੇਪਰਾਂ ਦੇ ਅੰਕੜੇ ਤਾ ਇਹ ਹੀ ਦਸ ਰਹੇ ਹਨ ਕਿ ਫਿਸਕਲ ਸਾਲ 2017-18 ਤੋਂ 2023-24 ਤਕ ਹਾਕਮਾਂ ਦੀਆਂ ਨੁਕਸਦਾਰ ਨੀਤੀਆਂ ਕਾਰਨ ਕਰੋੜਾਂ ਕਿਰਤੀਆਂ ਦੇ ਰੁਜ਼ਗਾਰ ਖੁਸੇ ਹੀ ਹਨ। ਕਿਸੇ ਵੀ ਸਾਲ ਅੰਦਰ ਕਿਸੇ ਵੀ ਸੈਕਟਰ ਅੰਦਰ ਰੁਜ਼ਗਾਰ ਪੈਦਾ ਨਹੀਂ ਹੋਇਆ ਹੈ। ਰਹਿੰਦੀ-ਖੂੰਹਦੀ ਕਸਰ ਉਦਾਰੀਵਾਦੀ ਅਤੇ ਨਿਜੀਕਰਨ ਨੀਤੀਆ ਨੇ ਰੁਜ਼ਕਾਰ ਖਤਮ ਕਰਨ ਲਈ ਪੂਰੀ ਕਰ ਦਿੱਤੀ। ਫਿਰ ਜੇਕਰ ਮੋਦੀ ਦੀਆਂ ਨੀਤੀਆਂ ਨੇ ਫਿਸਕਲ ਸਾਲ 2017-18 ਤੋਂ 2023-24 ਦੇ ਕਿਸੇ ਵੀ 4-ਸਾਲਾਂ 'ਚ 8-ਕਰੋੜ ਰੁਜ਼ਗਾਰ ਪੈਦਾ ਕੀਤਾ ਹੈ ਤਾਂ ਉਨ੍ਹਾਂ ਨੀਤੀਆਂ ਨੂੰ ਜਾਰੀ ਰੱਖਣ ਵਿੱਚ ਸਭ ਨੂੰ ਖੁਸ਼ੀ ਪ੍ਰਾਪਤ ਹੋਵੇਗੀ। ਨਹੀਂ ਤਾਂ ਪਿਛਲੇ ਜੁਮਲਿਆ ਵਿੱਚ ਇਕ ਹੋਰ ਵਾਧਾ ਹੋ ਜਾਵੇਗਾ, 'ਸਮਝਿਆ ਜਾਵੇਗਾ ?


*********

## ਮਿੰਨੀ ਕਹਾਣੀ / ਤਰਕ

ਅੱਜ ਐਤਵਾਰ ਦਾ ਦਿਨ ਹੈ। ਐਤਵਾਰ ਵਾਲੇ ਦਿਨ ਅਖਬਾਰਾਂ ਵਾਲਾ ਦਸ ਵਜੇ ਤੋਂ ਬਾਅਦ ਹੀ ਆਉਂਦਾ ਹੈ। ਅਖਬਾਰਾਂ ਵਾਲਾ ਅਖਬਾਰ ਗੇਟ ਦੇ ਅੰਦਰ ਸੁੱਟ ਕੇ ਛੇਤੀ ਨਾਲ ਚਲਾ ਗਿਆ। ਜਤਿੰਦਰਪਾਲ ਸਿੰਘ ਨੇ ਅਖਬਾਰ ਚੁੱਕ ਕੇ ਇਸ ਦੀਆਂ ਮੋਟੀਆਂ, ਮੋਟੀਆਂ ਖਬਰਾਂ ਪੜ੍ਹ ਲਈਆਂ। ਫਿਰ ਉਹ ਅਖਬਾਰ ਦੇ ਮੈਗਜ਼ੀਨ ਸੈਕਸ਼ਨ ਨੂੰ ਪੜ੍ਹਨ ਵਿੱਚ ਰੁੱਝ ਗਿਆ। ਅਚਾਨਕ ਉਸ ਦੀ ਪਤਨੀ ਨੇ ਆ ਕੇ ਉਸ ਨੂੰ ਕਿਹਾ, "ਮੈਂ ਕੱਲ੍ਹ ਬਹਿਰਾਮ ਪੰਡਤ ਕੇਦਾਰ ਨਾਥ ਸ਼ਰਮਾ ਕੋਲ ਗਈ ਸਾਂ। ਆਪਣੇ ਗੋਗੀ ਨੂੰ ਜਿਹੜੀ ਕੁੜੀ ਦਾ ਰਿਸ਼ਤਾ ਹੁੰਦਾ, ਉਸ ਬਾਰੇ ਪੁੱਛ ਕੇ ਆਈ ਆਂ।"

"ਫਿਰ ਕੀ ਕਿਹਾ ਪੰਡਤ ਜੀ ਨੇ ?" ਉਸ ਨੇ ਪੂਰੀ ਦਿਲਚਸਪੀ ਲੈਂਦੇ ਹੋਏ ਆਖਿਆ।

"ਉਸ ਨੇ ਕਿਹਾ ਕਿ ਆਪਣੇ ਗੋਗੀ ਤੇ ਕੁੜੀ ਦੇ ਸਿਰਫ ਬਾਰਾਂ ਗੁਣ ਸੂਤਰ ਹੀ ਮਿਲਦੇ ਆ। ਕਾਮਯਾਬ ਰਿਸ਼ਤੇ ਲਈ ਘੱਟੋ ਘੱਟ 27 ਗੁਣ ਸੂਤਰ ਜ਼ਰੂਰ ਮਿਲਣੇ ਚਾਹੀਦੇ ਆ। ਇਸ ਕਰਕੇ ਇਹ ਰਿਸ਼ਤਾ ਨਾ ਕਰਿਓ।"



"ਤੈਨੂੰ ਪਤਾ ਹੀ ਆ ਕਿ ਕੁੜੀ ਐੱਮ. ਏ., ਬੀ. ਐੱਡ.ਪਾਸ ਐ। ਉਸ ਨੇ ਟੀ.ਈ. ਟੀ. ਵੀ ਪਾਸ ਕੀਤਾ ਹੋਇਐ। ਇੱਕ, ਦੋ ਸਾਲ ਵਿੱਚ ਉਸ ਨੂੰ ਟੀਚਰ ਦੀ ਨੌਕਰੀ ਵੀ ਮਿਲ ਸਕਦੀ ਐ। ਨਾਲੇ ਕੁੜੀ ਦੇ ਨੈਣ-ਨਕਸ਼ ਵੀ ਠੀਕ ਨੇ ਤੇ ਉਸ ਦੇ ਮੰਮੀ, ਡੈਡੀ ਵੀ ਨੌਕਰੀ ਕਰਦੇ ਆ। ਹੋਰ ਤਾਂ ਹੋਰ ਆਪਣੇ ਪਿੰਡ ਤੋਂ ਦਸ ਕਿਲੋਮੀਟਰ ਦੀ ਦੂਰੀ ਤੇ ਉਸ ਦਾ ਪਿੰਡ ਆ। ਫਿਰ ਤੈਨੂੰ ਹੋਰ ਕੀ ਚਾਹੀਦਾ। ਜਦੋਂ ਆਪਣਾ ਵਿਆਹ ਹੋਇਆ ਸੀ, ਉਸ ਵੇਲੇ ਕਿਹੜਾ ਕਿਸੇ ਨੇ ਸਾਡੇ ਗੁਣ-ਸੂਤਰ ਮੇਲੇ ਸਨ। ਕੀ ਆਪਣਾ ਰਿਸ਼ਤਾ ਚੰਗੀ ਤਰ੍ਹਾਂ ਨਹੀਂ ਨਿਭ ਰਿਹਾ ?"

ਉਸ ਦੀ ਪਤਨੀ ਨੇ ਉਸ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣੀਆਂ। ਉਸ ਦੀ ਪਤਨੀ ਨੂੰ ਇਨ੍ਹਾਂ ਵਿੱਚ ਵਜ਼ਨ ਲੱਗਾ। ਉਸ ਨੇ ਹੌਲੀ ਦੇਣੀ ਇਸ ਰਿਸ਼ਤੇ ਲਈ 'ਹਾਂ' ਕਰ ਦਿੱਤੀ।

ਮਹਿੰਦਰ ਸਿੰਘ ਮਾਨ

## ਅਮਰੀਕਾ ਵਿਚ ਰਿਪਬਲੀਕਨ ਪਾਰਟੀ ਦੀ ਕਾਨਫਰੰਸ ਨੇੜੇ ਪੁਲਿਸ ਨੇ ਇਕ ਵਿਅਕਤੀ ਨੂੰ ਮਾਰੀ ਗੋਲੀ, ਹੋਈ ਮੌਤ



ਪੁਲਿਸ ਮੁਖੀ ਜੈਫਰੀ ਨਾਰਮੈਨ ਘਟਨਾ ਬਾਰੇ ਜਾਣਕਾਰੀ ਦਿੰਦੇ ਹੋਏ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਮਿਲਵੌਕੀ, ਓਹੀਓ, ਵਿਖੇ ਰਿਪਬਲੀਕਨ ਪਾਰਟੀ ਦੀ ਕਾਨਫੰਰਸ ਵਾਲੀ ਜਗਾ ਨੇੜੇ ਸੁਰੱਖਿਆ ਵਿਚ ਮਦਦ ਕਰਨ ਲਈ ਤਾਇਨਾਤ ਪੁਲਿਸ ਵੱਲੋਂ ਚਲਾਈ ਗੋਲੀ ਨਾਲ ਇਕ 43 ਸਾਲਾ ਵਿਅਕਤੀ ਦੀ ਮੌਤ ਹੋਣ ਦੀ ਖਬਰ ਹੈ। ਸਥਾਨਕ ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਰੇ ਗਏ ਵਿਅਕਤੀ ਦੇ ਦੋਵਾਂ ਹੱਥਾਂ ਵਿਚ ਚਾਕੂ ਸਨ ਤੇ ਉਹ ਇਕ ਹੋਰ ਵਿਅਕਤੀ ਉਪਰ ਹਮਲਾ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ।

ਮ੍ਰਿਤਕ ਵਿਅਕਤੀ ਦੀ ਪਛਾਣ ਸੈਮੂਏਲ ਸ਼ਾਰਪ ਜੂਨੀਅਰ ਵਜੋਂ ਹੋਈ ਹੈ। ਮਿਲਵੌਕੀ ਦੇ ਪੁਲਿਸ ਮੁਖੀ ਜੈਫਰੀ ਨਾਰਮੈਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਪੁਲਿਸ ਅਫਸਰਾਂ ਨੇ ਵੇਖਿਆ ਕਿ ਇਕ ਵਿਅਕਤੀ ਦੇ ਹੱਥਾਂ ਵਿਚ ਚਾਕੂ ਹਨ ਤੇ ਉਹ ਇਕ ਹੋਰ ਨਿਹੱਥੇ ਵਿਅਕਤੀ ਨਾਲ ਬਹਿਸ ਰਿਹਾ ਹੈ। ਪੁਲਿਸ ਨੇ ਤੁਰੰਤ ਦਖਲ ਦਿੱਤਾ ਤੇ ਉਸ ਵਿਅਕਤੀ ਨੂੰ ਚਾਕੂ ਹੇਠਾਂ ਸੁੱਟਣ ਲਈ ਕਿਹਾ ਪਰੰਤੂ ਉਸ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਉਪਰੰਤ ਪੁਲਿਸ ਵੱਲੋਂ ਚਲਾਈ ਗੋਲੀ ਨਾਲ ਉਸ ਦੀ ਮੌਤ ਹੋ ਗਈ। ਪੁਲਿਸ ਮੁਖੀ ਨੇ ਕਿਹਾ ਕਿ ਪੁਲਿਸ ਅਫਸਰ ਜੋ ਕੋਲੰਬਸ ਤੋਂ ਸਨ, ਨੂੰ ਕਿਸੇ ਦੀ ਜਾਨ ਬਚਾਉਣ ਲਈ ਕਾਰਵਾਈ ਕਰਨ ਵਾਸਤੇ ਮਜਬੂਰ ਕੀਤਾ ਗਿਆ ਹੈ। ਨਾਰਮੈਨ ਨੇ ਕਿਹਾ ਕਿ ਮੌਕੇ ਤੋਂ ਦੋ ਚਾਕੂ ਬਰਾਮਦ ਹੋਏ ਹਨ।

## ਰਾਸ਼ਟਰਪਤੀ ਬਣਿਆ ਤਾਂ ਗੰਨ ਰੱਖਣ ਸਬੰਧੀ ਅਧਿਕਾਰ ਦੀ ਕਰਾਂਗਾ ਰਖਿਆ-ਡੋਨਲਡ ਟਰੰਪ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕੁਝ ਦਿਨ ਪਹਿਲਾਂ ਪੈਨਸਿਲਵਾਨੀਆ ਵਿਚ ਇਕ ਰੈਲੀ ਦੌਰਾਨ ਜਾਨ ਲੇਵਾ ਹਮਲੇ ਵਿਚ ਵਾਲ ਵਾਲ ਬਚੇ ਰਿਪਬਲੀਕਨ ਪਾਰਟੀ ਦੇ



ਰਾਸ਼ਟਰਪਤੀ ਅਹੁੱਦੇ ਲਈ ਉਮੀਦਵਾਰ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਗੰਨ ਰਖਣ ਦੇ ਅਧਿਕਾਰਾਂ ਦਾ ਸਮਰਥਨ ਕੀਤਾ ਹੈ। ਉਨਾਂ ਦੀ ਚੋਣ ਮੁਹਿੰਮ ਦੇ ਇਕ ਸੀਨੀਅਰ ਸਲਾਹਕਾਰ ਨੇ ਕਿਹਾ ਹੈ ਕਿ ਡੋਨਲਡ ਟਰੰਪ ਜੇਕਰ ਰਾਸ਼ਟਰਪਤੀ ਬਣਦੇ ਹਨ ਤਾਂ ਉਹ ਗੰਨ ਰੱਖਣ ਸਬੰਧੀ ਅਧਿਕਾਰਾਂ ਦੀ ਰਖਿਆ ਕਰਨਗੇ। ਮਿਲਵੌਕੀ ਵਿਚ ਰਿਪਬਲੀਕਨ ਨੈਸ਼ਨਲ ਕਨਵੈਨਸ਼ਨ ਸਥਾਨ ਵਿਖੇ ਗੰਨ ਅਧਿਕਾਰਾਂ ਸਬੰਧੀ ਇਕ ਸੰਗਠਨ " ਯੂ ਐਸ ਕੰਸੀਲਡ ਕੈਰੀ ਐਸੋਸੀਏਸ਼ਨ" ਵੱਲੋਂ ਅਯੋਜਿਤ ਸਮਾਗਮ ਵਿਚ ਕ੍ਰਿਸ ਲੈਸੀਵਿਟਾ ਨੇ ਕਿਹਾ ਕਿ ਅਸੀਂ ਨਿਰੰਤਰ ਦੂਸਰੀ ਸੋਧ ਦਾ ਸਮਰਥਨ ਤੇ ਰਖਿਆ ਕਰਦੇ ਰਹਾਂਗੇ। ਇਸ ਸੋਧ ਤਹਿਤ ਅਮਰੀਕੀ ਨਾਗਰਿਕ ਨੂੰ ਹਥਿਆਰ ਰਖਣ ਦੀ ਇਜਾਜ਼ਤ ਦਿੱਤੀ ਗਈ ਹੈ। ਲੈਸੀਵਿਟਾ ਨੇ ਕਿਹਾ ਕਿ ਜਦੋਂ ਉਹ ਟਰੰਪ ਨਾਲ ਨਹੀਂ ਹੁੰਦੇ ਤਾਂ ਉਹ ਵੀ ਆਪਣੇ ਕੋਲ ਗੰਨ ਰਖਦੇ ਹਨ।

# ਤੀਆਂ ਦਾ ਮਹੀਨਾ ਢੋਲਣਾ...

ਡਾ. ਪ੍ਰਿਤਪਾਲ ਸਿੰਘ ਮਹਿਰੋਕ
98885-10185



ਮੇਲੇ, ਤਿਉਹਾਰ ਤੇ ਉਤਸਵ ਜ਼ਿੰਦਗੀ ਵਿੱਚ ਰੰਗ ਭਰਦੇ ਆਏ ਹਨ, ਜ਼ਿੰਦਗੀ ਨੂੰ ਸ਼ਿੰਗਾਰਦੇ ਆਏ ਹਨ, ਜ਼ਿੰਦਗੀ ਜੀਉਣ ਦਾ ਉਤਸ਼ਾਹ ਵਧਾਉਂਦੇ ਆਏ ਹਨ ਤੇ ਜੀਵਨ ਨੂੰ ਜੀਉਣ ਜੋਗਾ ਬਣਾਉਂਦੇ ਆਏ ਹਨ ਭਾਰਤ ਵਿੱਚ ਵਿਭਿੰਨ ਵੰਨਗੀਆਂ ਅਤੇ ਸੁਭਾਅ ਦੇ ਤਿਉਹਾਰ ਮਨਾਏ ਜਾਂਦੇ ਹਨ, ਜਿਹੜੇ ਸਿੱਧੇ-ਅਸਿੱਧੇ ਰੂਪ ਵਿੱਚ ਮਨੁੱਖ ਦੇ ਸਮੂਹਿਕ ਮਨੋਰੰਜਨ, ਵਿਸ਼ਵਾਸ ਅਤੇ ਵਿਕਾਸ ਦੀ ਭਾਵਨਾ ਨਾਲ ਜਾ ਜੁੜਦੇ ਹਨ। ਇਹ ਤਿਉਹਾਰ ਮਨੁੱਖੀ ਜ਼ਿੰਦਗੀ ਵਿੱਚ ਨਵੀਂ ਸਿਰਜਣਾ, ਉਤਸ਼ਾਹ, ਸ਼ਕਤੀ, ਉੱਦਮ ਅਤੇ ਨਵਾਂ ਉਮਾਹ ਪੈਦਾ ਕਰਨ ਵਿੱਚ ਸਹਾਈ ਹੁੰਦੇ ਹਨ। ਪੰਜਾਬ ਤਿਉਹਾਰਾਂ, ਨਾਚਾਂ, ਗੀਤਾਂ ਆਦਿ ਦੀਆਂ ਖ਼ੁਸ਼ੀਆਂ ਨੂੰ ਮਾਨਣ ਵਾਲਾ ਅਜਿਹਾ ਭੂ-ਭਾਗ ਹੈ, ਜਿੱਥੇ ਆਏ ਦਿਨ ਵਿਭਿੰਨ ਰੰਗ ਬਿਖੇਰਨ ਤੇ ਮਹਿਕਾਂ ਵੰਡਣ ਵਾਲਾ ਕੋਈ ਨਾ ਕੋਈ ਤਿਉਹਾਰ ਮਨਾਇਆ ਜਾਂਦਾ ਰਹਿੰਦਾ ਹੈ। ਇਸ ਰਾਂਗਲੀ ਧਰਤੀ ਉੱਤੇ ਵੱਖ-ਵੱਖ ਮੌਕਿਆਂ ਨਾਲ ਜੁੜੇ ਜਾਂ ਬਦਲ ਰਹੀ ਰੁੱਤ ਦੇ ਸਵਾਗਤ ਜਾਂ ਮੌਸਮ ਨੂੰ ਵਿਦਾ ਕਹਿਣ ਲਈ ਵੀ ਗਿੱਧੇ-ਭੰਗੜੇ ਪਾਏ ਜਾਂਦੇ ਹਨ ਤੇ ਗੀਤ ਗਾਏ ਜਾਂਦੇ ਹਨ। ਸਾਉਣ ਦਾ ਮਹੀਨਾ ਪੰਜਾਬੀ ਲੋਕ ਜੀਵਨ ਵਿੱਚ ਖ਼ੁਸ਼ੀਆਂ-ਖੇੜੇ ਲੈ ਕੇ ਆਉਂਦਾ ਹੈ। ਜੇਠ-ਹਾੜ ਦੀ ਕੜਾਕੇ ਦੀ ਗਰਮੀ ਪਿੱਛੋਂ ਇਸ ਮਹੀਨੇ ਦੌਰਾਨ ਪੈਣ ਵਾਲਾ ਮੀਂਹ ਖ਼ੁਸ਼ੀਆਂ ਦੀ ਫੁਹਾਰ(ਤੇ ਬਹਾਰ ਵੀ) ਲੈ ਕੇ ਆਉਂਦਾ ਹੈ। ਸਾਉਣ ਮਹੀਨੇ ਵਿੱਚ ਮਨਾਇਆ ਜਾਂਦਾ ਤੀਆਂ ਦਾ ਤਿਉਹਾਰ ਇੱਕ ਪ੍ਰਸਿੱਧ ਮੌਸਮੀ ਤਿਉਹਾਰ ਹੈ, ਜਿਸ ਨੂੰ ਮੁਟਿਆਰਾਂ ਰਲ-ਮਿਲ ਮਨਾਉਂਦੀਆਂ ਹਨ। ਇਹ ਤਿਉਹਾਰ ਸਾਉਣ ਮਹੀਨੇ ਦੇ ਚਾਨਣ ਪੱਖ ਦੀ ਤੀਜ (ਚਾਂਦਨੀ ਤੀਜ) ਤੋਂ ਸ਼ੁਰੂ ਹੁੰਦਾ ਹੈ ਤੇ ਪੰਦਰਾਂ ਦਿਨ ਚਲਦਾ ਰਹਿੰਦਾ ਹੈ। ਇਸੇ ਲਈ ਇਸ ਨੂੰ ਤੀਜਾਂ ਜਾਂ ਤੀਆਂ ਕਹਿ ਲਿਆ ਜਾਂਦਾ ਹੈ।

ਤੀਆਂ ਮਾਝਾ, ਮਾਲਵਾ ਤੇ ਦੋਆਬੇ ਵਿੱਚ ਮਨਾਇਆ ਜਾਣ ਵਾਲਾ ਹਰਮਨ-ਪਿਆਰਾ ਤਿਉਹਾਰ ਹੈ। ਪਿੰਡਾਂ ਵਿੱਚ ਕਿਸੇ ਨਿਵੇਕਲੀ ਅਤੇ ਖੁੱਲ੍ਹੀ ਥਾਂ 'ਤੇ ਪਿੱਪਲਾਂ, ਬੋਹੜਾਂ ਦੀਆਂ ਸੰਘਣੀਆਂ ਛਾਵਾਂ ਹੇਠ ਜਾਂ ਕਿਸੇ ਨਹਿਰ, ਢਾਬ, ਸੂਏ ਦੇ ਕੰਢੇ 'ਤੇ ਛਾਂ-ਦਾਰ ਰੁੱਖਾਂ ਹੇਠ ਇਕੱਠੀਆਂ ਹੋ ਕੇ ਜੁੜੀਆਂ ਮੁਟਿਆਰਾਂ ਗਿੱਧੇ ਦੇ ਪਿੜ ਵਿੱਚ ਨੱਚ ਨੱਚ ਕੇ ਦੂਹਰੀਆਂ ਹੋ ਜਾਂਦੀਆਂ ਹਨ:

o ਆਉਂਦੀ ਕੁੜੀਏ, ਜਾਂਦੀ ਕੁੜੀਏ
ਚੁੱਕ ਲਿਆ ਬਜ਼ਾਰ ਵਿਚੋਂ ਝਾਵੇਂ
ਨੀ ਕਾਹਲੀ-ਕਾਹਲੀ ਪੈਰ ਪੁੱਟ ਲੈ
ਤੀਆਂ ਲੱਗੀਆਂ ਪਿੱਪਲ ਦੀ ਛਾਵੇਂ
ਨੀ ਕਾਹਲੀ-ਕਾਹਲੀ ਪੈਰ ਪੁੱਟ ਲੈ...
o ਰਲ ਆਓ ਸਈਓ ਨੀਂ
ਸੱਭੇ ਤੀਆਂ ਖੇਡਣ ਜਾਈਏ
ਹੁਣ ਆ ਗਿਆ ਸਾਵਣ ਨੀਂ
ਪੀਂਘਾਂ ਪਿੱਪਲੀਂ ਜਾ ਕੇ ਪਾਈਏ
ਲੈ ਪੈਲਾਂ ਪਾਂਦੇ ਨੀਂ,
ਬਾਗ਼ੀਂ ਮੋਰਾਂ ਸ਼ੋਰ ਮਚਾਇਆ
ਖਿੜ ਖਿੜ ਫੁੱਲਾਂ ਨੇ ਸਾਨੂੰ,
ਮਾਹੀਆ ਯਾਦ ਕਰਾਇਆ।
ਮੈਂ ਅੱਥਰੂ ਡੋਲ੍ਹਾਂ ਨੀਂ,
ਕੋਈ ਸਾਰ ਨਾ ਲੈਂਦਾ ਮੇਰੀ।
ਮੈਂ ਰੋ-ਰੋ ਮਰ ਗਈ ਨੀਂ,
ਜ਼ਿੰਦੜੀ ਆਣ ਗ਼ਮਾਂ ਨੇ ਘੇਰੀ।
ਰਲ ਆਓ ਸਈਓ ਨੀਂ।

ਤੀਆਂ ਨੂੰ 'ਸਾਵੇ' ਵੀ ਕਹਿ ਲਿਆ ਜਾਂਦਾ ਹੈ। ਸਾਵੇ ਤੋਂ ਭਾਵ ਹੈ -ਹਰੇ-ਭਰੇ ਜਾਂ ਹਰਿਆਲੀ। 'ਸਾਵੇ' ਸ਼ਬਦ ਬੋਲ-ਚਾਲ ਵਿੱਚ ਸਹਿਜ ਤੇ ਸਰਲ ਹੈ। ਪੰਜਾਬ ਵਿੱਚ ਤੀਆਂ ਨੂੰ 'ਹਰਿਆਲੀ ਤੀਜ' ਵੀ ਕਹਿ ਲਿਆ ਜਾਂਦਾ ਹੈ। ਇਹ ਸ਼ਬਦ ਤੀਆਂ ਸ਼ਬਦ ਨਾਲੋਂ ਸੁਖਾਲਾ ਬੋਲਿਆ ਜਾ ਸਕਦਾ ਹੈ ਤੇ ਪਿਆਰਾ ਵੀ ਹੈ। ਹੋ ਸਕਦਾ ਹੈ ਕੁਝ ਹਾਲਤਾਂ ਵਿੱਚ ਲੋਕਾਂ ਨੇ ਇਸ ਸ਼ਬਦ ਨੂੰ ਇਸਦੇ ਇਨ੍ਹਾਂ ਗੁਣਾਂ ਕਾਰਨ ਹੀ ਅਪਨਾ ਲਿਆ ਹੋਵੇ। ਤੀਆਂ ਸ਼ਬਦ ਦਾ ਨਿਕਾਸ 'ਧੀਆਂ' ਤੋਂ ਹੋਇਆ ਮੰਨਿਆ ਜਾਂਦਾ ਹੈ। ਤੀਆਂ ਵਿੱਚ ਕੁੜੀਆਂ, ਨੂੰਹਾਂ, ਧੀਆਂ ਪਹਿਣ ਪੱਚਰ ਕੇ, ਹਾਰ-ਸ਼ਿੰਗਾਰ ਕਰ ਕੇ, ਬੜੇ ਚਾਵਾਂ ਨਾਲ ਇੱਕ ਦੂਜੀ ਨੂੰ ਤੀਆਂ ਦੇ ਪਿੜ ਵਿੱਚ ਪਹੁੰਚਣ ਲਈ ਹਾਕਾਂ ਮਾਰਦੀਆਂ ਹਨ। ਦਿਨ ਢਲੇ ਤੀਆਂ ਦੇ ਪਿੜ ਵਿੱਚ ਕੁੜੀਆਂ ਜੁੜਦੀਆਂ ਹਨ ਤੇ ਖ਼ੁਸ਼ੀਆਂ ਦਾ ਹੜ੍ਹ ਠਾਠਾਂ ਮਾਰਨ ਲੱਗ ਪੈਂਦਾ ਹੈ। ਮਹਿੰਦੀ ਰੰਗੇ ਹੱਥ ਗਿੱਧਾ ਪਾ-ਪਾ ਕੇ, ਨੱਚ-ਨੱਚ ਕੇ ਥੱਕਦੇ ਨਹੀਂ। ਨੱਚਣ ਵਾਲੀਆਂ ਦੀ ਜ਼ਮੀਨ 'ਤੇ ਅੱਡੀ ਨਹੀਂ ਟਿਕਦੀ ਤੇ ਗਾਉਣ ਵਾਲੀਆਂ ਕੋਲ ਗੀਤਾਂ ਦੇ ਭਰਪੂਰ ਤੇ ਅਮੁੱਕ ਭੰਡਾਰ ਹੁੰਦੇ ਹਨ। ਬੋਲੀਆਂ, ਲੋਕ ਗੀਤ, ਮਾਹੀਏ, ਟੱਪੇ, ਢੋਲੇ ਆਦਿ ਗਾਉਂਦੀਆਂ ਕੁੜੀਆਂ ਦੇ ਬੁੱਲ੍ਹ ਨਹੀਂ ਸੁੱਕਦੇ। ਇਨ੍ਹੀਂ ਦਿਨੀਂ ਸਹੁਰੇ ਗਈਆਂ, ਖਾਸ ਕਰ ਕੇ ਨਵ-ਵਿਆਹੀਆਂ ਕੁੜੀਆਂ ਨੂੰ ਪੇਕੇ ਘਰ ਲਿਆਇਆ ਜਾਂਦਾ ਹੈ, ਜਿੱਥੇ ਉਹ ਆਪਣੀਆਂ ਵਿਛੜੀਆਂ ਸਹੇਲੀਆਂ, ਭੈਣਾਂ, ਭਰਜਾਈਆਂ, ਚਾਚੀਆਂ, ਤਾਈਆਂ ਨੂੰ ਮਿਲਦੀਆਂ ਹਨ ਤੇ ਉਨ੍ਹਾਂ ਸਭ ਵਿੱਚ ਸ਼ਾਮਲ ਹੋ ਕੇ ਪਿੰਡ ਦੀਆਂ ਤੀਆਂ ਦਾ ਸ਼ਿੰਗਾਰ ਬਣਦੀਆਂ ਹਨ। ਉਹ ਆਪਣੇ ਦੁੱਖ-ਸੁੱਖ ਵੀ ਸਾਂਝੇ ਕਰਦੀਆਂ ਹਨ:

ਸਾਉਣ ਦਾ ਮਹੀਨਾ,
ਤੀਜ ਦੀਆਂ ਤੀਆਂ ਜੀ
ਸਹੁਰਿਆਂ ਤੋਂ ਪੇਕਿਆਂ ਨੂੰ,
ਆਈਆਂ ਧੀਆਂ ਜੀ
ਵਿਆਹੀਆਂ ਵਿਆਹੀਆਂ ਇੱਕ ਪਾਸੇ,
ਹੋ ਕੇ ਬਹਿ ਗਈਆਂ
ਕੁਆਰੀਆਂ ਕੁਆਰੀਆਂ ਨੱਚਣ,
ਡਹਿ ਗਈਆਂ
ਮੁੱਦਤਾਂ ਦੇ ਬਾਅਦ ਉਹ ਅੱਜ ਜੁੜੀਆਂ,
ਦੁੱਖ ਆਪੋ-ਆਪਣੇ ਸੁਣਾਉਣ ਕੁੜੀਆਂ।

ਇੱਕ ਲੋਕ ਵਿਸ਼ਵਾਸ ਅਨੁਸਾਰ ਸੱਜ ਵਿਆਹੀ ਕੁੜੀ ਦਾ ਆਪਣੇ ਵਿਆਹ ਤੋਂ ਪਿੱਛੋਂ ਆਉਣ ਵਾਲੇ ਪਹਿਲੇ ਸਾਉਣ ਦੇ ਮਹੀਨੇ ਵਿੱਚ ਆਪਣੀ ਸੱਸ ਦੇ ਮੱਥੇ ਲੱਗਣਾ ਚੰਗਾ ਨਹੀਂ ਹੁੰਦਾ। ਇਸ ਲਈ ਸੱਜ ਵਿਆਹੀ ਕੁੜੀ ਨੂੰ ਤੀਆਂ ਵਿੱਚ ਸ਼ਾਮਲ ਹੋ ਸਕਣ ਦਾ ਮੌਕਾ ਪ੍ਰਦਾਨ ਕਰਨ ਲਈ, ਸਾਉਣ ਮਹੀਨਾ ਚੜ੍ਹਨ ਤੋਂ ਕੁਝ ਦਿਨ ਪਹਿਲਾਂ ਹੀ ਸਹੁਰੇ ਘਰ ਤੋਂ ਪੇਕੇ ਘਰ ਲਿਆਇਆ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਵਿਆਹ ਵਧੇਰੇ ਕਰਕੇ ਜੇਠ-ਹਾੜ ਦੇ ਮਹੀਨਿਆਂ ਵਿੱਚ ਹੁੰਦੇ ਸਨ। ਹਾੜ ਤੋਂ ਅਗਲਾ ਮਹੀਨਾ ਸਾਉਣ ਮਹੀਨਾ ਹੁੰਦਾ ਹੈ। ਸਹੁਰਿਆਂ ਦੇ ਘਰ ਪਰਿਵਾਰ ਬਾਰੇ ਦੱਸਣ ਦੀ ਉਤਸੁਕਤਾ ਨਵ-ਵਿਆਹੀ ਦੇ ਮਨ ਵਿੱਚ ਵੀ ਹੁੰਦੀ ਸੀ। ਨਿਸ਼ਚੇ ਹੀ ਪੇਕੇ ਘਰ ਛੇਤੀ ਜਾਣ ਦੀ ਉਸਦੀ ਤਾਂਘ ਪ੍ਰਬਲ ਹੋ ਜਾਂਦੀ ਹੋਵੇਗੀ। ਮਨੋਵਿਗਿਆਨਕ ਦ੍ਰਿਸ਼ਟੀ ਤੋਂ ਸੱਜ ਵਿਆਹੀਆਂ ਕੁੜੀਆਂ ਜੇ ਆਪਣੀਆਂ ਸੱਸਾਂ ਦੇ ਸੁਭਾਅ,ਉਨ੍ਹਾਂ ਦੇ ਵਿਵਹਾਰ ਤੇ ਉਨ੍ਹਾਂ ਦੀਆਂ ਵਧੀਕੀਆਂ ਤੋਂ ਤੰਗ ਆ ਜਾਂਦੀਆਂ ਸਨ ਤਾਂ ਉਹ ਆਪਣੇ ਪੇਕਿਆਂ ਤੇ ਸਖੀਆਂ ਨੂੰ ਉਸ ਬਾਰੇ ਦੱਸਣ ਲਈ ਕਾਹਲੀਆਂ ਹੁੰਦੀਆਂ ਰਹੀਆਂ ਹੋਣਗੀਆਂ। ਪੇਕੇ ਆ ਕੇ ਕੁਝ ਕਹਿਣ-ਸੁਣਨ ਲਈ, ਆਪਣੇ ਮਨ ਦਾ ਬੋਝ ਹਲਕਾ ਕਰਨ ਲਈ ਉਤਾਵਲੀਆਂ ਹੋਈਆਂ ਉਹ ਪੇਕੇ ਘਰ ਆਉਣ ਦੀ ਇੱਛਾ ਰੱਖਦੀਆਂ ਸਨ ।ਉਨ੍ਹਾਂ ਸਮਿਆਂ ਵਿੱਚ ਕਿਉਂਜੋ ਆਵਾਜਾਈ ਦੇ ਸਾਧਨ ਵੀ ਬਹੁਤੇ ਉਪਲਬਧ ਨਹੀਂ ਸਨ ਹੁੰਦੇ, ਇੰਜ ਉਹ ਪੂਰਾ ਮਹੀਨਾ ਪੇਕੇ ਘਰ ਗੁਜ਼ਾਰਦੀਆਂ ਸਨ। ਤੀਆਂ ਵਿੱਚ ਆਪਣੀਆਂ ਸਹੇਲੀਆਂ ਨੂੰ ਮਿਲ ਕੇ, ਇਕੱਠੀਆਂ ਹੋ ਕੇ ਉਨ੍ਹਾਂ ਕੋਲੋਂ ਆਪਣੇ ਮਨ ਦੀ ਖ਼ੁਸ਼ੀ ਸਾਂਭੀ ਨਹੀਂ ਸੀ ਜਾਂਦੀ। ਇੰਜ, ਉਹ ਆਪਣਾ ਮਾਨਸਿਕ ਸੰਤੁਲਨ ਵੀ ਕਾਇਮ ਕਰ ਲੈਂਦੀਆਂ ਸਨ ਤੇ ਇਕ ਤਰ੍ਹਾਂ ਨਾਲ ਉਨ੍ਹਾਂ ਦਾ ਮਨ ਤਬਦੀਲੀ ਦੇ ਅਹਿਸਾਸ ਨਾਲ ਵੀ ਭਰ ਜਾਂਦਾ ਸੀ। ਸਾਉਣ ਦਾ ਮਹੀਨਾ ਤੀਆਂ ਨੂੰ ਖ਼ੁਸ਼ਆਮਦੀਦ ਕਹਿੰਦਿਆਂ ਸਭ ਨੂੰ ਤੀਆਂ ਦੇ ਆਉਣ ਦਾ ਸੰਦੇਸ਼ ਦਿੰਦਾ ਹੈ। ਅਜਿਹਾ ਸੰਦੇਸ਼ ਪਾ ਕੇ ਕੋਈ ਨਵ-ਵਿਆਹੀ ਆਪਣੇ ਪਤੀ ਨੂੰ ਕਹਿੰਦੀ ਹੈ:

ਵੇ ਤੀਆਂ ਦਾ ਮਹੀਨਾ ਢੋਲਣਾ
ਪੇਕੀਂ ਘੱਲ ਦੇ ਸਵੇਰ ਵਾਲੀ ਲਾਰੀ
ਵੇ ਤੀਆਂ ਦਾ ਮਹੀਨਾ ਢੋਲਣਾ...

ਤੀਆਂ ਆਰੰਭ ਹੋਣ ਤੋਂ ਪਹਿਲੇ ਦਿਨ, ਦੂਜ ਵਾਲੇ ਦਿਨ ਨੂੰ 'ਮਹਿੰਦੀ ਵਾਲਾ ਦਿਨ' ਆਖਿਆ ਜਾਂਦਾ ਹੈ। ਇਸ ਦਿਨ ਰਾਤ ਸਮੇਂ ਸਾਉਣ ਤੋਂ ਪਹਿਲਾਂ ਮੁਟਿਆਰਾਂ ਆਪਣੇ ਹੱਥਾਂ 'ਤੇ ਬੜੀਆਂ ਰੀਝਾਂ ਨਾਲ ਮਹਿੰਦੀ ਲਾਉਂਦੀਆਂ ਹਨ। ਸ਼ਗਨ ਵਜੋਂ ਲਾਈ ਜਾਣ ਵਾਲੀ ਇਸ ਮਹਿੰਦੀ ਦੀ ਫੱਬਤ ਵਿੱਚ ਉਹ ਆਪਣੀ ਕਲਾਤਮਿਕ ਪ੍ਰਤਿਭਾ ਦਾ ਪ੍ਰਮਾਣ ਪੇਸ਼ ਕਰਦੀਆਂ ਹਨ। ਕਿਸੇ ਬਾਰੀਕ ਤੀਲੀ ਨਾਲ, ਕੋਣ ਨਾਲ ਜਾਂ ਕਿਸੇ ਹੋਰ ਜੁਗਤ ਰਾਹੀਂ ਉਹ ਲਾਈ ਜਾਣ ਵਾਲੀ ਮਹਿੰਦੀ ਨਾਲ ਵੰਨ-ਸੁਵੰਨੇ ਡਿਜ਼ਾਈਨ ਬਣਾਉਂਦੀਆਂ ਹਨ ਤੇ ਵਿੱਚ ਫੁੱਲ-ਪੱਤੀਆਂ ਦੇ ਆਕਾਰ ਬਣਾਉਂਦੀਆਂ ਹਨ। ਅਗਲੀ ਸਵੇਰ ਹਥੇਲੀਆਂ ਤੇ ਬਾਹਵਾਂ 'ਤੇ ਖਿੜੇ ਮਹਿੰਦੀ ਰੰਗੇ ਫੁੱਲ ਪੱਤਿਆਂ ਨੂੰ ਵੇਖ ਕੇ ਉਹ ਫੁੱਲੀਆਂ ਨਹੀਂ ਸਮਾਉਂਦੀਆਂ।

ਮਹਿੰਦੀ ਲਾਉਣ ਵਾਂਗ ਨਵੇਂ ਕੱਪੜੇ ਪਹਿਨਣਾ ਤੇ ਰੰਗ-ਬਰੰਗੀਆਂ ਚੂੜੀਆਂ ਚੜ੍ਹਾਉਣੀਆਂ ਵੀ ਤੀਆਂ ਦੇ ਤਿਉਹਾਰ ਦੀ ਮਹੱਤਵਪੂਰਨ ਰਸਮ ਹੈ। ਚੂੜੀਆਂ ਵੇਚਣ ਵਾਲਾ ਜਦੋਂ ਵੰਗਾਂ ਚੜ੍ਹਾਉਣ ਦਾ ਹੋਕਾ ਦਿੰਦਾ ਹੈ ਤਾਂ ਮੁਟਿਆਰਾਂ ਝੱਟ-ਪਟ ਉਸ ਨੂੰ ਬੁਲਾ ਲੈਂਦੀਆਂ ਹਨ। ਵੰਗਾਂ ਚੜ੍ਹਾਉਣ ਦੀ ਇਸ ਰੀਝ ਨੂੰ ਕੁੜੀਆਂ ਲੋਕ ਗੀਤਾਂ ਰਾਹੀਂ ਪ੍ਰਗਟ ਕਰਦੀਆਂ ਹਨ:

ਆ ਵਣਜਾਰਿਆ ਬਹਿ ਵਣਜਾਰਿਆ,
ਵੰਗਾਂ ਦੇਈਂ ਚੜ੍ਹਾ
ਲਾਲ ਸੁਹਾਗ ਮੇਰੇ ਦੀਆਂ ਵੰਗਾਂ,
ਹਰੀਆਂ ਨਾਲ ਮਿਲਾ
ਗਿੱਧੇ ਵਿੱਚ ਮੈਂ ਨੱਚਦੀ,
ਮੈਨੂੰ ਸੋਹਣੀਆਂ ਵੰਗਾਂ ਦਾ ਚਾਅ।
ਗਿੱਧੇ ਵਿੱਚ ਮੈਂ ਨੱਚਦੀ...।

ਤੀਆਂ ਵਾਲੇ ਦਿਨ ਬਾਅਦ ਦੁਪਹਿਰ ਸੱਜੀਆਂ ਸੰਵਰੀਆਂ ਕੁੜੀਆਂ, ਹਾਰ-ਸ਼ਿੰਗਾਰ ਕਰ ਕੇ, ਨਵੇਂ ਨਕੋਰ ਕੱਪੜੇ ਪਹਿਨ ਕੇ ਪੀਂਘਾਂ ਪਾਉਣ ਲਈ ਰੱਸੇ-ਲੱਜਾਂ ਚੁੱਕ, ਖਾਣ-ਪੀਣ ਲਈ ਕੁਝ ਸਮਗਰੀ ਲੈ ਕੇ ਤੀਆਂ ਦੇ ਪਿੜ ਵੱਲ ਵਹੀਰਾਂ ਘੱਤਦੀਆਂ ਹਨ। ਖੀਰਾਂ-ਪੂੜੇ ਆਦਿ ਆਪਣੇ ਨਾਲ ਲੈ ਕੇ ਹਰ ਉਮਰ ਦੀਆਂ ਔਰਤਾਂ ਪਿੰਡੋਂ ਬਾਹਰ ਉੱਚੇ, ਲੰਮੇ, ਸੰਘਣੇ ਦਰੱਖਤਾਂ ਥੱਲੇ ਇਕੱਠੀਆਂ ਹੋ ਜਾਂਦੀਆਂ ਹਨ। ਹੱਸਦੀਆਂ-ਖੇਡਦੀਆਂ ਉਹ ਮੇਲੇ ਦਾ ਦ੍ਰਿਸ਼ ਪੇਸ਼ ਕਰਦੀਆਂ ਹਨ। ਪੀਂਘਾਂ ਝੂਟਦੀਆਂ ਹਨ ਤਾਂ ਅਸਮਾਨ ਨਾਲ ਗੱਲਾਂ ਕਰਦੀਆਂ ਜਾਪਦੀਆਂ ਹਨ। ਪੀਂਘਾਂ ਝੂਟਦੀਆਂ ਕੁੜੀਆਂ ਜਦੋਂ ਰੁੱਖ ਦੀ ਟੀਸੀ ਦੀ ਟਹਿਣੀ ਦਾ ਸਿਖ਼ਰਲਾ ਪੱਤਾ ਆਪਣੇ ਦੰਦਾਂ ਨਾਲ ਤੋੜ ਲਿਆਉਂਦੀਆਂ ਹਨ ਤਾਂ ਇਹ ਮਨਮੋਹਕ ਤੇ ਰਮਣੀਕ ਦ੍ਰਿਸ਼ ਹਰ ਵੇਖਣ ਵਾਲੇ ਦਾ ਧਿਆਨ ਆਪਣੇ ਵੱਲ ਖਿੱਚ ਲੈਂਦਾ ਹੈ।

ਤੀਆਂ ਵਾਲੇ ਸਥਾਨ ਤੋਂ ਕੁਝ ਹੀ ਦੂਰੀ 'ਤੇ ਪਿੰਡਾਂ ਦੇ ਗੱਭਰੂ ਕਬੱਡੀ ਖੇਡਣ, ਕੁਸ਼ਤੀਆਂ ਲੜਨ (ਘੋਲ ਘੁਲਣ) ਤੇ ਹੋਰ ਖੇਡਾਂ ਖੇਡਣ ਲਈ ਇਕੱਠੇ ਹੋ ਜਾਂਦੇ ਸਨ।ਦਰਸ਼ਕਾਂ ਦੀ ਵੀ ਭੀੜ ਜੁੜ ਜਾਂਦੀ ਸੀ। ਸ਼ੁਗਲ-ਮੇਲਾ ਵੀ ਚੱਲਦਾ ਰਹਿੰਦਾ ਸੀ। ਰੌਣਕਾਂ ਲੱਗਦੀਆਂ ਰਹਿੰਦੀਆਂ ਸਨ। ਗੱਭਰੂਆਂ ਦੇ ਇਕੱਠਿਆਂ ਹੋ ਕੇ ਖੇਡਣ-ਮੱਲਣ ਪਿੱਛੇ ਇਕ ਹੋਰ ਮਨੋਰਥ ਵੀ ਹੁੰਦਾ ਸੀ। ਕਹਿੰਦੇ ਹਨ ਕੁਝ ਥਾਈਂ ਜ਼ੋਰਾਵਰ ਲੋਕਾਂ ਵੱਲੋਂ ਤੀਆਂ ਵਿੱਚੋਂ ਧੀਆਂ-ਭੈਣਾਂ ਨੂੰ ਉਧਾਲ ਲਏ ਜਾਣ ਦੀਆਂ ਘਟਨਾਵਾਂ ਵਾਪਰਨ ਪਿੱਛੋਂ ਪਿੰਡਾਂ ਦੇ ਨੌਜਵਾਨ ਚੌਕਸ ਹੋ ਗਏ ਸਨ ਤੇ ਤੀਆਂ ਵਿੱਚ ਸ਼ਾਮਲ ਧੀਆਂ-ਭੈਣਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਉਹ ਆਪਣੇ ਸਿਰ ਲੈ ਲੈਂਦੇ ਸਨ, ਇਸੇ ਲਈ ਉਹ ਤੀਆਂ ਵਾਲੇ ਸਥਾਨ ਦੇ ਕੋਲ ਇਕੱਠੇ ਹੋ ਕੇ ਖੇਡਦੇ-ਕੁੱਦਦੇ ਰਹਿੰਦੇ ਸਨ।



ਬਾਕੀ ਹਿਸਾ ਸਫ਼ਾ 61 ਤੇ ਪੜ੍ਹੋ